
62 ਜੁਲਾਈ-ਸਤੰਬਰ, 2021

# ਕਹਾਣੀ ਧਾਰਾ

50/-



62 ਜੁਲਾਈ-ਸਤੰਬਰ, 2021

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :

Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 50 ਰੁਪਏ, 10 ਅੰਕ: 500 ਰੁਪਏ ,
10 ਅੰਕ: ਡਾਲਰ 100 ਤੇ ਪੌਂਡ 80,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

**ਰੈਫਰੀਡ ਪੈਨਲ / ਸਲਾਹਕਾਰ ਬੋਰਡ**

*ਡਾ. ਸਰਬਜੀਤ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

*ਡਾ. ਰਮਿੰਦਰ ਕੌਰ
ਪੰਜਾਬੀ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

*ਡਾ. ਰਵੀ ਰਵਿੰਦਰ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

*ਡਾ. ਕੁਲਦੀਪ ਸਿੰਘ
ਮੁੱਖੀ ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

*ਡਾ. ਗੁਰਮੁੱਖ ਸਿੰਘ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਭੀਮ ਇੰਦਰ ਸਿੰਘ
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਮੋਹਨ ਸਿੰਘ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਯਾਦਵਿੰਦਰ ਸਿੰਘ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**

| | |
|---|---|
| Account Name | Account Name |
| **Kahani Dhara** | **Bhagwant Rasulpuri** |
| Current Account: 30111525066 | Account No.: 65089711724 |
| IFS Code: SBIN0002394 | IFS Code: SBIN0050485 |
| State Bank of India | State Bank of India |
| Khurla Kingra, Jalandhar | G.T.B. Nagar, Jalandhar |

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਜੁਲਾਈ, 2021)'

*ਜੁਲਾਈ-ਸਤੰਬਰ,2021 ਅੰਕ :63*

**KAHANI DHARA (Punjabi Quarterly) R.N.I.Regd No.PUN PUN/2006/19971**
**ISSN: 2321- 4449**

**e-mail:**
kahanidhara@gmail.com
**ਸੰਪਾਦਕ :**
**ਭਗਵੰਤ ਰਸੂਲਪੁਰੀ**

***ਸੰਪਾਦਕੀ***
ਹਾਸ਼ੀਏ ’ਤੇ ਧੱਕਿਆ ਜਾ ਰਿਹਾ ਉਤਮ ਦਰਜੇ ਦਾ ਸਾਹਿਤ- 2
***ਕਹਾਣੀਆਂ***
1. ਤਪਦੀ ਛਾਂ/ - ਅਲੀ ਓਸਮਾਨ ਬਾਜਵਾ-5
2. ਕਿਸਾਨ ਮੋਰਚਾ / - ਪ੍ਰੇਮ ਗੋਰਖੀ 10
3. ਗੋਰਾ ਜੱਟ / - ਜਿੰਦਰ-13
4. ਓਹੀ ਗੱਲ ਹੋਈ. . ./ - ਰਘਬੀਰ ਸਿੰਘ ਮਾਨ-12
5. ਹੈਸ਼ ਟੈਗ # ਤੂੰ ਉਹ/ - ਅਰਵਿੰਦਰ ਕੌਰ ਧਾਲੀਵਾਲ-34
6. ਚਾਬੀਆਂ ਦਾ ਗੁੱਛਾ / -ਵਿਪਨ ਗਿੱਲ-41
7. ਤੇ ਵਕਤ ਬਦਲ ਗਿਆ/ - ਕਮਲ ਸੇਖੋਂ 47
8. ਅੱਕ / - ਐੱਚ. ਐੱਸ. ਡਿੰਪਲ-53
***ਆਲੋਚਨਾ***
1. ਅਦਨੇ ਇਨਸਾਨਾਂ ਦੀ ਆਵਾਜ਼ : ਅਤਰਜੀਤ/ - ਡਾ. ਗੁਰਦੀਪ ਸਿੰਘ-57
***ਸੱਜਰਾ ਗਲਪ ਸਾਹਿਤ***
1. ਹਾਰੀਂ ਨਾ ਬਚਨਿਆਂ / - ਜੇ. ਬੀ. ਸੇਖੋਂ-65
2. ਆਪਣੇ ਆਪਣੇ ਮਰਸੀਏ / - ਡਾ. ਸਤਿੰਦਰ ਸਿੰਘ ਰੈਬੀ-73
3. ਹਨੇਰੇ ਰਾਹ - ਡਾ. ਰਮਨਪ੍ਰੀਤ ਕੌਰ
4. ਅਸੀਂ ਨੀ ਜਾਣਾ ਪਤਾਲ ਲੋਕ- ਡਾ. ਅਮਨਦੀਪ ਸਿੰਘ-83
5. ਇੰਟਰਵਲ ਤੋਂ ਬਾਅਦ/ - ਡਾ. ਸੁਖਪਾਲ ਕੌਰ ਸਮਰਾਲਾ- 87
6. ਮੁਕਦੀ ਗੱਲ /- ਡਾ. ਚਰਨਜੀਤ ਕੌਰ-91
7. ਬੰਦਾ ਸਮੁੰਦਰ ਨਹੀਂ ਹੁੰਦਾ/- ਡਾ. ਪਰਗਟ ਸਿੰਘ ਟਿਵਾਣਾ-93
***ਸੰਵਾਦ***
1. ਆਜੋਕੀ ਨਾਰੀ ਕਥਾਕਾਰੀ: ਦਸ਼ਾ, ਦਿਸ਼ਾ ਤੇ ਦ੍ਰਿਸ਼ਟੀ/- ਨਿਰੰਜਣ ਬੋਹਾ-96
2. ਪੰਜਾਬੀ ਕਹਾਣੀ:ਨਾਰੀ ਕਥਾਕਾਰੀ ਰਚਨਾ ਮੁਲਾਂਕਣ/ - ਡਾ. ਨਵਜੋਤ ਕੌਰ-102
3. ਵਿਦ੍ਰੋਹੀ ਸਾਹਿਤ : ਪਾਸ਼-107
4. ਪਾਸ਼ ਨਾਲ ਸੰਵਾਦ - 110
***ਜਨ ਬੋਧ***
ਇਰਫ਼ਾਨ ... ਕੁਝ ਪੰਨੇ ਕੋਰੇ ਰਹਿ ਗਏ
ਮੂਲ ਲੇਖਕ : ਅਜੈ ਬ੍ਰਹਮਾਤਮਜ, ਅਨੁਵਾਦ : ਹਰਜੋਤ- 112
***ਮੇਰਾ ਸਟੱਡੀ ਟੇਬਲ*** / - ਭਗਵੰਤ ਰਸੂਲਪੁਰੀ-124

***ਇਸ ਅੰਕ ਦੇ ਸਾਰੇ ਚਿੱਤਰ ਅਤੇ ਟਾਇਟਲ ਪੇਂਟਿੰਗ Vincent van Gogh ਦੇ ਹਨ।***



**ਸੰਪਾਦਕੀ**

## ਹਾਸ਼ੀਏ ’ਤੇ ਧੱਕਿਆ ਜਾ ਰਿਹਾ ਉਤਮ ਦਰਜੇ ਦਾ ਸਾਹਿਤ

ਸਮਕਾਲ ਵਿਚ ਪੰਜਾਬੀ ਦਾ ਪਾਠਕ, ਬੁੱਧੀਜੀਵੀ ਅਤੇ ਸਾਹਿਤ ਸਿਰਜਕ ਹਲਕੇ, ਨਿਮਨ ਪੱਧਰ ਦੇ ਸਾਹਿਤ ਅਤੇ ਉੱਚ ਪੱਧਰ ਦੇ ਸਰਬ ਕਲਾ ਸੰਪੂਰਨ ਸਾਹਿਤ ਦੀ ਪਰਖ, ਪੜਚੋਲ ਦੇ ਭਰਮ ਜਾਲ਼ ’ਚ ਫਸਿਆ ਹੋਇਆ ਏ। ਨਿਮਨ ਪੱਧਰ ਦੇ ਹਲਕੇ ਸਾਹਿਤ ਨੂੰ ਉੱਚ ਪੱਧਰੀ ਸਾਹਿਤ ਦਾ ਦਰਜਾ ਦੇ ਕੇ ਪ੍ਰਚਾਰਨ ਦੀ ਪੰਜਾਬੀ ਸਾਹਿਤਕ ਹਲਕਿਆ ’ਚ ਹਨੇਰੀ ਵਗੀ ਹੋਈ ਏ। ਸਭ ਤੋਂ ਪਹਿਲਾਂ ਸਾਹਿਤ ਦਾ ਜਥੇਦਾਰ ਨਿਮਨ ਸਾਹਿਤ ਨੂੰ ਵੱਡਾ ਸਾਹਿਤ ਸਿੱਧ ਕਰਨ ਲਈ ਹਲਕੇ ਸਾਹਿਤ ਦੇ ਗੁਣਾਂ ਬਾਰੇ ਬੋਲਣ ਦੀ ਪਹਿਲ ਕਰਦਾ ਏ। ਉਪਰੰਤ ਫਿਰ ਲਿਖਦਾ ਵੀ ਏ। ਏਸ ਤਰ੍ਹਾਂ ਇਕ ਲਹਿਰ ਉਸਾਰਨ ਦਾ ਮੁੱਢ ਬੰਨ੍ਹਦਾ ਏ। ਵਿਦੇਸ਼ੀ ਟੂਕਾਂ ਦੇ ਹਵਾਲਿਆ ਨਾਲ ਉੱਚ ਪੱਧਰੀ ਕਲਾ ਦੇ ਗੁਣਾਂ ਨੂੰ ਪਰਖਿਆ ਜਾਂਦਾ ਏ। ਇਕ ਕਿਸਮ ਨਾਲ ਹਨੇਰੀ ਲਿਆਂਦੀ ਜਾਂਦੀ ਏ। ਏਸ ਹਨੇਰੀ ’ਚ ਡਾਵਾਂ-ਡੋਲ ਮਾਨਸਿਕਤਾ ਵਾਲੇ ਪਾਠਕਾਂ / ਸਿਖਾਂਦਰੂ ਰੀਵਿਊ ਨਿਬੰਧ ਲਿਖਣ ਵਾਲੇ ਬੁੱਧੀਜੀਵੀਆਂ ਦੇ ਪੈਰ ਉੱਖੜ ਜਾਂਦੇ ਨੇ। ਉਹ ਆਪਣੀ ਮਾਨਸਿਕਤਾ ਉਨ੍ਹਾਂ ਅਨੁਸਾਰ ਖੜਨ ਦੀ ਕੋਸ਼ਿਸ਼ ਕਰਨ ਲੱਗ ਪੈਂਦੇ ਨੇ। ਉਹ ਏਸ ਤੇਜ਼ ਹਨੇਰੀ ’ਚ ਵਹਿਣ ਲੱਗਦੇ ਨੇ। ਪਾਠਕ ਦੇ ਮਨ ’ਚ ਇਕ ਭਰਮ ਸਿਰਜ ਹੋਣ ਲੱਗ ਪੈਂਦਾ ਏ। ... ‘ਖਾਲੀ ਬੋਰੀ’ ਨੂੰ ਬਹੁਤ ਸਾਰੇ ਹੱਥ ਫੜ ਕੇ ਖੜਨ ਲੱਗਦੇ ਨੇ। ਬਾਕੀ ਹੱਥ ਵੇਖਣ ਲੱਗ ਪੈਂਦੇ ਨੇ। ਬਹੁਤੇ ਏਸ ਲਈ ਖਾਲੀ ਬੋਰੀ ਫੜਨਾ ’ਚ ਇਕ ਦੂਜੇ ਤੋਂ ਮੋਹਰੇ ਹੋਣ ਲਈ ਤਰਲੋ-ਮੱਛੀ ਹੋਣ ਲੱਗ ਪੈਂਦੇ ਨੇ ਕਿ ਕੋਈ ਤੀਜਾ ਪਿੱਛਿਓਂ ਆ ਕੇ ਇਹ ਨਾ ਕਹਿ ਦੇਵੇ ਕਿ ਭਾਈ ਤੂੰ ਕੱਛਾ ’ਚ ਹੱਥ ਦੇ ਕੇ ਕਿਵੇਂ ਖੜਾ ਏ? ਫੜ... ਫੜ... ਮੋਹਰੇ ਹੋ ਕੇ। ਚੰਗਾ-ਭਲਾ ਕੋਲੋਂ ਦੀ ਲੰਘਦਾ ਪਾਠਕ ਵੀ ਸਮਝਣ ਲੱਗ ਪੈਂਦਾ ਏ ਕਿ ਬੋਰੀ ਤਾਂ ਪਹਿਲਾਂ ਹੀ ‘ਕਲਾ ਦੇ ਮਿਆਰ’ ਨਾਲ ਭਰੀ ਪਈ ਏ। ਸ਼ੋਸ਼ਲ ਮੀਡੀਏ ਦੇ ਜ਼ਮਾਨੇ ’ਚ ਉਹ ਵੀ ‘ਸੈਲਫ਼ੀ’ ਖਿੱਚ ਅੱਗੇ ਲੰਘ ਕੇ ‘ਸਟੇਟਸ’ ਅਪਲੋਡ ਕਰ ਦਿੰਦਾ ਏ। ਹਾਸ਼ੀਏ ’ਤੇ ਪਿਆ ਉੱਚ ਪੱਧਰ ਦਾ ਸਾਹਿਤ ਹੋਰ ਹਾਸ਼ੀਏ ’ਤੇ ਚਲੇ ਜਾਂਦਾ ਏ।

ਹਲਕੇ ਪੱਧਰ ਦੇ ਨਿਮਨ ਸਾਹਿਤ ਨੂੰ ਇਨਾਮਾਂ-ਸਨਮਾਨਾ ਨਾਲ ਨਿਵਾਜ਼ ਕੇ ਵੀ ਉੱਚਾ ਚੁੱਕਿਆ ਜਾਂਦਾ ਏ। ਸਰਕਾਰੀ, ਅਰਧ ਸਰਕਾਰੀ, ਨਿੱਜੀ ਇਨਾਮ ਦੇਣ ਵਾਲੀਆਂ ਕੁਰਸੀਆਂ ਦੇ ਇਰਦ-ਗਿਰਦ ‘ਹਲਕਾ-ਸਾਹਿਤ’ ਗੇੜੀਆ ਦੇਣ ਲੱਗ ਪੈਂਦਾ ਏ। ਇਹ ਗੇੜੀਆਂ ਸਾਲ-ਸਾਲ ਪਹਿਲਾ ਹੀ ਸ਼ੁਰੂ ਹੋ ਜਾਂਦੀਆਂ ਨੇ। ਡਾਵਾਂ-ਡੋਲ ਖੜੇ ਪਾਠਕ / ਸਿਖਾਂਦਰੂ ਬੁੱਧਜੀਵੀਆਂ ਦੇ ਮਨ ਵਿਚ ਇਕ ਭਰਮ ਦਾ ਸੰਚਾਰ ਕੀਤਾ ਜਾਂਦਾ ਏ ਕਿ ਇਹੀ ਉਤਮ ਸਾਹਿਤ ਏ। ਅਜਿਹੀ ਮਾਨਸਿਕਤਾ ਵਾਲਾ ਪਾਠਕ ਏਥੇ ਆ ਕੇ ਵੀ ਡੋਲ ਜਾਂਦਾ ਏ। ਉਹ ‘ਨੋਬਲ ਪੁਰਸਕਾਰ’ ਵਾਲੇ ਸਟਿਕਰ ਲੱਗੇ ਸਾਹਿਤ ਵੱਲ ਉਲਾਰ ਹੋ ਜਾਂਦਾ ਏ। ਉਹ ਸਟਿਕਰ ਉਹਨੂੰ ਖਿੱਚਦਾ ਏ। ਭ੍ਰਮਤ ਕਰਦਾ ਏ। ਬਜ਼ਾਰ ਦਾ ਵੀ ਇਹੀ ਵਰਤਾਰਾ ਏ। ਮਲਟੀ ਨੈਸ਼ਨਲ ਕੰਪਨੀਆਂ ਦਾ ਵੀ ਏਹੀ ਵਰਤਾਰਾ ਏ। ਜਿਸ ਪ੍ਰੋਡਕਟ ਦਾ ਪ੍ਰਚਾਰ ਵੱਧ ਹੁੰਦਾ ਏ। ਗਾਹਕ ਉਹਦੇ ਵੱਲ ਉਲਾਰ ਹੁੰਦਾ ਏ। ਪ੍ਰੋਡਕਟ ਦਾ ਪ੍ਰਚਾਰ ਕਰਨ ਵਾਲੇ ਪੰਜਾਬੀ ਸਾਹਿਤ ਵਿਚ ਤੁਹਾਨੂੰ ਬਥੇਰੇ ਮਿਲ ਜਾਣਗੇ। ਜਿਵੇਂ ਕਿਸੇ ਸਮੇਂ ਕੌਲਗੇਟ ਟੁੱਥ ਪੇਸਟ ਦਾ ਐਨਾ ਪ੍ਰਚਾਰ ਹੋ ਗਿਆ ਕਿ ਹਰ ਪੇਂਡੂ ਬੰਦਾ ਦੁਕਾਨ ਤੇ ਟੁੱਥ ਪੇਸਟ ਲੈਣ ਗਿਆ, ਦੁਕਾਨਦਾਰ ਤੋਂ ‘ਕੌਲਗੇਟ’ ਦੀ ਮੰਗ ਕਰਨ ਲੱਗ ਪਿਆ ਸੀ। ਇਸੇ ਤਰ੍ਹਾਂ ਨਿਮਨ ਦਰਜੇ ਦੇ

ਸਾਹਿਤ ਨੂੰ ਵੀ 'ਕੌਲਗੇਟ' ਬਣਾਉਣ ਦੀ ਹੋੜ ਨੇ ਪਾਠਕ ਦੀ ਮਾਨਸਿਕਤਾ ਨੂੰ ਭ੍ਰਮਤ ਕਰ ਦਿੱਤਾ ਏ।

ਹਲਕੇ ਪੱਧਰ ਦੇ ਨਿਮਨ ਦਰਜੇ ਦੇ ਸਾਹਿਤ ਨੂੰ ਕਬੀਲਾ ਮਾਨਸਿਕਤਾ ਰੱਖਣ ਵਾਲੇ ਗਰੁੱਪ ਵੀ ਉੱਚਾ ਚੁੱਕਣ 'ਚ ਕੋਈ ਕਸਰ ਨਹੀਂ ਛੱਡਦੇ। ਏਹ ਮਾਨਸਿਕਤਾ ਜਾਤ / ਜਮਾਤ ਨਾਲ ਵੀ ਕਾਰਜਸ਼ੀਲ ਹੁੰਦੀ ਰਹਿੰਦੀ ਏ। ਵਿਚਾਰਧਾਰਕ ਸਾਂਝ ਵੀ ਏਹ ਕੰਮ ਕਰਦੀ ਏ। ਜਿਹੜੀ ਆਪਣੇ-ਆਪਣੇ ਗਰੁੱਪ ਦੇ ਨਿਮਨ ਦਰਜੇ ਦੇ ਸਾਹਿਤ ਨੂੰ ਵੀ ਉਭਾਰਦੇ ਨੇ। ਜਿੱਥੋਂ ਤੱਕ ਵਾਹ ਲੱਗਦੀ ਉਹ ਨਿਮਨ ਦਰਜੇ ਦੇ ਸਾਹਿਤ ਨੂੰ ਉੱਚਾ ਚੁੱਕਣ 'ਚ ਕੋਈ ਕਸਰ ਰਹਿਣ ਨਹੀਂ ਦਿੰਦੇ। ਗਰੁੱਪ ਦੇ ਬਾਹਰ ਪੈਰਾਂ ਭਾਰ ਜ਼ਮੀਨ 'ਤੇ ਬੈਠਾ ਉਤਮ ਸਾਹਿਤ ਠੁੱਡ ਮਾਰ ਕੇ ਫਿਰ ਹਾਸ਼ੀਏ ਤੇ ਧੱਕ ਦਿੱਤਾ ਜਾਂਦਾ ਏ।

ਨਿਮਨ ਪੱਧਰ ਦੇ ਸਾਹਿਤ ਨੂੰ ਸਿਲੇਬਸਾਂ 'ਚ ਲਗਾ ਕੇ, ਉਨ੍ਹਾਂ 'ਤੇ ਖੋਜ ਕਰਵਾ ਕੇ, ਉਨ੍ਹਾਂ ਤੇ ਸੈਮੀਨਾਰ ਕਰਵਾ ਕੇ ਵੀ ਉੱਚਾ ਚੁੱਕਿਆ ਜਾਂਦਾ ਏ। ਇਕ ਲਹਿਰ ਉਸਾਰ ਲਈ ਜਾਂਦੀ ਏ ਕਿ ਇਹ ਉੱਤਮ ਦਰਜੇ ਦਾ ਸਾਹਿਤ ਸਿਲੇਬਸਾਂ 'ਚ ਲੱਗਣ ਦੇ ਯੋਗ ਏ। 'ਏਹੀ ਉਤਮ ਸਾਹਿਤ ਏ' ਪੜ੍ਹਨ ਵਾਲਾ ਵਿਦਿਆਰਥੀ ਸਵੀਕਾਰ ਕਰ ਲੈਂਦਾ ਏ।

ਸਾਹਿਤ ਦਾ ਵਿਦਿਆਰਥੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਪੜ੍ਹਦਿਆਂ ਜਿਹੜੇ ਸਾਹਿਤ ਬਾਰੇ ਪੜ੍ਹਦਾ ਏ। ਭਵਿੱਖ 'ਚ ਉਸ 'ਤੇ ਖੋਜ ਕਰਦਾ ਏ। ਉਸ ਨੂੰ ਪ੍ਰਚਾਰਦਾ ਏ। ਇਕ ਤਰ੍ਹਾਂ ਨਵੀਂ ਪਨੀਰੀ ਤਿਆਰ ਕਰਨ ਵਿਚ 'ਪੰਜਾਬੀ ਸਾਹਿਤ ਦੀ ਇਤਿਹਾਸਕਾਰੀ' ਅਹਿਮ ਰੋਲ ਅਦਾ ਕਰਦੀ ਰਹਿੰਦੀ ਏ। ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਾਲੇ ਵਿਦਵਾਨਾਂ ਨੇ ਬਹੁਤ ਸਾਰੇ ਉਨ੍ਹਾਂ ਮੁਢਲੇ ਦੌਰ ਦੇ ਸਾਹਿਤਕਾਰਾਂ ਨੂੰ ਛਾਂਗ ਕੇ ਹਾਸ਼ੀਏ 'ਤੇ ਸੁੱਟ ਦਿੱਤਾ, ਜਿਨ੍ਹਾਂ ਦੀ ਗੱਲ ਹੋਣੀ ਚਾਹੀਦੀ ਸੀ। ਇਸ ਗਲਤੀ ਨੂੰ ਸੁਧਾਰਨ ਦੀ ਅੱਜ ਤੱਕ ਕੋਸ਼ਿਸ਼ ਨਹੀਂ ਹੋਈ।

ਇੰਝ ਪਾਠਕ ਅਤੇ ਨਿਮਨ ਦਰਜੇ ਦੇ ਬੁੱਧੀਜੀਵੀਆਂ ਦੇ ਦੁਆਲੇ ਇਕ ਭਰਮ ਜਾਲ਼ ਦਾ ਇਕ ਸੰਘਣਾ ਜਾਲ਼ਾ ਲੱਗਣ ਲੱਗ ਪੈਂਦਾ ਏ। ਜਿਹਦੀ ਜਕੜਬੰਦੀ ਦੀ ਪਕੜ ਨਾਲ ਮੌਲਿਕ ਸੋਚ ਤੇ ਵਿਚਾਰ ਉਸਰਨ 'ਤੇ ਰੋਕ ਲੱਗ ਜਾਂਦੀ ਏ। ਮੌਲਿਕ ਚਿੰਤਨ 'ਚ ਖੜੋਤ ਪੈਦਾ ਹੋਣ ਲੱਗ ਪੈਂਦੀ ਏ। ਉਤਮ ਸਾਹਿਤ ਸਿਰਜਕ ਵੀ ਅੰਤਮ ਸਟੇਜ 'ਤੇ ਆ ਕੇ ਇਹ ਸੋਚਣ ਲੱਗ ਪੈਂਦਾ ਏ ਕਿ ਸ਼ਾਇਦ ਮੇਰਾ ਸਾਹਿਤ ਸੱਚਮੁੱਚ ਹੀ ਨਿਮਨ ਦਰਜੇ ਦਾ ਸਾਹਿਤ ਏ। ਪੰਜਾਬੀ ਸਾਹਿਤ 'ਚ ਉਸਾਰੇ ਜਾਂਦੇ ਅਤੇ ਉਸਾਰੇ ਜਾ ਰਹੇ ਇਸ ਭ੍ਰਮ ਜਾਲ਼ ਨੇ ਅਨੇਕਾਂ ਉਤਮ ਦਰਜੇ ਦਾ ਸਾਹਿਤ ਲਿਖਣ ਵਾਲੇ ਰੋਲ਼ ਕੇ ਰੱਖ ਦਿੱਤੇ ਨੇ। ਦੂਜੇ ਪਾਸੇ ਸਥਿਤੀ ਏਹ ਹੈ ਕਿ ਹਰ ਸਾਹਿਤਕਾਰ 'ਪਨੀਰ' ਦੇ ਉਸ ਟੁਕੜੇ ਦੀ ਝਾਕ 'ਚ ਬੈਠਾ ਏ ਕਿ ਕਦੋਂ 'ਕਾਂ-ਕਾਂ' ਹੁੰਦੇ ਏ। ਕਦੋਂ ਮੂੰਹ ਖੁੱਲ੍ਹਦਾ ਏ। ਕਦੋਂ ਉਹ 'ਟੁਕੜਾ' ਮੂੰਹ 'ਚ ਪੈਂਦਾ ਏ।

ਸਮਕਾਲ 'ਚ ਲਿਖਿਆ ਜਾ ਰਿਹਾ ਬਹੁਤਾ ਸਾਹਿਤ ਪਾਠਕ ਦੇ ਮਨਾਂ 'ਚ ਫੈਲਦਾ ਨਹੀਂ ਏ। ਸਾਹਿਤਕਾਰ ਸਫ਼ੇਆ ਦੇ ਸਫ਼ੇ ਲਿਖੀ ਤੁਰਿਆ ਜਾਂਦਾ ਏ। ਪਾਠਕ ਨੂੰ ਮੰਦਬੁੱਧੀ ਸਮਝੀ ਬੈਠਾ ਇਹ ਸਾਹਿਤਕਾਰ ਜੋ ਮਨ 'ਚ ਆਉਂਦਾ ਏ ਲਿਖੀ ਤੁਰਿਆ ਜਾਂਦਾ ਏ। ਜਿਸ ਦਾ ਇਹ ਸਿੱਟਾ ਨਿਕਲਦਾ ਏ ਕਿ ਅਕਾਰ ਵਿਚ ਲਿਖਤਾਂ ਤਾਂ ਵੱਡੀਆਂ ਲਿਖੀਆਂ ਜਾਣ ਲੱਗ ਪਈਆਂ ਨੇ... ਲਿਖਤਾਂ ਤਾਂ ਵੇਖਣ ਨੂੰ ਲੰਮੀਆਂ ਦਿਸਣ ਲੱਗ ਪਈਆਂ ਨੇ ਪਰ ਪਾਠਕ ਜਦੋਂ ਇਨ੍ਹਾਂ ਨੂੰ ਪੜ੍ਹਨ ਲੱਗਦਾ ਏ। ਜਾਂ ਪੜ੍ਹ ਹਟਦਾ ਏ। ਉਪਰੰਤ ਉਹ ਰਚਨਾ ਉਹਦੇ ਮਨ 'ਚ ਸੁੰਗੜਨ ਲੱਗ ਪੈਂਦੀ ਏ। ਜੀਵਨੀ ਮੂਲਕ ਲਿਖਤਾਂ 'ਚ ਇਹ ਰੋਗ ਵੱਧ ਪਾਇਆ ਜਾਂਦਾ ਏ। ਸਾਹਿਤਕਾਰ ਸੂਚਨਾਤਮਿਕ ਵੇਰਵਿਆਂ ਦੇ



ਅੰਬਾਰ ਲਗਾ ਦਿੰਦਾ ਏ। ਸਰਬ ਗਿਆਤਾ ਬਣ ਕੇ ਰਚਨਾ 'ਚ ਐਨਾ ਗਿਆਨ ਭਰੀ ਜਾਂਦਾ ਏ ਕਿ ਪਾਤਰ ਨੂੰ ਸਾਹ ਈ ਨਹੀਂ ਆਉਣ ਦਿੰਦਾ। ਬਿਰਤਾਂਤ ਦੇ ਸੂਚਨਾਤਮਿਕ ਵੇਰਵਿਆਂ ਨਾਲ ਫੁੱਲੇ ਪੇਟ ਨੂੰ ਵੇਖ ਕੇ ਲੇਖਕ ਖ਼ੁਸ਼ ਹੋ ਜਾਂਦਾ ਏ। ਲਓ ਜੀ! ਉਤਮ ਦਰਜੇ ਦੀ ਰਚਨਾ ਲਿਖੀ ਲਈ। ਜਦੋਂ ਇਹੋ ਜਿਹੀ ਰਚਨਾ ਪਾਠਕ ਕੋਲ ਪਹੁੰਚਦੀ ਏ ਕਿ ਉਹ ਰਚਨਾ ਪਾਠਕ ਦੇ ਮਨ 'ਚ ਫੈਲਣ ਦੀ ਬਜਾਇ ਸੁੰਗੜਨ ਲੱਗ ਪੈਂਦੀ ਏ। ਹਾਲਾਂ ਕਿ ਇਹ ਪਾਠਕ ਦੇ ਮਨ ਵਿਚ ਫੈਲਣੀ ਚਾਹੀਦੀ ਏ। ਰਚਨਾ ਤਾਂ ਪਾਠਕ ਦੇ ਮਨ 'ਚ ਉਸਰਨੀ ਚਾਹੀਦੀ ਏ। ਹੁੰਦਾ ਉਲਟ ਏ। ਏਸ ਰੋਗ ਤੋਂ ਪੀੜਤ ਵੀ ਉਤਮ ਸਾਹਿਤ ਬਣਾ ਦਿੱਤਾ ਜਾਂਦਾ ਏ।

ਸਮਕਾਲ ਵਿਚ ਲਿਖੇ ਜਾ ਰਹੇ ਬਹੁਤੇ ਸਾਹਿਤ ਦੇ ਸਾਹਿਤਕਾਰ ਕੱਪੜੇ ਲਾਹੀ ਜਾ ਰਹੇ ਨੇ। ਉਹ ਪਾਤਰਾਂ ਦੇ ਕੱਪੜੇ ਲਾਹੀ ਜਾ ਰਹੇ ਨੇ। ਵਾਕਾਂ ਦੇ ਕੱਪੜੇ ਲਾਹੀ ਜਾ ਰਹੇ ਨੇ। ਇਕ ਦਮ ਨੰਗਾ ਬਿਰਤਾਂਤ... ਇਕ ਦਮ ਫਲੈਟ ਬਿਰਤਾਂਤ...ਇਕ ਦਮ ਸਿੱਧੜ ਬਿਰਤਾਂਤ। ਇਹ ਕਿਹੜੀ ਕਲਾ ਏ? ਇਹ ਕਿਹੜੇ ਉਤਮ ਸਾਹਿਤ ਦੀ ਜੁਗਤ ਏ? ਕਲਾ ਦੇ ਸੋਹਜ ਨਾਲ ਕਹੀ ਹੋਈ ਗੱਲ ਹੀ ਉਤਮ ਦਰਜਾ ਪ੍ਰਾਪਤ ਕਰਦੀ ਏ? ਪੰਜਾਬੀ 'ਚ ਉਹ ਸਾਹਿਤ ਵੀ ਹਾਸ਼ੀਏ ਤੇ ਪਿਆ ਏ, ਜਿਸ ਦੇ ਬਿਰਤਾਂਤ 'ਚ, ਸ਼ਬਦਾਂ 'ਚ, ਵਾਕਾਂ 'ਚ ਐਨੀ ਗਹਿਰਾਈ ਪਈ ਏ ਕਿ ਪਾਠਕ ਨੂੰ ਪਾਤਰ ਦੇ ਨੰਗੇਜ ਦਾ, ਕੁਹਜ ਦਾ, ਕਰੂਰਤਾ ਦਾ ਅਹਿਸਾਸ ਨੰਗੇ ਸ਼ਬਦਾਂ ਨਾਲ ਨਹੀਂ ਹੁੰਦਾ ਬਲਕਿ ਇਕ ਕਲਾ ਨਾਲ, ਜੁਗਤ ਨਾਲ, ਚਿਹਨਾਂ ਨਾਲ ਤੇ ਸ਼ਬਦ ਦੀ ਕਲਾਕਾਰੀ ਨਾਲ ਉਹ ਪਾਠਕ ਨੂੰ ਸਾਰੀ ਗੱਲ ਦਾ ਅਹਿਸਾਸ ਕਰਵਾ ਜਾਂਦਾ ਏ। ਪਰ ਉਹ ਸਾਹਿਤ ਤਾਂ ਹਾਸ਼ੀਏ ਤੇ ਪਿਆ ਏ।

ਲੋੜ ਤਾਂ ਇਸ ਗੱਲ ਦੀ ਏ ਕਿ ਹਾਸ਼ੀਏ 'ਤੇ ਧੱਕ ਦਿੱਤੇ ਗਏ ਉਤਮ ਸਾਹਿਤਕਾਰਾਂ ਦੇ ਸਾਹਿਤ ਦਾ ਮੁਲੰਕਣ ਕੀਤਾ ਜਾਵੇ। ਉਹਦੇ ਕਲਾ ਦੇ ਗੁਣਾਂ ਨੂੰ ਪਾਠਕਾਂ ਤੱਕ ਲੈ ਕੇ ਜਾਇਆ ਜਾਵੇ। ਪਰ 'ਅਸੀਂ-ਤੁਸੀਂ' ਤਾਂ 'ਖਾਲੀ ਬੋਰੀ' ਨੂੰ ਦੋਹਾਂ ਹੱਥਾਂ ਨਾਲ ਫੜੀ ਖੜੇ ਹਾਂ। ਖਾਲੀ ਬੋਰੀ ਨੂੰ ਕਿੰਨਾ ਕੁ ਚਿਰ ਫੜ ਕੇ ਖੜੀ ਕਰੀ ਰੱਖੋਗੇ? ਇਹ ਤਾਂ ਭਾਈ ਇਕ ਦਿਨ ਡਿੱਗਣੀ ਏ। ਪਰ ਕਈ ਵਾਰ ਅਜਿਹਾ ਵੀ ਹੁੰਦਾ ਏ। ਜਦੋਂ ਪਹਿਲੇ ਹੱਥ ਥੱਕ ਜਾਂਦੇ ਨੇ। ਬਿਰਧ ਹੋ ਜਾਂਦੇ ਨੇ। ਗੋਡੇ ਖੜ ਜਾਂਦੇ ਨੇ। ਉਹ ਆਪ ਅਰਾਮ ਕਰਨ ਹਿੱਤ ਆਪਣੇ ਚੇਲੇ ਨੂੰ ਉਹ ਖਾਲੀ ਬੋਰੀ ਫੜਾ ਦਿੰਦੇ ਨੇ। ਇਸ ਤਰ੍ਹਾਂ ਇਕ ਚੇਨ ਵੀ ਬਣ ਜਾਂਦੀ ਏ। ਅਸੀਂ ਵੇਖਦੇ ਹੀ ਹਾਂ। ਤੁਸੀਂ ਵੀ ਵੇਖਦੇ ਹੋਵੋਗੇ।

ਖ਼ਾਮੋਸ਼ ਰਹਿ ਕੇ ਵੀ ਉਤਮ ਦਰਜੇ ਦੇ ਸਾਹਿਤ ਨੂੰ ਹਾਸ਼ੀਏ 'ਤੇ ਧੱਕਿਆ ਜਾਂਦਾ ਏ। ਬਈ ਇਹਨੂੰ ਚੰਗਾ ਤਾਂ ਕੀ ਕਹਿਣਾ ਏ। ਮਾੜੀ ਵੀ ਨਾ ਕਹੋ। ਬਸ ਏਸ ਸਾਹਿਤ ਪ੍ਰਤੀ ਸਾਇਲੰਟ ਹੋ ਜਾਓ। ਇਸ ਸਾਹਿਤ ਨੂੰ 'ਚੁੱਪ ਦੀ ਭਾਸ਼ਾ' ਨਾਲ ਖਤਮ ਕਰ ਦਿਓ। ਇਹ ਰੁਝਾਨ ਵੀ ਭਾਰੂ ਵਰਤਾਰਾ ਬਣਦਾ ਜਾ ਰਿਹਾ ਏ। ਨਾਂ ਲੈ ਕੇ ਮੈਂ ਇਸ ਲਿਖਤ ਨੂੰ ਫਲੈਟ ਨਹੀਂ ਕਰਨਾ ਚਾਹੁੰਦਾ।

ਇਹ ਸਾਰੇ ਰੁਝਾਨ, ਵਰਤਾਰੇ ਇਕ ਪਾਠਕ ਦੇ ਮਨ ਦੀ ਬਣਤਰ ਉਸਾਰਨ 'ਚ ਅਹਿਮ ਰੋਲ ਅਦਾ ਕਰਦੇ ਹਨ। ਪਾਠਕ ਦੇ ਮਨ ਨੂੰ ਆਪਣੀ ਮਰਜ਼ੀ ਨਾਲ ਘੜਨ ਵਾਲੇ ਰੁਝਾਨ ਦੇ ਕਾਰਨ ਡਾਵਾਂ-ਡੋਲ ਪਾਠਕ ਨਿਮਨ ਪੱਧਰ ਦੇ ਅਤੇ ਉੱਤਮ ਸਾਹਿਤ ਵਿਚਕਾਰ ਇਕ ਲੀਕ ਖਿੱਚਣ ਦੀ ਸਮਰੱਥਾ ਗੁਵਾ ਰਿਹਾ ਏ। ਇਹ ਚਿੰਤਾ ਵਾਲੀ ਗੱਲ ਏ। ਆਓ ਦੋਸਤੋ! ਬੁੱਧੀਜੀਵੀਓ!! ਚਿੰਤਕੋ!!! ਇਸ ਹਨੇਰੀ ਵਿਚ ਉਸ ਦੀਵੇ ਦੀ 'ਲੋਅ' ਨੂੰ ਆਪਣੇ ਆਪਣੇ ਹੱਥਾਂ ਦੇ ਆਸਰੇ ਨਾਲ ਬਚਾ ਕੇ ਰੱਖੀਏ, ਉਹਨੂੰ ਬੁਝਣ ਨਾ ਦਈਏ। ਜਿਸ 'ਲੋਅ' ਨੇ ਭਵਿੱਖ 'ਚ ਸਾਡੇ ਅਤੇ ਪਾਠਕ ਦੇ ਮੱਥਿਆ 'ਚ ਰੌਸ਼ਨੀ ਪੈਦਾ ਕਰਨੀ ਏ।

**- ਭਗਵੰਤ ਰਸੂਲਪੁਰੀ**



## ਕਹਾਣੀ / ਤਪਦੀ ਛਾਂ/ - ਅਲੀ ਓਸਮਾਨ ਬਾਜਵਾ

"ਹਾਏ ਮੈਂ ਮਰ ਜਾਵਾਂ... ਅੱਲ੍ਹਾ ਸੋਹਣਿਆ ਤੇਰਾ ਸ਼ੁਕਰ ਏ... ਸ਼ਾਲਾ ਨਜ਼ਰ ਨਾ ਲੱਗੇ, ਜੀਉਂਦਾ ਰਵੇ...।"

ਵੱਡੀ ਫੁੱਫੀ ਨੇ ਕਾਕੇ ਦਾ ਮੂੰਹ ਵੇਖਦਿਆਂ ਈ ਚਾਰ-ਚੁਫ਼ੇਰੇ ਹਾਸੇ ਖਿਲਾਰੇ ਤੇ ਅੱਖੀ ਵਿੱਚੋਂ ਸੁਰਮਾ ਚੀਚੀ ਨਾਲ ਲਾ ਕੇ ਤੇ ਕਾਕੇ ਦੀ ਗੱਲ ਤੇ ਲਾ ਛੱਡਿਆ।

"ਸਾਰਾ ਮੁਹਾਂਦਰਾ ਮਾਂ ਤੇ ਸੂ, ਗੋਰਾ ਨਿਸ਼ੋਹ ਕਿਤੇ ਵਟਾ 'ਤੇ ਨਹੀਂ ਘੱਤਾ ਕਿਸੇ ਨਾਲ ਹਸਪਤਾਲੇ? ਮੈਂ ਸਦਕੇ ਜਾਵਾਂ...।"

ਨਿੱਕੀ ਫੁੱਫੀ ਨੇ ਵੀ ਚਾਅ ਨਾਲ ਕੰਬਦਿਆਂ ਆਖਿਆ।

ਨਵੇਂ ਕਾਕੇ ਦੇ ਘਰ ਵਿੱਚ ਆਉਣ ਤੋਂ ਪਹਿਲਾਂ ਉਹਦਾ ਵੱਡਾ ਵੀਰ ਤਿੰਨ ਵਰ੍ਹਿਆਂ ਦਾ ਹੋ ਗਿਆ ਸੀ। ਪਰ ਟੱਬਰ ਸਾਰਾ ਇੰਜ ਖ਼ੁਸ਼ ਸੀ ਜਿਵੇਂ ਪਲੇਠੀ ਦੀ ਔਲਾਦ ਹੋਵੇ। ਵਿਹੜੇ ਮੁਹੱਲੇ ਦੀਆਂ ਬੀਬੀਆਂ ਆਉਂਦੀਆਂ ਤੇ ਸਭ ਦੇ ਮੂੰਹੋਂ , "ਸ਼ਾਲਾ ਨਜ਼ਰ ਨਾ ਲੱਗੇ।" ਈ ਨਿਕਲਦਾ।

ਆਂਢ-ਗੁਆਂਢ ਵਿੱਚ ਧੁੰਮ ਪੈ ਗਈ ਟਾਵਾਂ-ਟਾਵਾਂ ਈ ਕਿਸੇ ਗੋਰੇ ਮੁੰਡੇ ਦੀ ਮਿਸਾਲ ਸੀ। ਫੇਰ ਨੈਣ ਨਕਸ਼ ਵੀ ਬਹੁਤਿਆਂ ਦੇ ਤਰਿੱਖੇ ਤੇ ਪਿਉਆਂ ਤੇ ਜਾਂਦੇ, ਪਰ ਨਵਾਂ ਕਾਕਾ ਘੱਟ ਵੱਧ ਹੀ ਪਿਉ ਤੇ ਗਿਆ ਸੀ।

ਦਾਦੇ ਨੇ ਸ਼ਹਿਦ ਨਾਲ ਭਿੱਜੀ, ਮਿੱਠੀ ਉਂਗਲ ਕਾਕੇ ਦੇ ਨਿੱਕੇ ਜਹੇ ਬੀੜ ਵਿੱਚ ਫੇਰੀ ਤੇ ਗੁੜਤੀ ਦਾ ਲ੍ਹਾਮਾ ਲੱਥਾ। ਬਾਂਗ ਦਿੱਤੀ ਤੇ ਕਾਕਾ ਮੁਸਲਮਾਨਾਂ ਦੀ ਸਫ਼ੇ ਆਣ ਖਲੋਤਾ 'ਅ ਕੀਕਾ ਹੋਇਆ, ਝੰਡ ਲੱਥੀ, ਸੁੰਨਤੀਂ ਬੈਠਾ, ਜੰਮਣਾ ਆਇਆ ਤੇ ਕਾਕੇ ਦੇ ਵਾਰੇ ਨਿਆਰੇ ਹੋ ਗਏ।

ਹੌਲੀ-ਹੌਲੀ ਕਾਕਾ ਪੋਤੜੇ ਭਿਉਂਦਾ ਤੇ ਮਾਂ ਦੇ ਮੂੰਹ ਤੇ ਦੁੱਧ ਸੁਟਦਾ..."ਗੋਗੋ... ਗੀਗੀ... ਗਾਗਾ।"...



ਦੀਆਂ ਵਾਜਾਂ ਕੱਢਣ ਲੱਗ ਪਿਆ।

ਜਦ ਕਾਕੇ ਪਹਿਲਾ ਪੈਰ ਪੁੱਟਿਆ ਤੇ ਉਹਦੀ ਮਾਂ ਕਣਕ ਦਾ ਪੀਹਣ ਕਰ ਰਹੀ ਸੀ। ਘਰ ਵਿੱਚ ਹੋਰ ਕੋਈ ਕਾਕੇ ਨੂੰ ਪਹਿਲਾ ਪੈਰ ਪੁੱਟ ਦਿਆਂ ਨਾ ਵੇਖ ਸਕਿਆ। ਨਹੀਂ ਤੇ ਉਹਦੀ ਮਾਂ ਹਾਰ "ਆ ਆ ਆ...।" ਵਰਗੀ ਵਾਜ ਕੱਢ ਕੇ ਖਿੜ ਖਿੜ ਹੱਸ ਪੈਂਦਾ।

ਮਾਂ ਨੇ ਮਿਰਚਾਂ ਵਾਰ ਕੇ ਚੁਲ੍ਹੇ ਵਿੱਚ ਸੁੱਟੀਆਂ ਤੇ ਸੂਟ ਦਾ ਕਪੜਾ ਹੱਥ ਲਵਾ ਗੋਹਾ ਪੱਥਣ ਵਾਲੀ ਹਸੈਣ ਨੂੰ ਫੜਾਇਆ। ਕਾਕੇ ਦੇ ਦੁਆਲੇ ਹਰ ਵੇਲੇ ਦੋ ਜੀਅ ਰਹਿੰਦੇ, ਇੱਕ ਉਹਦੀ ਮਾਂ ਤੇ ਦੂਜਾ ਉਹਦਾ ਦਾਦਾ-ਦਾਦਾ ਵਸਾਹ ਨਾ ਖਾਂਦਾ ਤੇ ਭੱਜ ਭੱਜ ਘਰ ਨੂੰ ਆਉਂਦਾ। ਪਰ ਕਾਕੇ ਨੂੰ ਪਹਿਲਾ ਪੈਰ ਪੁੱਟਦਿਆਂ ਉਹ ਵੀ ਨਾ ਵੇਖ ਸਕਿਆ। ਦਾਦੇ ਨੂੰ ਕਾਕੇ ਨਾਲ ਗੂੜ੍ਹਾ ਪਿਆਰ ਸੀ।

"ਐਹ ਵੇਖਿਆ...ਹੱਸਦਾ ਏ ਤੇ ਆਪਣੀ ਦਾਦੀ ਵਰਗੀਆਂ ਅੱਖਾਂ ਨੀਸੂ ਹੋ ਜਾਂਦੀਆਂ? ਬੀੜ ਤੇ ਸਾਰਾ ਈ ਦਾਦੀ ਤੇ ਸੂ, ਹੱਥ ਪੈਰ ਮੇਰੇ ਵਰਗੇ ਸੂ... ਇਹਦੀ ਦਾਦੀ ਦੀ ਬੁਲ੍ਹੀ ਹੇਠ ਵੀ ਤਿਲ ਸੀ ਤੇ ਇਹ ਦੇਵੀ...।"

ਦਾਦਾ ਇਹੋ ਜਿਹੀਆਂ ਗੱਲਾਂ ਕਾਕੇ ਦੇ ਚਲੂੰਘੇ ਕੋਲ ਬੈਠਿਆਂ, ਮੰਜੀ ਤੇ ਲੱਕ ਸਿੱਧਾ ਕਰਦਿਆਂ, ਹੁੱਕਾ ਫੂਕਦਿਆਂ, ਚਾਹ ਪੀਂਦਿਆਂ ਤੇ ਖੌਰੇ ਹਰ ਕੰਮ ਈ ਕਰਦਿਆਂ ਦੁਹਰਾਉਂਦਾ। ਉਹਨੂੰ ਕਾਕੇ ਵਿੱਚ ਰਹਿ ਰਹਿ ਕੇ ਆਪਣੀ ਮੋਈ ਜਨਾਨੀ ਦਿਸਦੀ। ਕਾਕੇ ਦੀ ਦਾਦੀ ਇੱਕ ਹੀ ਪੁੱਤਰ ਜੰਮ ਸਕੀ, ਫੇਰ ਰੱਬ ਨੇ ਕੋਈ ਔਲਾਦ ਨਾ ਦਿੱਤੀ , ਪੁੱਤਰ ਅੱਠ ਵਰ੍ਹਿਆਂ ਦਾ ਸੀ ਤੇ ਉਹਨੂੰ ਆਪਣੇ ਬੰਦੇ ਕੋਲ ਛੱਡ ਕੇ ਕਬਰਾਂ ਵਿੱਚ ਜਾ ਸੁੱਤੀ।

ਦਾਦੇ ਨੂੰ ਆਪਣੀ ਜਨਾਨੀ ਨਾਲ ਬੜੀ ਪ੍ਰੀਤ ਸੀ, ਐਸ ਕਰਕੇ ਉਹਨੇ ਦੂਜਾ ਵਿਆਹ ਵੀ ਨਾ ਕੀਤਾ। ਕਾਕੇ ਦਾ ਪਿਓ ਘਰ ਦੀਆਂ ਬਾਕੀ ਜਨਾਨੀਆਂ ਨੇ ਪਾਲਿਆ, ਤੇ ਦਾਦੇ ਕਾਕੇ ਦੇ ਜੰਮਣ ਤੱਕ ਹਿਯਾਤੀ ਡੇਰੇ ਤੇ ਕੱਟੀ ।ਮਾਲ ਡੰਗਰ ਤੇ ਪੈਲੀ ਬੰਨੇ ਦੇ ਕੰਮ ਵਿੱਚ ਰੁਝਿਆ ਰਹਿੰਦਾ। ਘਰ ਉਹ ਉਨ੍ਹਾ ਨਾ ਰਹਿੰਦਾ ਜਿਨ੍ਹਾ ਉਦੋਂ ਰਹਿੰਦਾ ਜਦੋਂ ਬੁੱਢੀ ਹਿਯਾਤ ਸੀ।

ਪਰ ਹੁਣ ਤਾਂ ਉਹਨੂੰ ਡੇਰਾ ਭੁਲ ਭੁਲਾ ਹੀ ਗਿਆ ਸੀ। ਸਾਰੇ ਕੰਮ ਈ ਪਿੱਛੇ ਪਏ ਜਾਂਦੇ ਤੇ ਉਹ ਭੱਜ ਕੇ ਘਰ ਨੂੰ ਆਉਂਦਾ। ਕਾਕੇ ਦੀ ਠੋਡੀ ਨੂੰ ਉਂਗਲ ਨਾਲ ਟੋਂਹਦਾ ਤੇ ਦੋਵੇਂ ਦਾਦਾ ਪੋਤਰਾ ਖਿੜ ਖਿੜ ਹਸਦੇ।

"ਉਹੋ...ਅੱਬਾ ਜੀ ! ਕਾਕੇ ਦੇ ਨੇੜੇ ਬਹਿ ਕੇ ਹੁੱਕਾ ਨਾ ਫੂਕਿਆ ਕਰੋ...।"

ਕਾਕੇ ਦੀ ਮਾਂ ਉਹਨੂੰ ਪੰਘੂੜੇ ਵਿੱਚੋਂ ਕੱਢ, ਕੁਛੜੇ ਚੁੱਕ ਲੈਂਦੀ।

"ਅੱਛਾ ਧੀਏ ! ਛੱਡ ਦੇਨਾ ਹੁੱਕਾ....ਤੂੰ ਲੰਮਾ ਪਾ ਛੱਡ ਕਾਕੇ ਨੂੰ....।"

ਦਾਦਾ ਪੋਲਾ ਪੋਲਾ ਕੂੰਦਾ।

"ਜਾਓ ਉੱਠ ਕੇ ਕਰੂਲੀ ਕਰਕੇ ਆਓ....ਹੁਣੇ ਤੁਸੀਂ ਕਾਕੇ ਦੀ ਗਲ੍ਹ ਨਾਲ ਗਲ੍ਹ ਲਾਉਣੀ ਏ ਤੇ ਸਾਰਾ ਧੂੰ ਉਹਦੇ ਅੰਦਰ ਘੱਲਣਾ ਜੇ।" ਦਾਦੇ ਦੀ ਨੂੰਹ ਝਿੜਕਦੀ।

"ਅੱਛਾ ਜੀ ! ਲਓ ਹੀ ਹੁਣੇ ਕਰ ਆਉਨੇ ਆ ਕਰੂਲੀ। ਇਹ ਵੀ ਕੋਈ ਗੱਲ ਏ ਭਲਾ?...।"

ਦਾਦਾ ਕੱਚਾ ਜਿਹਾ ਪੈ ਕੇ, ਫਰਮਾਂ ਬ੍ਰਦਾਰ ਬੰਦੇ ਹਾਰ ਕਰੂਲੀ ਕਰ ਆਉਂਦਾ।

ਕਾਕਾ ਐਂਜ ਦੀ ਸਾਰੇ ਟੱਬਰ ਦੀਆਂ ਕੁੱਛੜਾਂ ਟਪਦਾ ਤੇ ਮਾਂ ਤੋਂ ਵੀ ਪਹਿਲਾਂ ਅੱਖਰ "ਦਾਦਾ।" ਕਹਿਣਾ ਸਿਖਿਆ।

ਦਾਦੇ ਨੂੰ ਪੈਣ ਵਾਲੀਆਂ ਝਿੜਕਾਂ ਬਹੁਤੀ ਵਾਰ ਕਾਕੇ ਦੀ ਵਜ੍ਹਾ ਤੋਂ ਹੀ ਹੁੰਦੀਆ।

ਦਾਦਾ ਕਾਕੇ ਨੂੰ ਹਵਾ ਵਿੱਚ ਸੁੱਟ ਸੁੱਟ ਕੇ ਬੂਚਦਾ ਤੇ ਮਾਂ ਆਖਦੀ :

"ਬੱਸ ਕਰੋ...ਕਾਕਾ ਡਰ ਜਾਏਗਾ...।"

ਕੋਈ ਸ਼ੈ ਖਵਾਣ ਲਗਦਾ ਤੇ "ਆਏ ਹਾਏ! ਅੱਬਾ ਜੀ!....ਪੱਠੇ ਵੱਢ ਕੇ ਆਏ ਓ....ਹੱਥ ਤੇ ਧੋ ਲਓ... ਨਾਲੇ ਇਹ ਕੱਚੇ ਗੋਂਗਲੂ ਖਵਾ ਕੇ ਮੁੰਡਾ ਮਾਰਨਾ ਜੇ...?"

ਹਿੱਕ ਤੇ ਲੰਮਿਆਂ ਪਾ ਕੇ ਕਾਕੇ ਨੂੰ ਥਾਪੜ ਦਾ।

"ਅੱਬਾ ਜੀ! ਕਾਕੇ ਨੇ ਐਥੇ ਈ ਮੂਤਰ ਛੱਡਣਾ ਏ। ਮੇਰੇ ਕੋਲੋਂ ਰੋਜ਼ ਰੋਜ਼ ਕੱਪੜ ਨਹੀਂ ਧੋਣ ਹੁੰਦਾ...।" ਦੀ ਝਾੜ ਪੈਂਦੀ।

ਪਰ ਦਾਦੇ ਤੇ ਇਨ੍ਹਾਂ ਝਿੜਕਾਂ ਦਾ ਅਸਰ ਉਦੋਂ ਤੀਕ ਹੀ ਹੁੰਦਾ ਜਦੋਂ ਤੀਕ ਨੂੰ ਝਿੜਕ ਮਾਰ ਕੇ ਟੁਰ ਨਾ ਜਾਂਦੀ।

ਦਾਦਾ ਲਾਚਾ ਬਨ੍ਹ ਕੇ ਕਾਕੇ ਨੂੰ "ਝੂਟੈ ਮਾਈਆਂ ।", ਦੇਂਦਾ ਤੇ ਕਾਕੇ ਦੇ ਧਿਆਨੇ ਏਨਾ ਰੁੱਝ ਜਾਂਦਾ ਕਿ ਟੰਗਾਂ ਬਹੁਤੀਆਂ ਈ ਚੁਕਣ ਲੱਗ ਪੈਂਦਾ। ਘਰਦੀਆਂ ਜਨਾਨੀਆਂ ਨੀਵੀਂ ਪਾ ਲੈਂਦੀਆਂ ਤੇ ਫੇਰ ਕਾਕੇ ਦੀ ਮਾਂਈ ਮੂੰਹ, ਸਿਰ ਵਲੇਟ ਕੇ ਟ੍ਹਾਰਾਂ ਮਾਰਦੀ ਤੇ ਫਿਰ ਕਾਕੇ ਨੂੰ ਹੋਸ਼ ਆਉਂਦਾ।

"ਅੱਬਾ ਜੀ! ਤੁਹਾਡੇ ਐਸ ਲਾਡ ਨੇ ਮੁੰਡਾ ਐਹੋ ਜਿਹਾ ਵਗਾੜ ਛੱਡਣਾ ਏ ਕਿ ਮੁੜ ਐਸ ਹੱਥ ਨਹੀਂ ਜੇ ਆਉਣਾ...।"

ਨੂੰਹ ਦਾ ਇੱਕ ਹੋਰ ਅਲ੍ਹਾਮਾ ਦਾਦੇ ਦੇ ਮੱਥੇ ਲੱਗਦਾ।

"ਚਲ ਕੋਈ ਨੀ ਧੀਏ...ਜਿਨ੍ਹਾਂ ਨੂੰ ਲਾਡ ਨਹੀਂ ਕੀਤਾ, ਉਹ ਕਿਹੜੇ ਨਹੀਂ ਵਿਗੜੇ...।" ਦਾਦਾ ਵੀ ਆਪਣੀ ਗੱਲ ਥੱਲੇ ਨਾ ਪੈਣ ਦੇਂਦਾ । ਕਾਕੇ ਦਾ ਨਾਂ ਤਾਂ ਦਾਦੇ ਕੁਝ ਹੋਰ ਰੱਖਿਆ ਸੀ ਪਰ ਸਾਰਾ ਟੱਬਰ, ਵਿਹੜਾ ਮਹੱਲਾ ਤੇ ਆਪ ਵੀ ਉਹ ਉਹਨੂੰ ਉਹ "ਕਾਕਾ" ਈ ਆਖਦਾ।

ਕਾਕੇ ਨੇ ਮਾਂ ਦਾ ਦੁੱਧ ਛੱਡ ਚੂਸਣੀ ਤੇ ਫੀਡਰ ਨੂੰ ਮੂੰਹ ਲਾਇਆ, ਫੀਡਰ ਛੁੱਟਿਆ ਤੇ ਕੌਲੇ ਨਾਲ ਦੁੱਧ ਪੀਣ ਲੱਗਾ। ਦਾਦਾ ਡੇਰੇ ਜਾਂਦਾ ਤੇ ਕਾਕੇ ਨੂੰ ਵੀ ਨਾਲ ਲੈ ਜਾਂਦਾ। ਮਾਂ ਨੂੰ ਮਗਰੋਂ ਹੌਲ ਪੈਂਦੇ, ਕਿਤੇ ਪੀਟਰ ਤੇ ਨਾ ਨਹਾਂਦਾ ਹੋਵੇ, ਕੱਚੇ ਗੋਂਗਲੂ ਤੇ ਮੂਲੀਆਂ ਬਹੁਤੀਆਂ ਨਾ ਖਾ ਲਵੇ। ਕਿਸੇ ਵੱਛੇ ਟਕਰ ਨਾ ਮਾਰ ਦਿੱਤੀ ਹੋਵੇ। ਹਾਏ ਹਾਏ ਕਿਤੇ ਦਾਤਰੀ ਨਾਲ ਈ ਨਾ ਖੇਡਦਾ ਹੋਵੇ।....ਪਰ ਮਾਂ ਦੇ ਇਹ ਹੌਲ ਸਿਰਫ਼ ਮਾਂਵਾਂ ਨੂੰ ਪੈਣ ਵਾਲੇ ਹੌਲ ਈ ਸਨ। ਦਾਦਾ ਪੋਤਰੇ ਨੂੰ ਆਪਣੇ ਤੋਂ ਪਰ੍ਹਾਂ ਕਰਦਾ ਤਾਂ ਹੀ ਤੇ ਐਹ ਕੁਝ ਹੋਣ ਦਾ ਪੱਜ ਬਣਦਾ।

ਫੇਰ ਇੱਕ ਦਿਨ ਦਾਦਾ ਕਾਕੇ ਨੂੰ ਸਕੂਲੇ ਦਾਖ਼ਲ ਕਰਾ ਆਇਆ। ਪਹਿਲੇ ਦਿਨ ਦਾਦਾ ਪੋਤਰਾ ਦੋਵੇਂ ਬੜਾ ਕੁਰਲਾਏ। ਪਰ ਫੇਰ ਦਾਦਾ ਦੰਦਾਂ ਥੱਲੇ ਜੀਭ ਦੇ ਕੇ ਰੋਜ਼ ਕਾਕੇ ਨੂੰ ਸਕੂਲ ਛੱਡਣ ਜਾਂਦਾ। ਹੌਲੀ-ਹੌਲੀ ਦੋਵੇਂ ਸਕੂਲ ਦੇ ਆਦੀ ਹੋ ਗਏ, ਪਰ ਦਾਦਾ ਹੁਣ ਸਕੂਲ ਦੇ ਬੂਹੇ ਤੇ ਬੈਠਾ ਰਹਿੰਦਾ।

ਤਫਰੀਹ ਵੇਲੇ ਭੱਜ ਕੇ ਪੋਤਰੇ ਨੂੰ ਮਿਲਦਾ ਤੇ ਟਿੱਕੀਆਂ ਟਾਫ਼ੀਆਂ ਰੋਟੀ ਪਕੌੜੇ ਤੇ ਦੂਜੀਆਂ ਸ਼ੈਵਾਂ ਲੈ ਕੇ ਦੇਂਦਾ ਤੇ ਛੁੱਟੀ ਵੇਲੇ ਨਾਲ ਲੈ ਕੇ ਆਉਂਦਾ।

ਸ਼ਾਮੀਂ ਦੋਵੇਂ ਡੇਰੇ ਤੇ ਜਾਂਦੇ, ਦਾਦਾ ਗੱਲਾਂ ਕਰਦਾ ਜਾਂਦਾ ਤੇ ਕਾਕੇ ਦੇ ਸਵਾਲਾਂ ਦਾ ਜਵਾਬ ਬੜੇ ਚਾਅ ਨਾਲ ਦੇਂਦਾ। ਦੋਵਾਂ ਦੀ ਲੜਾਈ ਵੀ ਹੁੰਦੀ ਪਰ ਬਹੁਤ ਘੱਟ, ਜਿਵੇਂ ਮੁੰਜੀ ਵਿੱਚ ਚੋਹਬਾ।

ਦਾਦੇ ਘੱਟ ਵੱਧ ਈ ਕਾਕੇ ਨੂੰ ਮਾਰਿਆ ਹੋਵੇਗਾ, ਬਹੁਤਾ ਦਾਬੇ ਨਾਲ ਹੀ ਕੰਮ ਚਲਾਉਂਦਾ। ਦਾਦਾ ਆਪ ਵੀ ਸਖ਼ਤ ਹੱਡਾਂ ਪੈਰਾਂ ਦਾ ਮਾਲਕ ਸੀ ਤੇ ਕਾਕੇ ਨੂੰ ਵੀ ਆਪਣੇ ਨਾਲ ਦਾ ਬਣਾਉਣਾ ਚਾਹੁੰਦਾ ਸੀ। ਜਵਾਨੀ ਸਮੇਂ ਕੌਡੀ ਖੇਡਦਾ ਸੀ ਤੇ ਜਾਫ਼ੀ ਸੀ। ਬੰਦੇ ਨੂੰ ਫੜਦਾ ਤੇ ਇੱਕ ਸੂਤਰ ਨਾ ਹਿਲਣ ਦੇਂਦਾ। ਚੌੜੀ ਹਿੱਕ ਤੇ ਵੱਡੇ ਵੱਡੇ ਹੱਥ ਪੈਰ, ਕੱਦ ਦਾ ਛੋਟਾ ਸੀ ਪਰ ਪੂਰਾ ਭਾਈ ਦਿਸਦਾ ਸੀ।



ਸਿਰ ਦੇ ਵਾਲ ਸਾਰੇ ਚਿੱਟੇ ਨਾ ਹੋਏ ਸਨ ਤੇ ਹਾਲੇ ਕਾਇਮ ਸਨ। ਲੱਸੀ ਪੀ ਕੇ ਮੁੱਛਾਂ ਨੂੰ ਵੱਟ ਦੇਂਦਾ ਤੇ ਸੇਪੀ ਕੋਲੋਂ ਰੋਜ਼ ਦਾੜ੍ਹੀ ਮੁਨਾਉਂਦਾ। ਲਾਚਾ ਬੰਨ੍ਹਦਾ ਤੇ ਖੁੱਸਾ ਪਾਉਂਦਾ। ਦਾਦੇ ਦੀਆਂ ਪਿੰਨੀਆਂ ਸਾਰੇ ਪਿੰਡ ਵਿੱਚ ਮਸ਼ਹੂਰ ਸਨ।

ਕਾਕਾ ਮਾਂ ਵਰਗਾ ਗੋਰਾ ਤੇ ਪੋਲਾ ਸੀ, ਮੋਟੀਆਂ ਅੱਖਾਂ ਤੇ ਸੋਹਣੇ ਬੁੱਲ੍ਹ।

ਕਾਕਾ ਦੂਜੀ ਜਮਾਤੇ ਚੜ੍ਹਿਆ ਤੇ ਦਾਦੇ ਉਂਜ ਹੀ ਬਦਾਨਾ ਮਹੱਲੇ ਦੇ ਬਾਲਾਂ ਵਿੱਚ ਵੰਡਿਆ ਜਿਵੇਂ ਓਦਣ ਵੰਡਿਆ ਸੀ ਜਦ ਕਾਕੇ "ਕੱਚੀ" ਤੇ 'ਪੱਕੀ' ਪਾਸ ਕੀਤੀ ਸੀ।

ਕਾਕਾ ਮਾਂ ਨਾਲੋਂ ਬਹੁਤਾ ਦਾਦੇ ਦਾ ਹੋ ਗਿਆ ਸੀ, ਦਾਦੇ ਨਾਲ ਨਹਾਉਂਦਾ, ਦਾਦੇ ਨਾਲ ਖਾਂਦਾ, ਦਾਦੇ ਨਾਲ ਖੇਡਦਾ ਤੇ ਦਾਦੇ ਨਾਲ ਈ ਸੌਂਦਾ। ਉਹਦੇ ਹਾਣੀ ਖਿਦੂ-ਡੰਡਾ ਤੇ ਚੂਈ ਚੁਲਾਂਘਾ ਖੇਡਦੇ ਤੇ ਕਾਕਾ ਦਾਦੇ ਦੀ ਉਂਗਲ ਫੜੀ ਡੇਰੇ ਵੱਲ ਟੁਰ ਪੈਂਦਾ।

ਕਾਕੇ ਨੇ ਦੂਜੀ ਵੀ ਪਾਸ ਕਰ ਲਈ ਤੇ ਤੀਜੀ ਜਮਾਤੇ ਜਾ ਅਪੜਿਆ।

ਸਿਆਲ ਦੇ ਦਿਨ ਸਨ ਤੇ ਕਾਕੇ ਨੂੰ ਵੱਡੇ ਦਿਨਾਂ ਦੀਆਂ ਛੁੱਟੀਆਂ। ਦਾਦਾ ਕਾਕੇ ਨੂੰ ਲਈ ਡੇਰੇ ਅਪੜਿਆ। ਪਿੰਡ ਦੇ ਵੱਡੇ ਗਿਰਜੇ ਵਿੱਚ ਆਲੇ-ਦੁਆਲੇ ਦੇ ਪਿੰਡਾਂ ਦੇ ਸਾਰੇ ਹਸਾਈ ਕੱਠੇ ਹੁੰਦੇ ਸਨ ਪਏ। ਭੁੱਸੇ ਭੁੱਸੇ ਰੰਗ ਤੇ ਬੁਲਾਂ ਤੇ ਸੁਰਖੀ, ਅੱਡੀ ਵਾਲੀ ਜੁੱਤੀ ਤੇ ਲਿਸ਼ਕਣੇ ਲੀੜੇ ਪਾਈ ਹਸੈਣਾਂ ਫਿਰਦੀਆਂ ਸਨ। ਹਸਾਈ ਮੁੰਡੇ ਬੋਦੇ ਵਾਹੀ, ਸਕਿਨ ਟੈਟ ਪੈਂਟਾਂ ਪਾਈ ਉਨ੍ਹਾਂ ਦੇ ਆਲੇ ਦੁਆਲੇ ਸਨ। ਅਬਾਦਤ ਦਾ ਵੇਲਾ ਹੋਇਆ ਤੇ ਸਾਰੇ ਲੱਕੜ ਦੇ ਬੈਂਚਾਂ ਤੇ ਬਹਿ ਗਏ।

ਦਾਦਾ ਪੋਤਰਾ ਡੇਰੇ ਤੇ ਤੂੜੀ ਵਾਲੀ ਕੁੜ ਵਿੱਚ ਪਈ ਮੰਜੀ ਤੇ ਇੱਕੋ ਲੇਫ਼ ਵਿੱਚ ਲੰਮੇ ਪਏ ਸਨ। 25 ਦਸੰਬਰ ਦਾ ਦਿਹਾੜ ਸੀ, ਰਾਤੀਂ ਵਾਹਵਾ ਬੱਦਲ ਵੱਸਿਆ ਤੇ ਸਵੇਰ ਦੀ ਵੀ ਕਿਣ ਮਿਣ ਲੱਗੀ ਸੀ।

ਕਾਕਾ ਦਾਦੇ ਦੀ ਛਾਤੀ ਨਾਲ ਲਗਾ ਉਹਦੀ ਠੋਡੀ ਨਾਲ ਖੇਡ ਰਿਹਾ ਸੀ, ਕਦੇ ਉਹਦੀਆਂ ਮੁੱਛਾਂ ਤੇ ਹੱਥ ਫੇਰਦਾ ਤੇ ਕਦੇ ਉਹਦਾ ਨੱਕ ਪੁੱਟਦਾ, ਕਦੀ ਦਾਦੇ ਦੇ ਕੰਨ ਮਲਦਾ ਤੇ ਕਦੇ ਗੱਲਾਂ ਤੇ ਹੱਥ ਫੇਰਦਾ।

"ਕਾਕੇ...।"

ਦਾਦੇ ਆਖਿਆ।

"ਜੀ ਦਾਦਾ...ਜੀ....।"

ਕਾਕਾ ਜਿਵੇਂ ਗਾਉਣ ਗਾਉਂਦਾ ਹੋਏ।

"ਕਾਕੇ ਤੈਨੂੰ ਪਤਾ ਏ ਤੂੰ ਮੈਨੂੰ ਕਿਨਾ ਸੋਹਣਾ ਲੱਗਣਾ ਏ....?

ਕਾਕਾ ਚੁੱਪ ਕੀਤਾ ਰਿਹਾ।

"ਓਏ ਕਾਕੇ ਤੂੰ ਤੇ ਮੇਰੀ ਜਾਨ ਏਂ....ਮੈਂ ਕੀ ਕਰਾਂ....ਮੈਨੂੰ ਕੁਝ ਸਮਝ ਨਹੀਂ ਆਉਂਦੀ...।"

ਦਾਦੇ ਨੇ ਕਾਕੇ ਨੂੰ ਆਪਣੇ ਨਾਲ ਘੁੱਟ ਲਿਆ।

ਬਾਹਰ ਠੰਡੀ ਹਵਾ ਪਾਣੀ ਵਾਂਗ ਵਗਦੀ ਸੀ। ਗਿਰਜੇ ਵਿੱਚੋਂ ਤਪਲੇ, ਢੋਲਕ ਤੇ ਹਾਰਮੋਨੀਅਮ ਦੀ ਵਾਜ ਆਉਣ ਲੱਗੀ ਤੇ ਨਾਲ ਈ ਸਾਰੇ ਅਬਾਦਤ ਕਰਨ ਵਾਲੇ ਬੜੀ ਅਕੀਦਤ ਨਾਲ ਦੁਆਈਆ ਗੀਤ ਗਾਉਣ ਲੱਗੇ।

"ਕਾਕੇ! ... ਤੂੰ ਏਨਾ ਸੋਹਣਾ ਕਿਉਂ ਏ...? ਦਾਦੇ ਨੇ ਕਾਕੇ ਦਾ ਮੱਥਾ ਚੁੰਮਦਿਆਂ ਆਖਿਆ।

"ਪਤਾ ਨਹੀਂ...ਦਾਦਾ ਜੀ...।"

ਕਾਕੇ ਨੇ ਮਾਸੂਮੀਅਤ ਨਾਲ ਆਖ ਛੱਡਿਆ।

"ਓਏ ਕਾਕੇ....ਤੈਨੂੰ ਪਤਾ ਨੀ ਤੂੰ ਮੇਰੇ ਲਈ ਕੀ ਏਂ...।"

ਦਾਦੇ ਨੇ ਕਾਕੇ ਦੀ ਗਲ ਚੁੰਮ ਲਈ।

"ਕਾਕਿਆ ! ਤੂੰ ਮੇਰੇ ਲਈ ਸਭ ਕੁਝ ਏਂ। ਅੱਜ ਮੇਰਾ ਦਿਲ ਕਰਦਾ ਏ ਤੇਰੇ ਵਿੱਚ ਵੜ ਜਾਵਾਂ ਜਾਂ ਤੈਨੂੰ ਆਪਣੇ ਆਪ ਵਿੱਚ ਵਾੜ ਲਵਾਂ...।"

ਦਾਦੇ, ਕਾਕੇ ਨੂੰ ਜੱਫਾ ਪਾ ਕੇ ਐਂਜ ਘੁਟਿਆ ਕਾਕੇ ਦੇ ਮੂੰਹੋਂ 'ਆਈ' ਦੀ ਵਾਜ ਨਿਕਲ ਗਈ।

ਗਿਰਜੇ ਦੇ ਪਾਦਰੀ ਨੇ ਈਦ ਦੀ ਦੁਆ ਸ਼ੁਰੂ ਕੀਤੀ ਤੇ ਸਾਰੇ ਮੁਅੱਦਬ ਹੋ ਗਏ।

ਦਾਦੇ ਨੇ ਆਪਣੀ ਕਮੀਜ਼ ਲਾਹ ਛੱਡੀ ਤੇ ਕਾਕੇ ਦੇ ਗਲੋਂ ਵੀ ਕੁਰਤਾ ਲੁਹਾ ਲਿਆ। ਦੋਵੇਂ ਇੱਕ ਦੂਜੇ ਨਾਲ ਜੁੜ ਕੇ ਲੰਮੇ ਪਏ ਰਹੇ। ਦਾਦੇ ਨੇ ਕਾਕੇ ਦੀ ਸ਼ਲਵਾਰ ਲਾਹੀ ਤੇ ਕਾਕਾ ਆਖਣ ਲੱਗਾ।

'ਨਈ ਦਾਦਾ....ਮੈਨੂੰ ਝਾਕਾ ਲੱਗਦਾ ਏ, ਸ਼ੇਮ ਸ਼ੇਮ ਹੁੰਦੀ ਏ...ਨਾਲੇ ਬੜਾ ਪਾਲਾ ਏ... ਮੈਂ ਨਹੀਂ ਨ੍ਹਾਣਾ...।"

ਦਾਦਾ ਚੁੱਪ ਚੁਪੀਤਾ ਕਾਕੇ ਦਾ ਮੂੰਹ ਚੁੰਮਦਾ ਰਿਹਾ। ਬਾਹਰ ਇੱਕ ਵਾਰ ਫੇਰ ਬੱਦਲ ਤੇਜ਼ ਹੋ ਗਿਆ ਸੀ। ਸ੍ਰਾਈਆਂ ਨੇ "ਮੈਰੀ ਕ੍ਰਿਸਮਿਸ" ਆਖਣਾ ਸ਼ੁਰੂ ਕਰ ਦਿੱਤਾ।

ਦਾਦੇ ਦੇ ਦਿਲ ਦੀ ਧੜਕਣ ਤੇਜ਼ ਹੋ ਗਈ ਤੇ ਕਾਕਾ ਡਰ ਨਾਲ ਕੰਬਣ ਲੱਗ ਪਿਆ। ਉਹਦੇ ਮੂੰਹੋਂ ਕੋਈ ਆਵਾਜ਼ ਨਾ ਨਿਕਲ ਸਕੀ। ਉਹਨੇ ਦੰਦ ਘੁੱਟ ਲਏ ਤੇ ਪੀੜ ਜਰ ਗਿਆ।

ਦਾਦੇ ਨੇ ਆਪਣੇ ਲਾਲ ਸੂਹੇ ਹੁੰਦੇ ਮੂੰਹ ਤੋਂ ਮੁੜ੍ਹਕਾ ਪੂੰਝਿਆ, ਤੇ ਕਾਕੇ ਨੂੰ ਗੱਲ ਲਾ ਕੇ ਸੌਂ ਗਿਆ।

ਵੱਡੇ ਦਿਨਾਂ ਦੀਆਂ ਛੁੱਟੀਆਂ ਮੁੱਕ ਗਈਆਂ। ਦਾਦਾ ਪੋਤਰਾ ਉਂਜ ਹੀ ਡੇਰੇ ਤੇ ਜਾਂਦੇ ਰਹੇ। ਦਾਦਾ ਕਾਕੇ ਨੂੰ ਗੱਲ ਲਾ ਕੇ ਸੌਂਦਾ ਰਿਹਾ ਤੇ ਕਾਕਾ ਤੀਜੀ ਤੋਂ ਚੌਥੀ ਤੇ ਚੌਥੀ ਤੋਂ ਪੰਜਵੀਂ ਜਮਾਤ ਦੀ ਪੌੜੀ ਚੜ ਗਿਆ।

ਇੱਕ ਦਿਨ ਕਾਕੇ ਦੀ ਲੜਾਈ ਆਪਣੇ ਜਮਾਤੀ ਨਾਲ ਹੋ ਗਈ ਤੇ ਕਾਕੇ ਫੱਟੀ ਮਾਰ ਕੇ ਉਹਦਾ ਸਿਰ ਪਾੜ ਛੱਡਿਆ। ਸਕੂਲ ਦੇ ਹੈੱਡ ਮਾਸਟਰ ਨੇ ਦੋਵਾਂ ਨੂੰ ਲੜਦਿਆਂ ਵੇਖ ਲਿਆ ਤੇ ਆਪਣੇ ਦਫ਼ਤਰ ਬੁਲਾਇਆ। ਦੂਜਾ ਮੁੰਡਾ ਤੇ ਪੱਟੀ ਕਰਾਉਣ ਲਈ ਪਿੰਡ ਦੀ ਡਿਸਪੈਂਸਰੀ ਟੁਰ ਗਿਆ ਤੇ ਕਾਕੇ ਨੂੰ ਹੈਡਮਾਸਟਰ ਕੋਲ ਪੇਸ਼ ਹੋਣਾ ਪਿਆ। ਕਾਕਾ ਦਫ਼ਤਰ ਦੇ ਬੂਹੇ ਤੋਂ "ਮੈਂ ਕੰਮ ਇਨ।" ਕਹਿ ਕੇ ਅੰਦਰ ਵੜਿਆ ਤੇ ਮਾਸਟਰ ਸਾਹਿਬ ਲੱਤਾਂ ਮੇਜ਼ ਤੇ ਧਰੀ ਸਿਗਰਟ ਦੇ ਸੂਟੇ ਖਿਚ ਰਹੇ ਸੀ। ਉਨ੍ਹਾਂ ਸ਼ਲਵਾਰ ਦੇ ਪਹੁੰਚੇ ਗੋਡਿਆਂ ਤੀਕ ਖਿੱਚੇ ਤੇ ਕਾਕੇ ਨੂੰ ਘੂਰੀ ਵੱਟ ਕੇ ਵੇਖਿਆ।

"ਹਾਂ ਬਈ...ਕੀ ਨਾਂ ਏ ਤੇਰਾ....?

ਕਾਕਾ ਕੁਝ ਨਾ ਬੋਲਿਆ ਤੇ ਮਾਸਟਰ ਸਾਹਿਬ ਦੀਆਂ ਮੋਟੀਆਂ ਪਿੰਨੀਆਂ ਵੇਖਦਾ ਰਿਹਾ।

"ਓਏ ਕੀ ਤੱਕੀ ਜਾਨਾ ਏ...ਮੈਂ ਕੀ ਪੁਛਿਆ ਏ?"

ਮਾਸਟਰ ਨੇ ਸੋਟਾ ਮੇਜ਼ ਤੇ ਮਾਰਦਿਆਂ ਗੁੱਸੇ ਨਾਲ ਆਖਿਆ।

ਕਾਕੇ ਦੇ ਮੂੰਹੋਂ ਫੇਰ ਵੀ ਕੋਈ ਵਾਜ਼ ਨਾ ਨਿਕਲੀ ਤੇ ਉਹ ਬੁੱਤ ਬਣਿਆ ਮਾਸਟਰ ਦੀਆਂ ਮੋਟੀਆਂ ਪਿੰਨੀਆਂ ਈ ਤਕਦਾ ਰਿਹਾ।

ਮਾਸਟਰ ਸਾਹਿਬ ਨੇ ਜਦ ਵੇਖਿਆ ਕਿ ਮੁੰਡਾ ਹਿਲਦਾ ਨਹੀਂ ਤੇ ਬੱਸ ਪਿੰਨੀਆਂ ਵੱਲ ਈ ਤੱਕੀ ਜਾਂਦਾ ਦੇ ਤੇ ਉਹਨੇ ਇੱਕ ਸੋਟਾ ਕਾਕੇ ਦੇ ਲੱਕ ਵਿੱਚ ਮਾਰਿਆ। ਕਾਕੇ ਦੇ ਮੂੰਹੋਂ ਫੇਰ ਵੀ ਕੋਈ ਵਾਜ ਨਾ ਨਿਕਲੀ ਤੇ ਉਹਨੇ ਦੰਦ ਘੁੱਟ ਕੇ ਮਾਸਟਰ ਸਾਹਿਬ ਦੀ ਪਿੰਨੀ ਫੜ ਲਈ।

*(ਇਕ ਕਹਾਣੀ ਸੁਕੀਰਤ ਆਨੰਦ ਅਤੇ ਕਹਾਣੀ ਦੇ ਲੇਖਕ ਨੇ ਸਾਂਝੇ ਤੌਰ ਤੇ ਲਿੱਪੀਅੰਤਰ ਕੀਤ)*





## ਕਹਾਣੀ/ ਕਿਸਾਨ ਮੋਰਚਾ / - ਪ੍ਰੇਮ ਗੋਰਖੀ

*(ਇਹ ਪ੍ਰੇਮ ਗੋਰਖੀ ਦੀ ਅੰਤਮ ਕਹਾਣੀ ਹੈ, ਜਿਹੜੀ ਉਨ੍ਹਾਂ ਦੇ ਪਰਿਵਾਰ ਨੂੰ ਉਨ੍ਹਾਂ ਦੇ ਲਿਖਣ ਵਾਲੇ ਗੱਤੇ ਦੇ ਪੇਪਰਾਂ ਵਿਚੋਂ ਮਿਲੀ। ਇਹ ਪਹਿਲਾ ਡਰਾਫਟ ਹੈ ਸ਼ਾਇਦ ਉਨ੍ਹਾਂ ਨੇ ਕਹਾਣੀ ਨੂੰ ਹੋਰ ਵਿਸਥਾਰ ਦੇਣਾ ਸੀ। ਪਰ ਉਨ੍ਹਾਂ ਨੇ ਸਮਕਾਲ ਦੇ ਹਲਾਤ ਨੂੰ ਕਹਾਣੀ ਵਿਚ ਗਰਾਊਂਡ ਜੀਰੋ ਤੋਂ ਫੜਨ ਦਾ ਯਤਨ ਕੀਤਾ ਹੈ। -ਸੰਪਾਦਕ)*

ਕਿਸਾਨ ਮੋਰਚੇ ਦਾ ਅੱਜ ਬਾਈਵਾਂ ਦਿਨ ਸੀ।

ਲਛਮਣ ਤੇ ਜਗੀਰੂ ਨੇ ਫਟਾ-ਫਟ ਪਹਿਲਾਂ ਤਾਂ ਮੂੰਗ-ਮਸਰ ਦੀ ਦਾਲ ਰੱਖ ਦਿੱਤੀ, ਫਿਰ ਸਬਜ਼ੀ ਬਾਰੇ ਅਖੀਰ ਫ਼ੈਸਲਾ ਕਰ ਹੀ ਲਿਆ, "ਚਲੋ ਫੇ ਗੋਭੀ, ਮਟਰ ਤੇ ਆਲੂ ਲਿਆਂਦੇ ਪਏ ਆ-ਲਛਮਣਾ ਤੂੰ ਗੰਡੇ ਚੀਰ ਲੈ... ਮੈਂ ਮਿਰਚ ਮਸਾਲਾ ਤਿਆਰ ਕਰਦਾ ਜਦ ਤਕ ਕਾਮਰੇਡ ਹੁਣੀ ਵੀ ਮੁੜ ਆਉਣਗੇ ਨਾਲੇ ਬੰਦਿਆਂ ਦਾ ਪਤਾ ਲਗ ਜਾਊ ਕਿੰਨੇ ਆਂ...ਗੇਸ਼ੂ, ਪਾਖਰ ਤੇ ਗੇਲੂ ਤਾਂ ਆਪਣੇ ਸੌਹੁਰਿਆਂ ਵੱਲ ਰਾਤ ਰਹਿਣਗੇ...ਫ਼ੇਰ ਆਪਣੇ ਬਾਈ ਜੀ ਬਚਣਗੇ... ਓਸੇ ਸਾਬ੍ਹ ਨਾਲ ਆਟਾ ਗੁੰਨਣਾ ਪਊ...।"

"ਬਈ ਮੇਰਾ... ਸਵੇਰ ਦੀਆਂ ਕਾਫੀ ਰੋਟੀਆਂ ਬਚੀਆਂ ਪਾਈਆਂ...।"

"ਤੂੰ ਗੱਲਾਂ ਕੀ ਕਰਦਾਂ ਜੁਆਨਾ... ਰੋਟੀਆਂ ਤਾਂ ਅੰਬਾਲੇ ਈ ਬਿਲੇ ਲਗ ਗਈਆਂ ਸੀ ਜਦੋਂ ਫਰੀਦਕੋਟੀਏ ਟਰਕੇ ਸੀ... ਲਮਢੀਂਗ ਨੇ ਮਿਲਦਿਆਂ ਈ ਰੋਟੀ ਮੰਗੀ ਸੀ...।" ਕਾਮਰੇਡ ਲਛਮਣ ਬੋਰੀ ਵਿਚੋਂ ਆਲੂ ਕੱਢਦਾ ਬੋਲਿਆ।

"ਯਾਰ ਮੈਨੂੰ ਨਈ ਸੀ ਪਤਾ ਐਨੀ ਦੂਰ ਤੱਕ ਆਵਾਂਗੇ... ਮੈਨੂੰ ਸੀ ਬਠਿੰਡੇ... ਮਾਨਸੇ ਤੱਕ ਜਾਣਾ ਹਊ... ਮੈਂ ਤਾਂ ਕੱਪੜੇ ਵੀ ਨਈਂ ਲਿਆਇਆ... ਹੁਣ ਗਹਾਂ ਚਲ ਕੇ ਲੈਣੇ ਪੈਣਗੇ ਏਥੇ ਸੌਂਵਾਂਗੇ ਕਿੱਥੇ?... ਖਲੀ ਕਿੰਨੇ ਦਿਨ ਲਗਣ ... ਵੱਡੇ ਸਰਦਾਰ ਜੀ ਤਾਂ ਕਹਿੰਦੇ... ਪੰਦਰਾਂ ਵੀਹ ਦਿਨ ਤਾਂ ਪੱਕੇ ਆ... ਮਹੀਨਾ ਖੰਡ ਵੀ ਲਗ ਸਕਦੇ ਆ... ਕਹਿੰਦੇ ਕਿਸੇ ਗੱਲੋਂ ਓਦਰਿਓਂ ਨਾ... ਵਥੇਰੇ ਪੈਸੇ ਆਪਣੇ ਕੋਲ...।" ਗੱਲ ਕਰਦਾ ਜੀਗਰੂ ਚੁੱਲ੍ਹੇ ਵਿਚਲੀ ਮੱਠੀ ਪਈ ਅੱਗ ਵੱਲ ਹੋ ਗਿਆ ਤੇ ਚਿਮਟੇ ਨਾਲ ਲੱਕੜਾਂ ਹਿਲਾਉਣ ਲੱਗ ਪਿਆ।

"ਬਈ ਸੱਚ ਪੁੱਛੋਂ ਤਾਂ... ਬਈ ਮੈਨੂੰ ਤਾਂ ਪਤਾ ਸੀ... ਛੋਟੇ ਭਾ ਜੀ ਨੇ ਦਸ ... ਤਾ ਸੀ... ਬਈ ਟਰੈਕਟਰ ਵਿਚ ਮੀਨ੍ਹੇ ਭਰ ਦਾ ਰਾਸ਼ਣ ਜਮਾਂ ਕਰ... ਰਾਮਪਾਲ... ਆਪਾਂ ਫੇਰ ਮਣ ਪਕਾ ਆਟਾ, ਦਾਲਾਂ, ਲੂਣ, ਮਿਰਚਾਂ, ਹਲਦੀ ਮਸਾਲੇ ਕੱਠੇ ਕਰਤੇ... ਨਾਲ ਭਾਂਡੇ ਵੀ।" ਲਛਮਣ ਨੇ ਗੱਲ ਵਿਚਾਲੇ ਹੀ ਛੱਡ ਦਿੱਤੀ ਕਿਉਂਕਿ ਕਾਮਰੇਡ ਹੁਣੀਂ ਮੁੜ ਆਏ ਸੀ।

"ਲੈ ਬਈ ਜੁਆਨੋਂ ਮੂੰਫਲੀ ਖਾਓ, ਨਾਲੇ ਉਧਰੋਂ ਵਾਟੇ ਚੋਂ ਗੁੜ ਕੱਢ ਲੈ... ਅੱਧੇ ਘੰਟੇ ਤੱਕ ਆਪਾਂ ਠੋਕ ਕੇ ਮੁਜ਼ਾਹਰਾ ਕਰਾਂਗੇ... ਬਹੁਤ ਬੰਦੇ ਪਹੁੰਚ ਜਾਣਗੇ... ਹੁਣ ਵੱਜੇ ਆ ਸੱਤ... ਰੋਟੀ ਤਿਆਰ ਕਰ ਲਓ... ਅੱਠ ਸਾਢੇ ਅੱਠ ਤੱਕ ਰੋਟੀ ਆਲਾ ਕੰਮ ਨਬੇੜ ਲਓ... ਮੁਜਾਹਰੇ ਤੋਂ ਬਾਅਦ, ਵਿਹਲੇ ਹੋ ਕੇ ਆਪਾਂ ਨਾਲੇ ਅੰਬ ਖਾਵਾਂਗੇ ਫੇਰ ਰਾਤ ਨੂੰ ਮੂੰਗਫਲੀ... ਆਪਾਂ ਵੀਹ ਬੰਦੇ ਆਂ... ਕਿਸੇ ਨੇ ਵੀ ਇੱਧਰ ਉਧਰ ਨੀ ਹੋਣਾ... ਆਪਣੇ ਟਰੈਕਟਰ ਦੀ ਨਿਸ਼ਾਨੀ ਯਾਦ ਰੱਖਣੀ ਆਂ... ਫੈਸਲਾ ਹੋਇਆ ਤੜਕੇ ਆਪਾਂ ਚਲ ਕੇ ਛੇ ਵਜਦੇ ਨੂੰ ਟਿਕਾਣੇ ਤੇ ਪਹੁੰਚਦੇ ਹੋਣਾ... ਸ਼ਾਬਾਸ਼ੇ... ਸ਼ੇਰੋ...।" ਕਹਿ ਕੇ ਕਾਮਰੇਡ ਨੇ ਪੱਗ ਲਾਹ ਕੇ ਟਰੈਕਟਰ ਦੇ ਵਿਚ ਰੱਖ ਦਿੱਤੀ।

ਉਨ੍ਹਾਂ ਦਾ ਟਰੈਕਟਰ ਦਿੱਲੀ ਦੀ ਬਾਈਪਾਸ ਉਪਰ ਮੁਜ਼ਾਹਰੇ ਵਾਲੀ ਥਾਂ ਉੱਤੇ ਟਰੈਕਟਰਾਂ ਦੀ ਭੀੜ ਦੇ ਬਾਹਰ ਠੀਕ ਵੇਲੇ ਸਿਰ ਪਹੁੰਚ ਗਿਆ। ਕਾਮਰੇਡ ਇੱਥੇ ਹੀ ਉੱਚੀ-ਉੱਚੀ ਨਾਹਰੇ ਲਾਉਣ ਲੱਗਾ... ਫਿਰ ਨਾਲ ਈ ਨਾਲ ਵਾਲੇ ਬੰਦੇ ਵੀ ਸ਼ੁਰੂ ਹੋ ਗਏ। ਉਨ੍ਹਾਂ ਵੱਲ ਦੇਖ ਦੇ ਦੂਜੇ ਜੁੜੇ ਹੋਏ ਕਿਸਾਨ ਵੀ ਨਾਹਰੇ ਮਾਰਨ ਲੱਗੇ।

"ਕਾਮਰੇਡ ਜੀ ਆਓ ਪਹਿਲਾਂ ਘੁੱਟ-ਘੁੱਟ ਚਾਹ ਪੀ ਲਈਏ...।" ਨਾਲੇ ਜੋਸ਼ ਹੋਰ ਭਰ ਜੂ... ਕਿਸਾਨ ਏਕਤਾ ਜ਼ਿੰਦਾਬਾਦ... ਜ਼ਿੰਦਾਬਾਦ! ਨਾਲ ਹੀ ਦੂਜੇ ਬੰਦੇ ਵੀ ਸ਼ੁਰੂ ਹੋ ਗਏ ਤੇ ਉਨ੍ਹਾਂ ਉਪਰ ਲਈਆਂ ਰਜਾਈਆਂ ਕੱਠੀਆਂ ਕਰਕੇ ਪੈਰਾਂ ਵਲ ਰੱਖ ਦਿੱਤੀਆਂ। ਨਾਹਰੇ ਹੋਰ ਤੇਜ਼ ਹੁੰਦੇ ਗਏ। ਉਨ੍ਹਾਂ ਦੇ ਪਿੱਛੇ ਟਰੈਕਟਰਾਂ ਦੀ ਭੀੜ ਜੁੜਦੀ ਗਈ।

"ਜੋਗੀ ਉਹ ਤੂੰ ਫੇਰ ਗੱਲ ਦੱਸੀ ਈ ਨਈਂ... ਕੀ ਫੈਸਲੇ ਹੋਏ ...ਫਰੀਦ ਕੋਟੀਆਂ ਦੀ ਮੀਟਿੰਗ ਵਿੱਚ?" ਰੇਸ਼ੂ ਲਮਢੀਂਗ ਨੇ ਖੜ੍ਹੇ ਹੁੰਦਿਆਂ ਪੁੱਛਿਆ।

ਮੈਂ ਸੋਚਿਆ ਜਦੋਂ ਸਾਰੇ ਜਣੇ ਚਾਹ ਪੀਣ ਬੈਠਾਂਗੇ ਫਿਰ ਗੱਲ ਕਰੂੰ... ਪਹਿਲੀ ਗੱਲ ਇਹ ਆ ਕੋਈ ਦੂਸਰੇ ਨੂੰ ਜਾਤ-ਕੁਜਾਤ ਨਾਲ ਨਈਂ ਬੁਲਾਵੇਗਾ...।"

"ਮੈਂ ਸਮਝਿਆ ਨਈਂ ਪੂਰੀ ਗੱਲ?" ਨਾਲੇ ਪਾਖਰ ਨੇ ਗੱਲ ਮੁਕਾਈ।

"ਆਹੀ ਯਾਰ ਜਿਦਾਂ ਆਪਾਂ ਕਈ ਦੂਸਰੇ ਨੂੰ ਜਾਤ ਉਤੇ ਹਾਕ ਮਾਰ ਲੈਂਦੇ ਆਂ... ਜਾ ਪਿੰਡਾਂ ਵਾਲੀ ਬੋਲੀ ਵਿੱਚ ਹਾਕ ਮਾਰ ਲੈਂਦੇ ਆਂ...ਉਹ ਸਭ ਬੰਦ।"

"ਇਹ ਤਾਂ ਯਾਰ ਬੜੇ ਹਾਲੇ ਦੇ ਫੈਸਲੇ ਆ... ਏਸ ਗੱਲ ਨਾਲ ਸਾਡੇ ਸਭ ਲੋਕਾਂ ਵਿੱਚ ਬੜੀ ਤਬਦੀਲੀ ਆਏਗੀ...ਅਸੀਂ ਸਾਰੇ ਕਿਸਾਨ ਆਂ ਜਾਂ ਮਜ਼ਦੂਰ ਆਂ... ਕੋਈ ਕਿਸੇ ਦੇ ਅਧੀਨ ਥੋੜ੍ਹੋ ਆ ... ਐਵੇਂ ਅਗਲੇ ਨੂੰ ਜਾਤ ਦਾ ਨਾਂ ਲੈ ਕੇ ਹਾਕ ਮਾਰੀ ਜਾਓ... ਸਿੱਧਾ ਅਨਪੜ੍ਹਾਂ ਵਾਲੀ ਗੱਲ ਆ।"

"ਬਸ ਬਈ ਸੰਗਰੂਰ ਵਾਲੇ ਬੰਦੇ ਨੇ ਸਿਰੇ ਦੀ ਗੱਲ ਮੁਕਾਈ... ਕਹਿੰਦਾ ਨਾ ਕਿਸੇ ਨੂੰ ਜਾਤ ਨਾਲ ਬੁਲਾਉਣਾ ਨਾ ਗੋਰਾ ਜਾਂ ਚਿੱਟਾ, ਕਾਲਾ ਕਹਿ ਕੇ ... ਸਭ ਅਸੀਂ ਕਿਸਾਨ ਆਂ... ਭਾਰਤੀ ਕਿਸਾਨ....ਜਾਂ ਭਾਰਤੀ ਮਜ਼ਦੂਰ....ਇਹ ਪੱਕੇ ਫ਼ੈਸਲੇ ਆ...ਇਹ ਲਾਗੂ ਸਭ ਨੇ ਕਰਨੇ ਆਂ.....ਕੋਈ ਕਿਸੇ ਨੂੰ ਨਾਂ -ਕੁ ਨਾਂ ਨਾਲ ਨਾ ਬੁਲਾਵੇ...।"

"ਗੱਲ ਵੀ ਸੋਲਾਂ ਆਨੇ ਸਹੀ ਆ... ਕਿਉਂ ਬਈ ਭੀਮ?"

"ਬਈ ਐਦਾਂ ਦੇ 'ਕੱਠਾਂ ਮੁਜਾਹਰਿਆਂ 'ਚ ਐਦਾਂ ਦੀਆਂ ਗੱਲਾਂ ਵੱਧ ਸਿੱਖਣ ਨੂੰ ਮਿਲਦੀਆਂ ... ਕਿਉਂ ਬਈ ਲਛਮਣ!"... ਲੈ ਐਧਰ ਦੇਖੋ ਬਠਿੰਡੇ ਆਲਿਆਂ ਨੇ ਲੰਗਰ ਵੀ ਸ਼ੁਰੂ ਕਰ ਦਿੱਤਾ... ਐਡਾ ਕੀ ਭੋਖੜਾ ਮਚਿਆ ਪਿਆ...।" ਬਰਨਾਲੇ ਵਾਲੇ ਲਮਢੀਂਗ ਨੇ ਥੋੜ੍ਹਾ ਜਿਹਾ ਗੰਭੀਰ ਹੋ ਕੇ ਆਖਿਆ ਤਾਂ ਪ੍ਰੀਤਮ ਬੋਲਿਆ, "ਯਾਰ ਇਕ ਦੂਜੇ ਨੂੰ ਦੇਖੋ ਦੇਖੀ ਐਵੇਂ ਮਨ ਕਾਹਲਾ ਪੈ ਜਾਂਦਾ।"



ਆਪਾਂ ਵੀ ਮੁੰਡਿਆਂ ਨੂੰ ਕਹੀਏ ਨਬੇੜਨ ਕੰਮ ਵਿਚੋਂ... ਬਈ ਏਥੇ ਕਿਹੜਾ ਲਾਟੂ ਜਗਦੇ ਆ... ਜਾਂ ਪੱਖੇ ਚਲਦੇ ਆ... ਬਸ ਜਿਹੜਾ ਕੰਮ ਨਿਬੜਦਾ ਨਿਬੇੜੋ ਵਿੱਚੋਂ... ਫੇਰ ਨਾਲੇ 'ਕੱਠੇ ਹੋਣ ਦਾ ਵੇਲਾ ਵੀ ਨੇੜੇ ਆਈ ਜਾਂਦਾ....।" ਲਛਮਣ ਨੇ ਸਾਰੀ ਗੱਲ ਮੁਕਾ ਕੇ ਆਪਣੀ ਪੱਗ ਲਾਹੀ ਤੇ ਕੇਸਾਂ ਵਿੱਚ ਹੱਥ ਫੇਰਦਾ ਬੋਲਿਆ..."ਲੈ ਦੋ ਦਿਨ ਨ੍ਹਾਤੇ ਨੀ ਤਾਂ ਮਿੱਟੀਓ ਮਿੱਟੀ ਜੰਮ ਗਈ...।" ਮਿਲਣੀ ਕਰਨੀ ਆਂ। "ਚੱਲ ਤੈਂ ਕਿਹੜਾ ਕਿਤੇ ... ਜਾਂ ਸਾਜਰੇ ਹਿੰਮਤ ਕਰ ... ਤੇ ਮੀਲ ਭਰ 'ਤੇ ਮੋਟਰ ਚਲਦੀ ਆ... ਕਰ ਆ ਸ਼ਨਾਨੇ।"

"ਸ਼ਾਬਾਸ਼ੇ ਤੇਰੇ... ਨਹੀਂ ਰੀਸਾਂ ਤੇਰੀਆਂ ਵੀ...ਉਥੇ ਹੋਰ ਵੀ ਲੋਕਾਂ ਦਾ ਮੇਲਾ ਲੱਗਾ ਹੋਣਾ... ਮੈਂ ਤਾਂ ਕਹਿੰਦਾ ਬਿਨਾਂ ਨ੍ਹਾਤੇ ਈ ਚੰਗੇ ਆਂ... ਸਵੇਰੇ ਦੋ ਮੁਜ਼ਾਹਰੇ ਆ... ਪਹਿਲਾਂ ਅੰਬਰਸਰੀਆਂ ਦਾ ... ਫੇਰ ਨਾਲ ਈ ਸਾਮ੍ਹਣੇ ਵਾਲਿਆਂ ਦਾ...ਦੋਨੋਂ ਦੇਖ ਸੁਣ ਕੇ ਇਕ ਵਾਰੀ ਤਾਂ ਨੰਦ ਆ ਜੂ...ਇਕ ਵਾਰੀ ਤਾਂ ਪ੍ਰਧਾਨ ਮੰਤਰੀ ਦੀ ਹਵਾ ਨਿਕਲ ਜੂ...।"

ਇਸੇ ਮੌਕੇ ਇਕ ਪਾਸੇ ਤੋਂ ਬੰਦੇ ਲੰਗਰ ਲਈ ਵਾਜਾਂ ਮਾਰਨ ਲੱਗੇ। ਪੰਜ ਸੱਤ ਜਣੇ ਲੰਗਰ ਨੂੰ ਹੋ ਤੁਰੇ, ਦੋ ਚਾਰ ਨੇ ਪਾਣੀ ਵਾਲੇ ਟੱਬਾਂ ਨੂੰ ਹੱਥ ਪਾ ਲਿਆ।

ਕਿਸਾਨਾਂ ਤੇ ਕਿਸਾਨ-ਮਜ਼ਦੂਰਾਂ ਦਾ ਬਹੁਤ ਵੱਡਾ ਕੱਠ ਜੁੜੀ ਜਾਂਦਾ ਸੀ। ਬੜੀ ਵਿਊਂਤ ਨਾਲ ਇਕ ਪਾਸੇ ਟਰੈਕਟਰ ਖੜ੍ਹੇ ਕੀਤੇ ਹੋਏ ਸਨ। ਬਹੁਤ ਸਾਰੇ ਨੌਜਵਾਨ ਮੋਟਰ ਸਾਈਕਲਾਂ-ਸਕੂਟਰਾਂ ਉੱਤੇ ਵੀ ਪਹੁੰਚੇ ਹੋਏ ਸਨ ਤੇ ਪਹੁੰਚੀ ਵੀ ਜਾ ਰਹੇ ਸਨ। ਹਰ ਟਰੈਕਟਰ ਉੱਪਰ ਮੀਂਹ ਕਣੀ ਤੋਂ ਬਚਣ ਲਈ ਛੱਤ ਪਾ ਲਈ ਗਈ ਸੀ। ਇੱਕ ਗੱਲ ਹੋਰ ਦੇਖੋ ਤੁਸੀਂ, ਸਭ ਟਰੈਕਟਰਾਂ ਵਾਲੇ ਰੋਟੀ ਦਾਲ ਲਈ ਭਾਂਡੇ ਲੈ ਕੇ ਆਏ ਸੀ। ਲੰਗਰ ਵਰਤਾਉਣ ਲਈ ਪਲਾਸਟਿਕ ਦੇ ਭਾਂਡੇ ਬਹੁਤਿਆਂ ਕੋਲ ਜਮ੍ਹਾ ਕੀਤੇ ਹੋਏ ਸਨ, ਜਿਦਾਂ ਕਿਤੇ ਲਾਗ ਲਗਣ ਲੱਗੀ ਹੋਵੇ। ਬਈ ਸਿੱਧੇ ਬੰਦਿਆਂ ਲਈ ਇਹ ਲਾਗ ਨਾਲੋਂ ਕਿਤੇ ਘੱਟ ਗੱਲ ਸੀ! ਬਹੁਤ ਟਰੈਕਟਰਾਂ ਵਾਲੇ ਬਾਲਣ ਤੇ ਦੀਵੇ-ਬੱਤੀ ਦਾ ਬੰਦੋਬਸਤ ਕਰਕੇ ਆਏ ਸੀ। ਚੁੱਲ੍ਹਾ ਬਨਾਉਣ ਦੀ ਕਿਹੜੀ ਗੱਲ ਸੀ...ਇਧਰ ਉਧਰ ਹੱਥ ਮਾਰੋ ਤਾਂ ਵਥੇਰੇ ਝਾੜ-ਬੂਝੇ ਟੁੱਟੇ ਪਏ ਮਿਲ ਜਾਣਗੇ।

ਕਾਮਰੇਡ ਲਛਮਣ ਤੇ ਉਸ ਦੇ ਸਾਥੀਆਂ ਨੂੰ ਜਿਵੇਂ ਜੋਸ਼ ਚੜ੍ਹਦਾ ਹੀ ਜਾ ਰਿਹਾ ਸੀ। ਏਨਾ ਇਕੱਠ ਦਿੱਲੀ ਦੀ ਬਰੂਹਾਂ 'ਤੇ ਕਦ ਹੋਣਾ ਸੀ, ਕੋਈ ਸੋਚ ਵੀ ਨਹੀਂ ਸੀ ਸਕਦਾ। ਲਛਮਣ ਕਹਿਣ ਲੱਗਾ ਬਈ ਇਹ ਤਾਂ ਅੰਦੋਲਨ ਰੂਪ ਹੀ ਹੋਰ ਧਾਰ ਗਿਆ। ਇਹ ਤਾਂ ਲੋਕ-ਸ਼ਕਤੀ ਦਾ ਮੁਜਾਹਰਾ ਬਣ ਗਿਆ। ਸਰਕਾਰ ਨੂੰ ਬਖ਼ਤ ਪਾ ਤਾ। ਜਨਤਾ ਜਦੋਂ ਇੱਕ ਸ਼ਕਤੀ ਬਣ ਕੇ ਉੱਠ ਖਲੋਏ ਤਾਂ ਬੜੀਆਂ ਬੜੀਆਂ ਸ਼ਕਤੀਆਂ ਹਿੱਲ ਜਾਂਦੀਆਂ।

ਕਿਸਾਨਾਂ ਦੀਆਂ ਸਾਰੀਆਂ ਜੱਥੇਬੰਦੀਆਂ ਇੱਕ ਮੁੱਠ ਹਨ। ਇਹ ਜਿਹੜੇ ਕਿਸਾਨੀ ਵਿਰੁੱਧ ਕਾਲੇ ਕਾਨੂੰਨ ਬਣਾਏ, ਇਹ ਤਾਂ ਰੱਦ ਕਰਨੇ ਹੀ ਪੈਣੇ। ਪ੍ਰਧਾਨ ਮੰਤਰੀ ਨੂੰ ਗੋਡੇ ਟੇਕਣੇ ਹੀ ਪੈਣੇ। ਔਹ ਦੇਖੋ, ਹੋਰ ਕਿਸਾਨ ਟਰੈਕਟਰ-ਟਰਾਲੀਆਂ ਲੈ ਕੇ ਬਹੁੜ ਰਹੇ ਨੇ। ਜਿੱਤ ਤਾਂ ਹੋ ਕੇ ਹੀ ਰਹੂਗੀ, ਲਛਮਣ ਨੇ ਦੂਰ ਤੀਕਰ ਨਜ਼ਰ ਘੁੰਮਾਈ। ਪਰ ਦੇਖੋ, ਸੁਣ ਲਓ, ਜਬਰ ਤੇ ਜ਼ੁਲਮ ਦਾ ਮੁਕਾਬਲਾ ਸ਼ਾਂਤੀ-ਅਮਨ ਨਾਲ ਹੈ। ਦੇਸ ਆਪਣਾ ਹੈ ਪਰ ਸਰਕਾਰ ਦੀ ਮੱਤ ਮਾਰੀ ਗਈ, ਸਰਮਾਏਦਾਰੀ ਦੇ ਹੱਥਾਂ ਵਿੱਚ ਵਿਕ ਗਈ।

ਕਿਸਾਨ ਜਥੇਬੰਦੀ ਦਾ ਆਗੂ ਉੱਚੀ ਆਵਾਜ਼ 'ਚ ਨਾਅਰੇ ਲਾ ਰਿਹਾ ਸੀ। ਕਿਸਾਨ ਏਕਤਾ ਜ਼ਿੰਦਾਬਾਦ। ਲਛਮਣ ਨੇ ਵੀ ਆਪਣੀ ਮੋੜਵੀਂ ਆਵਾਜ਼ 'ਚ ਨਾਅਰੇ ਲਾਣੇ ਸ਼ੁਰੂ ਕਰ ਦਿੱਤੇ।

'ਆਹ ਸਾਲੇ ਝੜੂੰਮ ਵੀ ਵਾਹਵਾ ਪਹੁੰਚੇ ਹੋਏ ਆ।' ਖੱਬੇ ਪਾਸਿਓਂ ਅਵਾਜ਼ ਸੁਣ ਕੇ ਲਛਮਣ ਨੇ ਇਕ ਦਮ ਕੰਨ ਚੁੱਕੇ ਤੇ ਉਹ ਅੱਖਾਂ ਪਾੜ-ਪਾੜ ਕੇ ਉਧਰ ਨੂੰ ਵੇਖਣ ਲੱਗ ਪਿਆ।



## ਕਹਾਣੀ / **ਗੋਰਾ ਜੱਟ** / - ਜਿੰਦਰ

"ਵੱਡਿਆ ਸਰਦਾਰਾ, ਫਸ ਗਏ ਨਾ ਕੁੰਡੀਆਂ ਦੇ ਸਿੰਙ। ਹੁਣ ਪਤਾ ਲੱਗੂ ਕਿਸ ਭਾਅ ਵਿਕਦੀ ਆ......।" ਮੇਰੇ ਮੂੰਹੋਂ ਵਾਰ-ਵਾਰ ਇਹੀ ਨਿਕਲਿਆ। ਮੈਂ ਸ਼ਿਵਾਸ਼ ਰੀਗਲ ਦੀ ਬੋਤਲ ਖੋਲ੍ਹੀ। ਵੱਡਾ ਪੈੱਗ ਪੀਤਾ। ਮੁੱਛਾਂ 'ਤੇ ਪੁੱਠਾ ਹੱਥ ਫੇਰਿਆ। ਮੈਨੂੰ ਆਪਣੇ ਹੀ ਤਰ੍ਹਾਂ ਦੀ ਖ਼ੁਸ਼ੀ ਮਹਿਸੂਸ ਹੋਣ ਲੱਗੀ। ਸਾਰੇ ਦਿਨ ਦੀ ਥਕਾਵਟ ਭੁੱਲ ਗਈ। ਮਨ 'ਚ ਆਇਆ ਕਿ ਬੱਕਰੇ ਬੁਲਾਵਾਂ। ਠੀਕ ਉੱਦਾਂ ਹੀ ਜਿੱਦਾਂ ਮੇਰਾ ਭਾਪਾ ਸ਼ਰੀਕਾਂ ਦੀ ਹਵੇਲੀ ਕੋਲੋਂ ਲੰਘਦਿਆਂ ਹੋਇਆਂ ਬੁਲਾਉਂਦਾ ਹੁੰਦਾ ਸੀ। ਨਿੰਦਰ ਨੂੰ ਬਾਂਹੋਂ ਫੜ ਕੇ ਪੁੱਛਾਂ, "ਵੱਡਿਆ ਸਰਦਾਰਾ, ਹੁਣ ਦੱਸ......।"

ਦੂਜਾ ਪੈੱਗ ਪੀਣ ਪਿੱਛੋਂ ਮੈਨੂੰ ਆਪਣੇ ਇਸ ਵਿਹਾਰ 'ਤੇ ਹੈਰਾਨੀ ਹੋਣ ਲੱਗੀ ਕਿ ਮੈਂ ਇੰਨੀ ਗੱਲ ਸੁਣ ਕੇ ਹੀ ਕਿਉਂ ਛਾਲਾਂ ਮਾਰਨ ਲੱਗਾ। ਇਹ ਕਿਹੜੀ ਜੱਗੋਂ ਤੇਰਵੀਂ ਗੱਲ ਹੋਣ ਲੱਗੀ। ਅਜਿਹਾ ਤਾਂ ਹਰ ਦਿਨ ਵਾਪਰਦਾ ਰਹਿੰਦਾ ਹੈ। ਮੇਰੀਆਂ ਨਜ਼ਰਾਂ ਸਾਹਮਣੇ ਜੀਤੀ ਦਾ ਚਿਹਰਾ ਆ ਗਿਆ। ਮੈਂ ਤਾਂ ਉਸਨੂੰ ਆਪਣੀ ਵੱਡੀ ਧੀ ਦੇ ਥਾਂ 'ਤੇ ਰੱਖਦਾ ਹਾਂ। ਜੰਮੀ ਤਾਂ ਇੱਧਰ ਸੀ ਪਰ ਉਸ ਨੂੰ ਇੱਧਰ ਦੀ ਹਵਾ ਨਹੀਂ ਲੱਗੀ। ਡੈਡੀ-ਮੰਮੀ ਦੇ ਸਾਹਾਂ 'ਚ ਜੀਉਂਦੀ। ਇਕੱਲਾ ਬੱਚਾ ਮਾਪਿਆਂ ਦੀ ਜਿੰਦ-ਜਾਨ ਹੁੰਦਾ ਹੈ। ਉਹ ਉਸ ਨੂੰ ਦੇਖ-ਦੇਖ ਫੁਲੇ ਨਾ ਸਮਾਉਂਦੇ। ਉਨ੍ਹਾਂ ਤਾਂ ਹੋਣਾ ਹੀ ਹੋਣਾ ਸੀ। ਮੈਂ ਆਪ ਹੁੰਦਾਂ। ਮੈਂ ਹਮੇਸ਼ਾ ਉਸ ਨੂੰ ਪਿਆਰ ਕੀਤਾ। ਮੈਂ ਆਪ ਉਸਦੀ ਨਿੱਕੀ ਹੁੰਦੀ ਦੀ ਪੌਟੀ ਧੋਤੀ ਹੈ। ਨੁਹਾਇਆ ਹੈ। ਅਮਨਦੀਪ ਆਪਣੇ ਕਸਟਮਰ ਨੂੰ ਭੁਗਤਾ ਰਹੀ ਹੁੰਦੀ ਤਾਂ, ਜੇ ਮੈਂ ਘਰੇ ਹੁੰਦਾ, ਉਸ ਦੇ ਸਾਰੇ ਕੰਮ ਮੈਨੂੰ ਆਪ ਕਰਨੇ ਪੈਂਦੇ। ਮੈਂ ਕਦੇ ਸੂਕ ਨਹੀਂ ਮੰਨੀ। ਮੈਨੂੰ ਕਦੇ ਲੱਗਿਆ ਹੀ ਨਹੀਂ ਕਿ ਉਹ ਨਿੰਦਰ ਦੀ ਕੁੜੀ ਹੈ। ਮੈਂ ਇੱਧਰੋਂ ਜਾ ਕੇ ਇੰਡੀਆ 'ਚ ਵਿਆਹ ਕਰਵਾਇਆ ਸੀ। ਨਿੰਦਰ ਮੇਰੇ ਵਿਆਹ ਤੋਂ ਪੰਜ ਸਾਲ ਪਹਿਲਾਂ ਇੰਡੀਆ ਤੋਂ ਇੱਥੇ ਆਇਆ ਸੀ। ਘਰ ਤੇ ਕੰਮ ਦੀ ਸਮੱਸਿਆ ਕਰਕੇ ਉਨ੍ਹਾਂ ਬੱਚਾ ਪੈਦਾ ਕਰਨ 'ਚ ਦੇਰੀ ਕੀਤੀ ਸੀ। ਪਹਿਲਾ ਬੱਚਾ ਤੇ ਉਹ ਵੀ ਕੁੜੀ। ਨਿੰਦਰ ਨੇ ਮੁੰਡਿਆਂ ਵਾਲੇ ਚਾਅ ਕੀਤੇ। ਉਨ੍ਹਾਂ ਦੇ ਪੰਜਾਂ ਭਰਾਵਾਂ 'ਚ ਇਹ ਪਹਿਲੀ ਕੁੜੀ ਸੀ।

ਉਨ੍ਹੀਂ ਦਿਨੀਂ ਬੀਬੀ ਇੰਡੀਆ ਤੋਂ ਆਈ ਸੀ। ਨਿੰਦਰ ਤੇ ਸੱਤੀ ਕੰਮ 'ਤੇ ਜਾਣ ਲੱਗੇ ਬੀਬੀ ਤੇ ਜੀਤੀ ਨੂੰ ਸਾਡੇ ਵੱਲ ਛੱਡ ਜਾਂਦੇ। ਅਮਨਦੀਪ ਨੇ ਘਰੇ ਹੀ ਬਿਊਟੀ ਪਾਰਲਰ ਦਾ ਕੰਮ ਖੋਲ੍ਹਿਆ ਸੀ। ਉਹ ਆਪਣੇ ਕਸਟਮਰ ਨੂੰ ਤੋਰ ਕੇ ਬੀਬੀ ਕੋਲ ਆ ਬੈਠਦੀ। ਮਾਂ ਧੀ ਅਗਲੀਆਂ-ਪਿਛਲੀਆਂ ਹੋਈਆਂ ਬੀਤੀਆਂ ਛੇੜ ਲੈਂਦੀਆਂ। ਜੀਤੀ ਖਿਡਾਉਣਿਆਂ ਨਾਲ ਖੇਡਦੀ-ਖੇਡਦੀ ਦਾਦੀ ਜਾਂ ਭੂਆ ਦੇ ਪੱਟਾਂ 'ਤੇ ਸਿਰ ਰੱਖ ਕੇ ਸੌਂ ਜਾਂਦੀ। ਵਾਪਸੀ 'ਤੇ ਉਹ ਬੀਬੀ ਤੇ ਜੀਤੀ ਨੂੰ ਆਪਣੇ ਨਾਲ ਲੈ ਜਾਂਦੇ। ਇਹ ਸਿਲਸਿਲਾ ਦੋ ਸਾਲ ਚੱਲਿਆ। ਉਦੋਂ ਤੀਕ ਜਦੋਂ ਤੀਕ ਉਨ੍ਹਾਂ ਆਪਣਾ ਘਰ ਨਾ ਖਰੀਦ ਲਿਆ। ਮੈਂ ਉਨ੍ਹਾਂ ਦੇ ਘਰੇ ਜਾਂਦਾ ਤਾਂ ਜੀਤੀ ਮੇਰੀਆਂ ਲੱਤਾਂ ਨੂੰ ਚੁੰਬੜ ਜਾਂਦੀ, "ਫੁਫ ਜੀ ਆ ਦੈਏ.... ਫੁਫ ਜੀ ਆ ਦੈਏ.....।"

ਮੈਨੂੰ ਤਾਂ ਆਪਣਾ ਖਾਸ ਸਮਝ ਕੇ ਹੀ ਜੀਤੀ ਨੇ ਫੋਨ ਕੀਤਾ ਸੀ। "ਫੁਫੜ ਜੀ, ਡੈਡੀ ਨੂੰ ਸਮਝਾਓ। ਮੇਰੀ ਜ਼ਿੰਦਗੀ 'ਚ ਫਾਲਤੂ ਦਖਲ-ਅੰਦਾਜ਼ੀ ਨਾ ਕਰਨ। ਮੈਂ ਵਿਆਹ ਆਪਣੀ ਮਰਜ਼ੀ ਨਾਲ ਕਰਾਉਣਾ। ਜੇ ਉਨ੍ਹਾਂ ਭੁਚਰ ਡਾਹਿਆ ਤਾਂ ਮੈਂ ਘਰ ਛੱਡ ਜਾਣਾ।"

ਮੈਂ ਦੋ ਪੈੱਗ ਲਾ ਲਏ ਸਨ ਪਰ ਮੇਰਾ ਸਿਰ ਅਜੇ ਤਾਈਂ ਘੁੰਮਿਆ ਨਹੀਂ ਸੀ। ਜਿੰਨਾ ਮੈਂ ਜੀਤੀ ਬਾਰੇ ਸੋਚਦਾ ਗਿਆ, ਉੱਨਾ ਹੀ ਪ੍ਰੇਸ਼ਾਨ ਹੁੰਦਾ ਗਿਆ। ਨਿੰਦਰ ਨੇ ਛੇਤੀ ਕਿਤੇ ਮੰਨਣਾ ਨਹੀਂ। ਕਿਤੇ ਕੁੜੀ ਘਰੋਂ ਦੌੜ ਕੇ ਵਿਆਹ ਨਾ ਕਰਵਾ ਲਵੇ। ਮੇਰੇ ਸਰਕਲ 'ਚ ਅਨੇਕਾਂ ਬੰਦੇ ਸਨ, ਜਿਨ੍ਹਾਂ ਆਪਣੇ ਮੁੰਡੇ-ਕੁੜੀਆਂ ਦਾ ਵਿਰੋਧ ਕੀਤਾ। ਮੁੰਡੇ-ਕੁੜੀਆਂ ਨੇ ਇਕ ਵਾਰ ਘਰ ਛੱਡ ਦਿੱਤਾ, ਮੁੜ ਉਨ੍ਹਾਂ ਆਪਣੇ ਮਾਂ-ਪਿਓ ਵੱਲ ਮੂੰਹ ਨਹੀਂ ਕੀਤਾ।

ਅਮਨਦੀਪ ਨੇ ਕੰਮ ਤੋਂ ਆਉਂਦਿਆਂ ਹੀ ਮੇਰੇ ਵੱਲ ਹੈਰਾਨੀ ਨਾਲ ਦੇਖਿਆ ਪਰ ਪੁੱਛਿਆ ਨਾ। ਦਗੜ-ਦਗੜ ਕਰਦੀ ਪੌੜੀਆਂ ਚੜ੍ਹ ਗਈ। ਕੱਪੜੇ ਬਦਲ ਕੇ ਤੇ ਚਾਹ ਦਾ ਕੱਪ ਬਣਾ ਕੇ ਮੇਰੇ ਪੱਟ 'ਤੇ ਆਪਣਾ ਗੋਡਾ ਟਿਕਾ ਕੇ ਬੋਲੀ, "ਅੱਜ ਆਪਾਂ ਸ਼ੌਪਿੰਗ ਕਰਨ ਵੀ ਜਾਣਾ ਸੀ।"

"ਚਲਾਂਗੇ। ਤੂੰ ਚਾਹ ਤਾਂ ਪੀ ਲੈ ਰਾਮ ਨਾਲ।" ਮੈਂ ਉਸ ਦਾ ਮਨ ਰੱਖਣ ਲਈ ਕਹਿ ਦਿੱਤਾ। ਪਰ ਮੈਨੂੰ ਲੱਗਿਆ ਕਿ ਉਸ ਨੇ ਕੋਈ ਖਾਸ ਗੱਲ ਕਰਨੀ ਹੈ। ਜਦੋਂ ਉਸ ਨੂੰ ਮੇਰੀ ਅਹਿਮ ਲੋੜ ਹੋਵੇ ਜਾਂ ਆਪਣੀ ਕੋਈ ਗੱਲ ਮੰਨਵਾਉਣੀ ਹੋਵੇ, ਉਦੋਂ ਹੀ ਉਹ ਮੇਰੇ ਕੋਲ ਐਦਾਂ ਐਕਟਿੰਗ ਕਰਦੀ ਹੈ। ਮੈਂ ਇਸ ਨੂੰ ਐਕਟਿੰਗ ਕਹਿੰਦਾ ਹਾਂ ਤੇ ਉਹ ਪਿਆਰ।

ਬੋਤਲ ਦਾ ਲੇਬਲ ਪੜ੍ਹ ਕੇ ਉਸ ਪੁੱਛਿਆ, "ਅੱਜ ਕੋਈ ਖਾਸ ਗੈਸਟ ਆਇਆ ਸੀ?"

ਮੈਂ ਨਾਂਹ 'ਚ ਸਿਰ ਹਿਲਾਇਆ।

"ਫੇਰ ਕਿਹੜੀ ਖ਼ੁਸ਼ੀ ਮਨਾ ਰਹੇ ਹੋ?"

"ਐਵੇਂ ਨੁਕਲ ਪਾਣੀ ਨੂੰ ਮਨ ਕਰ ਆਇਆ।"

"ਮੈਥੋਂ ਕਿਉਂ ਝੂਠ ਬੋਲਦੇ ਹੋ। ਮੈਂ ਤੁਹਾਡੀ ਰਗ-ਰਗ ਦੀ ਵਾਕਿਫ ਆਂ। ਕੰਜੂਸ ਮੱਖੀ ਚੂਸ ਅੱਜ ਕਿੱਦਾਂ ਸਹਿਨਸ਼ਾਹ ਬਣ ਗਏ। ਸ਼ਿਵਾਸ਼ ਰੀਗਲ ਦੀ ਬੋਤਲ ਤੁਸੀਂ ਉਦੋਂ ਖੋਲ੍ਹਦੇ ਹੋ ਜਦੋਂ ਤੁਹਾਡਾ ਕੋਈ ਖਾਸ ਦੋਸਤ ਆਇਆ ਹੋਵੇ ਜਾਂ ਤੁਹਾਡੇ ਕੋਲੋਂ ਖ਼ੁਸ਼ੀ ਸਾਂਭੀ ਨਾ ਜਾਂਦੀ ਹੋਵੇ। ਲੱਗਦਾ ਅੱਜ ਤੁਹਾਨੂੰ ਕੁਸ਼ ਐਕਸਟ੍ਰਾ ਔਰਡੀਨਰੀ ਸ਼ੈਅ ਮਿਲੀ ਆ।" ਉਹ ਮੇਰੇ ਨਾਲ ਚੁੰਬੜ ਕੇ ਬੈਠ ਗਈ। ਹੌਲੀ-ਹੌਲੀ ਚਾਹ ਪੀਂਦੀ ਹੋਈ ਕਿਸੇ ਡੂੰਘੀ ਸੋਚ 'ਚ ਗੁਆਚੀ ਰਹੀ। ਮੈਂ ਉਸ ਤੋਂ ਕੁਝ ਨਾ ਪੁੱਛਿਆ। ਅਰਵਿੰਦਰ ਦੇ ਵਿਆਹ ਮਗਰੋਂ ਉਹ ਮੇਰੇ ਵੱਲੋਂ ਅਵੇਸਲੀ ਹੋ ਗਈ ਸੀ। ਘੱਟ-ਵੱਧ ਹੀ ਸਲਾਹੀਂ ਪੈਂਦੀ। ਮੈਂ ਉਸ ਤੋਂ ਪਹਿਲਾਂ ਕੰਮ ਤੋਂ ਆ ਜਾਂਦਾ। ਚਾਹ ਦਾ ਕੱਪ ਪੀ ਕੇ ਉਹ ਰੋਟੀ ਪਕਾ ਕੇ ਰੱਖ ਦਿੰਦੀ। ਆਪਣਾ ਪਸੰਦੀਦਾ ਪ੍ਰੋਗਰਾਮ ਦੇਖਦੀ। ਬੈੱਡ ਰੂਮ 'ਚ ਜਾ ਕੇ ਸੌਣ ਦੀ ਕਰਦੀ।

ਮੈਂ ਪੈੱਗ ਪਾਉਣ ਲੱਗਾ ਤਾਂ ਉਸ ਮੇਰਾ ਹੱਥ ਫੜ ਲਿਆ, "ਅਜੇ ਪੰਜ ਵਜੇ ਆ। ਅੱਜ ਆਪਾਂ ਭਾਜੀ ਵੱਲ ਜਾਣਾ।"

"ਭਾਜੀ ਵੱਲ ਜਾਣਾ ਤਾਂ ਸਾਡੇ ਸਿਡਿਊਲ 'ਚ ਸ਼ਾਮਿਲ ਨ੍ਹੀਂ ਸੀ।" ਮੈਂ ਸਭ ਕੁਝ ਜਾਣਦਿਆਂ ਹੋਇਆਂ ਵੀ ਪੁੱਛਿਆ। ਅਸੀਂ ਅੱਜ ਕੱਲ੍ਹ ਉਨ੍ਹਾਂ ਵੱਲ ਜਾਣਾ ਘਟਾਇਆ ਹੈ। ਜੇ ਲੋੜ ਪਵੇ ਤਾਂ ਫੋਨ ਕਰ

ਲੈਂਦੇ ਹਾਂ। ਹੁਣ ਅਸੀਂ ਪਹਿਲਾਂ ਵਾਂਗ ਖੁੱਲ੍ਹਦੇ ਨਹੀਂ। ਝਕਦੇ-ਝਕਦੇ ਗੱਲਾਂ ਕਰਦੇ ਹਾਂ। ਰਸਮੀ ਜਿਹੀਆਂ। ਐਦਾਂ ਜਿੱਦਾਂ ਇੱਕ ਦੂਜੇ ਤੋਂ ਪਿਛਾ ਛੁਡਾ ਰਹੇ ਹੋਈਏ। ਇਹ ਉਹੀ ਨਿੰਦਰ ਸੀ ਜਿਹੜਾ ਮੇਰੇ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ ਸੀ। ਜੇ ਮੈਂ ਦੋ ਦਿਨ ਨਾ ਮਿਲਦਾ ਤਾਂ ਉਸ ਦੇ ਭਾਅ ਦੀ ਬਣ ਜਾਂਦੀ। ਕੰਮ ਤੋਂ ਸਿੱਧਾ ਹੀ ਮੈਨੂੰ ਮਿਲਣ ਆ ਜਾਂਦਾ। ਮੈਂ ਮੂੰਹੋਂ ਗੱਲ ਕੱਢਦਾ, ਉਹ ਇਕਦਮ ਹਾਂ, ਹੋ ਜਾਊ, ਕਹਿੰਦਾ। ਉਹ ਉਹਲਿਆਂ 'ਚ ਨਹੀਂ ਸਿੱਧੀਆਂ ਗੱਲਾਂ ਕਰਨ 'ਚ ਵਿਸ਼ਵਾਸ ਰੱਖਦਾ ਸੀ। ਮੈਨੂੰ ਉਸ ਦੇ ਵਿਆਹ ਤੋਂ ਪਹਿਲਾਂ ਕਈ ਵਾਰ ਉਸ ਦੇ ਜਕੜਬੰਦ ਵੀ ਸੁਣਨੇ ਪਏ। "ਸਾਡੇ ਪਿੰਡ 'ਚ ਕਿਸੇ ਦਾ ਵਿਆਹ ਹੁੰਦਾ ਤਾਂ ਬੱਕਰੇ ਦਾ ਸਿਰ ਵੱਢਣ ਲਈ ਮੈਨੂੰ ਬੁਲਾ ਲੈਂਦੇ ਜਾਂ ਮੈਂ ਆਪ ਚਲੇ ਜਾਂਦਾ। ਕਿਸੇ ਸਿਆਣੇ ਨੂੰ ਬੱਕਰੇ ਦੇ ਕੰਨ ਫੜਾ ਕੇ, ਮੈਂ ਦੋਹਾਂ ਹੱਥਾਂ ਨਾਲ ਕ੍ਰਿਪਾਨ ਫੜ ਕੇ, ਬੱਕਰੇ ਦਾ ਸਿਰ, ਕੰਨਾਂ ਕੋਲੋਂ ਇੱਕ ਵਾਰ 'ਚ ਵੱਢ ਸੁੱਟਦਾ। ਅਗਲੇ ਪਲ 'ਚ ਕ੍ਰਿਪਾਨ ਹੇਠਾਂ ਸੁੱਟ ਕੇ ਬੱਕਰੇ ਦੀ ਧੌਣ ਫੜ ਲੈਂਦਾ ਕਿਤੇ ਖੂਨ ਬਾਹਰ ਨਾ ਨਿਕਲੇ।" ਜਾਂ "ਆਪਣੇ ਖੂਹ 'ਚ ਮੈਂ ਨਹਾਉਂਦਾ। ਮੈਂ ਟਿੰਡਾਂ ਫੜ ਕੇ ਨ੍ਹੀਂ, ਸਿੱਧੀ ਉਪਰੋਂ ਪੁੱਠੀ ਛਾਲ ਮਾਰਦਾ। ਮਜਾਲ ਆ ਕਿ ਕਦੇ ਮਾੜੀ ਜਿੰਨੀ ਵੀ ਖਰੋਚ ਆਈ ਹੋਵੇ। ਖੂਹ 'ਚ ਨਹਾ ਕੇ ਬੜਾ ਸੁਆਦ ਆਉਂਦਾ ਸੀ।" ਸਾਡੀ ਦੋਸਤੀ ਦਾ ਆਧਾਰ ਫਗਵਾੜਾ ਸ਼ਹਿਰ ਸੀ। ਦੋਹਾਂ ਨੂੰ ਫਗਵਾੜੇ ਨਾਲ ਲਗਾਓ ਸੀ। ਦੋਹਾਂ ਦੇ ਫਗਵਾੜੇ ਨੇੜੇ ਪਿੰਡ ਸਨ। ਸਾਊਥਾਲ ਦੀ ਬੇਕਰੀ 'ਚ ਮੈਂ ਹੀ ਉਸ ਨੂੰ ਕੰਮ 'ਤੇ ਲਗਵਾਇਆ ਸੀ। ਸਾਡੀਆਂ ਬਹੁਤੀਆਂ ਗੱਲਾਂ ਫਿਲਮਾਂ ਬਾਰੇ ਹੁੰਦੀਆਂ। ਮੈਂ ਵਿਨੋਦ ਖੰਨਾ ਦਾ ਫੈਨ ਸੀ। ਉਹ ਜੋਗਿੰਦਰ ਦਾ। ਮੈਂ ਹੁੱਬ ਕੇ ਦੱਸਦਾ, "ਵਿਨੋਦ ਖੰਨੇ ਨੇ 'ਮੇਰੇ ਆਪਣੇ' 'ਚ ਲਗਾਤਾਰ ਦੋ ਸੌ ਘਸੁੰਨ ਮਾਰੇ।" ਉਹ ਕਹਿੰਦਾ, "ਤੂੰ ਜੋਗਿੰਦਰ ਦੀ ਫਿਲਮ 'ਬਿੰਦੀਆ ਔਰ ਬੰਦੂਕ' ਦੇਖ।" ਵੀਕਇੰਡ 'ਤੇ ਅਸੀਂ ਇਕੱਠੇ ਹੀ ਫਿਲਮ ਦੇਖਦੇ। ਵਾਪਸੀ 'ਤੇ ਨਹਿਰ ਕੰਢੇ ਪੈਂਦੇ ਪੱਬ 'ਚ ਆ ਬੈਠਦੇ। ਦੋ ਪੁਆਇੰਟ ਪੀਣ ਮਗਰੋਂ ਉਸ ਕੋਲੋਂ ਆਪਣਾ ਆਪ ਸੰਭਾਲਿਆ ਨਾ ਜਾਂਦਾ। ਉਹ ਮੇਰੇ ਕੰਨ ਕੋਲ ਆਪਣਾ ਮੂੰਹ ਕਰਕੇ ਕਹਿੰਦਾ, "ਮੇਰਾ ਜੀ ਕਰਦਾ ਕਿ ਉੱਚੀ ਉੱਚੀ ਗਾਵਾਂ— ਮੈਂ ਹੂੰ ਬੋਤਲ ਬੰਦ ਸ਼ਰਾਬ।" ਮੈਂ ਉਸ ਨੂੰ ਘੂਰਦਾ, "ਅਗਲਿਆਂ ਨੇ ਬਾਹੋਂ ਫੜ ਕੇ ਸਾਨੂੰ ਬਾਹਰ ਦਾ ਰਾਹ ਦਿਖਾ ਦੇਣਾ।" ਮੇਰੇ ਕਹੇ ਨੂੰ ਉਹ ਮੰਨ ਜਾਂਦਾ। ਇਹੀ ਉਸ ਦੀ ਵੱਡੀ ਸਿਫਤ ਸੀ। ਪਾਰਕ ਕੋਲ ਆ ਕੇ, ਮੈਂ ਉਸ ਨੂੰ ਛੇੜਦਾ, "ਹੁਣ ਤੂੰ ਚੀਕ ਮਾਰ ਕੇ ਕਹਿ— ਰੰਗਾ ਖੁਸ਼।" ਉਹ ਮੋਰ ਵਾਂਗੂੰ ਪੈਲਾਂ ਪਾਉਣ ਲੱਗ ਜਾਂਦਾ। ਸੁਰ 'ਚ ਗਾਉਂਦਾ : ਮੈਂ ਹੂੰ ਬੋਤਲ ਬੰਦ ਸ਼ਰਾਬ। ਮੈਂ ਹੱਸ-ਹੱਸ ਕੇ ਲੋਟ-ਪੋਟ ਹੁੰਦਾ। ਉਹ ਆਪਣਾ ਰਾਂਝਾ ਰਾਜ਼ੀ ਕਰਕੇ ਹੀ ਹਟਦਾ। ਮੈਂ ਉਸ ਦਾ ਨਾਂ ਨਿੰਦਰ ਰੰਗਾ ਰੱਖ ਲਿਆ ਸੀ। ਮੈਂ ਜਦੋਂ ਉਸ ਨੂੰ ਨਿੰਦਰ ਰੰਗਾ ਕਹਿ ਕੇ ਆਵਾਜ਼ ਮਾਰਦਾ ਤਾਂ ਉਹ ਖੁਸ਼ ਹੋ ਜਾਂਦਾ। ਉਨ੍ਹਾਂ ਦੇ ਘਰ ਦਾ ਜੁਆਈ ਬਣਨ ਪਿੱਛੋਂ ਉਸ ਨੇ ਨਹੀਂ, ਮੈਂ ਇਕ ਦੂਰੀ ਬਣਾਉਣੀ ਸ਼ੁਰੂ ਕੀਤੀ ਸੀ। ਹੁਣ ਮੈਂ ਉਸ ਨੂੰ ਭਾਜੀ ਕਹਿਣਾ ਸ਼ੁਰੂ ਕਰ ਦਿੱਤਾ ਸੀ।

"ਨ੍ਹੀਂ ਸੀ ਤਾਂ ਹੁਣ ਸ਼ਾਮਿਲ ਕਰ ਲਓ।" ਉਹ ਔਖੀ ਜਿਹੀ ਬੋਲੀ।

"ਤੈਨੂੰ ਚੰਗਾ-ਭਲਾ ਪਤਾ ਆ ਕਿ ਅਰਤਿੰਦਰ ਦੇ ਵਿਆਹ ਪਿੱਛੋਂ ਦਾ ਉਹ ਮੇਰੇ ਨਾਲ ਸਿੱਧੇ ਮੂੰਹ ਗੱਲ ਨ੍ਹੀਂ ਕਰਦਾ।"

"ਆਪਾਂ ਉਸ ਕਰਕੇ ਨ੍ਹੀਂ, ਜੀਤੀ ਕਰਕੇ ਜਾਣਾ.....।"

* * *

ਅਰਤਿੰਦਰ ਦੇ ਵਿਆਹ ਤੋਂ ਪਹਿਲਾਂ ਨਿੰਦਰ ਨੇ ਖੂਬ ਝਨੂੰਬਾਟਾ ਪਾਈ ਰੱਖਿਆ ਸੀ। ਇੱਕ ਦਿਨ ਤਾਂ ਉਸ ਇੱਥੋਂ ਤੀਕ ਕਹਿ ਦਿੱਤਾ ਸੀ ਕਿ ਉਸ ਨੇ ਵਿਆਹ 'ਤੇ ਨਹੀਂ ਆਉਣਾ। ਆਉਣਾ ਕੀ- ਕਦੇ ਸਾਡੇ ਘਰ ਨਹੀਂ ਵੜਨਾ। ਜੇ ਆ ਵੀ ਗਿਆ ਤਾਂ ਮਾਮੇ ਦੀ ਮਿਲਣੀ ਨਹੀਂ ਕਰਨੀ। ਮੇਰੇ ਕੋਲ ਹਰ ਗੱਲ ਦਾ ਬਦਲ ਹੁੰਦਾ ਹੈ। ਜੇ ਉਹ ਨਾ ਆਇਆ ਤਾਂ ਮੈਂ ਉਸ ਦੀ ਥਾਂ 'ਤੇ ਆਪਣੇ ਦੋਸਤ ਲਛਮਣ ਦੀ ਮਿਲਣੀ



ਕਰਵਾ ਦੇਣੀ। ਬਾਅਦ ਦੀ ਬਾਅਦ 'ਚ ਦੇਖੀ ਜਾਊ। ਵਿਰੋਧ ਤਾਂ ਅਮਨਦੀਪ ਨੇ ਵੀ ਕੀਤਾ ਸੀ ਪਰ ਮੈਂ ਉਸ ਨੂੰ ਮੰਨਾ ਲਿਆ ਸੀ। ਕੁੜੀ ਨੂੰ ਮੁੰਡਾ ਪਸੰਦ ਸੀ, ਮੇਰੇ ਲਈ ਇਹੀ ਸਭ ਤੋਂ ਵੱਡੀ ਗੱਲ ਸੀ। ਨਾ ਤਾਂ ਮੈਨੂੰ ਮੁੰਡਾ ਲੱਭਣਾ ਪਿਆ। ਨਾ ਹੀ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਕਹਿਣਾ ਪਿਆ। ਔਕਸਫੋਰਡ 'ਚ ਆਖਰੀ ਸਮੈਸਟਰ 'ਚ ਪੜ੍ਹਦਿਆਂ ਹੋਇਆਂ ਅਰਤਿੰਦਰ ਨੇ ਪੰਕਜ ਨੂੰ ਆਪਣਾ ਜੀਵਨ ਸਾਥੀ ਚੁਣ ਲਿਆ। ਪਹਿਲੀ ਵਾਰ ਡੇਟਿੰਗ 'ਤੇ ਜਾਣ ਲੱਗੀ ਨੇ ਮੈਥੋਂ ਪੁੱਛਿਆ ਸੀ। ਮੈਂ ਬੱਚਿਆਂ ਦੀ ਪਸੰਦ ਨੂੰ ਆਪਣੀ ਪਸੰਦ 'ਚ ਸ਼ਾਮਿਲ ਕਰ ਲੈਂਦਾ ਹਾਂ। ਉਨ੍ਹਾਂ ਦੀ ਖੁਸ਼ੀ ਨੂੰ ਆਪਣੀ ਖੁਸ਼ੀ ਸਮਝਦਾ ਹਾਂ। ਮੈਂ ਇੱਕ ਵਾਰ ਵੀ ਅਰਤਿੰਦਰ ਨੂੰ ਨਾਂਹ ਨਹੀਂ ਕੀਤੀ। ਜਿਨ੍ਹਾਂ ਨੇ ਆਪਣੇ ਧੀਆਂ-ਪੁੱਤਾਂ ਨੂੰ ਰੋਕਿਆ, ਮੈਂ ਉਨ੍ਹਾਂ ਦਾ ਹਸ਼ਰ ਦੇਖਿਆ।

ਮੈਂ ਤੇ ਅਮਨਦੀਪ ਨਾਨਕਿਆਂ ਨੂੰ ਵਿਆਹ ਦਾ ਕਾਰਡ ਦੇਣ ਗਏ ਤਾਂ ਨਿੰਦਰ ਦਾ ਮੂੰਹ ਫੁਲਿਆ ਹੋਇਆ ਸੀ। ਉਸ ਸਾਨੂੰ ਚਾਹ-ਪਾਣੀ ਦਾ ਵੀ ਨਾ ਪੁੱਛਿਆ। ਕਾਰਡ ਤੇ ਮਿਠਾਈ ਦੇ ਡੱਬਿਆਂ ਵੱਲ ਦੇਖਿਆ ਨਾ।

ਮੈਂ ਅਮਨਦੀਪ ਨੂੰ ਚੱਲਣ ਲਈ ਇਸ਼ਾਰਾ ਕੀਤਾ।

ਮੈਂ ਜਾਣ ਲਈ ਉੱਠਿਆ ਤਾਂ ਨਿੰਦਰ ਬੋਲਿਆ, "ਤੈਨੂੰ ਜੱਟ ਹੋ ਕੇ ਕਮੀਣਾਂ ਦੇ ਕੁੜੀ ਮੰਗਣ ਲੱਗਿਆਂ ਸ਼ਰਮ ਨ੍ਹੀਂ ਆਈ?"

"ਭਾਜੀ, ਇਸ 'ਚ ਸ਼ਰਮ ਵਾਲੀ ਕਿਹੜੀ ਗੱਲ ਆ। ਅਸੀਂ ਤਾਂ ਕੁੜੀ ਦੀ ਖੁਸ਼ੀ ਲਈ ਕੀਤਾ।" ਮੈਥੋਂ ਪਹਿਲਾਂ ਹੀ ਅਮਨਦੀਪ ਨੇ ਉਸ ਦੀ ਗੱਲ ਦਾ ਜੁਆਬ ਦਿੱਤਾ।

"ਕੁੜੀਏ, ਤੂੰ ਤਾਂ ਇੱਥੇ ਆ ਕੇ ਸਭ ਕੁਸ਼ ਭੁੱਲ ਗਈਂ ਪਰ ਮੈਨੂੰ ਕੁਸ਼ ਨ੍ਹੀਂ ਭੁੱਲਿਆ। ਭਾਪੇ ਤੇ ਛੀਂਵਿਆਂ ਦੇ ਚੰਨਣ ਦਾ ਕਿੰਨਾ ਉੱਠਣ-ਬੈਠਣ ਸੀ। ਦੋਵੇਂ ਪਗ-ਵੱਟ ਭਰਾ ਬਣੇ। ਪਰ ਜਦੋਂ ਆਪਣੇ ਸਤਨਾਮ ਦਾ ਵਿਆਹ ਹੋਇਆ ਤਾਂ ਭਾਪੇ ਨੇ ਝਿਊਰ, ਨਾਈ, ਲੁਹਾਰ ਦੇ ਨਾਲ ਹੀ ਚੰਨਣ ਨੂੰ ਵੀ ਲਾਗੀ ਵਜੋਂ ਲਾਗ ਦਿੱਤਾ।"

"ਨਿੰਦਰ ਸਿਹਾਂ ਇਹ ਇੰਗਲੈਂਡ ਆ। ਤੇਰਾ ਪਿੰਡ ਨ੍ਹੀਂ। ਇੱਥੇ ਬੱਚਿਆਂ ਦੀ ਚਲਦੀ ਆ। ਮਾਪਿਆਂ ਦੀ ਨ੍ਹੀਂ।" ਮੈਂ ਤੈਸ਼ 'ਚ ਆ ਗਿਆ।

"ਕੀ ਇਥੇ ਆ ਕੇ ਅਸੀਂ ਜੱਟ ਨ੍ਹੀਂ ਰਹੇ।"

"ਜੱਟ ਹਾਂ ਪਰ ਕਿਸੇ ਦੂਜੇ ਨੂੰ ਇਸ ਗੱਲ ਨਾਲ ਕੀ।"

"ਜੇ ਤੂੰ ਛੀਂਵਿਆਂ ਦੇ ਕੁੜੀ ਵਿਆਹ ਦਿੱਤੀ ਤਾਂ ਸਾਨੂੰ ਆਪਣੀਆਂ ਕੁੜੀਆਂ ਦੇ ਵਿਆਹ ਕਰਨੇ ਔਖੇ ਹੋ ਜਾਣੇ।"

"ਤੂੰ ਜੀਤੀ ਲਈ ਮੁੰਡਾ ਲੱਭਦੇ-ਲੱਭਦੇ ਨੇ ਕੁੜੀ ਤੀਹਾਂ ਸਾਲਾਂ ਦੀ ਕਰ ਲਈ। ਜੇ ਇੱਕ ਦੋ ਸਾਲ ਮੁੰਡਾ ਨਾ ਲੱਭਿਆ ਤਾਂ ਮੱਥੇ 'ਚ ਹੱਥ ਮਾਰ ਕੇ ਰੋਵੇਂਗਾ।" ਮੈਨੂੰ ਪਤਾ ਸੀ ਕਿ ਸਿੱਧਿਆਂ ਹੋਇਆਂ ਬਿਨਾਂ ਗੱਲ ਨਹੀਂ ਬਣਨੀ, ਮੈਂ ਆਪਣੀ ਸੁਰ ਪਹਿਲਾਂ ਨਾਲੋਂ ਤਿੱਖੀ ਕਰ ਦਿੱਤੀ।

"ਮੇਰੀ ਗੱਲ ਛੱਡ। ਤੂੰ ਆਪਣੀ ਕਰ।"

"ਮੈਂ ਬਹੁਤ ਕੁਸ਼ ਸੋਚ ਕੇ ਹਾਂ ਕੀਤੀ। ਜੇ ਮੈਂ ਕੁੜੀ ਦੀ ਗੱਲ ਨਾ ਮੰਨਦਾ ਤਾਂ ਉਸ ਘਰੋਂ ਦੌੜ ਕੇ ਵਿਆਹ ਕਰਵਾ ਲੈਣਾ ਸੀ। ਐਦੂੰ ਚੰਗਾ ਨ੍ਹੀਂ ਕਿ ਬੱਚੇ ਜਿੱਥੇ ਉਹ ਚਾਹੁੰਦੇ ਨੇ, ਅਸੀਂ ਉਥੇ ਹੀ ਉਨ੍ਹਾਂ ਦਾ ਵਿਆਹ ਕਰ ਦਈਏ।"

ਅਮਨਦੀਪ ਨੇ ਮੈਨੂੰ ਇਸ਼ਾਰਾ ਕਰਕੇ ਇੱਥੇ ਹੀ ਗੱਲ ਖਤਮ ਕਰਨ ਲਈ ਕਿਹਾ।

"ਜੇ ਮੇਰੀ ਕੁੜੀ ਹੁੰਦੀ ਤਾਂ ਮੈਂ ਗਲ ਘੁਟ ਕੇ ਮਾਰ ਦਿੰਦਾ।"

"ਇਹ ਕਹਿਣਾ ਸੌਖਾ ਹੁੰਦਾ। ਕਰਨਾ ਬੜਾ ਔਖਾ। ਕਿਤੇ ਅੱਜ ਕੱਲ੍ਹ ਜੋਗਿੰਦਰ ਦੀ ਕੋਈ ਫਿਲਮ ਤਾਂ ਨ੍ਹੀਂ ਦੇਖੀ?"

ਉਸ ਨਾਂਹ ਵਿਚ ਸਿਰ ਹਿਲਾਇਆ।

"ਆਹ ਆਪਣੇ ਸ਼ਹਿਰ ਵਾਲਾ ਰਮੇਸ਼ ਚੰਦਰ ਹੈ ਨਾ। ਇਕ ਦਿਨ ਉਸ ਦੀ ਕੁੜੀ ਆਪਣੇ ਕਾਲੇ ਫਰੈਂਡ ਨਾਲ ਘਰੇ ਆਈ। ਦੋਵੇਂ ਜਣੇ ਆ ਕੇ ਫਰੰਟ-ਰੂਮ 'ਚ ਬੈਠ ਗਏ। ਦੋਹਾਂ ਨੇ ਖਾਧਾ-ਪੀਤਾ। ਤੀਜੇ ਦਿਨ ਕੁੜੀ ਦਾ ਫਰੈਂਡ ਫੇਰ ਆ ਗਿਆ। ਕੁੜੀ ਨੇ ਆਪਣੇ ਪਿਓ ਨੂੰ ਕਿਹਾ ਕਿ ਉਸ ਦਾ ਫਰੈਂਡ ਉਸ ਦੇ ਨਾਲ ਹੀ ਬੈੱਡ ਰੂਮ 'ਚ ਸੌਂਵੇਂਗਾ। ਪਿਓ ਨੇ ਅੱਗੋਂ ਕੁਸ਼ ਨਾ ਕਿਹਾ। ਇਹੀ ਇੰਗਲੈਂਡ ਦਾ ਦਸਤੂਰ ਆ। ਅਸੀਂ ਬੱਚਿਆਂ ਦੀ ਗੱਲ ਮੰਨਣੀ ਆ। ਉਨ੍ਹਾਂ ਨੇ ਸਾਡੀ ਨ੍ਹੀਂ। ਉਨ੍ਹਾਂ ਅਗਲਿਆਂ ਰਾਹਾਂ 'ਤੇ ਤੁਰਨਾ।" ਮੇਰੀ ਪੂਰੀ ਗੱਲ ਸੁਣਿਆਂ ਬਗੈਰ ਹੀ ਉਹ ਦਗੜ-ਦਗੜ ਕਰਦਾ ਪੌੜੀਆਂ ਚੜ੍ਹ ਗਿਆ।

ਨਿੰਦਰ ਵਿਆਹ 'ਤੇ ਤਾਂ ਨਾਨਕਾ ਛੱਕ ਲੈ ਕੇ ਆਇਆ ਪਰ ਰਿਹਾ ਪਿੱਛੇ-ਪਿੱਛੇ ਹੀ। ਘੁਟਿਆ-ਵਟਿਆ। ਮੈਂ ਕਿਸੇ ਵੀ ਕੰਮ ਲਈ ਆਵਾਜ਼ ਮਾਰੀ ਤਾਂ ਉਸ ਦਾ ਜੁਆਬ ਮਿਲਿਆ, "ਕੋਈ ਨਾ ਤੁਸੀਂ ਆਪੇ ਕਰ ਲਓ।" ਜਦੋਂ ਕੁੜੀ ਦੀ ਰੋਟੀ ਕੱਢੀ ਤਾਂ ਮੈਂ ਆਪ ਉਸ ਕੋਲ ਗਿਆ। ਪਰ ਉਹ ਮੇਰੇ ਨਾਲ ਨਾ ਤੁਰਿਆ।

* * *

ਗੱਲ ਉਹੀ ਹੋਈ ਸੀ ਜੋ ਮੈਂ ਤੁਰਨ ਲੱਗਿਆਂ ਸੋਚੀ ਸੀ। ਅਸੀਂ ਅੱਧਾ ਘੰਟਾ ਫਰੰਟ ਰੂਮ 'ਚ ਬੈਠੇ ਰਹੇ। ਨਿੰਦਰ ਹੇਠਾਂ ਨਾ ਆਇਆ। ਸੱਤੀ ਨੇ ਇੱਕ ਵਾਰ ਫੇਰ ਚਾਹ ਦਾ ਪੁੱਛਿਆ ਤਾਂ ਅਮਨਦੀਪ ਨੇ ਕਿਹਾ, "ਇਨ੍ਹਾਂ ਨੇ ਚਾਹ ਕਿੱਥੋਂ ਪੀਣੀ ਆਂ। ਜੂਸ ਦਾ ਗਲਾਸ ਲੈ ਆਓ।"

ਟ੍ਰੇਅ 'ਚ ਜੂਸ ਦੇ ਗਲਾਸ ਲਿਆ ਕੇ ਸੱਤੀ ਮੇਰੇ ਸਾਹਮਣੇ ਸੈਟੀ 'ਤੇ ਆ ਬੈਠੀ, "ਸਰੂਪ ਇਨ੍ਹਾਂ ਦੀ ਮੱਤ ਨੂੰ ਕੀ ਹੋਈ ਜਾਂਦਾ। ਕਿਸੇ ਦੀ ਗੱਲ ਸੁਣਦੇ ਹੀ ਨ੍ਹੀਂ। ਇਹੀ ਰਟ ਲਾਈ ਹੋਈ ਆ ਕਿ ਜੇ ਕੁੜੀ ਨੇ ਗੋਰੇ ਨਾਲ ਵਿਆਹ ਕਰਵਾ ਲਿਆ ਤਾਂ ਉਸ ਨੇ ਕੁਸ਼ ਖਾ ਕੇ ਮਰ ਜਾਣਾ..... ਇਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਐਡੇ ਸੋਹਣੇ ਤੇ ਸੁਨੱਖੇ ਮੁੰਡੇ ਮਿਲਦੇ ਨੇ ਅੱਜ ਕੱਲ੍ਹ।"

"ਭਾਬੀ, ਇਹ ਉਹੀ ਫਰੈਂਚ ਮੁੰਡਾ ਏ ਜਿਹੜਾ ਜੀਤੀ ਨਾਲ ਕੰਮ ਕਰਦਾ?" ਮੈਂ ਪੁੱਛਿਆ।

"ਹਾਂ... ਹਾਂ.. ਉਹੀ ਆ।"

"ਮੈਂ ਦੇਖਿਆ। ਉਹ ਜੱਸੀ ਤੇ ਕਮਲ ਦੇ ਵਿਆਹ 'ਤੇ ਆਇਆ ਸੀ। ਪੰਜਾਬੀ ਸੂਟ ਪਾ ਕੇ, ਕਿੰਨਾ ਫੱਬਦਾ ਸੀ। ਜੋ ਜੋ ਹਨੀ ਸਿੰਘ ਦੇ ਗਾਣੇ 'ਤੇ ਨੱਚਦਾ।" ਮੇਰੀਆਂ ਨਜ਼ਰਾਂ ਅੱਗੇ ਉਸ ਦਾ ਚਿਹਰਾ ਪ੍ਰਤੱਖ ਆਣ ਪ੍ਰਗਟ ਹੋਇਆ।

"ਹਾਂ... ਹਾਂ... ਉਹੀ ਆ। ਆਪਣੇ ਘਰੇ ਕਦੇ ਨ੍ਹੀਂ ਆਇਆ। ਕੁੜੀ-ਮੁੰਡਾ ਬਾਹਰ ਹੀ ਮਿਲਦੇ ਆ। ਮੈਨੂੰ ਤਾਂ ਉਸ ਦਾ ਬੜਾ ਮੋਹ ਆਉਂਦਾ।" ਸੱਤੀ ਦੇ ਚਿਹਰੇ ਤੋਂ ਉਸ ਦੀ ਖੁਸ਼ੀ ਡੁੱਲ੍ਹ ਡੁੱਲ੍ਹ ਪੈਂਦੀ ਸੀ। ਕੁੜੀ ਦੀ ਉਮਰ ਬੱਤੀਆਂ ਸਾਲਾਂ ਤੋਂ ਉਪਰ ਹੋ ਗਈ ਸੀ। ਮਾਂ ਲਈ ਇਸ ਤੋਂ ਜ਼ਿਆਦਾ ਖੁਸ਼ੀ ਦੀ ਘੜੀ ਕਿਹੜੀ ਹੋ ਸਕਦੀ ਹੈ।

* * *

ਅਜਿਹੇ ਵੇਲੇ ਮੈਨੂੰ ਮੇਰੇ ਨਾਲ ਕੰਮ ਕਰਦੇ ਖਾਲਿਦ ਦੀ ਸੁਣਾਈ ਗੱਲ ਯਾਦ ਆ ਹੀ ਜਾਂਦੀ ਹੈ।

ਰੌਲਿਆਂ ਵੇਲੇ ਲਾਹੌਰ ਦੇ ਲਾਗੇ ਕਿਸੇ ਪਿੰਡ 'ਚ ਰਹਿੰਦੇ ਨਿਰੰਜਣ ਸਿੰਘ ਨੇ ਜ਼ਮੀਨ ਦੀ ਖਾਤਿਰ ਧਰਮ ਬਦਲ ਲਿਆ। ਉਹ ਨਿਰੰਜਣ ਸਿੰਘ ਤੋਂ ਨੂਰ ਮੁਹੰਮਦ ਬਣ ਗਿਆ। ਫੇਰ ਮੌਲਵੀ। ਕਈ ਸਾਲ ਲਾਹੌਰ ਦੀ ਹੀਰਾ ਮੰਡੀ 'ਚ ਰਾਤਾਂ ਰੰਗੀਨ ਕਰਦਾ ਰਿਹਾ। ਆਪਣੇ ਚਾਰੇ ਮੁੰਡੇ ਵਿਆਹ ਲਏ। ਪਰ ਆਪਣੀਆਂ ਦੋਵੇਂ ਧੀਆਂ ਨਾ ਵਿਆਹੀਆਂ। ਕੋਈ ਰਿਸ਼ਤੇ ਬਾਰੇ ਪੁੱਛਦਾ ਜਾਂ ਰਿਸ਼ਤਾ ਮੰਗਦਾ ਤਾਂ ਉਹ



ਕੋਈ ਨਾ ਕੋਈ ਬਹਾਨਾ ਬਣਾ ਕੇ ਟਾਲ ਦਿੰਦਾ। ਘਰਵਾਲੀ ਰਤਨਾ ਉਰਫ ਰਹਿਮਤੇ ਵੀ ਆਪਣਾ ਫਿਕਰ ਜਾਹਿਰ ਕਰਦੀ, "ਧੀਆਂ ਨੂੰ ਆਪਣੇ ਘਰੇ ਤੋਰ ਕੇ ਆਪਾਂ ਜੁੰਮੇਵਾਰੀਆਂ ਤੋਂ ਫਾਰਿਗ ਹੋਈਏ। ਦੱਸੋ ਕਦੇ ਕਿਸੇ ਨੇ ਧੀਆਂ ਨੂੰ ਆਪਣੇ ਘਰੀਂ ਰੱਖਿਆ।" ਨੂਰ, ਜਿਸ ਨੂੰ ਹੁਣ ਲੋਕ ਨੂਰਾ ਕਹਿੰਦੇ ਸਨ, ਅੱਗੇ ਟੁੱਟ ਕੇ ਪੈ ਜਾਂਦਾ।" ਤੈਨੂੰ ਕਾਹਦੀ ਕਾਹਲੀ ਪਈ ਆ? ਉਹ ਆਪਣੀ ਕਿਸਮਤ ਦਾ ਹਿਜਕ ਖਾਂਦੀਆਂ।" ਜੁਆਨ ਧੀਆਂ ਨੂੰ ਦੇਖ ਕੇ ਮਾਂ ਨੂੰ ਕਿੱਥੋਂ ਚੈਨ ਆਉਂਦਾ। ਨੀਂਦ ਆਉਂਦੀ।" ਕੁੜੀਆਂ ਇੱਕੀ-ਬਾਈ ਸਾਲਾਂ ਦੀਆਂ ਹੋ ਗਈਆਂ ਤਾਂ ਉਹ ਸਿੱਧੀ ਪੈ ਗਈ।" ਤੂੰ ਉਨ੍ਹਾਂ ਨੂੰ ਉਦੋਂ ਹੀ ਵਿਆਹੇਂਗਾ ਜਦੋਂ ਉਹ ਮੂੰਹੋਂ ਕਹਿਣਗੀਆਂ।" ਉਹ ਜ਼ਿਆਦਾ ਹੀ ਖਹਿੜੇ ਪੈ ਜਾਂਦੀ ਤਾਂ ਨੂਰਾ ਮਸੀਤੇ ਕੱਪ ਬੈਠਦਾ। ਕੁੜੀਆਂ ਦੀ ਵਿਆਹ ਦੀ ਉਮਰ ਲੰਘ ਗਈ। ਇਕ ਦਿਨ ਅੱਕੀ ਸੱਤੀ ਨੇ ਉਸ ਨੂੰ ਬਾਹੋਂ ਫੜ ਕੇ ਪੁੱਛ ਹੀ ਲਿਆ, "ਚਲ, ਤੂੰ ਵਿਆਹ ਨਾ ਕਰ। ਪਰ ਇਹ ਤਾਂ ਦੱਸ ਦੇ, ਤੂੰ ਕੁੜੀਆਂ ਦੇ ਵਿਆਹ ਕਿਉਂ ਨ੍ਹੀਂ ਕਰਨਾ ਚਾਹੁੰਦਾ।" ਨੂਰੇ ਨੇ ਰੋਣ ਵਰਗਾ ਮੂੰਹ ਬਣਾ ਕੇ ਕਿਹਾ, "ਮੈਂ ਜਿਉਂਦਿਆਂ ਜੀਅ ਮੁਸਲਮਾਨਾਂ ਦੇ ਘਰੇ ਆਪਣੀਆਂ ਧੀਆਂ ਨ੍ਹੀਂ ਤੋਰ ਸਕਦਾ।" ਰਹਿਮਤੇ ਨੇ ਪੁੱਛਿਆ, "ਮੁੰਡੇ ਤਾਂ ਮੁਸਲਮਾਨਾਂ ਦੇ ਘਰੇ ਵਿਆਹੇ ਹੈ ਨਾ।" ਉਸ ਦਾ ਜੁਆਬ ਸੀ, "ਜੱਟ ਵਿਆਹ ਕੇ ਤਾਂ ਲਿਆ ਸਕਦਾ ਪਰ ਆਪਣੀ ਧੀ ਕਿਸੇ ਹੋਰ ਧਰਮ ਦੇ ਜੱਟ ਦੇ ਘਰੇ ਨ੍ਹੀਂ ਤੋਰ ਸਕਦਾ। ਮੇਰੇ ਜਿਊਂਦੇ ਜੀ ਤਾਂ ਇਹ ਵਿਆਹ ਨ੍ਹੀਂ ਹੋ ਸਕਦੇ। ਮੇਰੇ ਮਰਨ ਮਗਰੋਂ ਜੋ ਮਰਜ਼ੀ ਕਰ ਲਿਓ।"

"ਫੇਰ ਕੀ ਹੋਇਆ?" ਮੈਂ ਖਾਲਿਦ ਤੋਂ ਪੁੱਛਿਆ।

"ਹੋਣਾ ਕੀ ਸੀ, ਕੁੜੀਆਂ ਨੂੰ ਦੁਹਾਜੂਆਂ ਨਾਲ ਨਰੜ ਦਿੱਤਾ। ਇਹ ਸਾਰਾ ਪੁਆੜਾ ਧਰਮ ਦੇ ਪੈਰੋਪਕਾਰਾਂ ਨੇ ਪਾਇਆ।"

"ਸਾਡੇ ਵੱਲ ਵੀ ਐਦਾਂ ਹੀ ਆ।"

"ਮੀਆਂ ਬੀਵੀ ਰਾਜ਼ੀ ਤਾਂ ਕਿਆ ਕਰੇਗਾ ਕਾਜ਼ੀ, ਵਾਲੀ ਗੱਲ ਹੋਣੀ ਚਾਹੀਦੀ ਆ। ਆਹ ਕੀ ਗੱਲ ਹੋਈ ਕਿ ਸਾਡੇ ਕਿਸੇ ਮੁੰਡੇ ਨੇ ਸਿੱਖਾਂ ਦੀ ਕੁੜੀ ਨਾਲ ਵਿਆਹ ਕਰਵਾ ਲਿਆ ਤਾਂ ਸਿੱਖਾਂ ਨੂੰ ਉਦੋਂ ਤਾਈਂ ਚੈਨ ਨ੍ਹੀਂ ਆਉਣਾ ਜਿੰਨਾ ਚਿਰ ਉਨ੍ਹਾਂ ਨੇ ਸਾਡੀਆਂ ਦੋ-ਤਿੰਨ ਕੁੜੀਆਂ ਨਾਲ ਲਾਵਾਂ ਫੇਰੇ ਨਾ ਲਏ।"

"ਅਸੀਂ ਪੰਜਾਬ ਤੋਂ ਆ ਕੇ ਵੀ ਆਪਣੇ ਸੰਸਕਾਰ ਮੋਢਿਆਂ 'ਤੇ ਚੁੱਕੀ ਫਿਰਦੇ ਆਂ। ਇਹ ਕਿੰਨਾ ਕੁ ਚਿਰ ਹੋਵੇਗਾ। ਤੀਜੀ ਪੀੜ੍ਹੀ ਨੇ ਇਨ੍ਹਾਂ ਦੀ ਇੱਕ ਨ੍ਹੀਂ ਮੰਨਣੀ।"

* * *

ਮੈਂ ਜਾਣ ਲਈ ਉੱਠਿਆ ਤਾਂ ਨਿੰਦਰ ਪੌੜੀਆਂ ਉਤਰਦਾ ਦਿੱਸਿਆ। ਉਸ ਨੇ ਮੇਰੇ ਨਾਲ ਓਪਰਿਆਂ ਵਾਂਗ ਹੱਥ ਮਿਲਾਇਆ। ਅਮਨਦੀਪ ਨੂੰ ਪਿਆਰ ਦਿੱਤਾ। ਨੀਵੀਂ ਪਾ ਕੇ ਬੈਠ ਗਿਆ। ਉਸ ਦਾ ਮੱਥਾ ਤਿਊੜੀਆਂ ਨਾਲ ਭਰਿਆ ਪਿਆ ਸੀ। ਉਸ ਦੇ ਚਿਹਰੇ ਤੋਂ ਐਦਾਂ ਲੱਗਦਾ ਸੀ ਜਿੱਦਾਂ ਉਹ ਬਹੁਤ ਥੱਕਿਆ-ਟੁੱਟਿਆ ਹੋਵੇ। ਇੱਕ ਦੋ ਵਾਰ ਖੰਘਿਆ। ਇਸ ਵੇਲੇ ਤਾਂ ਉਹ ਪੂਰਾ ਕਾਇਮ-ਸੈਮ ਹੁੰਦਾ। ਲੱਗਦਾ ਉਸ ਨੇ ਅਜੇ ਆਪਣੀ ਸ਼ਾਮ ਰੰਗੀਨ ਨਹੀਂ ਕੀਤੀ। ਜਿੰਨਾ ਚਿਰ ਉਹ ਦੋ ਪੈੱਗ ਨਹੀਂ ਲਾਉਂਦਾ, ਉੱਨਾ ਚਿਰ ਉਸ ਨੇ ਖੁੱਲ੍ਹਣਾ ਨਹੀਂ। ਮੈਂ ਉਹਨੂੰ ਛੇੜਿਆ, "ਭਾਜੀ ਘਰੇ ਹੈ ਜਾਂ ਕਿ ਮੈਂ ਆਪਣੀ ਕਾਰ 'ਚੋਂ ਬੋਤਲ ਕੱਢ ਲਿਆਵਾਂ?" ਉਸ ਮੇਰੀ ਗੱਲ ਦਾ ਜੁਆਬ ਨਾ ਦਿੱਤਾ। ਗੋਡਿਆਂ 'ਤੇ ਸਾਰਾ ਭਾਰ ਪਾ ਕੇ ਮਸਾਂ-ਮਸਾਂ ਸੈਟੀ ਤੋਂ ਉੱਠਿਆ ਜਿੱਦਾਂ ਬਹੁਤ ਦੂਰ ਜਾਣਾ ਹੋਵੇ। ਪੌੜੀ ਹੇਠਾਂ ਬਣੀ ਛੋਟੀ ਜਿਹੀ ਲੁਕਵੀਂ ਅਲਮਾਰੀ 'ਚੋਂ ਬੋਤਲ ਕੱਢ ਲਿਆਇਆ। ਰਸੋਈ 'ਚੋਂ ਦੋ ਗਲਾਸੀਆਂ ਫੜ ਲਿਆਇਆ। ਉਸ ਨੇ ਸੱਤੀ ਨੂੰ ਕਿਹਾ, "ਤੁਸੀਂ ਦੋਵੇਂ ਕਿਚਨ 'ਚ ਜਾਓ। ਸਾਡੇ ਖਾਣ-ਪੀਣ ਦਾ ਪ੍ਰਬੰਧ ਕਰੋ। ਜਦੋਂ ਲੋੜ ਪਈ ਮੈਂ ਆਪੇ ਆਵਾਜ਼ ਮਾਰ ਲਵਾਂਗਾ।"

ਦੋ ਪੈੱਗ ਪੀਣ ਤਕ ਮੈਂ ਜੀਤੀ ਬਾਰੇ ਕੋਈ ਗੱਲ ਨਾ ਛੇੜੀ। ਮੈਂ ਚਾਹੁੰਦਾ ਸੀ ਕਿ ਉਹ ਆਪ ਹੀ ਗੱਲ ਛੇੜੇ। ਪਰ ਉਹ ਆਪਣੀ ਆਦਤ ਮੁਤਾਬਕ ਨਾ ਖੁੱਲ੍ਹਿਆ ਜਾਂ ਕਹਿ ਲਓ, ਉਸ ਆਪਣੇ ਪੱਤੇ ਨਾ ਖੋਲ੍ਹੇ। ਇੱਧਰ-ਉੱਧਰ ਦੀਆਂ ਗੱਲਾਂ ਕਰੀ ਗਿਆ। ਜ਼ਿਆਦਾ ਆਪਣੇ ਪਿੰਡ ਬਾਰੇ। ਮੈਂ ਉਸ ਨੂੰ ਛੇੜਿਆ, "ਹੁਣ ਕਦੇ ਬੱਕਰੇ ਦੀ ਧੌਣ ਵੱਢਣ ਨੂੰ ਮਨ ਕਰਦਾ ਹੁੰਦਾ ਕਿ ਨ੍ਹੀਂ?" ਉਸ ਨਾਂਹ 'ਚ ਸਿਰ ਮਾਰਿਆ। "ਇਸ ਵਾਰੀ ਪਿੰਡ ਗਿਆ ਤਾਂ ਖੂਹ 'ਚ ਛਾਲਾਂ ਮਾਰ-ਮਾਰ ਕੇ ਖੂਬ ਨ੍ਹਾਹੀਂ।" ਉਸ ਜੁਆਬ ਦਿੱਤਾ, "ਹੁਣ ਖੂਹ ਕੀ, ਮੋਟਰਾਂ ਵਾਲੇ ਖੂਹ ਵੀ ਨ੍ਹੀਂ ਰਹੇ। ਸਿੱਧੇ ਸਬਮਰਸੀਬਲ ਬੋਰ ਹੁੰਦੇ।" ਐਦਾਂ ਹੀ ਮੈਂ ਉਸ ਕੋਲੋਂ ਪੁਰਾਣੀਆਂ ਗੱਲਾਂ ਪੁੱਛੀ ਗਿਆ। ਪਰ ਉਸ ਆਪ ਕੋਈ ਪਹਿਲ ਨਾ ਕੀਤੀ। ਫੇਰ ਲੰਬੀ ਚੁੱਪ ਵੱਟ ਲਈ। ਮੈਨੂੰ ਘਰ ਜਾਣ ਦੀ ਕੋਈ ਕਾਹਲੀ ਨਹੀਂ ਸੀ। ਜੇ ਜ਼ਿਆਦਾ ਸਮਾਂ ਲੱਗਾ ਤਾਂ ਮੈਂ ਇੱਥੇ ਹੀ ਸੌਂ ਜਾਣਾ। ਸਵੇਰ ਨੂੰ ਇੱਥੋਂ ਹੀ ਤੁਰ ਕੇ ਆਪਣੀ ਜੌਬ 'ਤੇ ਚਲੇ ਜਾਣਾ।

ਤੀਜਾ ਪੈੱਗ ਉਸ ਪਹਿਲਾਂ ਨਾਲੋਂ ਡਬਲ ਕਰ ਦਿੱਤਾ। ਸੱਤੀ ਆਮਲੇਟ ਰੱਖਣ ਆਈ ਤਾਂ ਉਸ ਮੱਥੇ 'ਤੇ ਸੌ ਵਟ ਪਾ ਕੇ ਕਿਹਾ, "ਜੁਆਈ ਭਾਈ ਦੀ ਐਦਾਂ ਸੇਵਾ ਕਰੀਦੀ ਆ। ਘੰਟਾ ਲਾ ਦਿੱਤਾ ਆਮਲੇਟ ਬਣਾਉਣ ਲੱਗੀ ਨੇ। ਉਡੀਕਦੀ ਹੋਣੀ ਆ ਕਿ ਕਦੋਂ ਕੁਕੜੀ ਆਂਡਾ ਦੇਵੇ ਤੇ ਤੂੰ ਆਮਲੇਟ ਬਣਾ ਕੇ ਲਿਆਵੇਂ। ਖੜ੍ਹੀ ਮੇਰੇ ਮੂੰਹ ਵੱਲ ਕੀ ਦੇਖਦੀ ਆਂ। ਫਰਿਜ਼ 'ਚ ਲੈੱਗ-ਪੀਸ ਪਏ ਨੇ। ਓਵਨ 'ਚ ਗਰਮ ਕਰਕੇ ਲਿਆ।"

ਮੈਨੂੰ ਲੱਗਾ ਕਿ ਹੁਣ ਗੱਲ ਕੀਤੀ ਜਾ ਸਕਦੀ ਹੈ। ਪਹਿਲ ਉਹ ਕਰੇ ਜਾਂ ਮੈਂ, ਇਸ ਨਾਲ ਕਿਹੜਾ ਕੋਈ ਫਰਕ ਪੈਣਾ। ਫੇਰ ਮੇਰੀਆਂ ਨਜ਼ਰਾਂ, ਸਾਹਮਣੇ ਦੀਵਾਰ 'ਤੇ ਲੱਗੀ ਜੀਤੀ ਦੀ ਫੋਟੋ 'ਤੇ ਗਈਆਂ। ਕਿੰਨੀ ਮਾਸੂਮ ਜਿਹੀ ਕੁੜੀ ਹੈ। ਉਹ ਆਪਣੀ ਬੋਲ-ਚਾਲ ਨਾਲ ਹਰੇਕ ਨੂੰ ਮੋਹ ਲੈਂਦੀ ਹੈ। ਅਜਿਹੀ ਧੀ ਦੀਆਂ ਖੁਸ਼ੀਆਂ ਲਈ ਬੰਦਾ ਸੌ ਝੂਠ ਬੋਲ ਸਕਦਾ ਹੈ। ਸੌ ਕੁਰਬਾਨੀਆਂ ਕਰ ਸਕਦਾ ਹੈ। ਸੌ ਪੁੱਠੇ-ਸਿੱਧੇ ਕੰਮ ਕਰ ਸਕਦਾ ਹੈ।

"ਭਾਜੀ ਫੇਰ ਕੀ ਸੋਚਿਆ?" ਰਸੋਈ ਦੀ ਨੁੱਕਰ 'ਚ ਖੜ੍ਹੀ ਸੱਤੀ ਨੇ ਮੈਨੂੰ ਗੱਲ ਤੋਰਨ ਦੀ ਸੈਨਤ ਮਾਰੀ। ਪਰ ਆਪ ਨਿੰਦਰ ਦੇ ਕੌੜੇ ਸੁਭਾਅ ਕਰਕੇ ਨੇੜੇ ਨਾ ਆਈ।

"ਜੱਟ ਦਾ ਪੁੱਤ ਆਪਣੀ ਧੀ ਨੂੰ ਕਿਸੇ ਹੋਰ ਜਾਤ ਦੇ ਮੁੰਡੇ ਨਾਲ ਕਿੱਦਾਂ ਵਿਆਹ ਸਕਦਾ?" ਉਸ ਨੇ ਮੈਨੂੰ ਹੀ ਸੁਆਲ ਕਰ ਦਿੱਤਾ।

"ਆਪਣੇ ਵਿਚਲੇ ਜੱਟ ਨੂੰ ਦੋ ਮਹੀਨਿਆਂ ਲਈ ਪਿੰਡ ਭੇਜ ਦੇ। " ਮੈਂ ਉਸ ਦੀ ਗੱਲ ਨੂੰ ਹਾਸੇ 'ਚ ਪਾ ਕੇ ਕਿਹਾ।

"ਅਸੀਂ ਸੰਧੂ ਜੱਟ ਹੁੰਨੇ ਆਂ। ਤੁਹਾਡੇ ਵਰਗੇ ਫੁੱਦੂ ਵਿਰਕ ਨ੍ਹੀਂ।" ਉਹ ਮੇਰੀ ਗੱਲ ਦਾ ਵਟ ਖਾ ਗਿਆ।

"ਜੇ ਕੁੜੀ ਨੇ ਕੋਰਟ ਮੈਰਿਜ ਕਰਵਾ ਲਈ....?" ਮੈਂ ਪੁੱਛਿਆ।

"ਮੈਨੂੰ ਆਪਣੀ ਧੀ ਦਾ ਪਤਾ। ਉਹ ਆਪਣੇ ਪਿਉ ਦੀ ਹਾਂ ਤੋਂ ਬਿਨਾਂ ਵਿਆਹ ਨ੍ਹੀਂ ਕਰਾ ਸਕਦੀ। ਇਹ ਮੈਂ ਸੌ ਪਰਸੈਂਟ ਗ੍ਰਾਂਟੀ ਦਿੰਨਾ।" ਉਹ ਉੱਚੀ ਆਵਾਜ਼ 'ਚ ਬੋਲਿਆ ਜਿੱਦਾਂ ਇਹ ਗੱਲ ਘਰ ਦੀਆਂ ਕੰਧਾਂ ਨੂੰ ਵੀ ਸੁਣਾਉਣਾ ਚਾਹੁੰਦਾ ਹੋਵੇ।

"ਸਾਨੂੰ ਆਪਣੇ ਬੱਚਿਆਂ ਦੀ ਖੁਸ਼ੀ ਬਾਰੇ ਵੀ ਸੋਚਣਾ ਪੈਂਦਾ।" ਮੈਂ ਆਪਣੀ ਨਿਮਰ ਸੁਰ ਨੂੰ ਆਪਣੇ ਕੰਟ੍ਰੋਲ 'ਚ ਰੱਖਿਆ।

"ਅਜਿਹੀ ਖੁਸ਼ੀ ਨੂੰ ਸਿਰ 'ਚ ਮਾਰਨਾ ਜਿਹੜੀ ਸਾਰੀ ਉਮਰ ਨੀਂਦ ਹਰਾਮ ਕਰੇ। ਫਰਾਲੇ ਵਾਲੇ ਕਸ਼ਮੀਰੇ ਨੇ ਆਪਣੀ ਧੀ ਦਾ ਵਿਆਹ ਗੋਰੇ ਨਾਲ ਕਰ ਦਿੱਤਾ। ਪੱਬ 'ਚ ਬੈਠਾ ਜਿਉਂ ਗੋਰੇ ਦੀਆਂ ਵਡਿਆਈਆਂ ਕਰੇ, ਸਾਹ ਹੀ ਨਾ ਲਵੇ। 'ਜਦੋਂ ਮੈਂ ਜਾਨਾ ਗੋਰੇ ਨੂੰ ਚਾਅ ਚੜ੍ਹ ਜਾਂਦਾ। ਅੱਗੇ-ਪਿੱਛੇ



ਦੌੜਿਆ ਫਿਰਦਾ। ਐਵੇਂ ਸਾਡੇ ਲੋਕ ਗੋਰਿਆਂ ਨੂੰ ਮਾੜੇ ਸਮਝਦੇ ਨੇ।' ਇੱਕ ਦਿਨ ਉਹ ਕੁੜੀ ਦੇ ਘਰੇ ਗਿਆ। ਸਹੁਰਾ-ਜੁਆਈ ਕੱਠੇ ਪੀਣ ਬੈਠ ਗਏ। ਕਸ਼ਮੀਰੇ ਨੇ ਗੋਰੇ ਦੇ ਲਿਆਂਦੇ ਕੌਫੀ ਟੇਬਲ 'ਤੇ ਲੱਤਾਂ ਪਸਾਰ ਲਈਆਂ। ਗੋਰਾ ਉਸ ਨੂੰ ਟੁੱਟ ਕੇ ਪੈ ਗਿਆ, 'ਯੂ ਸਟੂਪਿਡ ਉਲਡ ਮੈਨ, ਮੂਵ ਯੂਅਰਜ਼ ਸਮੀਲੀ ਫੀਟ ਫਰੌਮ ਮਾਈ ਕੌਫੀ ਟੇਬਲ।' ਕਸ਼ਮੀਰੇ ਨੇ ਨਮੋਸ਼ੀ ਮੰਨਦਿਆਂ ਹੋਇਆਂ ਆਪਣੇ ਪੈਰ ਮੇਜ਼ ਦੇ ਹੇਠਾਂ ਨੂੰ ਤਾਂ ਕੀ ਕਰਨੇ ਸੀ, ਕੁਰਸੀ ਦੇ ਹੇਠਾਂ ਨੂੰ ਕੱਠੇ ਕਰ ਲਏ। ਪਰ ਜ਼ਾਹਿਰ ਨਾ ਹੋਣ ਦਿੱਤਾ। ਜਿੱਦਾਂ ਕੁਝ ਹੋਇਆ ਹੀ ਨਾ ਹੋਵੇ। ਇੱਕ ਹੋਰ ਪੈੱਗ ਲਾਉਣ ਮਗਰੋਂ ਗੋਰਾ ਵੀ ਨੌਰਮਲ ਹੋ ਗਿਆ। ਅਗਲੇ ਪੈੱਗ ਪਿੱਛੋਂ ਲੋਰ 'ਚ ਆ ਕੇ ਕਸ਼ਮੀਰੇ ਨੇ ਫੇਰ ਕੌਫੀ ਟੇਬਲ 'ਤੇ ਲੱਤਾਂ ਪਸਾਰ ਲਈਆਂ। ਗੋਰੇ ਨੇ ਉਸ ਨੂੰ ਬਾਂਹੋਂ ਫੜ ਕੇ ਝੰਜੋੜਾ ਮਾਰਿਆ। ਲਾਲ-ਪੀਲਾ ਹੁੰਦਿਆਂ ਕਿਹਾ, 'ਯੂ ਉਲਡ ਪਰਿਕ! ਡੂਨੌਂਟ ਯੂ ਨੋ ਹਓ ਟੂ ਸਿਟ ਇਨ ਲਿਵਿੰਗ ਰੂਮ।' ਕਸ਼ਮੀਰ ਮੁੜ ਕੇ ਆਪਣੀ ਧੀ ਦੇ ਘਰੇ ਨ੍ਹੀਂ ਗਿਆ। ਹੁਣ ਉਹ ਗੋਰੇ ਨੂੰ ਮਣ-ਮਣ ਪੱਕੇ ਦੀਆਂ ਗਾਲ੍ਹਾਂ ਕੱਢਦਾ...।"

"ਕਸੂਰ ਗੋਰੇ ਦਾ ਨ੍ਹੀਂ, ਕਸ਼ਮੀਰੇ ਦਾ ਸੀ। ਉਸ ਨੂੰ ਗੋਰਿਆਂ ਵਾਂਗੂੰ ਵਿਚਰਨਾ ਚਾਹੀਦਾ ਸੀ। ਇਹ ਵੀ ਕੀ ਹੋਈ ਬੈਠਣ ਵਾਲੀ ਗੱਲ। ਕੁਝ ਮੈਨਰ ਵੀ ਹੁੰਦੇ ਆ ਨਾ। ਮੇਰਾ ਇੱਕ ਕਲਾਸ ਫੈਲੋ ਅਮਰੀਕਾ 'ਚ ਵਰਜੀਨੀਆ ਸਟੇਟ 'ਚ ਰਹਿੰਦਾ। ਉਸ ਦੀ ਮਾਸੀ ਦੀਆਂ ਦੋ ਕੁੜੀਆਂ। ਉਨ੍ਹਾਂ ਨੇ ਇੱਕ ਕੁੜੀ ਗਰੇਵਾਲਾਂ ਦੇ ਮੁੰਡੇ ਨਾਲ ਵਿਆਹ ਦਿੱਤੀ। ਗਰੇਵਾਲਾਂ ਨੇ ਕੁੜੀ ਦੀ ਜ਼ਿੰਦਗੀ ਰੋਲ ਕੇ ਰੱਖ ਦਿੱਤੀ। ਦੂਜੀ ਕੁੜੀ ਨੇ ਆਪਣੀ ਮਰਜ਼ੀ ਨਾਲ ਇੱਕ ਕਾਲੇ ਨਾਲ ਵਿਆਹ ਕਰਵਾ ਲਿਆ। ਕਾਲੇ ਨੇ ਕੁੜੀ ਨੂੰ ਰੱਜਵਾਂ ਪਿਆਰ ਦਿੱਤਾ। ਤੂੰ ਸਾਡੇ ਵੱਲ ਦੇਖ ਲੈ। ਪੰਕਜ ਕਿੰਨਾ ਬੀਬਾ ਮੁੰਡਾ। ਸਾਡੀ ਕਿੰਨੀ ਇੱਜ਼ਤ ਕਰਦਾ। ਅਸੀਂ ਇਕ ਵਾਰ ਮੀਆਂ-ਬੀਵੀ ਉਨ੍ਹਾਂ ਦੇ ਘਰੇ ਚਲੇ ਜਾਈਏ, ਸਾਡੇ ਪੈਰਾਂ ਹੇਠ ਹੱਥ ਦੇਣ ਤੱਕ ਜਾਂਦਾ। ਆਹ ਜਾਤਾਂ ਬੰਦੇ ਨੇ ਬਣਾਈਆਂ। ਗੁਰੂ ਗ੍ਰੰਥ ਸਾਹਿਬ 'ਚ ਵੀ ਆਉਂਦਾ- ਮਾਨਸ ਕੀ ਜਾਤ ਸਭੈ ਏਕ ਪਛਾਣੀਏ.......।"

ਮੇਰਾ ਕਿਹਾ-ਸਮਝਾਇਆ ਬੇਅਰਥ ਰਿਹਾ ਸੀ।

ਮੈਂ ਅਮਨਦੀਪ ਨੂੰ ਕਿਹਾ, "ਕੁੱਤੇ ਦੀ ਪੂਛ ਕਦੇ ਸਿੱਧੀ ਨ੍ਹੀਂ ਹੋ ਸਕਦੀ।"

ਐਲਬਰੋ ਰੋਡ 'ਤੇ ਆ ਕੇ ਮੈਂ ਜੇਬ 'ਚ ਹੱਥ ਮਾਰਿਆ ਤਾਂ ਮੈਨੂੰ ਮੇਰੀ ਐਨਕ ਨਾ ਲੱਭੀ। ਮੈਂ ਪੈਂਟ ਦੀਆਂ ਜੇਬਾਂ ਫਰੋਲੀਆਂ। ਅਮਨਦੀਪ ਨੂੰ ਕਿਹਾ, "ਬੱਲੀਏ, ਮੇਰੀ ਐਨਕ ਤਾਂ ਸਹੁਰਿਆਂ ਦੇ ਘਰੇ ਰਹਿ ਗਈ। ਆਪਾਂ ਬਹੁਤੀ ਦੂਰ ਨ੍ਹੀਂ ਆਏ ਅਜੇ। ਮੈਨੂੰ ਇੱਥੇ ਉਤਾਰ ਦੇ। ਤੂੰ ਜਾ ਕੇ ਐਨਕ ਫੜ ਲਿਆ। ਮੇਰਾ ਖਿਆਲ ਆ ਕਿ ਟੇਬਲ 'ਤੇ ਪਈ ਹੋਣੀ ਆ।" ਅਮਨਦੀਪ ਨੇ ਪਰਲੇ ਪਾਸੇ ਵਾਲਾ ਰੋਡ ਲੈ ਲਿਆ। ਘਰ ਅੱਗੇ ਮੁੜ ਗੱਡੀ ਲਿਆ ਰੋਕੀ। ਮੈਂ ਅੰਦਰ ਜਾਣ ਤੋਂ ਨਾਂਹ ਕਰ ਦਿੱਤੀ ਤਾਂ ਉਹ ਬੋਲੀ, "ਉਹ ਤੁਹਾਡਾ ਪੁਰਾਣਾ ਬੇਲੀ ਆ। ਸਾਲੇ ਦੇ ਘਰ ਨਾ ਸਈਂ— ਯਾਰ ਦੇ ਘਰ ਚਲੇ ਆਓ।" ਉਹ ਅਜਿਹਾ ਤੀਰ ਚਲਾਉਂਦੀ ਹੈ ਜਿਸ ਦੀ ਮੇਰੇ ਕੋਲ ਕੋਈ ਕਾਟ ਨਹੀਂ ਹੁੰਦੀ। ਨਿੰਦਰ ਇਕੱਲਾ ਬੈਠਾ ਸੀ। ਮੈਨੂੰ ਮੁੜ ਆਇਆ ਦੇਖ ਕੇ ਬੋਲਿਆ, "ਬੱਲੇ-ਬੱਲੇ ਪਰਾਹੁਣੇ ਫੇਰ ਮੁੜ ਆਏ।" ਮੈਂ ਐਨਕ ਚੁੱਕ ਕੇ ਵਾਪਸ ਜਾਣ ਨੂੰ ਮੁੜਿਆ ਤਾਂ ਉਹ ਬੋਲਿਆ, "ਹੁਣ ਆਇਆਂ ਤਾਂ ਇੱਕ ਪੈੱਗ ਲਾ ਜਾ। ਜੀਤੀ ਵੀ ਕੰਮ ਤੋਂ ਆ ਗਈ।" ਮੈਨੂੰ ਬੈਠਣਾ ਪਿਆ। ਜੀਤੀ ਮੈਨੂੰ ਜੱਫੀ ਪਾ ਕੇ ਮਿਲੀ। ਮੈਂ ਉਸ ਨੂੰ ਪਿਆਰ ਦਿੱਤਾ, "ਸਾਡੀ ਧੀ ਬਹੁਤ ਸਿਆਣੀ ਆ। ਇਹਨੇ ਆਪਣਾ ਲਾਈਫ ਪਾਰਟਨਰ ਗੋਰਾ ਚੁਣਿਆ।" ਫੇਰ ਮੈਂ ਨਿੰਦਰ ਵੱਲ ਮੂੰਹ ਕਰਕੇ ਕਿਹਾ, "ਜੇ ਇਹ ਕਿਸੇ ਮੁਸਲਮਾਨ ਜਾਂ ਵਿਹੜੇ ਵਾਲੇ ਨਾਲ ਕੋਰਟ ਮੈਰਿਜ ਕਰ ਲੈਂਦੀ ਤਾਂ ਅਸੀਂ ਕੀ ਕਰ ਲੈਣਾ ਸੀ। ਠੀਕ ਆ ਨਾ ਭਾਜੀ?"

"ਇਹ ਤੇਰੀ ਗੱਲ ਮੰਨਣ ਵਾਲੀ ਆ।" ਨਿੰਦਰ ਹੌਸਲੇ ਨਾਲ ਬੋਲਿਆ। ਅਸੀਂ ਦੋ-ਦੋ ਪੈੱਗ ਲਾਏ। ਹਾਸਾ-ਮਖੌਲ ਕੀਤਾ।

ਮੇਰੀਆਂ ਗੱਲਾਂ ਦਾ ਕਿੰਨਾ ਅਸਰ ਹੋਇਆ, ਇਸ ਦਾ ਅੰਦਾਜ਼ਾ ਮੈਂ ਯਕਦਮ ਨਾ ਲਾ ਸਕਿਆ।

ਮੈਂ ਜਾਣ ਲਈ ਉੱਠਿਆ ਤਾਂ ਉਹ ਬੋਲਿਆ, "ਅਮਨ ਕਾਰ ਤੂੰ ਚਲਾ ਕੇ ਲੈ ਜਾਈਂ।" ਅਮਨਦੀਪ ਮਿਲਣ ਲਈ ਅਗਾਂਹ ਨੂੰ ਹੋਈ ਤਾਂ ਉਸ ਕਿਹਾ, "ਭਾਜੀ, ਮੁੰਡੇ ਨੂੰ ਦੇਖਿਆਂ ਤਾਂ ਭੁੱਖ ਲਹਿੰਦੀ ਆ। ਇਨ੍ਹਾਂ ਦੇ ਨਿਆਣੇ ਇਨ੍ਹਾਂ ਨਾਲੋਂ ਵੀ ਜ਼ਿਆਦਾ ਸੋਹਣੇ ਹੋਣੇ। ਹੁਣ ਪਾਧਾ ਨਾ ਪੁੱਛੋ। ਮੁੰਡੇ ਨੂੰ ਘਰੇ ਸੱਦ ਕੇ ਵਿਆਹ ਪੱਕਾ ਕਰਨ ਦੀ ਕਰੋ.....।"

* * *

ਜੀਤੀ ਤੇ ਨੈਕਲੈਸ ਨੇ ਚੁੱਪ ਚਾਪ ਕੋਰਟ ਮੈਰਿਜ ਕਰ ਲਈ। ਨਿੰਦਰ ਨੂੰ ਪਤਾ ਲੱਗਾ ਤਾਂ ਉਹ ਬੜਾ ਕਲਪਿਆ। ਸ਼ਰਾਬ ਪੀ ਕੇ ਜੀਤੀ ਨੂੰ ਵੱਧ-ਘੱਟ ਬੋਲਿਆ। ਜੀਤੀ ਨੇ ਦੋ-ਚਾਰ ਵਾਰ ਉਸ ਦੀਆਂ ਬੇਸਿਰ-ਪੈਰ ਗੱਲਾਂ ਨੂੰ ਬਰਦਾਸ਼ਤ ਕੀਤਾ। ਅੱਕ ਕੇ ਆਪਣੇ ਡੈਡੀ ਦਾ ਫੋਨ ਨੰਬਰ ਬਲਾਕ ਕਰ ਦਿੱਤਾ। ਉਹ ਆਪਣੀ ਮੰਮੀ ਨੂੰ ਫੋਨ ਕਰ ਲੈਂਦੀ। ਸੱਤੀ ਵੀ ਹਫ਼ਤੇ ਦਸੀਂ ਦਿਨੀਂ ਧੀ ਨਾਲ ਆਪਣਾ ਦੁੱਖ ਸੁੱਖ ਸਾਂਝਾ ਕਰ ਲੈਂਦੀ। ਕਦੇ-ਕਦੇ ਨਿੰਦਰ ਮੈਨੂੰ ਫੋਨ ਕਰਦਾ। ਸੋਫੀ ਨਹੀਂ। ਪੂਰਾ ਕਾਇਮ ਹੋ ਕੇ। ਮੈਂ ਹੂੰ-ਹਾਂ ਕਰ ਛੱਡਦਾ। ਉਹ ਜੀਤੀ ਨਾਲੋਂ ਨੈਕਲੈਸ ਨੂੰ ਜ਼ਿਆਦਾ ਗਾਲ੍ਹਾਂ ਕੱਢਦਾ। ਇੱਕੋ ਗੱਲ ਵਾਰ-ਵਾਰ ਕਰਦਾ, "ਗੋਰਾ ਮੇਰੀ ਧੀ ਨੂੰ ਵਰਗਲਾ ਕੇ ਲੈ ਗਿਆ। ਉਹ ਤਾਂ ਵਿਚਾਰੀ ਇੰਨੀ ਜੋਗੀ ਨ੍ਹੀਂ ਸੀ।" ਇੱਕ ਦਿਨ ਸੱਤੀ ਦਾ ਫੋਨ ਆਇਆ ਤਾਂ ਮੈਂ ਕਿਹਾ, "ਜੇ ਭਾਜੀ ਜੀਤੀ ਬਿਨਾਂ ਨ੍ਹੀਂ ਰਹਿ ਸਕਦਾ ਤਾਂ ਉਸ ਨਾਲ ਸਮਝੌਤਾ ਕਰ ਲਵੇ।" ਸੱਤੀ ਨੇ ਦੱਸਿਆ, "ਉਹਦੀ ਜਾਨ ਕੁੜੀ 'ਚ ਵੱਸਦੀ ਆ। ਹੁਣ ਉਹ ਢੈਲਾ ਪੈ ਗਿਆ। ਪਰ ਕੁੜੀ ਆਕੜ ਗਈ। ਕਹਿੰਦੀ-ਪਹਿਲਾਂ ਨੈਕਲੈਸ ਨੂੰ ਜਵਾਈ ਮੰਨੋ।" ਮੈਂ ਪੁੱਛਿਆ, "ਜਦੋਂ ਜਵਾਈ ਬਣ ਗਿਆ ਤਾਂ ਭਾਜੀ ਨੂੰ ਜਵਾਈ ਮੰਨਣ 'ਚ ਕੀ ਇਤਰਾਜ਼ ਆ?" ਸੱਤੀ ਦਾ ਕਹਿਣਾ ਸੀ, "ਇਹੀ ਗੱਲ ਤਾਂ ਉਨ੍ਹਾਂ ਦੇ ਖਾਨੇ 'ਚ ਨ੍ਹੀਂ ਪੈਂਦੀ। ਕਹਿੰਦੇ ਕੁੜੀ ਜਦੋਂ ਮਰਜ਼ੀ ਆ ਜਾਵੇ। ਗੋਰੇ ਨੂੰ ਘਰੇ ਨ੍ਹੀਂ ਵੜਨ ਦੇਣਾ।"

ਸਾਨੂੰ ਇੱਕ ਨਵੇਂ ਖਦਸੇ ਨੇ ਘੇਰ ਲਿਆ ਕਿ ਜੇ ਨਿੰਦਰ ਦੀ ਸ਼ਰਾਬ ਪੀਣ ਦੀ ਮਾਤਰਾ ਐਦਾਂ ਹੀ ਵੱਧਦੀ ਗਈ ਤਾਂ ਜਾਂ ਤਾਂ ਉਸ ਨੇ ਆਪਣੇ ਫੇਫੜੇ ਗਾਲ ਲੈਣੇ ਜਾਂ ਸੋਚ ਸੋਚ ਕੇ ਪਾਗਲ ਹੋ ਜਾਣਾ। ਉਹ ਆਪਣੀ ਧੀ ਨੂੰ ਦੇਖਿਆਂ ਬਿਨਾਂ ਨਹੀਂ ਰਹਿ ਸਕਦਾ। ਉਹ ਤਾਂ ਕਹਿੰਦਾ ਹੁੰਦਾ ਸੀ ਕਿ ਉਸ ਜੀਤੀ ਦਾ ਵਿਆਹ ਉਸ ਮੁੰਡੇ ਨਾਲ ਕਰਨਾ ਜਿਹੜਾ ਘਰ ਜਵਾਈ ਬਣਨ ਨੂੰ ਮੰਨੇ।

ਐਦਾਂ ਓਦਾਂ ਕਰਦਿਆਂ ਚਾਰ ਸਾਲ ਬੀਤ ਗਏ।

ਜੀਤੀ ਦਾ ਮੁੰਡਾ ਦੋ ਸਾਲਾਂ ਦਾ ਹੋ ਗਿਆ। ਉਸ ਨੇ ਆਪਣੇ ਮੁੰਡੇ ਦੇ ਜਨਮ ਦਿਨ 'ਤੇ ਨਿੰਦਰ ਤੇ ਸੱਤੀ ਨੂੰ ਆਉਣ ਲਈ ਫੋਨ ਕੀਤਾ। ਨੈਕਲੈਸ ਨੇ ਵੀ ਫੋਨ ਕੀਤਾ। ਸੱਤੀ ਨੇ ਅਮਨਦੀਪ ਕੋਲੋਂ ਸਲਾਹ ਮੰਗੀ। ਅਮਨਦੀਪ ਨੇ ਕਿਹਾ, "ਪਾਧਾ ਨਾ ਪੁੱਛੋ। ਮੈਂ ਭਾਜੀ ਨੂੰ ਹੁਣੇ ਫੋਨ ਕਰਦੀ ਆਂ ਕਿ ਕੁੜੀ ਨਾ ਸਹੀ ਆਪਣੇ ਦੋਹਤੇ ਨੂੰ ਤਾਂ ਦੇਖਣ ਜਾਉ।"

ਸੱਤੀ ਤੇ ਉਹਨੂੰ ਪੈਰਿਸ ਦੇ ਹਵਾਈ ਅੱਡੇ ਤੋਂ ਮਹਿੰਗੀ ਕਾਰ 'ਚ ਨੈਕਲੈਸ ਦੇ ਵੱਡੇ ਘਰ ਲੈ ਜਾਇਆ ਗਿਆ। ਪੰਜਵੇਂ ਦਿਨ ਨਿੰਦਰ ਦਾ ਫੋਨ ਆਇਆ, "ਸਰੂਪ ਉਹ ਤਾਂ ਸਾਡੇ ਨਾਲੋਂ ਬਹੁਤ ਤਕੜੇ ਨੇ। ਛੋਟੀ ਜਿਹੀ ਪਾਰਟੀ ਰੱਖੀ ਸੀ। ਗਿਣਤੀ-ਮਿਣਤੀ ਦੇ ਬੰਦੇ ਸੀ। ਪਰ ਸੇਵਾ ਵੱਲੋਂ ਕੋਈ ਕਮੀ ਨ੍ਹੀਂ ਸੀ। ਬਹੁਤ ਮਹਿੰਗੀ ਸ਼ਰਾਬ। ਮੈਨੂੰ ਤਾਂ ਹੁਣ ਨਾਂ ਵੀ ਯਾਦ ਨ੍ਹੀਂ ਆ ਰਹੇ। ਕੱਲ੍ਹ ਕੁੜਮ ਸਾਹਿਬ ਆਪਣਾ ਫਾਰਮ ਹਾਊਸ ਦਿਖਾਉਣ ਲੈ ਗਏ। ਦੋ ਸੌ ਖਤਿਆਂ ਦਾ ਮਾਲਕ ਆ ਆਪਣਾ ਜੁਆਈ। ਪੰਦਰਾਂ-ਵੀਹ ਤਾਂ ਘੋੜੇ ਹੀ ਹੋਣੇ ਨੇ। ਦੋ ਵੱਡੇ ਟਰੈਕਟਰ। ਇੱਕ ਛੋਟਾ ਟਰੈਕਟਰ ਖੇਤਾਂ 'ਚ ਘੁੰਮਾਉਣ ਲਈ। ਮੈਂ ਆਪਣੇ ਕੁੜਮ ਨੂੰ ਦੱਸਿਆ ਕਿ ਅਸੀਂ ਜੱਟ-ਫਾਰਮਰ ਹੁੰਦੇ ਆਂ। ਉਹ ਸੁਣ ਕੇ ਬੜਾ ਖੁਸ਼ ਹੋਇਆ। ਸਭ ਤੋਂ ਵੱਡੀ ਗੱਲ ਤਾਂ ਇਹੀ ਆ ਕਿ ਉਹ ਵੀ ਸਾਡੇ ਵਾਂਗ ਜੱਟ ਨੇ। ਗੋਰੇ ਜੱਟ...ਚਲ ਹੁਣ ਅਮਨ ਨਾਲ ਗੱਲ ਕਰਾ.....।"

(**ਸੰਪਰਕ-98148-03254**)





## ਕਹਾਣੀ / ਓਹੀ ਗੱਲ ਹੋਈ. . ./ - ਰਘਬੀਰ ਸਿੰਘ ਮਾਨ

ਮਿਹਰ, ਮੋਬਾਇਲ 'ਤੇ ਗੇਮ ਖੇਡਣ ਵਿਚ ਰੁਝੀ ਹੋਈ ਸੀ। ਤਨਵੀਰ, ਆਪਣੇ ਕਮਰੇ ਵਿਚ ਪੜ੍ਹ ਰਿਹਾ ਸੀ। ਕੇਸਰ, ਦੁਪਹਿਰ ਦਾ ਸ਼ਹਿਰ ਗਿਆ ਅਜੇ ਮੁੜਿਆ ਨਹੀਂ ਸੀ। ਰਾਤ ਸਹਿਜੇ-ਸਹਿਜੇ ਸਵੇਰ ਵੱਲ ਖਿਸਕ ਰਹੀ ਸੀ।

ਕਿੰਦਰ, ਬੈੱਡ ਨਾਲ ਢੋਅ ਲਾ ਸੋਚਾਂ ਵਿਚ ਤਿਲਕ ਗਈ।

ਦੁਪਹਿਰੇ, ਲਿਸ਼ਕ-ਪੁਸ਼ਕ ਕੇ ਕੇਸਰ ਅੰਦਰੋਂ ਨਿਕਲਿਆ। ਉਹਦੇ ਦੁਆਲ਼ਿਓਂ ਵਿਦੇਸ਼ੀ ਪ੍ਰਫਿਊਮ ਦੀ ਮਹਿਕ ਸਾਰੇ ਵਿਹੜੇ ਵਿਚ ਫੈਲ ਗਈ। ਕਿੰਦਰ ਦਾ ਧਿਆਨ ਉਸ ਵੱਲ ਖਿੱਚਿਆ ਗਿਆ। ਕੇਸਰ ਨੇ ਗੱਡੀ ਦੀ ਚਾਬੀ ਚੁੱਕੀ । ਉਂਗਲੀ 'ਚ ਪਾ ਕੇ ਘੁਮਾਈ ਤੇ ਗੱਡੀ ਵੱਲ ਚੱਲ ਗਿਆ। ਕਿੰਦਰ ਉਹਦੇ ਨੇੜੇ ਆਈ ਤੇ ਪੁੱਛਿਆ,

"ਆੜ੍ਹਤੀਏ ਦੀ ਲੜਕੀ ਦਾ ਵਿਆਹ ਤਾਂ ਰਾਤ ਨੂੰ ਐਂ। ਤੁਸੀਂ ਹੁਣੇ ਈ. . .?"

"ਬਈ ਸੌ ਕੰਮ ਹੁੰਦੇ ਆ ਬੰਦੇ ਨੂੰ. . .।" ਕੇਸਰ ਨੇ ਕਿੰਦਰ ਦੇ ਮੂੰਹੋਂ ਗੱਲ ਖੋਹੀ। "ਸ਼ਾਮ ਤੱਕ ਉਹ ਮੁਕਾਅ ਲਊਂਗਾ। ਰਾਤ ਨੂੰ ਆੜ੍ਹਤੀਏ ਨੂੰ ਸ਼ਗਨ ਫੜਾ ਆਊਂ।" ਅੱਜ ਕੇਸਰ ਦੀਆਂ ਹਰਕਤਾਂ ਚਾਮ੍ਹਲੇ ਜੁਆਕੜੇ ਵਾਂਗ ਲੱਗ ਰਹੀਆਂ ਸਨ। ਕਿੰਦਰ ਨੂੰ ਉਹਦਾ ਚਾਮ੍ਹਲਿਆ ਜਿਹਾ ਚਾਅ ਸ਼ੱਕੀ ਲੱਗਾ। ਉਸ ਦਾ ਮੱਥਾ ਠਣਕਿਆ।

"ਹੋਰ ਕਿੰਨ-ਕਿੰਨ ਜਾਣਾ ਵਿਆਹ. . .?"

"ਬਥੇਰੇ ਜੱਟਾਂ ਜਾਣਾ। ਜਿਹੜੇ ਉਹਦੇ ਫ਼ਸਲ ਸਿੱਟ ਦੇ ਆ।"

"ਸ਼ਹਿਰ 'ਚ ਸੌ ਕੰਮ ਹੋਰ ਕਿਹੜੇ ਆ ਥੁਆਡੇ. . .?"

"ਕਿੰਦਰ, ਤੂੰ ਸਵਾਲ ਬੜੇ ਪੁੱਛਣ ਲੱਗ ਗਈਂ ਏਂ . . .?"

"ਪਤਨੀ ਐਂ ਤੁਆਡੀ, ਹੱਕ ਐ ਮੇਰਾ . . .।" ਕਿੰਦਰ ਰੋਅਬ ਵਿਚ ਬੋਲੀ।

"ਲੈ ਫੇਅ ਸੁਣ . . .।" ਕੇਸਰ ਨੇ ਗੁੱਸਾ ਜਿਹਾ ਖਾ ਉਂਗਲਾਂ 'ਤੇ ਕੰਮ ਗੁਣਾਉਂਣੇ ਸ਼ੁਰੂ ਕੀਤੇ, "ਸੁਸੈਟੀ 'ਚੋਂ ਡਾਇਆ ਖਾਦ ਦਾ ਪਤਾ ਕਰਨਾ। ਖੇਤੀਬਾੜੀ ਮਹਿਕਮੇ ਦੇ ਦਫ਼ਤਰੋਂ ਸਪੇਰਅ ਬਾਰੇ ਸਲਾਹ ਲੈਣੀ। ਬਿਹਾਰ ਨੂੰ ਸ਼ੰਕਰ ਦੇ ਪੈਸੇ ਭੇਜਣ ਦਾ ਕੰਮ। ਗੱਡੀ ਦੀ ਸਰਵਿਸ ਅਤੇ ਲਾਇਨਮੈਂਟ ਕਰਾਉਂਣੀ ਤੇ ਆੜ੍ਹਤੀਏ ਦੀ ਕੁੜੀ ਦਾ ਸ਼ਗਨ ਦੇਣਾ, ਵਗੈਰਾ, ਵਗੈਰਾ। ਬਸ, ਹੋ ਗੀ ਤਸੱਲੀ. . .?" ਖਰ੍ਹਵੀਂ ਤਰ੍ਹਾਂ ਕੰਮਾਂ ਦਾ ਵੇਰਵਾ ਦੇ, ਉਸ ਕਿੰਦਰ ਵੱਲ ਕੌੜਾ ਜਿਹਾ ਦੇਖਿਆ।

"ਕਿੰਨੇ ਵਜੇ ਮੁੜੋਗੇ. . .?"

"ਕਿਉਂ, ਤੂੰ ਘਰ ਵੜ੍ਹਦੇ ਨੂੰ ਤੇਲ ਚੋਣਾਂ. . .?"

"ਤੇਲ ਚੋਣ ਦੀ ਗੱਲ ਨ੍ਹੀਂ ਜੀ। ਫੇਅ ਵੀ ਬਾਹਰ ਗਏ ਬੰਦੇ ਦੀ ਉਡੀਕ ਤਾਂ ਹੁੰਦੀ ਆ।"

"ਰਾਤ ਦੇ ਦਸ-ਗਿਆਰਾਂ ਤਾਂ ਵੱਜਣਗੇ ਈ ।" ਕੇਸਰ ਬੇਪਰਵਾਹੀ ਨਾਲ ਬੋਲਿਆ। ਟਪੂਸੀ ਮਾਰ ਗੱਡੀ ਦੀ ਸੀਟ 'ਤੇ ਜਾ ਬੈਠਾ।

****

ਸਾਰੇ ਦਿਨ ਦੀ ਥੱਕੀ ਕਿੰਦਰ ਨੂੰ ਬੈੱਡ 'ਤੇ ਬੈਠਿਆਂ ਅਜੇ ਘੜੀ-ਪਲ ਹੀ ਹੋਇਆ ਸੀ ਕਿ ਮੋਬਾਇਲ ਫੋਨ ਦੀ ਰਿੰਗ ਵੱਜੀ। ਗੇਮ ਖੇਲਦੀ ਮਿਹਰ ਨੇ ਫੋਨ, ਮਾਂ ਵੱਲ ਵਧਾਇਆ।

"ਦੀਦੀ, ਅੱਜ ਬੈਸਟ ਪ੍ਰਾਈਸ ਵਿਚ ਸ਼ੌਪਿੰਗ ਕੀਤੀ ਐ . . .?" ਫੋਨ ਪਿੰਕੀ ਦਾ ਸੀ।

"ਨਹੀਂ ਤਾਂ. . . ।" ਕਿੰਦਰ ਸੁਚੇਤ ਜਿਹੀ ਹੁੰਦੀ ਬੋਲੀ ।

"ਸ਼ੈਦ, ਮੈਂ ਖਿਆ, ਸ਼ੌਪਿੰਗ ਕਰਨ ਗਏ ਹੋਵੋਗੇ।"

"ਤੂੰ ਕਿਉਂ ਪੁੱਛ ਰਹੀ ਏ.. .?"

"ਮੈਂ ਜੀਜਾ ਜੀ ਦੀ ਗੱਡੀ ਬੈਸਟ ਪ੍ਰਾਈਸ 'ਚ ਇੰਟਰ ਹੁੰਦੀ ਦੇਖੀ ਸੀ।"

"ਪਿੰਕੀ, ਮੈਂ ਤਾਂ ਸਵੇਰ ਦੀ ਘਰ ਈ ਆਂ. . .। ਕਿਧਰੇ ਨੀਂ ਗਈ।"

"ਫੇਅ ਦੀਦੀ ਓਹ ਕੌਣ ਹਉ. . .? ਜਿਹੜੀ ਜੀਜਾ ਜੀ ਨਾਲ ਮੋਹਰਲੀ ਸੀਟ 'ਤੇ ਬੈਠੀ ਸੀ।"

ਪਿੰਕੀ ਦੀ ਗੱਲ ਸੁਣਦਿਆਂ ਕਿੰਦਰ ਦੇ ਕੰਨੀਂ ਮੱਘਦੇ ਕੋਲੇ ਪਏ । ਪੈਰੋਂ ਜ਼ਮੀਨ ਖਿਸਕੀ। ਦੇਹ ਝੂਠੀ ਜਿਹੀ ਹੋ ਗਈ। ਕਾਲਜਾ ਧੜਕਿਆ। ਅੱਜ ਕੇਸਰ ਦੇ ਜਾਣ ਸਮੇਂ ਜੋ ਕਿੰਦਰ ਦੇ ਮਨ ਵਿਚ ਸ਼ੱਕ ਸੀ, ਉਹ ਯਕੀਨ ਵਿਚ ਬਦਲਣ ਲੱਗਾ।

"ਪਿੰਕੀ ਤੂੰ ਕਿਥੇ ਸੀ?" ਹਲਕੀ ਜਿਹੀ ਪੈ, ਕਿੰਦਰ ਘਬਰਾਹਟ ਵਿਚ ਬੋਲੀ

"ਅਸੀਂ ਹਵੇਲੀ, ਸ਼ਾਮ ਦਾ ਖਾਣਾ ਖਾਣ ਜਾ ਰਹੇ ਸੀ। ਅਵੀਰ ਦੇ ਪਾਪਾ ਦੇ ਦੋਸਤ ਨੇ ਇਨਵਾਈਟ ਕੀਤਾ ਸੀ।"

"ਪਿੰਕੀ, ਤੈਨੂੰ ਭਲੇਖਾ ਲੱਗਾ ਹਉ।" ਕਿੰਦਰ, ਕੇਸਰ ਦੇ ਹੱਕ ਵਿਚ ਬੋਲੀ।

"ਨਹੀਂ ਦੀਦੀ, ਮੈਨੂੰ ਜੀਜਾ ਜੀ ਦੀ ਗੱਡੀ ਦੇ ਫੇਬਰੈਟ ਨੰਬਰ ਤੋਂ ਪਛਾਣ ਐ. . .। ਜਿਹੜਾ ਉਹਨਾਂ ਪਿੱਛਲੇ ਸ਼ੀਸ਼ੇ 'ਤੇ ਮੋਟਾ ਕਰਕੇ ਲਿਖਾਇਆ ਹੋਇਐ।"

"ਪੱਕੀ ਗੱਲ ਐ, ਮੋਹਰਲੀ ਸੀਟ 'ਤੇ ਕੋਈ ਔਰਤ ਈ ਬੈਠੀ ਸੀ?"

"ਦੀਦੀ, ਪੱਕਾ ਤਾਂ ਕਹਿ ਨ੍ਹੀਂ ਸਕਦੀ। ਝਾਉਲਾ ਜਿਹਾ ਪਿਆ ਸੀ। ਅੱਖ ਝਮਕਣ ਜਿੰਨੇ ਸਮੇਂ ਵਿਚ ਹੀ ਤਾਂ ਸਭ ਕੁਝ ਵਾਪਰਿਆ ਸੀ।"

"ਕਮਲ਼ੀਏ, ਤੂੰ ਉਹਨਾਂ ਦੇ ਪਿੱਛੇ ਜਾ ਕੇ ਚੰਗੀ ਤਰ੍ਹਾਂ ਤਾਂ ਦੇਖਦੀ ।"



"ਦੀਦੀ ਕਿਵੇਂ ਪਿੱਛੇ ਜਾਂਦੀ. . .? ਥੋਨੂੰ ਤਾਂ ਪਤਾ ਈ ਐ। ਜੀਜਾ ਜੀ ਤਾਂ ਮੇਰੇ ਨਾਲ ਓਦੋਂ ਦੇ ਈ ਖਾਰ ਖਾਂਦੇ ਆਂ। ਜਦੋਂ ਮੈਂ ਉਹਨਾਂ ਨੂੰ ਖਰ੍ਹਵਾਂ ਬੋਲੀ ਸੀ।" ਪਿੰਕੀ ਸੰਜੀਦਾ ਹੋ ਗਈ ਸੀ, "ਜੇ ਸੱਚੀਂ ਕੋਈ ਗੜਬੜ ਹੁੰਦੀ ਤਾਂ ਉਹ ਮੇਰੇ ਨਾਲ ਕਿਹੜੀ ਘੱਟ ਕਰਦੇ. . .? ਮੈਂ ਤਾਂ ਡਰਦੀ ਰਹਿੰਨੀ ਆਂ, ਕਿਤੇ ਜੀਜਾ ਜੀ, ਮੈਥੋਂ ਬਦਲਾ ਲੈਣ ਲਈ, ਅਵੀਰ ਦੇ ਡੈਡੀ ਨੂੰ ਮੇਰੇ ਬਾਰੇ ਉਲਟਾ-ਸਿੱਧਾ ਨਾ ਆਖ ਦੇਣ । ਦੀਦੀ ਮੈਨੂੰ ਕੀ ਪਤਾ ਸੀ। ਐਹ ਗੱਲ ਐ। ਤੁਸੀਂ ਦੁੱਖੀ ਹੋਏ ਓ। ਸੌਰੀ. . .।" ਪਿੰਕੀ ਪਲ ਕੁ ਅਟਕੀ। "ਚੰਗਾ ਹੁੰਦਾ ਮੈਂ ਤੁਆਨੂੰ ਫ਼ੋਨ ਨਾ ਈ ਕਰਦੀ।"

ਕਿੰਦਰ, ਪਿੰਕੀ ਦਾ ਫੋਨ ਸੁਣ ਸੁੰਨ ਜਿਹੀ ਹੋ ਗਈ। ਉਹਨੂੰ ਰੱਤ ਸੁਕਦੀ ਲੱਗੀ । ਨੀਂਦ ਨਾਲ ਮਿਚਦੀਆਂ ਜਾਂਦੀਆਂ ਅੱਖਾਂ ਤਾੜੇ ਲੱਗ ਗਈਆਂ । ਪੈਰੋਂ ਉੱਠੀ ਝਰਨਾਹਟ ਸਿਰ ਨੂੰ ਚੜ੍ਹਦੀ ਲੱਗੀ। ਉਹਦਾ ਕੰਧੀਂ ਸਿਰ ਭੰਨਣ ਨੂੰ ਚਿੱਤ ਕੀਤਾ। ਮਿਹਰ ਨੇ ਮੁੜ ਮਾਂ ਕੋਲੋਂ ਫੋਨ ਫੜ ਲਿਆ ਸੀ।

ਬੈੱਡ ਨਾਲ ਢੋਹ ਲਾਈ, ਕਿੰਦਰ ਦੀ ਸੁਰਤੀ ਪਿੱਛੇ ਚਲੇ ਗਈ। ਅਜੇ ਪਿੰਕੀ ਦਾ ਵਿਆਹ ਨਹੀਂ ਸੀ ਹੋਇਆ। ਇਕ ਦਿਨ, ਉਹ, ਡਾਢੇ ਚਾਅ ਵਿਚ, ਕੇਸਰ ਨਾਲ ਪੇਕੇ ਗਈ । ਕੇਸਰ, ਆਪਣੀ ਸੱਸ ਦੇ ਪੈਰੀਂ ਹੱਥ ਲਾ ਬੈਠਕ ਵਿਚ ਜਾ ਬੈਠਾ। ਕਿੰਦਰ, ਬਾਹਰ ਵਿਹੜੇ ਵਿੱਚ ਆਪਣੀ ਬੀਜੀ ਕੋਲ ਹੀ ਬੈਠ ਗਈ। ਪਿੰਕੀ, ਕੇਸਰ ਨੂੰ ਬੈਠਕ ਵਿਚ ਪਾਣੀ ਫੜੌਣ ਗਈ ਤਾਂ ਕੇਸਰ ਨੇ ਉਹਦੀ ਬਾਂਹ, ਗੁੱਟ ਤੋਂ ਘੁੱਟ ਕੇ ਫੜ ਲਈ ਸੀ।

"ਦੀਦੀ. . .।" ਪਿੰਕੀ ਨੇ ਜ਼ੋਰ ਨਾਲ ਬਾਂਹ ਛੁਡਾਅ ਅੰਦਰੋਂ ਆਵਾਜ਼ ਮਾਰੀ। ਜਦ ਕਿੰਦਰ, ਬੈਠਕ ਵਿਚ ਗਈ ਤਾਂ ਪਿੰਕੀ ਗੁੱਸੇ ਵਿਚ ਮੱਚ ਰਹੀ ਸੀ। ਉਸਨੇ ਕੇਸਰ ਦੀ ਹਰਕਤ ਬਾਰੇ ਦੱਸਿਆ।

"ਜੀਜਾ ਜੀ, ਦੀਦੀ ਨਾਲ ਈ ਸਬਰ ਕਰੋ। ਮੇਰੇ ਤੋਂ ਇਹ ਆਸ ਨਾ ਰੱਖਿਓ। ਮੈਂ ਵੀ ਕਿਹੇ ਦੀ ਅਮਾਨਤ ਆਂ।" ਗੁੱਸੇ ਵਿਚ ਪਿੰਕੀ ਦੇ ਬੁੱਲ੍ਹ ਕੰਬ ਰਹੇ ਸਨ। "ਮੈਨੂੰ ਏਦਾਂ ਦੀ ਕੁੜੀ ਨਾ ਸਮਝਿਓ।"

"ਪਿੰਕੀ ਹੌਲੀ ਬੋਲ. . .। ਕੀ ਹੋ ਗਿਆ ? ਤੇਰੀ ਬਾਂਹ ਈ ਫੜੀ ਆ ਨਾ। ਕੋਈ ਆਖਰ ਤਾਂ ਨ੍ਹੀਂ ਆ ਗਈ। ਜੀਜਾ-ਸਾਲੀ ਓ ਆਖਰ. . .। ਭੈਣਾਂ ਤੇ ਧੀਆਂ ਵਰਗਾ ਰਿਸ਼ਤਾ ਹੁੰਦਾ ਇਹ।" ਕਿੰਦਰ ਨੇ ਪਿੰਕੀ ਨੂੰ ਝਿੜਕਿਆ।

"ਦੀਦੀ, ਜੇ ਕਿਹੇ ਦੇ ਮਨ 'ਚ ਖੋਟ ਹੋਵੇ ਫੇਅ. . .?" ਪਿੰਕੀ ਰੋਣਹਾਕੀ ਹੁੰਦਿਆਂ ਤਲਖ਼ ਹੋ ਗਈ।

"ਜੀ ਤੁਆਨੂੰ ਮੇਰੇ ਨਾਲ ਰੱਜ ਨ੍ਹੀਂ. . .? ਹੋਸ਼ ਕਰੋ ਕੁਸ਼. . .।" ਕਿੰਦਰ, ਕੇਸਰ ਵੱਲ ਦੇਖ ਗੁੱਸੇ ਵਿਚ ਉੱਬਲੀ, "ਜੇ ਪਿੰਕੀ ਨੂੰ ਚਾਹੁੰਦੇ ਓ ਤਾਂ ਬੋਲੋ ਬੀਜੀ ਨੂੰ ਕਹਾਂ ਏਹਦੀਆਂ ਵੀ ਲਾਵਾਂ ਤੁਆਡੇ ਨਾਲ ਦੇ ਦੇਣ।"

"ਮੈਂ ਏਹਦਾ ਕੁਸ਼ ਲਾਹ ਲਿਆ. . .?" ਕੇਸਰ ਵੀ ਅੱਗਿਓਂ ਗੁੱਸੇ 'ਚ ਬੋਲਿਆ।

"ਪਿੰਕੀ, ਰਿਲੈਕਸ ਪਲੀਜ਼. . .। ਮੰਮੀ ਕੋਲ ਗੱਲ ਨਾ ਕਰੀਂ।" ਕਿੰਦਰ ਨੇ ਪਿੰਕੀ ਦਾ ਕਲ਼ਾਵਾ ਭਰਿਆ। ਕੇਸਰ ਵੱਲ ਧਿਆਨ ਨਾ ਦਿੰਦੀ ਹੋਈ, ਪਿੰਕੀ ਨੂੰ ਬਾਹਰ ਲੈ ਆਈ। ਕਿੰਦਰ ਦਾ ਪੇਕੀਂ ਆਉਣ ਦਾ ਸਾਰਾ ਚਾਅ ਕਿਰਕਿਰਾ ਹੋ ਗਿਆ ।

ਇਸ ਘਟਨਾ ਤੋਂ ਬਾਅਦ ਪਿੰਕੀ, ਕਦੀ ਵੀ ਇਕਾਂਤ ਵਿਚ ਕੇਸਰ ਦੇ ਸਾਹਮਣੇ ਨਾ ਆਈ । ਨਾ ਹੀ ਕਦੀ ਉਹਨੇ, ਕੇਸਰ ਨੂੰ ਸਾਲੀਆਂ ਵਰਗੇ ਮਜ਼ਾਕ ਹੀ ਕੀਤੇ। ਆਪਣੇ ਤੇ ਕੇਸਰ ਦੇ ਵਿਚਕਾਰ ਉਹਨੇ ਲੀਕ ਖਿੱਚ ਦਿਤੀ ।

ਅੱਜ, ਪਿੰਕੀ ਨੇ ਫ਼ੋਨ 'ਤੇ ਜੋ ਬੈਸਟ ਪ੍ਰਾਈਸ ਵਾਲੀ ਘਟਨਾ ਦੱਸੀ ਸੀ, ਕਿੰਦਰ ਨੂੰ ਉਹ ਸੱਚ ਜਾਪਣ ਲੱਗੀ। ਉਹਨੂੰ ਲੱਗਿਆ ਜਿਵੇਂ ਪਿੰਕੀ ਨੇ ਕੇਸਰ ਦੇ ਡਰ ਵਿਚ ਉਹਦੇ ਤੋਂ ਬਹੁਤ ਕੁਝ ਲੁਕਾਅ ਲਿਆ ਹੋਵੇ। ਜ਼ਿਹਨ ਦੇ ਪਰਦੇ 'ਤੇ ਉਕਰੀ ਸ਼ੱਕ ਦੀ ਛਾਪ ਨੂੰ ਜਿਉਂ-ਜਿਉਂ ਕਿੰਦਰ ਮੇਟਣ ਦੀ ਕੋਸ਼ਿਸ਼ ਕਰਦੀ, ਉਹ ਹੋਰ

ਜ਼ਿਆਦਾ ਉਘੜ ਰਹੀ ਸੀ।

ਬੈੱਡ ਨਾਲ ਢੋਹ ਲਾਈ ਉਹ ਇਕਦਮ ਬੈਠੀ, ਖਿੱਝ ਕੇ ਮਿਹਰ ਤੋਂ ਫੋਨ ਖੋਹਿਆ। ਬੇਦਿਲੀ ਨਾਲ ਆਪਣੇ ਨੌਕਰ ਸ਼ੰਕਰ ਦਾ ਨੰਬਰ ਲਗਾਇਆ।

"ਜੀ ਬੀਬੀ ਜੀ, ਕਾ ਬਾਤ ਐ. . .?" ਸ਼ੰਕਰ ਦੀ ਆਵਾਜ਼ ਆਈ।

"ਸ਼ੰਕਰ, ਆਜ ਤੁਨੇ ਸਾਬ ਕੋ, ਗਰ ਪੈਸਾ ਬੇਜਨੇ ਕੋ ਬੋਲਾ ਹੈ?"

"ਨਹੀਂ ਬੀਬੀ ਜੀ, ਦਸ ਰੋਜ਼ ਪਹਿਲੇ ਤੋ ਬੇਜਾ ਥਾ। ਅੱਬ ਕਹਾਂ ਸੇ ਬੇਜੂੰਗਾ?"

"ਓ.ਕੇ. ਠੀਕ ਐ। ਸੌਂ ਜਾ. . .।" ਕਿੰਦਰ ਨੇ ਹਾਉਕਾ ਖਿੱਚਿਆ।

ਸ਼ੰਕਰ ਦੇ ਮੂੰਹੋਂ ਸੁਣੇ ਸੱਚ ਨਾਲ, ਪਿੰਕੀ ਦੀ ਦੱਸੀ ਗੱਲ ਉਹਨੂੰ ਪੂਰੀ ਤਰ੍ਹਾਂ ਸੱਚ ਜਾਪਣ ਲੱਗੀ। ਕਿੰਦਰ ਦੇ ਜ਼ਿਹਨ ਵਿਚ ਬਹੁਤ ਕੁਝ ਬੁਝਦਾ ਚਲਾ ਗਿਆ। ਅੰਗ-ਅੰਗ ਵਿਚ ਜਿਵੇਂ ਚੀਸਾਂ ਪੈਣ ਲੱਗੀਆਂ। ਜੀਅ ਕਾਹਲਾ ਪੈਣ ਲੱਗਿਆ। ਉਹ, ਕੇਸਰ ਦੀ ਬੇਇਤਬਾਰੀ ਵਿਚ ਮੱਚਣ ਲੱਗੀ।

'ਕੇਸਰ ਕਿੰਨਾ ਝੂਠ ਬੋਲਦਾ ਐ . . .।' ਤੜਫ਼ਦਿਆਂ ਉਸ ਦਾ ਹਾਉਕਾ ਨਿਕਲ ਗਿਆ। ਕੇਸਰ 'ਤੇ ਕੀਤੇ ਵਿਸ਼ਵਾਸ ਦੀ ਚਿੱਖਾ ਉਹਦੇ ਜ਼ਿਹਨ ਵਿਚ ਲਟਾ-ਲਟ ਬੱਲ਼ ਉਠੀ।

ਮਿਹਰ ਸੌਂ ਗਈ ਸੀ। ਕਿੰਦਰ, ਬੈੱਡ ਦੀ ਢੋਹ ਨਾਲ ਪਿੱਠ ਲਾਈ, ਸੋਚਾਂ ਨਾਲ ਘੁੱਲ਼ ਰਹੀ ਸੀ। ਏ.ਸੀ. ਨਾਲ ਕਮਰਾ ਕਾਫੀ ਠੰਡਾ ਹੋ ਗਿਆ ਸੀ। ਮਿਹਰ ਸੁੰਗੜੀ ਪਈ ਸੀ। ਕਿੰਦਰ ਨੇ ਅੱਗੇ ਵੱਧ ਕੇ ਬੈੱਡ ਦੀ ਪੌਂਦ ਵੱਲ ਪਿਆ ਹਲਕਾ ਜਿਹਾ ਕੰਬਲ ਉਹਦੇ ਉਪਰ, ਮੋਢਿਆਂ ਤੱਕ ਦੇ ਕੇ, ਉਹਦਾ ਮੱਥਾ ਚੁੰਮਿਆ।

ਸ਼ੱਕ ਦੀ ਭੱਠੀ ਵਿਚ ਤੜ-ਤੜ ਮੱਚਦੀ ਅਤੇ ਸੋਚਾਂ ਵਿਚ ਉਲਝੀ ਨੂੰ ਪਤਾ ਨਾ ਲੱਗਾ, ਕਦੋਂ ਨੀਂਦ ਦੀ ਗੋਦ ਵਿਚ ਜਾ ਡਿੱਗੀ ।

"ਸ਼ੰਕਰ ਦੇ ਪੈਸੇ ਤਾਂ ਦਸ ਦਿਨ ਪਹਿਲਾਂ ਸੈਂਡ ਕੀਤੇ ਸੀ। ਹੁਣ ਹੋਰ ਕੀਤੇ ਆ. . .?" ਸਵੇਰ ਦੀ ਚਾਹ ਪੀਂਦਿਆਂ ਕਿੰਦਰ ਨੇ ਮਨ ਵਿਚ ਉਬਲ ਰਹੇ ਗੁੱਸੇ ਵਿਚ ਪੁੱਛਿਆ।

"ਓ ਗੁਰੂ, ਪੈਸੇ ਸੈਂਡ ਨੀਂ ਸੀ ਕੀਤੇ। ਹੁਣ ਤਾਂ ਬੈਂਕ ਤੋਂ ਕਨਫਰਮ ਈ ਕਰਨਾ ਸੀ ਕਿ ਪੈਸੇ ਚਲੇ ਗਏ ਕਿ ਨਹੀਂ। ਬੈਂਕ ਤੋਂ ਕੋਈ ਮੈਸਿਜ਼ ਨਹੀਂ ਸੀ ਆਇਆ।"

"ਤੁਸੀਂ ਪੈਸੇ ਸੈਂਡ ਕਰਨ ਬਾਰੇ ਕਿਹਾ ਸੀ।"

"ਪਤਾ ਨ੍ਹੀਂ. . .। ਏਦਾਂ ਕਹਿ ਹੋ ਗਿਆ ਹਊਗਾ।" ਕੇਸਰ ਲਾਪਰਵਾਹੀ ਤੇ ਚਲਾਕੀ ਜਿਹੀ ਵਿਚ ਬੋਲਿਆ। ਕਿੰਦਰ, ਮਨੋਂ-ਮਨੀਂ ਤਪਦੀ ਚੁੱਪ ਹੋ ਗਈ।

ਸ਼ੱਕ ਦਾ ਕੀੜਾ ਕਿੰਦਰ ਦੇ ਜ਼ਿਹਨ ਵਿਚ ਸੁਰਲ-ਸੁਰਲ ਕਰਦਾ ਰਿਹਾ। ਪਿੰਕੀ ਦੇ ਆਏ ਫ਼ੋਨ ਦਾ ਉਸ, ਕੇਸਰ ਕੋਲ, ਧੂੰਅ ਨਾ ਕੱਢਿਆ। ਦਿਲ 'ਤੇ ਪੱਥਰ ਰੱਖ ਕੇ ਜਰ ਲਿਆ ਤੇ ਅੱਗੇ ਤੋਂ ਹੋਰ ਅਲਰਟ ਹੋ ਗਈ।

ਘਰ ਵਿਚ ਸਾਫ਼-ਸਫਾਈ 'ਤੇ ਪੋਚੇ ਲਾਉਣ ਦਾ ਕੰਮ ਹੁਣ ਕਿੰਦਰ ਨੂੰ ਔਖਾ ਲੱਗ ਰਿਹਾ ਸੀ। ਬੱਚਿਆਂ ਨੂੰ ਸਕੂਲ ਲਈ ਤਿਆਰ ਕਰਨਾ। ਸ਼ੰਕਰ ਲਈ ਚਾਹ-ਰੋਟੀ ਬਨਾਉਣਾ। ਧਾਰ ਡੋਕੇ ਅਤੇ ਸਾਫ਼-ਸਫ਼ਾਈ ਦਾ ਕੰਮ, ਕਪੜਿਆਂ ਦੀ ਧੋਆ-ਧੁਆਈ ਜਿਹੇ ਸਾਰੇ ਕੰਮ ਕਰਦਿਆਂ ਉਹ ਥੱਕ ਜਾਂਦੀ। ਸਾਰਾ ਦਿਨ ਚੱਲੋ-ਚੱਲ ਰਹਿੰਦੀ ਸੀ। ਘਰ 'ਚ ਕੰਮ ਆਲ਼ੀ ਰੱਖਣ ਲਈ ਉਹਨੇ ਕੇਸਰ ਨਾਲ ਗੱਲ ਕੀਤੀ। ਕੇਸਰ ਝੱਟ ਮੰਨ ਗਿਆ।

ਬਾਹਰਲੀ ਅਬਾਦੀ ਦੇ ਦਰਸ਼ਨ ਦੀ ਘਰਵਾਲੀ, ਪ੍ਰੇਮਾ ਅਕਸਰ ਕਿੰਦਰ ਨੂੰ ਰਾਹ ਜਾਂਦਿਆਂ ਬੁਲਾਅ ਲੈਂਦੀ ਸੀ। ਪ੍ਰੇਮਾ, ਕਿੰਦਰ ਨੂੰ ਮਨੋ-ਮਨੀਂ ਚੰਗੀ ਲੱਗਦੀ ਸੀ। ਇਕ ਦਿਨ ਉਹਨੇ ਪ੍ਰੇਮਾ ਨੂੰ ਘਰ ਸੱਦਿਆ। ਘਰਦਾ ਕੰਮ ਕਰਨ ਬਾਰੇ ਗੱਲ ਕੀਤੀ। ਤਨਖ਼ਾਹ ਦੱਸੀ। ਪ੍ਰੇਮਾ ਨੇ ਤਨਖਾਹ ਬਾਰੇ ਘਾਟ-ਵਾਧ ਨਾ ਕੀਤੀ। ਕੰਮ ਕਰਨ ਦੀ ਸਹਿਮਤੀ ਦੇ, ਓਸੇ ਦਿਨ ਘਰ ਦੀ ਸਫ਼ਾਈ ਦਾ ਕੰਮ ਸਾਂਭ ਲਿਆ। ਹੁਣ ਪਿਛਲੇ ਛੇ ਮਹੀਨੇ



ਤੋਂ ਪ੍ਰੇਮਾ ਘਰ 'ਚ ਕੰਮ ਕਰਦੀ ਆ ਰਹੀ ਸੀ।

ਪੈਂਤੀਆਂ ਨੂੰ ਢੁੱਕੀ ਹੋਈ ਪ੍ਰੇਮਾ, ਦਿੱਖ ਵਿਚ ਪੱਚੀਆਂ ਦੀ ਲੱਗਦੀ ਸੀ। ਰੰਗ ਸਾਫ਼। ਉੱਚੀ-ਲੰਮੀ। ਹੁੰਦੜਹੇਲ ਤੇ ਗੁੱਠੀ ਹੋਈ ਦੇਹ । ਨਸ਼ੀਲੀਆਂ ਅੱਖਾਂ। ਤੋਰ ਵਿਚ ਮੜਕ। ਲਟ-ਲਟ ਬਲਦਾ ਜੋਬਨ ਜਿਵੇਂ ਬੁਕਲ ਵਿਚ ਅੱਗ ਲਈ ਫਿਰਦੀ ਹੋਵੇ। ਉਹਦਾ ਹਾਸਾ, ਨਰਮੇਂ ਦੇ ਫੁੱਟਾਂ ਵਾਂਗ ਖਿੜ੍ਹਦਾ । ਦੇਖਣੀ-ਪਾਖਣੀ ਦੂਜੇ 'ਤੇ ਜਾਦੂ ਕਰਦੀ ਲੱਗਦੀ। ਸਸਤੇ ਲੀੜਿਆਂ ਵਿਚ ਵੀ ਅੰਤਾਂ ਦੀ ਜੱਚਦੀ। ਉਹਦਾ ਸੁਹੱਪਣ, ਅੱਜ ਦੀਆਂ ਮੁਟਿਆਰਾਂ ਨੂੰ ਮਾਤ ਪਾਉਂਦਾ ਸੀ।

'ਕੇਸਰ ਕਿਤੇ ਪ੍ਰੇਮਾ ਦੀਆਂ ਨਸ਼ੀਲੀਆਂ ਅੱਖਾਂ ਵਿਚ ਨਾ ਡੁੱਬ ਜਾਏ.. .।' ਪ੍ਰੇਮਾ ਦਾ ਹਾਸੇ ਵਾਲ਼ਾ ਖੁੱਲ੍ਹਾ-ਡੁੱਲ੍ਹਾ, ਬੇਪਰਵਾਹ ਤੇ ਅਪਣੱਤ ਨਾਲ ਭਰਿਆ ਸੁਭਾਅ ਦੇਖ, ਕੱਲੀ ਬੈਠੀ ਕਿੰਦਰ ਸੋਚਾਂ ਵਿਚ ਡੁੱਬ ਜਾਂਦੀ।

ਜਦੋਂ ਪ੍ਰੇਮਾ ਘਰ ਆਉਂਦੀ ਤਾਂ ਕਿੰਦਰ ਸੈਹੇ ਵਾਂਗ ਕੰਨ ਚੁੱਕ ਲੈਂਦੀ। ਉਹਦੇ ਘਰ ਹੁੰਦਿਆਂ ਭਾਵੇਂ ਸਹਿਜ-ਸੁਭਾਅ ਹੀ ਕੇਸਰ ਹਵੇਲੀਓਂ ਘਰ ਆਉਂਦਾ । ਕਿੰਦਰ ਠਠੰਬਰਿਆਂ, ਕੇਸਰ ਵੱਲ ਦੇਖ ਸੋਚਦੀ, 'ਕਿਤੇ, ਪ੍ਰੇਮਾ ਕਰਕੇ ਘਰ ਨਾ ਆਇਆ ਹੋਵੇ?' ਪ੍ਰੇਮਾ ਨੂੰ ਅੰਦਰ ਪੋਚੇ ਲਾਉਂਦੀ ਨੂੰ ਕਿੰਦਰ ਆਨੇ-ਬਹਾਨੇ ਦੇਖ ਕੇ ਆਉਂਦੀ। ਭਾਵੇਂ ਕੇਸਰ, ਪ੍ਰੇਮਾ ਦੇ ਪੋਚੇ ਲਾਉਂਦਿਆਂ, ਕਦੀ ਉਹਦੇ ਸਾਹਮਣੇ ਤਾਂ ਨਹੀਂ ਸੀ ਗਿਆ, ਫਿਰ ਵੀ ਕਿੰਦਰ, ਕੇਸਰ ਨੂੰ ਤਾੜਦੀ ਰਹਿੰਦੀ।

'ਪ੍ਰੇਮਾ, ਕੰਮ ਦਾ ਤਾਂ ਗੱਡਾ ਐ। ਹਰ ਤਰ੍ਹਾਂ ਠੀਕ ਐ। ਪਰ ਪ੍ਰੇਮਾ ਦੀ ਖ਼ੂਬਸੂਰਤੀ ਨੇ ਮੇਰੀ ਟੈਂਸ਼ਨ ਵਧਾਅ ਦਿੱਤੀ ਐ। ਕਿਤੇ ਓਹੀ ਗੱਲ ਨਾ ਹੋਵੇ? ਜੀਹਦਾ ਮੈਨੂੰ ਡਰ ਲੱਗਿਆ ਰਹਿੰਦਾ। ਕੇਸਰ 'ਤੇ ਮੈਨੂੰ ਭਰੋਸਾ ਨ੍ਹੀਂ। ਮਰਦਾਂ ਦਾ ਕੀ ਵਿਸਾਹ. . .? ਇਹਨਾਂ ਨੂੰ ਤਾਂ ਔਰਤ ਦੇ ਜਿਸਮ ਤੋਂ ਅਗਾਂਹ ਕੁਸ਼ ਦਿੱਸਦਾ ਈ ਨ੍ਹੀਂ। ਪ੍ਰੇਮਾ ਦੀ ਥਾਂ ਕਿਸੇ ਬਦਸੂਰਤ ਜਿਹੀ ਔਰਤ ਨੂੰ ਕੰਮ 'ਤੇ ਨਾ ਰੱਖ ਲਵਾਂ? ਮੇਰੀ ਟੈਂਸ਼ਨ ਤਾਂ ਮੁਕੂ. . .?' ਸ਼ੱਕ ਵਿਚ ਘੁਲਦੀ ਕਿੰਦਰ, ਡੁੱਬਦੇ ਚਿੱਤ ਸੋਚਿਆ।

ਪਰ ਪ੍ਰੇਮਾ ਦੇ ਸੁਭਾਅ ਨੇ ਤਾਂ ਕਿੰਦਰ 'ਤੇ ਜਾਦੂ ਹੀ ਛਿੜਕ ਦਿੱਤਾ ਸੀ। ਉਹ ਪ੍ਰੇਮਾ ਦੇ ਸਹਿਚਾਰ 'ਤੇ ਮੋਹਤ ਹੋ ਗਈ। ਪ੍ਰੇਮਾ ਆਪਣੇ ਮਿਲਾਪੜੇ ਸੁਭਾਅ ਨਾਲ ਕਿੰਦਰ ਦੇ ਢਿੱਡ ਵਿਚ ਵੜ ਗਈ ।

"ਬੀਬੀ ਜੀ, ਮੈਂ ਕਿਤੇ ਹੋਰ ਨ੍ਹੀਂ ਕੰਮ ਕਰਦੀ। ਮੇਰੇ ਕੋਲ ਵਾਧੂ ਟੈਮ ਐ, ਲਿਆਓ, ਮੈਂ ਭਾਂਡੇ ਧੋਅ ਦਿਆਂ।" ਇਕ ਦਿਨ ਕੰਮ ਮੁਕਾਅ ਉਹ ਰਸੋਈ ਵਿਚ ਆਉਂਦੀ ਬੋਲੀ। ਸੈਂਕ ਵਿਚ ਭਾਂਡਿਆਂ ਦੇ ਢੇਰ ਨੂੰ ਚਿੰਬੜ ਗਈ। ਪ੍ਰੇਮਾ ਦਾ ਕੰਮ ਤਾਂ ਦਰਵਾਜ਼ੇ-ਤਾਕੀਆਂ ਦੀ ਝਾੜ-ਪੂੰਝ ਤੇ ਸਾਰੇ ਘਰ 'ਚ ਪੋਚਾ ਲਾਉਣਾ ਹੀ ਸੀ। ਪਰ ਉਹ ਹੋਰ ਵੀ ਨਿੱਕੇ-ਵੱਡੇ ਕੰਮ ਹਨੇਰੀ ਵਾਂਗ ਫਿਰਦੀ ਕਰ ਦਿਆ ਕਰਦੀ ਸੀ। ਜੇ ਕਿੰਦਰ ਸਬਜ਼ੀ ਚੀਰਦੀ ਹੁੰਦੀ ਤਾਂ, ਉਹ ਕੰਮ ਮੁਕਾਅ ਕੋਲ ਆ ਬੈਠਦੀ । ਮਿਰਚਾਂ ਦੀਆਂ ਡੰਡੀਆਂ ਤੋੜਨ ਲੱਗਦੀ। ਮਟਰ ਕੱਢਣ ਲੱਗਦੀ । ਪਿਆਜ਼ ਚੀਰਨ ਲੱਗਦੀ । ਕਦੀ ਵਾਸ਼ਿੰਗ ਮਸ਼ੀਨ ਵਿਚ ਸਪਿੰਨ ਹੋਏ ਕਪੜੇ ਭੱਜ ਕੇ ਤਾਰ 'ਤੇ ਸੁੱਕਣੇ ਪਾ ਆਉਂਦੀ। ਉਹ, ਘੰਟਿਆਂ ਦਾ ਕੰਮ ਮਿੰਟਾਂ 'ਚ ਈ ਮੁਕਾਅ ਕੇ ਔਹ ਜਾਂਦੀ। ਕਿੰਦਰ ਖ਼ੁਸ਼ ਹੋ ਜਾਂਦੀ।

"ਪ੍ਰੇਮਾ, ਮੈਂ ਤਾਂ ਤੈਨੂੰ ਸਾਫ਼-ਸਫ਼ਾਈ ਦੇ ਈ ਪੈਸੇ ਦਿੰਨੀ ਆਂ। ਤੂੰ ਤਾਂ ਹੋਰ ਵੀ ਢੇਰ ਕੰਮ ਮੁਕਾਅ ਜਾਨੀ ਐਂ।" ਕਿੰਦਰ ਨੇ ਮੁਸਕਰਾ ਕੇ ਉਹਨੂੰ ਟੋਹਿਆ।

"ਕੋਈ ਨਾ ਬੀਬੀ ਜੀ, ਕੰਮ ਕਰਦਿਆਂ ਕਿਹੜਾ ਬੰਦਾ ਘਸਦਾ। ਪਤਾ ਮੈਨੂੰ, ਤੁਸੀਂ ਹੱਕ ਨ੍ਹੀਂ ਰੱਖੋਗੇ। ਬੰਦੇ ਕੁ ਬੰਦੇ ਦਾ ਪਤਾ ਹੁੰਦਾ। ਥੁਆਡੀ ਰੱਜੀ ਰੂਹ ਬਾਰੇ ਮੈਂ ਜਾਣਦੀ ਆਂ।"

ਪ੍ਰੇਮਾ ਦੇ ਬੋਲ ਸੁਣ, ਕਿੰਦਰ ਭਾਵੁਕ ਹੋ ਜਾਂਦੀ। ਉਹ, ਪ੍ਰੇਮਾ 'ਤੇ ਭਰ-ਭਰ ਡੁੱਲ੍ਹਦੀ। ਪ੍ਰੇਮਾ ਨੇ ਕਦੀ ਮੂੰਹ ਨਹੀਂ ਸੀ ਅੱਡਿਆ। ਮੂੰਹੋਂ ਕੁਝ ਨਾ ਮੰਗਦੀ। ਤਨਖਾਹ ਤੋਂ ਇਲਾਵਾ, ਹੋਰ ਬਹੁਤ ਕੁਝ ਦੇ ਕੇ ਵੀ ਕਿੰਦਰ ਨੂੰ

ਲਗਦਾ ਜਿਵੇਂ ਕੁਸ਼ ਵੀ ਨਾ ਦਿੱਤਾ ਗਿਆ ਹੋਵੇ।

ਕਿੰਦਰ, ਸਾਝਰੇ ਹੀ ਪ੍ਰੇਮਾ ਨੂੰ ਉਡੀਕਣ ਲੱਗ ਜਾਂਦੀ। ਪ੍ਰੇਮਾ ਆਉਂਦੀ ਤਾਂ ਘਰ ਰੌਣਕ ਨਾਲ ਭਰ ਜਾਂਦਾ। ਪ੍ਰੇਮਾ ਦੀ ਹਾਜ਼ਰੀ ਵਿਚ ਕਿੰਦਰ ਨੂੰ ਪਤਾ ਈ ਨਾ ਲੱਗਦਾ, ਕਦੋਂ ਦੁਪਹਿਰਾਂ ਢਲ਼ ਜਾਂਦੀਆਂ।

'ਏਦ੍ਹੇ ਵਰਗੀ ਮੈਨੂੰ ਹੋਰ ਨੀਂ ਲੱਭਣੀ।' ਸੁਖਾਵਾਂ ਜਿਹਾ ਸਾਹ ਲੈ ਕਿੰਦਰ ਸੋਚਦੀ।

"ਬੀਬੀ ਜੀ, ਮਰਦਾਂ ਨੂੰ ਇਕ ਔਰਤ ਨਾਲ ਰੱਜ ਨ੍ਹੀਂ ਆਉਂਦਾ।" ਇਕ ਦਿਨ ਆਪਣਾ ਕੰਮ ਮੁਕਾਅ ਪ੍ਰੇਮਾ, ਕਿੰਦਰ ਕੋਲ ਬੈਠੀ। ਕਿੰਦਰ ਤ੍ਰਬਕ ਕੇ ਉਸ ਵੱਲ ਦੇਖਿਆ, "ਇਹ ਲਾਂਭੇ ਮੂੰਹ ਮਾਰਨ ਦੀ ਤਾਕ 'ਚ ਰਹਿੰਦੇ ਆ। ਬੰਦਿਆਂ ਨੂੰ ਦੂਜੇ ਦੀ ਥਾਲੀ 'ਚ ਲੱਡੂ ਵੱਡਾ ਦਿਸਦਾ। ਮੇਰੇ ਪੇਕਿਆਂ ਦੀ ਗੱਲ ਐ। ਕੱਲ੍ਹ ਮੇਰੀ ਭਾਬੀ ਦੱਸਦੀ ਸੀ ਕਿ ਇਕ ਕਾਲਾ-ਕਲੂਟਾ ਜਿਹਾ ਜੱਟਾਂ ਦਾ ਅੱਧਖੜ ਬੰਦਾ ਐ। ਉਹ ਪਿੰਡ ਦੀਆਂ ਰੰਡੀਆਂ ਤੀਵੀਆਂ ਦੇ ਘਰੀਂ ਜਾਂਦਾ। ਉਹਨਾਂ ਦੀ ਮਜਬੂਰੀ ਦਾ ਫੈਦਾ ਲੈਂਦਾ। ਉਹਨਾਂ ਦੇ ਘਰੀਂ ਰਾਸ਼ਨ ਸੁੱਟ ਆਉਂਦਾ ਸੀ। ਨਿਆਣਿਆਂ ਲਈ ਕਈ ਚੀਜ਼ਾਂ ਬਾਹਰੋ-ਵਾਰ ਭਿਜਵਾ ਦਿੰਦਾ। ਫੇਅ ਚੋਰੀਂ-ਛਿਪੇ ਉਹਨਾਂ ਤੀਮੀਆਂ ਕੋਲ ਜਾਂਦਾ। ਬੀਬੀ ਜੀ, ਏਦ੍ਹੇ 'ਚ ਗਲਤੀ ਤਾਂ ਤੀਮੀਆਂ ਦੀ ਵੀ ਨਾਲ ਈ ਹੁੰਦੀ ਆ। ਔਰਤ ਆਪਣੀ ਦੇਹ ਦੀ ਆਪ ਮਾਲਕ ਐ। ਕਿਸੇ ਬੰਦੇ ਦੀ ਕੀ ਜ਼ੁਅਰਤ ਐ, ਬੇਗਾਨੀ ਤੀਮੀ ਨੂੰ ਹੱਥ ਵੀ ਲਾ ਜੇ?"

ਕਿੰਦਰ, ਆਪਣਾ ਹੱਥਲਾ ਕੰਮ ਰੋਕ ਧਿਆਨ ਨਾਲ ਉਹਦੀ ਗੱਲ ਸੁਣਦੀ ਰਹੀ।

"ਬੀਬੀ ਜੀ, ਇੱਜ਼ਤ ਲੱਖੀਂ ਨਾ ਹਜ਼ਾਰੀਂ। ਐਹੇ ਜਿਹੇ ਗੰਦੇ ਕੰਮਾਂ ਨਾਲ ਤਾਂ ਤੀਮੀਂ ਆਪਣੀਆਂ ਨਜ਼ਰਾਂ 'ਚੋਂ ਈ ਡਿੱਗ ਜਾਂਦੀ ਐ।"

"ਸਹੀ ਗੱਲ ਐ ਪ੍ਰੇਮਾ। ਇੱਜ਼ਤ ਵੀ ਕੋਈ ਚੀਜ਼ ਹੁੰਦੀ ਐ।"

"ਭਾਬੀ ਦੱਸਦੀ ਸੀ ਕੱਲ੍ਹ ਇਕ ਰੰਡੀ ਤੀਮੀਂ ਦੇ ਰਿਸ਼ਤੇਦਾਰਾਂ, ਉਹਦੀ ਬਹੁਤ ਗਿੱਦੜ-ਕੁੱਟ ਕੀਤੀ। ਕਹਿੰਦੇ ਮੂੰਹ ਕਾਲ਼ਾ ਕੀਤਾ ਉਹਦਾ। ਬੀਬੀ ਜੀ, ਉਹਦੀ ਕੀ ਇੱਜ਼ਤ ਰਹੀ ਹਉ ਪਿੰਡ 'ਚ. . .? ਏਦਾਂ ਦੇ ਬੰਦੇ ਤੋਂ ਡੁੱਬ ਕੇ ਨ੍ਹੀਂ ਮਰ ਹੁੰਦਾ?"

"ਪ੍ਰੇਮਾ, ਬਦਚਲਨ ਬੰਦੇ ਨੂੰ ਸ਼ਰਮ ਨ੍ਹੀਂ ਹੁੰਦੀ। ਹੁਣ ਤਾਂ ਸੁੱਚੇ ਕਿਰਦਾਰਾਂ ਦੀ ਘਾਟ ਹੋ ਗੀ ਆ।"

ਬੈਠ ਕੇ ਪੋਚਾ ਲਾਉਂਦੀ ਪ੍ਰੇਮਾ, ਚੁੰਨੀ ਲਾਹ ਕੇ ਬਾਹਰ ਰੱਖ ਦਿੰਦੀ ਸੀ। ਜੇ ਉਸ ਸਮੇਂ ਕੇਸਰ ਘਰ ਹੁੰਦਾ ਤਾਂ ਕਿੰਦਰ ਦੇ ਮਨ ਵਿਚ ਬੇਵਸਾਹੀ ਪੈਦਾ ਹੋ ਜਾਂਦੀ। ਭਾਵੇਂ ਕੇਸਰ ਅੰਦਰ ਨਾ ਹੀ ਜਾਂਦਾ, ਫੇਅ ਵੀ ਉਹ ਜ਼ਰੂਰ ਅੰਦਰ ਜਾ ਕੇ ਪ੍ਰੇਮਾ ਨੂੰ ਦੇਖਦੀ।

"ਪ੍ਰੇਮਾ, ਤੂੰ ਪੋਚਾ ਲੌਣ ਲੱਗੀ, ਚੁੰਨੀ ਨਾ ਲਾਹਿਆ ਕਰ।" ਕਿੰਦਰ ਨੇ ਗੱਲ ਛੇੜੀ।

"ਬੀਬੀ ਜੀ, ਚੁੰਨੀ ਨਾਲ ਬੈਠ ਕੇ ਪੋਚਾ ਲਾਉਣ ਔਖਾ ਹੋ ਜਾਂਦਾ।"

"ਤੇਰੀ ਹਿੱਕ ਭਾਰੀ ਐ ਨਾ. . .।" ਕਿੰਦਰ ਨੇ ਹੱਸ ਕੇ ਇਸ਼ਾਰਾ ਕੀਤਾ।

ਪੋਚਾ ਲਾਉਂਦੀ ਉਹ ਰੁਕੀ। ਆਪਣੇ ਸੂਟ ਨੂੰ ਅੱਗਿਓਂ, ਗਲ਼ ਤੋਂ ਉਪਰ ਖਿੱਚਿਆ।

"ਬੀਬੀ ਜੀ, ਐਂ ਤਾਂ ਮੈਨੂੰ ਸਾਰਾ ਪਤਾ। ਭਾਜੀ ਹੁਣੀਂ ਜਦੋਂ ਘਰ ਆਉਂਦੇ ਆਂ ਤਾਂ ਮੈਂ ਆਪਣਾ ਧਿਆਨ ਰੱਖਦੀ ਆਂ।" ਉਹ ਸੰਜੀਦਗੀ 'ਚ ਸਿਆਣਪ ਨਾਲ ਬੋਲੀ।

'ਇਹ ਲੋਕ ਸੁੱਕੀਆਂ ਰੋਟੀਆਂ ਖਾ ਕੇ ਵੀ ਹੁੰਦੜਹੇਲ ਐ।' ਕਿੰਦਰ ਉਹਦੀ ਹਿੱਕ ਵੱਲ ਵੇਖ ਸੋਚਦੀ।

"ਪ੍ਰੇਮਾ, ਕਹਿੰਦੇ ਰੂਪ ਤੇ ਗਰੀਬੀ ਦਾ ਵੈਰ ਹੁੰਦਾ। ਗਰੀਬ ਔਰਤ ਦਾ ਰੂਪ ਕਈ ਵਾਰੀ ਉਹਦੇ ਲਈ ਮੁਸੀਬਤ ਬਣ ਜਾਂਦਾ। ਤੈਨੂੰ ਤਾਂ ਨੀਂ ਏਦਾਂ ਦੀ ਕਦੀ ਕੋਈ ਮੁਸ਼ਕਲ ਆਈ. .?" ਇਕ ਦਿਨ ਕਿੰਦਰ ਨੇ ਪੁੱਛਿਆ।

"ਨਹੀਂ ਬੀਬੀ ਜੀ, ਕਦੀ ਨਹੀਂ। ਮੈਂ ਗਰੀਬ ਜ਼ਰੂਰ ਆਂ ਪਰ ਬਦਚਲਨ ਨ੍ਹੀਂ. . .। ਕੋਈ ਮੇਰੇ ਵੱਲ ਖੋਟੀ



ਨਜ਼ਰ ਨਾਲ ਝਾਕ ਕੇ ਤਾਂ ਦੇਖੇ. . .। ਹੱਥ ਪਾ ਕੇ ਡੇਲੇ ਨਾ ਖਿੱਚ ਲਵਾਂ।"

"ਪ੍ਰੇਮਾ, ਸੱਚਮੁੱਚ ਤੂੰ ਬੜੀ ਦਲੇਰ ਐਂ। ਜੇ ਸਾਰੀਆਂ ਔਰਤਾਂ 'ਚ ਏਦਾਂ ਦੀ ਦਲੇਰੀ ਆ ਜਾਏ ਤਾਂ ਰੇਪ ਦੀਆਂ ਖਬਰਾਂ ਨਾ ਛਪਣ।"

"ਬੀਬੀ ਜੀ, ਇੱਜ਼ਤ ਦੀ ਰੋਟੀ ਹੋਵੇ ਭਾਵੇਂ ਲੂਣ ਨਾਲ ਹੋਵੇ। ਅਸੀਂ ਦੋਹਾਂ ਜੀਆਂ ਅੱਜ ਤੱਕ ਕਿਸੇ ਅੱਗੇ ਹੱਥ ਨ੍ਹੀਂ ਅੱਡੇ। ਕਿਸੇ ਵੱਲ ਦੇਖ-ਦੇਖ ਨ੍ਹੀਂ ਕਦੀ ਝੂਰੇ। ਹੱਥਾਂ ਨਾਲ ਕਿਰਤ ਕੀਤੀ ਐ। ਆਪਣੀ ਕਮਾਈ 'ਤੇ ਮਾਣ ਐ। ਕਮਾਅ ਕੇ ਖਾਧਾ। ਰੀਝਾਂ ਓਨੀਆਂ ਕੁ ਈ ਪਾਲ਼ੀਆਂ ਜਿੰਨੀਆਂ ਪੂਰੀਆਂ ਹੋ ਸਕਣ।"

"ਸ਼ਾਬਾਸ਼ ਪ੍ਰੇਮਾ, ਸਿਰੇ ਦੀ ਗੱਲ ਕੀਤੀ ਐ ਤੂੰ . .। ਮੈਂ ਤਾਂ ਤਈਨੂੰ ਕੰਮ ਦੀ ਕਰਿੰਦੀ ਹੀ ਸਮਝਦੀ ਸੀ। ਤੂੰ ਤਾਂ ਸਿਆਣੀ ਵੀ ਬੜੀ ਐਂ।"

"ਬੀਬੀ ਜੀ, ਆਪਣੇ ਆਦਮੀ ਦਾ ਹੱਥ ਫੜਿਆ ਮੈਂ। ਇੱਜ਼ਤ ਤੇ ਅਮਾਨਤ ਆਂ ਮੈਂ ਓਹਦੀ, ਮਰ ਜਾਊਂ, ਉਹਦੀ ਇੱਜ਼ਤ ਨੂੰ ਦਾਗ਼ ਨਾ ਲੱਗਣ ਦਊਂ।" ਉਸ ਦੇ ਬੁੱਲ੍ਹ ਕੰਬੇ, ਮੱਥਾ ਤਣਿਆ। ਹੱਥਲਾ ਕੰਮ ਰੋਕ ਉਹ ਗੜ੍ਹਕ ਕੇ ਬੋਲੀ ਸੀ। "ਮੈਂ ਤਾਂ ਆਪਣੇ ਬੰਦੇ ਲਈ ਜਾਨ ਵਾਰ ਦਊਂ। ਸਾਡਾ ਦੋਹਾਂ ਦਾ ਸਾਹ 'ਚ ਸਾਹ ਐ। ਵਾਲ਼ ਜਿੰਨਾ ਵੀ ਓਹਲਾ ਨ੍ਹੀਂ ਸਾਡੇ ਵਿਚਕਾਰ. . .।"

'ਕਿੰਨੀ ਖੁਸ਼ਕਿਸਮਤ ਐ ਪ੍ਰੇਮਾ ! ਏਹਦਾ ਪਤੀ ਏਦ੍ਹੇ ਸਾਹੀਂ ਵਿਸਮਦਾ। ਮੈ ਤਾਂ ਬਦਕਿਸਮਤ ਆਂ। ਕੇਸਰ ਨੇ ਕਦੀ ਦਿਲ ਦੀ ਗੱਲ ਨ੍ਹੀਂ ਦੱਸੀ। ਹਮੇਸ਼ਾ ਮੇਰੇ ਤੋਂ ਓਹਲਾ ਰੱਖਦਾ।' ਕਿੰਦਰ ਹਾਉਕਾ ਭਰਿਆ। ਅੰਦਰੋ-ਅੰਦਰ ਕਿਰਦੀ ਗਈ।

"ਕੀ ਗੱਲ ਬੀਬੀ ਜੀ ਹਾਉਕਾ ਲਿਆ?"

"ਨਹੀਂ ਨਹੀਂ, ਕੋਈ ਗੱਲ ਨ੍ਹੀਂ, ਵੈਸੇ ਈ. . .।" ਪਿੰਕੀ ਵਾਲੀ ਘਟਨਾ ਦੀ ਚੀਸ ਉਹਦੇ ਜ਼ਿਹਨ ਵਿਚ ਵਰੋਲ਼ੇ ਵਾਂਗ ਉੱਡੀ। ਕੇਸਰ ਦੀਆਂ ਰੁਮਾਂਟਿਕ ਜਿਹੀਆਂ ਹਰਕਤਾਂ ਉਹਨੂੰ ਵਿੰਨ੍ਹ ਕੇ ਰੱਖ ਗਈਆਂ।

ਪ੍ਰੇਮਾ ਦੀਆਂ ਗੱਲਾਂ ਨੇ ਕਿੰਦਰ ਦੇ ਮਨ 'ਚ ਪਏ ਸ਼ੱਕ ਦੀਆਂ ਸਾਰੀਆਂ ਘੁੰਢੀਆਂ ਖੋਲ੍ਹ ਦਿੱਤੀਆਂ। ਉਹ ਚਾਅ ਨਾਲ ਭਰ ਗਈ। ਉਸ ਆਪਣੇ-ਆਪ ਨੂੰ ਕਿਹਾ, 'ਕਿੰਦਰ, ਪ੍ਰੇਮਾ ਦੀਆਂ ਨਸ਼ੀਲੀਆਂ ਅੱਖਾਂ 'ਚ ਕੋਈ ਮਰਦ ਨ੍ਹੀਂ ਡੁੱਬ ਸਕਦਾ। ਉਹ ਬਹੁਤ ਹੱਠੀ ਐ। ਸੱਚੀ-ਸੁੱਚੀ ਤੇ ਪਵਿੱਤਰ ਐ।' ਕਿੰਦਰ ਦੇ ਮਨ ਦਾ ਸਾਰਾ ਤਣਾਓ ਉੱਡ-ਪੁੱਡ ਗਿਆ।

ਰਿਸ਼ਤੇਦਾਰੀ ਵਿਚ ਇਕ ਲੜਕੀ ਦਾ ਵਿਆਹ ਆ ਗਿਆ। ਕਿੰਦਰ ਨੇ ਵਿਆਹ ਜਾਣ ਲਈ ਦੋਹਾਂ ਬੱਚਿਆਂ ਦੀ ਮਰਜ਼ੀ ਪੁੱਛੀ।

"ਮੰਮਾ, ਮੈਨੂੰ ਸੈਟਰਡੇ ਤੋਂ ਟਿਊਜ਼ਡੇ ਤੱਕ ਹੌਲੀ ਡੇ ਐ। ਮੈਂ ਤਾਂ ਮਾਮੇ ਘਰ ਜਾਊਂਗਾ। ਉਹਨਾ ਨੂੰ ਆਖੋ, ਮੈਨੂੰ ਕੱਲ੍ਹ ਨੂੰ ਈ ਲੈ ਜਾਣ।" ਤਨਵੀਰ ਨੇ ਉੱਛਲਦੇ ਹੋਏ ਕਿਹਾ ਸੀ। ਉਹਦਾ ਨਾਨਕਿਆ ਵੱਲ ਜ਼ਿਆਦਾ ਝੁਕਾਅ ਸੀ।

"ਮੈਂ ਤਾਂ ਲਹਿੰਗਾ ਪਾ ਕੇ ਵਿਆਹ ਜਾਊਂਗੀ।" ਮਿਹਰ ਉੱਛਲੀ।

ਵਿਆਹ ਵੀ ਉਹਨਾਂ ਛੁੱਟੀਆਂ ਵਿਚ ਈ ਸੀ। ਤਨਵੀਰ ਦਾ ਮਾਮਾ ਆਇਆ ਤੇ ਉਹਨੂੰ ਲੈ ਗਿਆ।

"ਪ੍ਰੇਮਾ, ਸੋਮਵਾਰ ਨੂੰ ਸਾਨੂੰ ਇਕ ਵਿਆਹ ਐ।" ਕਿੰਦਰ ਨੇ ਸ਼ੁੱਕਰਵਾਰ ਨੂੰ ਈ ਪ੍ਰੇਮਾ ਨੂੰ ਦੱਸਿਆ, "ਤੂੰ ਵਿਆਹ ਆਲ਼ੇ ਦਿਨ ਕੋਠੀ ਦੀ ਰਾਖੀ ਕਰੀਂ। ਉਦੋਂ ਤਕ ਏਥੇ ਈਂ ਰਹੀਂ, ਜਦ ਤੱਕ ਅਸੀਂ ਵਿਆਹੋਂ ਮੁੜ ਨ੍ਹੀਂ ਆਉਂਦੇ। ਚੋਰ-ਉਚੱਕਿਆਂ ਤੇ ਨਸ਼ੇੜੀਆਂ ਤੋਂ ਡਰ ਲਗਦਾ। ਇਹ ਤਾਂ ਖੇਤਾਂ 'ਚੋਂ ਸੁੰਨੀਆਂ ਮੋਟਰਾਂ ਦੀਆਂ ਤਾਰਾਂ ਕੱਟ ਕੇ ਵੀ ਲੈ ਜਾਂਦੇ ਆਂ।"

ਹੁਣ ਤੱਕ ਪ੍ਰੇਮਾ, ਕਿੰਦਰ, ਮਿਹਰ ਅਤੇ ਤਨਵੀਰ ਨਾਲ ਘੁਲ਼-ਮਿਲ ਗਈ ਸੀ। ਸੰਗਦਿਆਂ ਜਿਹਾਂ ਕਦੀ-ਕਦੀ ਉਹ ਕੇਸਰ ਨੂੰ ਵੀ ਬੁਲਾਅ ਲੈਂਦੀ ਸੀ। ਪਰ ਉਸ ਵੱਲ ਕਦੀ ਅੱਖ ਚੁੱਕ ਕੇ ਗੱਲ ਨਹੀਂ ਸੀ

ਕੀਤੀ। ਪ੍ਰੇਮਾ ਨੂੰ ਘਰਦੇ ਹਰ ਕਮਰੇ ਦੀ ਖ਼ਬਰ ਸੀ। ਰਸੋਈ 'ਚ ਕਿਹੜੀ ਚੀਜ਼, ਕਿਥੇ ਪਈ ਐ? ਉਹ ਜਾਣਦੀ ਸੀ।

"ਤੇਰੇ ਹਵਾਲੇ ਘਰ ਛੱਡ ਕੇ ਮੈਂ ਮਜ਼ੇ ਨਾਲ ਵਿਆਹ ਦੇਖਣਾ ਚਾਹੁੰਦੀ ਆਂ। ਜੇ ਘਰ ਸੁੰਨਾ ਹੋਵੇ ਤਾਂ ਮਗਰਲੀ ਚਿੰਤਾ ਰਹਿੰਦੀ ਐ।"

"ਕੋਈ ਨਾ ਬੀਬੀ ਜੀ, ਤੁਸੀਂ ਮਜ਼ੇ ਨਾਲ ਵਿਆਹ ਦੇਖਿਓ। ਮਗਰਲੀ ਚਿੰਤਾ ਨਾ ਕਰਿਓ। ਮੈਂ ਥੁਆਡੇ ਆਉਣ ਤੱਕ ਏਥੇ ਰਹਿ ਲਊਂਗੀ।"

ਕਿੰਦਰ, ਕੇਸਰ 'ਤੇ ਪੂਰੀ ਨਜ਼ਰ ਰੱਖਦੀ। ਉਹਦੇ ਲਾਹ ਕੇ ਰੱਖੇ ਕਪੜਿਆਂ ਦੀਆਂ ਜੇਬਾਂ ਫਰੋਲਦੀ ਰਹਿੰਦੀ। ਗੱਡੀ ਦੇ ਆਲ਼ੇ-ਦੁਆਲ਼ੇ ਫਿਰਦੀ, ਗੱਡੀ 'ਚ ਝਾਤੀਆਂ ਮਾਰਦੀ ਰਹਿੰਦੀ। ਤਲਾਸ਼ੀ ਵਿਚੋਂ ਉਹਨੂੰ ਲੱਭਦਾ ਤਾਂ ਕੁਝ ਨਾ ਪਰ ਮਨ ਨੂੰ ਤਸੱਲੀ ਜਿਹੀ ਹੋ ਜਾਂਦੀ। ਪਰ ਕੇਸਰ ਦੀਆਂ ਹਰਕਤਾਂ, ਆਦਤਾਂ ਤੇ ਸੁਭਾਉ ਦੇਖ, ਉਹ ਸ਼ੱਕ ਤੋਂ ਸੁਰਖ਼ਰੂ ਨਾ ਹੋ ਸਕੀ।

ਜੇ ਕੇਸਰ ਨੂੰ ਸ਼ਹਿਰ ਗਿਆ ਦੇਰ ਹੋ ਜਾਂਦੀ ਤਾਂ ਕਿੰਦਰ ਝੱਟ ਉਹਨੂੰ ਫ਼ੋਨ ਕਰਕੇ ਦੇਰੀ ਬਾਰੇ ਪੁੱਛਦੀ। ਕੇਸਰ ਲੇਟ ਹੋਣ ਬਾਰੇ ਤਾਂ ਕੁਝ ਨਾ ਦੱਸਦਾ ਪਰ ਦਸ ਮਿੰਟ ਵਿਚ ਆਉਣ ਬਾਰੇ ਕਹਿੰਦਾ। ਪਰ ਆਉਂਦਾ ਘੰਟੇ ਬਾਅਦ ਈ। ਕੇਸਰ ਨੂੰ ਖੇਤਾਂ ਵੱਲ ਗਏ ਨੂੰ ਦੇਰ ਹੋ ਜਾਂਦੀ ਤਾਂ ਕਿੰਦਰ, ਕੋਠੀ ਦੀ ਛੱਤ 'ਤੇ ਚੜ੍ਹ, ਖੇਤਾਂ ਵਿਚ ਨਜ਼ਰ ਮਾਰਦੀ । ਕੇਸਰ 'ਤੇ ਉਹਦਾ ਸ਼ੱਕ ਗਿੱਲੇ ਗੋਹੇ ਦੀ ਧੂਣੀ ਵਾਂਗ ਧੁੱਖਦਾ ਰਿਹਾ।

"ਮੈਨੂੰ ਬਾਹਰ ਗਏ ਨੂੰ ਮਿੰਟ ਮਿੰਟ ਬਾਅਦ ਫ਼ੋਨ ਨਾ ਕਰਿਆ ਕਰ।" ਜੇ ਕਿੰਦਰ ਘਰੋਂ ਬਾਹਰ ਗਏ ਕੇਸਰ ਨੂੰ ਫ਼ੋਨ ਕਰਦੀ ਤਾਂ ਉਹ ਘਰ ਆ ਕੇ ਖਿੱਝ ਕੇ ਆਖਦਾ।

'ਮੈਨੂੰ ਸ਼ੱਕ ਦਾ ਰੋਗ ਲੱਗ ਗਿਆ ਏ। ਇਹ ਰੋਗ ਦੂਰ ਕਿਵੇਂ ਹੋਵੇ? ਕੇਸਰ ਨੇ ਕਦੀ ਸ਼ੱਕ ਦੂਰ ਕਰਨ ਦਾ ਯਤਨ ਈ ਨਹੀਂ ਕੀਤਾ। ਸਗੋਂ ਮੈਥੋਂ ਓਹਲਾ ਰੱਖਦਾ। ਮੈਨੂੰ ਪਾਗ਼ਲ ਕੀਤਾ ਹੋਇਆ।' ਕਿੰਦਰ, ਖਿੱਝ ਕੇ ਸੋਚਦੀ। ਕੇਸਰ ਦੀਆਂ ਹਰਕਤਾਂ ਦੀ ਕਨਸੋਅ, ਜਦੋਂ ਕਿੰਦਰ ਨੂੰ ਲੱਗਦੀ ਤਾਂ ਉਹ ਅੰਦਰੋ-ਅੰਦਰੀਂ ਦੁਖੀ ਹੁੰਦੀ। ਮਨੋ ਮੱਚਦੀ । ਆਪਣਾ-ਆਪ ਲੂੰਹਦੀ।

ਕਿੰਦਰ ਨੂੰ ਯਾਦ ਆਇਆ, ਪਿੰਕੀ ਨੇ ਵੀ ਇਕ ਦਿਨ ਦਾਅਵੇ ਨਾਲ ਓਹੀ ਕਿਹਾ ਜੋ ਪ੍ਰੇਮਾ ਨੇ ਕਿਹਾ ਸੀ, "ਬੰਦੇ ਦਾ ਕੋਈ ਭਰੋਸਾ ਨ੍ਹੀਂ, ਦੀਦੀ. . .। ਇਹ ਆਪਣੀ ਔਰਤ ਨਾਲ ਨ੍ਹੀਂ ਰੱਜਦੇ।"

ਵਿਆਹ ਵਾਲੇ ਦਿਨ ਪ੍ਰੇਮਾ ਆਪਣੇ ਘਰ ਦਾ ਕੰਮ ਮੁਕਾਅ, ਕੋਠੀ ਕੁਝ ਦੇਰ ਨਾਲ ਆਈ। ਕਿੰਦਰ ਵਿਆਹ ਜਾਣ ਲਈ ਤਿਆਰ ਸੀ। ਪ੍ਰੇਮਾ, ਆਉਂਦੀ ਹੀ, ਪੋਚੇ ਲਾਉਣ ਦੀ ਤਿਆਰੀ ਕਰਨ ਲੱਗੀ।

ਕੇਸਰ ਨੇ ਗੈਰਾਜ਼ ਵਿਚੋਂ ਗੱਡੀ ਕੱਢੀ। ਵਿਹੜੇ ਵਿਚ ਖੜੀ ਕਰਕੇ ਕੁਝ ਸਮੇਂ ਲਈ ਸਟਾਰਟ ਕੀਤੀ।

"ਪ੍ਰੇਮਾ ਨੂੰ ਕਹੀਂ ਬਾਹਰਲੇ ਗੇਟ ਨੂੰ ਅੰਦਰੋਂ ਜਿੰਦਾ ਲਾ ਕੇ ਰੱਖੇ।" ਕੇਸਰ ਰਸੋਈ ਵਿਚ ਆਇਆ। ਗਰਮ ਕੀਤੇ ਦੁੱਧ ਨੂੰ ਫ਼ਰਿਜ਼ ਵਿਚ ਰੱਖਦੀ ਕਿੰਦਰ ਦੇ ਨੇੜੇ ਹੋ ਕੇ ਕਿਹਾ।

"ਸ਼ੰਕਰ ਨੂੰ ਗਿਆਰਾਂ ਵਜੇ ਚਾਹ ਫੜਾਅ ਦੇਈਂ।" ਰਸੋਈ ਵਿਚੋਂ ਨਿਕਲ ਕਿੰਦਰ, ਪੋਚਾ ਲਾਉਂਦੀ, ਪ੍ਰੇਮਾ ਕੋਲ ਖੜ੍ਹ ਗਈ। ਉਸ ਨੂੰ ਕੰਮ ਦੱਸਣ ਲੱਗੀ। "ਇਕ ਵਜੇ ਉਹਨੂੰ ਰੋਟੀ ਫੜਾਅ ਦੇਈਂ। ਰਸੋਈ ਵਿਚ ਸਭ ਕੁਝ ਬਣਿਆ ਪਿਆ । ਤੂੰ, ਰੋਟੀ ਖਾਣੀ ਹਊ, ਰੋਟੀ ਖਾ ਲਈਂ। ਜੂਸ, ਕੋਕ ਤੇ ਹੋਰ ਖਾਣ-ਪੀਣ ਵਾਲਾ ਸਭ ਕੁਝ ਪਿਆ ਫਰਿਜ਼ 'ਚ, ਜੋ ਜੀਅ ਕਰੇ ਖਾ-ਪੀ ਲਈਂ, ਜਕੀ ਨਾ। ਕੋਈ ਆਵੇ ਗੇਟ 'ਤੇ ਜਾ ਕੇ ਗੱਲ ਕਰ ਲਈਂ। ਗੇਟ ਨਾ ਖੋਲ੍ਹੀਂ। ਓਪਰਾ ਬੰਦਾ ਹੋਵੇ ਗੱਲ ਨ੍ਹੀਂ ਕਰਨੀ। ਗੇਟ ਨੂੰ ਅੰਦਰੋਂ ਲੌਕ ਕਰ ਲਈਂ।" ਕਿੰਦਰ ਨੇ ਚਾਬੀ ਵੱਲ ਇਸ਼ਾਰਾ ਕੀਤਾ। "ਪੋਚਾ ਬਾਅਦ 'ਚ ਲਾਈਂ, ਜਾ, ਪਹਿਲਾਂ ਚਾਹ ਬਣਾ ਲੈ ਆਪਣੇ ਲਈ।"

ਏਨੇ ਨੂੰ ਕੇਸਰ ਨੇ ਗੱਡੀ ਦਾ ਹਾਰਨ ਮਾਰਿਆ। ਕਿੰਦਰ, ਫ਼ਟਾ-ਫ਼ਟ ਗੱਡੀ ਵੱਲ ਨੂੰ ਤੁਰ ਪਈ।



"ਚੱਲ ਆ, ਪਹਿਲਾਂ ਬਾਹਰਲਾ ਗੇਟ ਬੰਦ ਕਰ ਲਾ। ਅਸੀਂ ਚੱਲੇ ਆਂ।"

ਪ੍ਰੇਮਾ ਉੱਠੀ, ਨੇਫ਼ੇ ਵਿਚ ਡੁੰਗਿਆ ਜੈਂਪਰ ਕੱਢਿਆ । ਬਾਹਰ ਕੁਰਸੀ 'ਤੇ ਪਈ ਚੁੰਨੀ ਧੂਹ ਕੇ ਸਿਰ ਤੇ ਲਈ ਤੇ ਚਾਬੀ ਚੁੱਕ ਗੇਟ ਵੱਲ ਨੂੰ ਤੁਰ ਪਈ।

ਮਿਹਰ ਪਹਿਲਾਂ ਹੀ ਗੱਡੀ ਵਿਚ ਬੈਠੀ ਸੀ। ਕਿੰਦਰ ਵੀ ਗੱਡੀ ਵਿਚ ਬੈਠ ਗਈ। ਕੇਸਰ ਨੇ ਗੱਡੀ ਤੋਰ ਲਈ । ਪ੍ਰੇਮਾ ਨੇ ਗੇਟ ਕੋਲ ਪਹੁੰਚ ਕੇ ਗੇਟ ਦੇ ਦੋਵੇਂ ਪੱਲੇ ਖੋਲ੍ਹ ਦਿੱਤੇ। ਉਸ ਤਰਦੀ ਜਿਹੀ ਨਜ਼ਰੇ ਕਿੰਦਰ ਵੱਲ ਦੇਖ ਮੁਸਕਰਾ ਕੇ ਹੱਥ ਹਿਲਾਇਆ। ਕੇਸਰ ਨੇ ਵੀ ਹਲਕੀ ਮੁਸਕਰਾਹਟ ਨਾਲ ਪਲਕ-ਮਾਤਰ ਪ੍ਰੇਮਾ ਵੱਲ ਦੇਖਿਆ। ਕਿੰਦਰ ਨੂੰ ਕੇਸਰ ਦੀ ਇਸ ਤਰ੍ਹਾਂ ਦੀ ਦੇਖਣੀ ਚੰਗੀ ਨਾ ਲੱਗੀ। ਦਿਲ 'ਚ ਧੂੰਆਂ ਜਿਹਾ ਉੱਠਿਆ।

ਇਕ ਘੰਟੇ 'ਚ ਉਹ ਮੈਰਿਜ਼ ਪੈਲਸ ਵਿਚ ਪਹੁੰਚ ਗਏ। ਕੇਸਰ ਨੇ ਕਾਰ, ਮੈਰਿਜ਼ ਪੈਲਸ ਦੀ ਪਾਰਕਿੰਗ ਵਿਚ ਧੁਰ ਸਿਰੇ 'ਤੇ ਜਾ ਕੇ ਗੱਡੀ ਪਾਰਕ ਕੀਤੀ।

"ਬੜੀ ਦੂਰ ਗੱਡੀ ਪਾਰਕ ਕੀਤੀ ਐ। ਗੇਟ ਦੇ ਲਾਗੇ ਕਰਦੇ।" ਕਿੰਦਰ ਗੱਡੀ ਵਿਚੋਂ ਨਿਕਲਦੀ ਬੋਲੀ।

"ਨਹੀਂ, ਇਥੇ ਵੱਲਾ-ਰੱਤੇ ਠੀਕ ਐ। ਗੇਟ ਲਾਗੇ ਆਵਾਜਾਈ ਬਹੁਤ ਐ। ਕੀ ਪਤਾ, ਖਾਧੀ ਪੀਤੀ 'ਚ ਕੋਈ ਡਰੈਵਰ, ਖੜ੍ਹੀ ਗੱਡੀ 'ਚ ਗੱਡੀ ਨਾ ਮਾਰ ਜਾਏ।" ਕੇਸਰ ਨੇ ਪੈਲਸ ਵੱਲ ਤੁਰੇ ਜਾਂਦਿਆਂ ਪਿੱਛਾਂਅ ਮੁੜ ਕੇ ਗੱਡੀ ਵੱਲ ਦੇਖਿਆ।

ਬਰਾਤ ਆਈ ਹੋਈ ਸੀ। ਮਿਲਣੀ ਹੋ ਰਹੀ ਸੀ। ਉਹ ਜਾ ਕੇ ਲੜਕੀ ਵਾਲੇ ਪਾਸੇ ਖੜ੍ਹ ਗਏ। ਮਿਲਣੀ ਤੋਂ ਬਾਅਦ ਚਾਹ ਪੀਤੀ । ਕਈ ਵਾਕਿਫ਼ ਬੰਦੇ ਮਿਲ ਪਏ। ਰਸਮੀਂ ਗੱਲਾਂ ਬਾਤਾਂ ਹੋਈਆਂ। ਚਾਹ ਵਾਲੇ ਹਾਲ ਵਿਚ ਭੀੜ ਬਹੁਤ ਹੋ ਗਈ ਸੀ। ਉਹਨਾਂ ਚਾਹ ਪੀਤੀ ਤੇ ਮੇਨ ਹਾਲ ਵਿਚ ਆ ਕੇ ਟੇਬਲ ਦੁਆਲੇ ਬੈਠ ਗਏ। ਏ.ਸੀ. ਚੱਲ ਰਹੇ ਸਨ। ਕੁਝ ਸੁਖਾਵਾਂ ਸਾਹ ਆਇਆ। ਕੇਸਰ, ਵਿਆਹ ਬਾਰੇ ਕੁਝ ਗੱਲਾਂ ਕਰਦਾ ਰਿਹਾ। ਮੇਨ ਹਾਲ ਵਿਚ ਹਾਲੇ ਬਹੁਤੀ ਰੌਣਕ ਨਹੀਂ ਸੀ । ਡੀ.ਜੇ.ਵਾਲੇ ਡੀ.ਜੇ. ਸੈਟ ਕਰ ਰਹੇ ਸਨ। ਇਕ-ਇਕ ਕਰਕੇ ਬਰਾਤੀਏ ਚਾਹ ਪੀ ਕੇ ਹਾਲ ਅੰਦਰ ਆ ਰਹੇ ਸਨ। ਵੇਟਰ, ਕੌਫ਼ੀ, ਠੰਡਾ ਤੇ ਹੋਰ ਖਾਣ ਪੀਣ ਵਾਲੀਆਂ ਚੀਜ਼ਾਂ ਲੈ ਕੇ ਟੇਬਲਾਂ 'ਤੇ ਸਰਵ ਕਰ ਰਹੇ ਸਨ।

"ਮੈਂ ਏਧਰ ਬੈਠਾਂ. . .।" ਘੰਟੇ ਕੁ ਬਾਅਦ ਕੇਸਰ ਉੱਠਿਆ। ਬਾਰ ਰੂਮ ਵੱਲ ਹੱਥ ਦਾ ਇਸ਼ਾਰਾ ਕਰਦਿਆਂ ਉਸ ਕਿਹਾ।

ਬਾਰ-ਰੂਮ ਦੇ ਦਰਵਾਜ਼ੇ ਤੱਕ ਕਿੰਦਰ, ਕੇਸਰ ਨੂੰ ਪਿੱਛਿਓਂ ਵੇਖਦੀ ਰਹੀ। ਵੇਟਰ ਸ਼ਰਾਬ, ਸੋਡੇ ਤੇ ਠੰਡੇ ਦੀਆਂ ਪੇਟੀਆਂ ਬਾਰ ਰੂਮ ਵੱਲ ਲੈ ਕੇ ਜਾ ਰਹੇ ਸਨ।

'ਸ਼ਰਾਬ ਪੀਣ ਵਾਲੇ ਬੰਦੇ ਨੂੰ ਆਪਣੀ ਔਰਤ ਕੋਲ਼ ਬਹਿਣ ਨਾਲੋਂ ਸ਼ਰਾਬੀ ਸਾਥੀਆਂ ਕੋਲ਼ ਬਹਿਣਾ ਜ਼ਿਆਦਾ ਚੰਗਾ ਲਗਦਾ।' ਕਿੰਦਰ ਦੇ ਮਨ ਵਿਚ ਰੋਸ ਜਿਹਾ ਜਾਗਿਆ। 'ਬੰਦਾ ਆਪਣੀ ਪਤਨੀ ਕੋਲ਼ ਬੈਠੇ, ਗੱਲਾਂ ਕਰੇ, ਇਕ ਪਲੇਟ 'ਚ ਖਾਏ। ਫੇਅ ਈ ਵਿਆਹ ਦਾ ਮਜ਼ਾ ਐ। ਪਰ ਸ਼ਰਾਬੀ ਤਾਂ. . .।' ਕਿੰਦਰ ਦਾ ਮਨ ਭਰ ਗਿਆ ਸੀ। ਪਲਕਾਂ ਵਿਚ ਪਾਣੀ ਸਿਮ ਆਇਆ।

"ਮੰਮਾ, ਮੈਂ ਪੌਪ ਕੌਨ ਲੈ ਆਵਾਂ?" ਮਿਹਰ ਨੇ ਕੁਰਸੀ ਤੋਂ ਉੱਠਦਿਆਂ, ਲਹਿੰਗੇ ਨੂੰ ਹੱਥ ਪਾਇਆ। ਕਿੰਦਰ ਨੇ 'ਹਾਂਅ' ਵਿਚ ਸਿਰ ਹਿਲਾਇਆ।

ਕਿੰਦਰ, ਕੋਕ ਦਾ ਘੁੱਟ ਭਰ, ਸਟੇਜ ਵੱਲ ਦੇਖਿਆ। ਸਟੇਜ 'ਤੇ ਮੇਕ-ਅੱਪ ਨਾਲ ਲੱਥ-ਪੱਥ ਕੁਝ ਡਾਂਸਰ ਕੁੜੀਆਂ ਟਹਿਲ ਰਹੀਆਂ ਸਨ। ਕੁਝ ਕੁਰਸੀਆਂ 'ਤੇ ਬੈਠੀਆਂ ਸਨ। ਕੁਝ ਮੁੰਡੇ ਵੀ ਭੰਗੜੇ ਦੀ ਡਰਿਸ ਵਿਚ ਸਟੇਜ 'ਤੇ ਇੱਧਰ-ਉੱਧਰ ਤੁਰੇ ਫਿਰਦੇ ਸਨ।

'ਗਰੀਬੀ, ਬੰਦੇ ਨੂੰ ਕੀ ਕੁਝ ਨ੍ਹੀਂ ਕਰਾ ਦਿੰਦੀ।' ਕਿੰਦਰ, ਉਦਾਸ ਹੋ ਸੋਚਿਆ, 'ਕਦੀ ਡਾਂਸ ਕਰਨ

ਵਾਲ਼ੀਆਂ ਔਰਤਾਂ ਨੂੰ ਨਿੰਦਿਆ ਜਾਂਦਾ ਸੀ। ਪਰ ਅੱਜ ਤਾਂ ਡਾਂਸ ਰੋਟੀ-ਰੋਜ਼ੀ ਦਾ ਸਾਧਨ ਬਣ ਗਿਆ ਐ। ਇਹਨਾਂ ਦੇ ਡਾਂਸ ਪਿੱਛੇ ਕੀ ਤਰਾਸਦੀ ਐ? ਕੀ ਮਜਬੂਰੀ ਐ? ਕਿੰਨਾ ਗਹਿਰਾ ਦੁੱਖ-ਦਰਦ ਐ? ਕੋਈ ਜਾਨਣ ਦੀ ਕੋਸ਼ਿਸ਼ ਨ੍ਹੀਂ ਕਰਦਾ। ਸਭ ਉਹਨਾਂ ਦੇ ਵਲ਼ ਖਾਂਦੀ ਦੇਹ 'ਤੇ ਮੋਹਿਤ ਹੋ ਜਾਂਦੇ ਆ।' ਕਿੰਦਰ ਦਾ ਮਨ ਦੁੱਖ ਨਾਲ ਭਰ ਗਿਆ। 'ਮਜਬੂਰੀ ਵਿਚ ਡਾਂਸ ਕਰਨ ਵਾਲੀਆਂ ਬਾਲੜੀਆਂ ਕੁੜੀਆਂ ਨਾਲ ਸ਼ਰਾਬੀ ਹੋਏ ਬਜ਼ੁਰਗ ਵੀ ਨੱਚਣ ਤੋਂ ਸ਼ਰਮ ਨਹੀਂ ਕਰਦੇ। ਮਰਦਾਂ ਦਾ ਆਚਰਣ ਕਿੰਨਾ ਡਿੱਗ ਗਿਆ ਏ ! ਦੇਖ ਕੇ ਸ਼ਰਮ ਆਉਂਦੀ ਐ।'

"ਮੰਮਾ. . .।" ਮਿਹਰ ਨੇ ਪੌਪ ਕੌਨ ਦਾ ਭਰਿਆ ਲਿਫ਼ਾਫ਼ਾ ਕਿੰਦਰ ਦੇ ਅੱਗੇ ਕੀਤਾ। ਉਸ ਕੁਝ ਖਿੱਲਾਂ ਚੁੱਕ ਲਈਆਂ। ਹੁਣ ਹਾਲ ਵਿਚ ਰੌਣਕ ਵੱਧ ਰਹੀ ਸੀ। ਬਾਹਰ ਗਰਮੀ ਸੀ। ਅੰਦਰ ਏ. ਸੀ.ਚੱਲ ਰਹੇ ਸਨ। ਲੋਕ ਗਰਮੀ ਕਰਕੇ ਬਾਹਰੋਂ ਖਾਣ ਵਾਲਾ ਸਮਾਨ ਪਲੇਟਾਂ ਵਿਚ ਪਾ ਕੇ ਕਾਹਲ਼ੀ ਵਿਚ ਅੰਦਰ ਆ ਕੁਰਸੀਆਂ ਮਲ ਰਹੇ ਸਨ। ਉਹ ਬਾਹਰੋਂ ਤੁਰੇ ਆਉਂਦੇ ਵੀ ਪਲੇਟਾਂ ਵਿਚ ਪਈ ਚੀਜ਼ ਬੇਸਬਰਿਆਂ ਵਾਂਗ ਚੁੱਕ-ਚੁੱਕ ਖਾ ਰਹੇ ਸਨ ।

'ਲੋਕ ਖਾਣ-ਪੀਣ ਦੇ ਮਾਮਲੇ ਵਿਚ ਕਿੰਨੇ ਬੇਸਬਰੇ ਆ।' ਖਾਂਦੇ ਅਤੇ ਅਜੀਬ ਤਰ੍ਹਾਂ ਮੂੰਹ ਮਾਰਦਿਆਂ ਵੱਲ ਦੇਖ, ਕਿੰਦਰ ਨੂੰ ਕਚਿਆਣ ਜਿਹੀ ਆਈ।

ਕਿੰਦਰ, ਦੂਰ ਬੈਠੀ ਵੀ ਬਾਰ-ਰੂਮ ਵਿਚ ਕੇਸਰ ਨੂੰ ਦੇਖਣ ਦੀ ਵਾਰ-ਵਾਰ ਕੋਸ਼ਿਸ਼ ਕਰ ਰਹੀ ਸੀ। ਪਰ, ਬਾਰ-ਰੂਮ ਦੇ ਅੰਦਰ ਕਿਸੇ ਖੂੰਜੇ ਬੈਠਾ ਕੇਸਰ ਉਹਨੂੰ ਨਜ਼ਰ ਨਾ ਆਇਆ। ਉਹ ਬੇਚੈਨ ਜਿਹੀ ਹੋ ਗਈ।

"ਮਿਹਰ, ਔਸ ਕਮਰੇ ਦੇ ਦਰਵਾਜ਼ੇ 'ਚ ਖੜ੍ਹ ਕੇ ਦੇਖ ਤਾਂ, ਤੇਰੇ ਡੈਡੀ ਕਿਥੇ ਕੁ ਬੈਠੇ ਆ?" ਉਸ, ਮਿਹਰ ਨੂੰ ਕਿਹਾ।

ਮਿਹਰ ਨੇ ਪੌਪ ਕੌਨ ਦਾ ਲਿਫ਼ਾਫ਼ਾ ਮਾਂ ਨੂੰ ਫੜਾਇਆ ਤੇ ਦੋਹਾਂ ਹੱਥਾਂ ਨਾਲ ਲਹਿੰਗਾ ਚੁੱਕਦੀ ਬਾਰ-ਰੂਮ ਵੱਲ ਚੱਲ ਪਈ। ਕਿੰਦਰ ਆਪ ਵੀ ਓਧਰ ਹੀ ਦੇਖਣ ਲੱਗੀ। ਮਿਹਰ, ਦਰਵਾਜ਼ੇ ਵਿਚ ਖੜ੍ਹ ਕੇ ਅੰਦਰ ਝਾਤੀ ਮਾਰਨ ਲੱਗੀ। ਉਹ ਅੱਡੀਆਂ ਚੁੱਕ-ਚੁੱਕ ਕਦੀ ਅੱਗੇ ਹੁੰਦੀ ਕਦੇ ਪਿੱਛੇ। ਸਾਰੇ ਹਾਲ ਅੰਦਰ ਝਾਤੀ ਮਾਰਨ ਦੀ ਕੋਸ਼ਿਸ਼ ਕਰਦੀ। ਫਿਰ ਮਿਹਰ ਨੇ ਮਾਂ ਵੱਲ ਆਉਣ ਲਈ ਕਦਮ ਵਧਾਏ ਪਰ ਰੁਕ ਗਈ। ਦੁਬਾਰਾ ਦਰਵਾਜ਼ੇ ਦੇ ਵਿਚਕਾਰ ਹੋ ਫਿਰ ਅੰਦਰ ਦੇਖਣ ਲੱਗੀ। ਇਕਦਮ ਮੁੜੀ ਤੇ ਕਾਹਲ਼ੇ ਕਦਮੀ ਉਹ ਮਾਂ ਵੱਲ ਆਈ।

"ਮੰਮਾ, ਡੈਡੀ ਤਾਂ ਕਿਤੇ ਨੀਂ ਦਿਸੇ।" ਕਿੰਦਰ ਕੋਲੋਂ ਮੁੜ ਪੌਪ ਕੌਨ ਦਾ ਲਿਫ਼ਾਫ਼ਾ ਫੜਦੀ ਉਹ ਬੋਲੀ।

'ਐਹ ਕੋਈ ਵਿਆਹ ਦਾ ਮਜ਼ਾ ਐ. . .?' ਕਿੰਦਰ ਖਿੱਝ ਕੇ ਸੋਚਿਆ। ਅੱਚਵੀ ਵਿਚ ਕਿੰਦਰ ਦੀ ਦੇਹ ਨੂੰ ਤੋੜਾ ਖੋਈ ਲੱਗੀ। ਅੰਦਰ ਤਲਖ਼ੀ ਦੇ ਵਰੋਲੇ ਉਡਣ ਲੱਗੇ। 'ਬੰਦੇ ਨੂੰ ਆਪਣੀ ਘਰਵਾਲੀ ਕੋਲ ਬੈਠਣਾ ਚਾਹੀਦਾ। ਮਰਦ ਲਾਲਚੀ ਹੁੰਦੇ ਆ। ਭਾਵੇਂ ਸ਼ਰਾਬ ਦੇ ਹੋਣ, ਭਾਵੇਂ ਸ਼ਬਾਬ ਦੇ. . .।' ਗੁੱਸਾ ਕਿੰਦਰ ਦੇ ਸਿਰ ਨੂੰ ਚੜ੍ਹਦਾ ਜਾ ਰਿਹਾ ਸੀ। ਉਸ ਆਪਣੇ-ਆਪ ਨੂੰ ਓਪਰੇ ਥਾਂ ਬੈਠਿਆਂ ਮਹਿਸੂਸ ਕੀਤਾ। ਗੁਆਚਿਆਂ ਵਾਂਗ, ਉਹ ਆਸੇ-ਪਾਸੇ ਹੋਰੂੰ-ਹੋਰੂੰ ਝਾਕਦੀ ਰਹੀ। ਮੱਥੇ 'ਤੇ ਰੋਹ ਦੀਆਂ ਲੀਕਾਂ ਡੂੰਘੀਆਂ ਹੋਈਆਂ।

'ਪਤਾ ਨ੍ਹੀਂ ਕਿਥੇ ਬੈਠੇ ਹੋਣਗੇ?' ਕਿੰਦਰ ਨੇ ਵਿਆਕੁਲਤਾ ਵਿਚ ਸੋਚਿਆ, 'ਅੰਦਰੇ ਈ ਹੁਣੇ ਆਂ। ਜਾ ਕਿਥੇ ਸਕਦੇ ਆ?" ਉਸ ਨੇ ਆਪੇ ਮਨ ਨੂੰ ਤਸੱਲੀ ਦਿੱਤੀ। 'ਪਰ ਏਸ ਬੰਦੇ ਦਾ ਕੋਈ ਭਰੋਸਾ ਨ੍ਹੀਂ. . .।ਅੱਜ ਤੱਕ ਮੇਰਾ ਵਿਸ਼ਵਾਸ ਨ੍ਹੀਂ ਜਿੱਤ ਸਕਿਆ। ਗੱਡੀ ਦੇਖ ਕੇ ਆਵਾਂ. . .।' ਅਗਲੇ ਪਲ ਉਹਦੇ ਤਲਖ਼ ਮਨ 'ਚ ਫੁਰਨਾ ਫੁਰਿਆ। ਪਿੰਡੇ ਚੁਆਤੀਆਂ ਛੂਹ ਜਾਣ ਵਾਂਗ ਉਹ ਉੱਠੀ। ਸ਼ੰਕਾ ਜ਼ਿਹਨ ਵਿਚ ਦੁੱਧ ਵਾਂਗ ਉਬਲਣ ਲੱਗੀ।

"ਮਿਹਰ, ਮੇਰਾ ਬੈਗ ਸੰਭਾਲ। ਮੈਂ ਬਾਸ਼ਰੂਮ ਹੋ ਕੇ ਆਈ।" ਉਸ ਬੈਗ ਮਿਹਰ ਨੂੰ ਫੜਾਇਆ। "ਇਥੋਂ



ਹਿੱਲੀਂ ਨਾ।" ਸਖ਼ਤ ਹਦਾਇਤ ਕਰ ਕਿੰਦਰ, ਬਾਹਰ ਨੂੰ ਤੁਰ ਪਈ।

ਉਹ ਹਾਲ 'ਚੋਂ ਬਾਹਰ ਨਿਕਲ, ਕਾਹਲ਼ੇ ਕਦਮੀਂ ਕਾਰ ਪਾਰਕਿੰਗ ਵੱਲ ਤੁਰ ਪਈ। ਜੋ ਹਾਲ ਤੋਂ ਕਾਫੀ ਅੱਗੇ ਸੀ । ਬਾਹਰ ਭੱਠੀ ਵਾਂਗ ਸੂਰਜ ਤਪ ਰਿਹਾ ਸੀ ਤੇ ਅੰਦਰ ਓਹਦਾ ਕਾਲਜਾ. . .। ਉਹ ਦੂਰੋਂ ਹੀ ਗੱਡੀ ਭਾਲਣ ਲੱਗੀ । ਪਰ ਉਹਨੂੰ ਗੱਡੀ ਕਿਤੇ ਨਜ਼ਰ ਨਾ ਆਈ। ਕਿੰਦਰ ਦਾ ਕਾਲਜਾ ਜ਼ੋਰ-ਜ਼ੋਰ ਦੀ ਧੜਕਣ ਲੱਗਾ। ਘਬਰਾਹਟ ਵੱਧਣ ਲੱਗੀ। ਲੱਤਾਂ ਕੰਬਣ ਲੱਗੀਆਂ। ਉਹ ਖੜ੍ਹੀ-ਖੜ੍ਹੀ ਪਸੀਨੇ ਨਾਲ ਗੜੁੱਚ ਹੋ ਗਈ। ਖੜ੍ਹਨਾ ਔਖਾ ਹੋਇਆ ਤਾਂ ਜੀਅ ਭਿਆਣੇ ਹਾਲ ਵੱਲ ਮੁੜਨ ਹੀ ਲੱਗੀ ਸੀ । ਫਿਰ ਦਿਮਾਗ 'ਤੇ ਜ਼ੋਰ ਪਾ, ਚੇਤੇ ਕੀਤਾ ਕਿ ਕੇਸਰ ਨੇ ਗੱਡੀ ਕਿਥੇ ਪਾਰਕ ਕੀਤੀ ਸੀ। ਪਾਰਕ ਦੇ ਗੇਟ ਵੱਲ ਵੇਖ ਉਹਨੂੰ ਯਾਦ ਆ ਗਿਆ।

'ਵੂੰਨੀਏ, ਗੱਡੀ ਤਾਂ ਪਹਿਲੀਆਂ ਦੋਂਹ ਲਾਈਨਾਂ ਦੇ ਆਖਰ ਵਿਚ ਪਾਰਕ ਕੀਤੀ ਸੀ। ਤੂੰ, ਕਮਲ਼ੀ ਹੋਈ ਚੌਥੀ ਲਾਈਨ 'ਚ ਭਾਲਦੀ ਫਿਰਦੀਂ ਐਂ।' ਉਹ ਆਪਣੇ-ਆਪ 'ਤੇ ਖਿੱਝੀ। 'ਸੱਚੀਂ ਮੈਨੂੰ ਕੇਸਰ ਨੇ ਕਮਲ਼ੀ ਕੀਤਾ ਪਿਆ।' ਉਹ ਧਾਹ ਮਾਰਨ ਨੂੰ ਹੋਈ।

ਕਿੰਦਰ, ਪਹਿਲੀਆਂ ਦੋਂਹ ਲਾਈਨਾਂ ਦੇ ਆਖਰ ਵੱਲ ਚੱਲ ਪਈ। ਸਿਰੇ 'ਤੇ ਜਾ ਕੇ ਉਹਨੂੰ ਗੱਡੀ ਨਜ਼ਰ ਆਈ। ਸੁੱਖ ਦਾ ਸਾਹ ਆਇਆ। ਗੱਡੀ ਦੇ ਪਿੱਛਲੇ ਸ਼ੀਸ਼ੇ 'ਤੇ ਮੋਟੇ ਕਰਕੇ ਲਿਖੇ ਦੋ ਹਿੰਦਸੇ 'ਸਿਕਸ ਤੇ ਨਾਈਨ' ਓਹਨੂੰ ਆਪਣੀ ਹਿੱਕ ਵਿੱਚ ਤੀਰ ਵਾਂਗ ਵੱਜੇ ਲੱਗੇ। ਓਦਰਿਆਂ ਵਾਂਗ, ਉਸ ਗੱਡੀ ਵਿਚ ਝਾਤੀ ਮਾਰੀ। ਪਿੱਛਾਂਹ ਪਰਤੀ। ਚਿਹਰੇ 'ਤੇ ਰੁਮਾਲ ਫੇਰਿਆ। ਰੁਮਾਲ ਗਿੱਲਾ ਹੋ ਗਿਆ।

"ਕਿੰਦਰ, ਇਹ ਮੇਰਾ ਫੇਬਰਿਟ ਨੰਬਰ ਐ।" ਕੇਸਰ ਨੇ ਜਦੋਂ ਗੱਡੀ ਖਰੀਦੀ ਸੀ ਤਾਂ, ਗੱਡੀ ਦੇ ਨੰਬਰ ਵੱਲ ਇਸ਼ਾਰਾ ਕਰਦਿਆਂ ਉਸ, ਡੁੱਲ੍ਹਦੇ ਚਾਅ ਸੰਗ ਕਿੰਦਰ ਨੂੰ ਕਿਹਾ ਸੀ।

"ਏਦ੍ਹਾ ਕੀ ਮਤਲਬ. . .?" ਕਿੰਦਰ ਸਹਿਜ ਸੁਭਾਇ ਪੁੱਛਿਆ।

"ਸਿਕਸ ਤੇ ਨਾਈਨ.. .।ਮਤਲਬ, ਸਿਰਫ ਤੂੰ ਤੇ ਮੈਂ, ਬਸ . . .।" ਬਹੁਤ ਨਖਰੇ ਨਾਲ ਆਖਦਿਆਂ ਕੇਸਰ ਨੇ ਕਿੰਦਰ ਨੂੰ ਆਪਣੇ ਕਲ਼ਾਵੇ ਵਿਚ ਘੁੱਟ ਲਿਆ । ਕਿੰਦਰ ਨੇ ਆਸੇ-ਪਾਸੇ ਦੇਖਿਆ ਕਿ ਕੋਈ ਦੇਖਦਾ ਤਾਂ ਨਹੀਂ। ਫਿਰ ਜ਼ੋਰ ਨਾਲ ਕੇਸਰ ਦੇ ਕੱਸਵੇਂ ਕਲ਼ਾਵੇ ਵਿਚੋਂ ਨਿਕਲ ਪਰ੍ਹਾਂ ਜਾ ਖਲੋਤੀ। ਉਦੋਂ ਉਹ ਸਿਰਫ਼ ਮੁਸਕਰਾਈ ਸੀ। ਪਿੰਕੀ ਨਾਲ ਕੀਤੀ ਹਰਕਤ ਤੋਂ ਬਾਅਦ ਕਿੰਦਰ ਨੂੰ ਇਸ ਨੰਬਰ ਨਾਲ ਸਖ਼ਤ ਚਿੜ ਹੋ ਗਈ ਸੀ। ਉਹਨੂੰ ਕੇਸਰ ਦਾ ਰੁਮਾਂਟਿਕ ਹੋਣਾ ਬਹੁਤ ਅੱਖਰਦਾ ਸੀ। ਗੱਡੀ ਦੇ ਨੰਬਰ ਹੇਠ ਲੁਕੀ ਕੇਸਰ ਦੀ ਭਾਵਨਾ ਵਿਚ ਕਿੰਦਰ ਨੂੰ ਸਦਾ ਖੋਟ ਨਜ਼ਰ ਆਉਂਦੀ ਸੀ।

ਗੱਡੀ ਦੇਖ, ਵਦਾਣ ਵਾਂਗ ਵੱਜਦਾ ਕਿੰਦਰ ਦਾ ਕਾਲਜਾ ਥੰਮ੍ਹ ਗਿਆ ਸੀ। ਕੰਬਦੀਆਂ ਲੱਤਾਂ ਸੰਭਲ ਗਈਆਂ ਸਨ। ਘਬਰਾਹਟ ਘੱਟ ਗਈ ਸੀ। ਸੁਖਾਵਾਂ ਜਿਹਾ ਸਾਹ ਲੈ, ਉਹ ਹਨੇਰੀ ਵਾਂਗ ਹਾਲ ਵੱਲ ਨੂੰ ਤੁਰ ਪਈ। ਮਨ ਵਿਚ ਮਿਹਰ ਦਾ ਫ਼ਿਕਰ ਵੀ ਸੀ, ਉਹ ਅੰਦਰ 'ਕੱਲੀ ਸੀ। ਹਾਲ ਵੱਲ ਤੇਜ਼-ਤੇਜ਼ ਤੁਰਦੀ ਨੂੰ ਸਾਹ ਚੜ੍ਹ ਗਿਆ । ਹਾਲ ਦਾ ਗੇਟ ਖੋਲ੍ਹ ਪਹਿਲਾਂ ਉਸ ਸਾਹ ਟਿਕਾਣੇ ਕੀਤਾ। ਮਿਹਰ ਵੱਲ ਨਜ਼ਰ ਮਾਰੀ, ਉਹ ਆਰਾਮ ਨਾਲ ਡੀ.ਜੇ. ਵੱਲ ਵੇਖਦੀ ਪੌਪ ਕੌਨ ਖਾ ਰਹੀ ਸੀ। ਕਿੰਦਰ, ਹੌਲ਼ੀ-ਹੌਲ਼ੀ ਮਿਹਰ ਕੋਲ ਆਈ।

"ਮੰਮਾ, ਬਹੁਤ ਦੇਰ ਲਾ ਦਿੱਤੀ।" ਕਿੰਦਰ ਟੇਬਲ ਕੋਲ ਆਈ ਤਾਂ ਮਿਹਰ ਨੇ ਪ੍ਰੇਸ਼ਾਨ ਜਿਹੀ ਹੁੰਦੀ ਪੁੱਛਿਆ।

"ਭੀੜ ਸੀ ਬੇਟੇ।" ਕਿੰਦਰ ਨੇ ਆਪਣੀ ਘਬਰਾਹਟ ਨੂੰ ਲੁਕਾਅ ਕੇ ਮੱਥੇ 'ਤੇ ਰੁਮਾਲ ਫੇਰਿਆ।

ਵੇਟਰ ਮਨਚੂਰੀਅਨ ਲੈ ਆਇਆ ਸੀ। ਕਿੰਦਰ ਨੂੰ ਬਹੁਤ ਪਸੰਦ ਸਨ। ਉਸ ਵੇਟਰ ਦੇ ਟ੍ਰੇਅ ਵਿਚੋਂ ਪੇਪਰ ਪਲੇਟ ਚੁੱਕੀ ਤੇ ਮਨਚੂਰੀਆਂ ਨਾਲ ਪਲੇਟ ਭਰ ਲਈ । ਠੰਡਾ ਜਿਹਾ ਸਾਹ ਭਰ, ਮਨਚੂਰੀਅਨ ਖਾਣ



ਲੱਗੀ। ਅਜੇ ਅੱਧੀਆਂ ਹੀ ਮਨਚੂਰੀਅਨ ਖਾਧੀਆਂ ਸਨ।

"ਭਾਬੀ ਜੀ, ਸਾਅਸਰੀ 'ਕਾਲ।" ਕੇਸਰ ਦਾ ਰੁੜਕਾ ਕਲਾਂ ਦਾ ਦੋਸਤ ਸ਼ਰਨਜੀਤ ਸਿੰਘ ਉਸ ਦੇ ਸਾਹਮਣੇ ਆਇਆ ਤਾਂ ਕਿੰਦਰ ਤ੍ਰਬਕ ਕੇ ਉਸ ਵੱਲ ਦੇਖਿਆ। ਮਨਚੂਰੀਅਨ ਖਾਣੀਆਂ ਛੱਡ ਉਹ, ਸ਼ਰਨਜੀਤ ਦੇ ਸਾਹਮਣੇ ਹੱਥ ਜੋੜ ਖੜ੍ਹ ਗਈ। ਅਪਣੱਤ ਨਾਲ ਮਿਲੀ। ਪਰਿਵਾਰ ਦਾ ਹਾਲ ਪੁੱਛਿਆ।

"ਭਾਜੀ, ਤੁਸੀਂ ਇਥੇ ਕਿੱਦਾਂ. . .?" ਕਿੰਦਰ, ਮੁਸਕਰਾਉਂਦੀ ਪੁੱਛਿਆ।

"ਭਾਬੀ ਜੀ, ਮੈਂ ਬਰਾਤੀ ਆਂ. . .।" ਸ਼ਰਨਜੀਤ ਨੇ ਮੁਸਕਰਾ ਕੇ ਆਖਿਆ। ਫਿਰ ਉਸ ਮਿਹਰ ਦੇ ਸਿਰ 'ਤੇ ਹੱਥ ਰੱਖਿਆ।

"ਅੰਕਲ ਸਸ ਰੀ 'ਕਾਲ।" ਮਿਹਰ ਝੁਕਦੀ ਹੋਈ ਮੁਸਕਰਾਈ ।

"ਕੇਸਰ ਆਇਆ . . .?" ਸ਼ਰਨਜੀਤ ਨੇ ਪੁੱਛਿਆ।

"ਏਧਰ ਅੰਦਰ ਈ ਬੈਠੇ ਆਂ। ਮਿਲੇ ਨ੍ਹੀਂ ਥੁਆਨੂੰ. . .?" ਕਿੰਦਰ ਨੇ ਬਾਰ-ਰੂਮ ਵੱਲ ਹੱਥ ਕੀਤਾ।

"ਅੰਦਰ ਤਾਂ ਮਿਲੇ ਸੀ। ਅਸੀਂ ਇਕੋ ਟੇਬਲ 'ਤੇ ਬੈਠੇ ਸੀ। ਕੇਸਰ ਨੇ ਦੱਸਿਆ ਸੀ ਕਿ ਰਸਤੇ ਵਿਚ ਆਉਂਦਿਆਂ ਥੁਆਡੀ ਗੱਡੀ ਖਰਾਬ ਹੋ ਗਈ ਸੀ। ਕਹਿੰਦਾ ਮਰ-ਮਰ ਕੇ ਪੈਲਿਸ ਪਹੁੰਚੇ ਆਂ। ਹੁਣ ਉਹ ਮੇਰੀ ਗੱਡੀ ਲੈ ਕੇ ਵਰਕਸ਼ਾਪ ਤੋਂ ਮਕੈਨਿਕ ਨੂੰ ਲੈਣ ਗਿਆ ਹੋਇਐ. . .। ਸ਼ੈਦ ਮੈਂ ਖਿਆ ਮਕੈਨਿਕ ਨੂੰ ਲਿਆ ਕੇ ਥੁਆਨੂੰ ਮਿਲਿਆ ਹੋਵੇ।"

ਸੁਣਦਿਆਂ ਕਿੰਦਰ ਕੱਚੀ ਜਿਹੀ ਪੈ ਗਈ। ਜ਼ਬਾਨ ਤਾਲੂ ਨਾਲ ਜਾ ਲੱਗੀ। ਚਿਹਰੇ ਦਾ ਰੰਗ ਉੱਡ ਗਿਆ। ਲੱਤਾਂ ਕੰਬਣ ਲੱਗੀਆਂ। ਪਿੰਡਾ ਪਾਣੀਓਂ-ਪਾਣੀ ਹੋ ਗਿਆ।

"ਗੱਡੀ ਤਾਂ ਬਿਲਕੁਲ ਠੀਕ ਐ।" ਕਿੰਦਰ ਦੇ ਮੂੰਹੋਂ ਨਿਕਲ ਗਿਆ। ਪਰ ਅਗਲੇ ਹੀ ਪਲ਼, ਜ਼ਿਹਨ ਵਿਚ ਸ਼ੱਕ ਨੇ ਸਿਰ ਚੁੱਕਿਆ। ਉਹਦੀ ਦੇਹ ਰਹਿੰਦੀ ਵੀ ਮਿੱਟੀ ਹੋ ਗਈ। ਸ਼ਰਨਜੀਤ ਦੀਆਂ ਅੱਖਾਂ ਦਾ ਸਾਹਮਣਾ ਕਰਨ ਦੀ ਉਹਦੇ ਵਿਚ ਸੱਤਿਆ ਨਹੀਂ ਸੀ ਰਹੀ।

"ਭਾਬੀ ਜੀ, ਏ. ਸੀ. ਵਿਚ ਵੀ ਥੁਆਨੂੰ ਪਸੀਨਾ ਆਇਆ ਹੋਇਐ?" ਸ਼ਰਨਜੀਤ ਨੇ ਉਹਦੀ ਘਬਰਾਹਟ ਦੇਖ ਲਈ ਸੀ। "ਔਹਥੇ ਪੱਖੇ ਥੱਲੇ ਬੈਠੋ। ਅੱਜ ਗਰਮੀ ਬਹੁਤ ਜ਼ਿਆਦਾ ਐ। ਏ. ਸੀ. ਕੁਸ਼ ਨੀਂ ਕਰਦੇ। ਚੰਗਾ ਭਾਬੀ ਜੀ . . .।" ਉਹ, ਪੱਖੇ ਹੇਠਲੇ ਟੇਬਲ ਵੱਲ ਇਸ਼ਾਰਾ ਕਰਦਾ, ਕਿਸੇ ਹੋਰ ਨੂੰ ਮਿਲਣ ਲਈ ਅਗਾਂਹ ਤੁਰ ਗਿਆ। ਕਿੰਦਰ ਦੇ ਅੰਦਰ ਸ਼ੱਕ ਦੇ ਭਾਂਬੜ ਮੱਚ ਉਠੇ। ਉਸ ਨਿਕਲਦੀ ਭੁੱਬ ਮਸਾਂ ਰੋਕੀ।

"ਮੰਮੀ, ਆਪਣੀ ਗੱਡੀ ਰਸਤੇ 'ਚ ਖਰਾਬ ਹੋਈ ਸੀ?" ਮਿਹਰ ਨੇ ਮਾਂ ਵੱਲ ਗਹਿਰਾ ਝਾਕਦਿਆਂ ਪੁੱਛਿਆ।

'ਕੀ ਜਵਾਬ ਦਿਆਂ ਧੀ ਨੂੰ. . .?' ਨਮੋਸ਼ੀ ਵਿਚ, ਬੁੱਤ ਬਣੀ, ਉਹ ਪਤਾਲੀਂ ਗਰਕਦੀ ਜਾ ਰਹੀ ਸੀ। 'ਓਹੀ ਗੱਲ ਹੋਈ, ਜਿਸ ਦਾ ਡਰ ਸੀ।' ਮੋਇਆਂ ਵਾਂਗ ਕੁਰਸੀ 'ਚ ਡਿੱਗਦਿਆਂ ਕਿੰਦਰ ਦਾ ਹਾਉਂਕਾ ਨਿਕਲ ਗਿਆ। ਉਹਦੇ ਅੰਦਰ ਹਨੇਰੀਆਂ ਹੀ ਝੁਲ ਪਈਆਂ। ਡੀ.ਜੇ. ਦੀ ਉੱਚੀ ਆਵਾਜ਼ ਉਹਦੇ ਕੰਨੀਂ ਛੇਕ ਪਾ ਰਹੀ ਸੀ। (**ਮੋਬਾਇਲ:** 88728-54500)





## ਕਹਾਣੀ/ ਹੈਸ਼ ਟੈਗ # ਤੂੰ ਉਹ/ - ਅਰਵਿੰਦਰ ਕੌਰ ਧਾਲੀਵਾਲ

'ਨੀ ਚੰਦਰੀਏ, ਨੀ ਛੱਡ ਦੇ ਮੇਰੇ ਪੁੱਤ ਦਾ ਖਹਿੜਾ ... ਵੇ ਮੁਲਖਾ! ਵੇ ਸਮਝਾਉ ਵੇ ਮੇਰੇ ਪੁੱਤ ਨੂੰ, ਮੇਰਾ ਪੁੱਤ ਕਮਲਾ ਹੋ ਗਿਆ ਜੇ, ' ਮੰਮਾ ਨੇ ਦੋਵੇਂ ਹੱਥ ਅਸਮਾਨ ਵੱਲ ਚੁੱਕ ਕੇ ਦੁਹੱਥੜ ਮਾਰਿਆ ਤਾਂ ਐਮਰਜੈਂਸੀ ਵਾਰਡ ਦੀਆਂ ਜਿਵੇਂ ਕੰਧਾਂ ਕੰਬ ਗਈਆਂ।

'ਤੂੰ ਸ਼ੁਦੈਣ ਹੋ ਗਈ ਏਂ ਸਤਵੰਤ, ਕੀ ਕਰਦੀ ਏਂ, ਜ਼ਰਾ ਹੋਸ਼ ਕਰ, ਇਹ ਹਸਪਤਾਲ ਏ।' ਡੈਡ ਨੇ ਮੰਮਾ ਦੀ ਖੱਬੀ ਬਾਂਹ ਝੰਜੋੜਦਿਆਂ ਉਨ੍ਹਾਂ ਦੇ ਮੂੰਹ ਅੱਗੇ ਹੱਥ ਰੱਖ ਕੇ ਉਨ੍ਹਾਂ ਨੂੰ ਚੁੱਪ ਕਰਾ ਦਿੱਤਾ।

'ਹਾਏ! ਮੈਂ ਕਿੱਦਾਂ ਹੋਸ਼ ਕਰਾਂ, ਮੈਂ ਕਿੱਦਾਂ ਸਬਰ ਕਰਾਂ? ਜੀਨੀਏ ਤੇਰਾ ਕੀ ਬਣੂੰਗਾ ..? ਮੰਮਾ ਨੇ ਸੱਜਾ ਹੱਥ ਉਲਾਰਦਿਆਂ ਕਿਹਾ ਤਾਂ ਮੇਰੀਆਂ ਅੱਖਾਂ ਵਿਚੋਂ ਅੱਥਰੂ ਡਲ੍ਹਕ ਆਏ।

'ਮੰਮਾ ..! ' ਮੈਂ ਡਡਿਆ ਕੇ ਮੰਮਾ ਦੇ ਨਾਲ ਜਾ ਲੱਗੀ।

'ਜੀਨਾ ਪੁੱਤ, ਤੂੰ ਤੇ ਸਿਆਣੀ ਏਂ, ਪੜ੍ਹੀ-ਲਿਖੀ ਏਂ, ਹੌਂਸਲਾ ਰੱਖ, ਸਭ ਠੀਕ ਹੋ ਜਾਊਗਾ, ਮਹਾਰਾਜ ਮਿਹਰ ਕਰੂ।' ਅੱਥਰੂ ਲੁਕਾਉਂਦਿਆਂ ਡੈਡ ਨੇ ਅਸਮਾਨ ਵਿਚ ਬੈਠੇ ਰੱਬ ਵੱਲ ਵੇਖਿਆ।

ਅਸੀਂ ਤਿੰਨੇ ਜਣੇ ਤੁਰ ਕੇ ਐਮਰਜੈਂਸੀ ਵਾਰਡ ਦੇ ਬਾਹਰ ਆਉਣ ਦੀ ਜਿਵੇਂ ਕੋਸ਼ਿਸ਼ ਕਰ ਰਹੇ ਸਾਂ, ਪਰ ਪੈਰ ਸਨ ਕਿ ਸਾਡਾ ਸਾਥ ਹੀ ਨਹੀਂ ਦੇ ਰਹੇ।

'ਕੁਸ਼ਲ ਦੇ ਨਾਲ ਕੌਣ ਨੇ?' ਨਰਸ ਦੀ ਤਿੱਖੀ ਅਵਾਜ਼ ਸਾਡੇ ਪਿੱਛੇ ਆਣ ਵੱਜੀ।

ਡੈਡ ਵਾਪਸ ਮੁੜ ਪਏ। ਮੈਂ ਤੇ ਮੰਮਾ ਨੇ ਇਕ ਵਾਰੀ ਮੂੰਹ ਭੁੰਆਂ ਕੇ ਪਿੱਛੇ ਵੇਖਿਆ।

'ਹਾਂ .. ਜੀ .. ਮੈਂ ਫਾਦਰ ਆਂ ਕੁਸ਼ਲ ਦਾ।' ਲੜਖੜਾਈ ਅਵਾਜ਼ ਵਿਚ ਡੈਡ ਨਰਸ ਵੱਲ ਨੂੰ ਅਹੁਲੇ।

'ਡਾਕ .. ਸਾਬ .. ਬਲਾ ਰਹੇ ਨੇ ..।' ਮੁੜਦੀ ਨਰਸ ਦੀ ਪਿੱਠ ਵਿਚੋਂ ਅੱਧ-ਪਚੱਧੀ ਗੱਲ ਸਾਡੇ ਕੰਨਾਂ ਤੱਕ ਵੀ ਪਹੁੰਚ ਗਈ।

ਡੈਡ ਹੁਣ ਤੇਜ਼ ਤੁਰ ਕੇ ਡਾਕਟਰ ਦੇ ਕਮਰੇ ਤੱਕ ਪਹੁੰਚ ਜਾਣਾ ਚਾਹੁੰਦੇ ਹਨ। ਮੈਂ ਤੇ ਮੰਮਾ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਹਾਂ।

'ਇਹ ਡਾਕਟਰ ਵਿਨੇ ਸਾਈਕੈਟਰੀ ਡਿਪਾਰਟਮੈਂਟ ਤੋਂ ਨੇ, ਇਹੀ ਹੁਣ ਕੁਸ਼ਲ ਦਾ ਟਰੀਟਮੈਂਟ ਕਰਨਗੇ, ਇਥੇ ਰੱਖਣ ਦਾ ਕੋਈ ਬਹੁਤਾ ਫ਼ਾਇਦਾ ਨਹੀਂ, ਐਵੇਂ ਕਿਉਂ ਰੁਮ ਆਕੂਪਾਈ ਕਰਨਾ ... ਵੈਸੇ ਵੀ ਹੈ ਨੀ ਕੁਝ ਖ਼ਾਸ ਕੇਸ ਵਿਚ, ਬੱਸ ਥੋੜ੍ਹਾ ਪਰੈਸ਼ਰ ਐ, ਖੁਸ਼ ਰੱਖੋ ਉਸਨੂੰ, ਉਹਨੂੰ ਜ਼ਿਆਦਾ ਪਿਆਰ ਦਿਉ। ਉਹਦਾ ਮਨ ਵਰਚਿਆ ਰਹੇਗਾ ਤਾਂ ਪਰੈਸ਼ਰ ਨਹੀਂ ਹੋਏਗਾ .. ਵੈਸੇ ਵੀ ਕਾਫ਼ੀ ਸ਼ਰਮਿੰਦਾ ਏ ਉਹ। ਉਹਨੂੰ ਰੀਅਲਾਈਜ਼ ਕਰਾਉਣ ਦੀ ਬਹੁਤੀ ਜ਼ਰੂਰਤ ਨਹੀਂ।' ਡੈਡ ਦੇ ਨਿੱਜੀ ਜਾਣਕਾਰ ਡਾ: ਨਿਰੰਜਣ ਭਾਟੀਆ ਲਾਗੇ ਬੈਠੇ ਡਾਕਟਰ ਵਿਨੇ ਦੇ ਹਿੱਸੇ ਦਾ ਵੀ ਸਾਰਾ ਸੰਵਾਦ ਬੋਲ ਗਏ। ਉਨ੍ਹਾਂ ਜਿਵੇਂ ਲਿਖੇ ਬਿਨਾਂ ਹਦਾਇਤਾਂ ਦੀ ਸੂਚੀ ਡੈਡ ਦੇ ਹੱਥ ਵਿਚ ਫੜਾ ਦਿੱਤੀ।

ਮੈਂ ਤੇ ਮੰਮਾ ਦਰਵਾਜ਼ੇ ਵਿਚੋਂ ਹੀ ਵਾਪਸ ਮੁੜ ਪਈਆਂ।

ਰਾਤੀਂ ਬਹੁਤ ਹੀ ਬੁਰੀ ਹਾਲਤ ਵਿਚ ਕੁਸ਼ਲ ਨੂੰ ਇੱਥੇ ਲਿਆਂਦਾ ਗਿਆ ਸੀ। ਛੇ ਫੁੱਟ ਦਾ ਜਵਾਨ। ਚਾਰ ਜਣਿਆਂ ਨੇ ਬੜੀ ਮੁਸ਼ਕਿਲ ਨਾਲ ਉਸਨੂੰ ਲਾਹਿਆ ਸੀ ਛੱਤ ਤੋਂ। ਸੋਚ ਕੇ ਹੀ ਲੂੰ ਕੰਡੇ ਹੋ ਗਏ।

'ਜੀਨਾ! ਤੂੰ ਤੇ ਤੇਰੀ ਮੰਮਾ ਪਾਰਕਿੰਗ ਵੱਲ ਚੱਲੋ, ਮੈਂ ਡਿਸਚਾਰਜ ਦੀ ਫਾਰਮੈਲਟੀ ਕਰਕੇ ਆਇਆ।' ਡੈਡ ਕੈਸ਼ ਕਾਊਂਟਰ ਵੱਲ ਚਲੇ ਗਏ।

ਸਾਹਮਣੀ ਸਲੋਪ ਵਾਲੇ ਰਸਤੇ ਤੋਂ ਦੋ ਵਾਰਡ ਬੁਆਏਜ਼ ਦੀ ਮਦਦ ਨਾਲ ਕੁਸ਼ਲ ਹੌਲੀ-ਹੌਲੀ ਤੁਰ ਕੇ ਬਾਹਰ ਆ ਰਿਹਾ ਸੀ।

ਮੈਂ ਹੱਥ ਹਿਲਾ ਕੇ ਆਪਣੇ ਵੱਲ ਆਉਣ ਦਾ ਇਸ਼ਾਰਾ ਕੀਤਾ।

ਮੰਮਾ ਕੁਸ਼ਲ ਵੱਲ ਵੇਖ ਕੇ ਫਿਰ ਰੋਣ ਲੱਗ ਪਏ।

'ਜੀਨੀ .. ! ਉਹ ਮੇਰੇ ਪੁੱਤ ਦਾ ਖਹਿੜਾ ਨਹੀਂ ਛੱਡਦੀ। ਮੇਰੇ ਪੁੱਤ ਦੀ ਇਹ ਹਾਲਤ ਵੇਖੀ ਨਹੀਂ ਜਾਂਦੀ, ਮੈਂ ਤੇਰਾ ਸੁਹਾਗ ਕਿਵੇਂ ਉੱਜੜਦਾ ਵੇਖਾਂ, ਮੇਰੀਏ ਬੱਚੀਏ! ਤੂੰ ਏਸ ਘਰ ਆ ਕੇ ਕੋਈ ਸੁਖ ਨਹੀਂ ਪਾਇਆ .. ਮੈਨੂੰ ਮਾਫ਼ ਕਰ ਦੇਈਂ .. ਮੈਨੂੰ ਮਾਫ਼ ਕਰਦੇ ਮੇਰੀਏ ਬੱਚੀਏ।' ਮੰਮਾ ਜਿਵੇਂ ਮੇਰੇ ਕਦਮਾਂ ਵੱਲ ਉੱਲਰ ਗਏ।

'ਮਮਾ, ਕੀ ਕਰਦੇ ਓ? ਤੁਸੀਂ ਵੱਡੇ ਓ ਮੇਰੇ, ਇੰਜ ਨਾ ਕਰੋ, ਮੇਰੀ ਕਿਸਮਤ .. ਸ਼ਾਇਦ ਇੰਜ ਹੀ ਹੋਣਾ ਸੀ ..।' ਕੋਈ ਹਉਂਕਾ ਕਿਤੇ ਧੁਰ ਅੰਦਰਲੇ ਖੂਹ ਵਿਚ ਜਾ ਕੇ ਬੋਲਿਆ।

ਫਾਈਲ ਫੜੀ ਡੈਡ ਵੀ ਕੁਸ਼ਲ ਦੇ ਪਿੱਛੇ-ਪਿੱਛੇ ਆ ਗਏ।

ਵਾਰਡ ਹੈਲਪਰਜ਼ ਦੀ ਮਦਦ ਨਾਲ ਕੁਸ਼ਲ ਨੂੰ ਕਾਰ ਦੀ ਪਿਛਲੀ ਸੀਟ 'ਤੇ ਬਿਠਾਇਆ ਗਿਆ। ਮੰਮਾ ਕੁਸ਼ਲ ਦੇ ਨਾਲ ਬੈਠ ਗਏ।

ਮੈਂ ਡਰਾਈਵਿੰਗ ਸੀਟ 'ਤੇ ਬੈਲਟ ਲਗਾ ਲਈ। ਡੈਡ ਮੇਰੇ ਨਾਲ ਅੱਗੇ ਬੈਠ ਗਏ।

ਡਾਕਟਰ ਦੇ ਨਿਰਦੇਸ਼ਾਂ ਅਨੁਸਾਰ ਕੁਸ਼ਲ ਨੂੰ ਕੁੱਝ ਨਹੀਂ ਕਹਿਣਾ, ਨਾ ਹੀ ਕੁੱਝ ਪੁੱਛਣਾ ਹੈ।

ਕੁਸ਼ਲ ਮੂੰਹ ਥੱਲੇ ਸੁੱਟ ਕੇ ਬੈਠਾ ਹੈ। ਉਹ ਮੈਨੂੰ ਬੈਕ ਮਿਰਰ ਵਿਚੋਂ ਵਿਖਾਈ ਦੇ ਰਿਹਾ ਹੈ।

'ਹੁਣ ਸ਼ਰਮਿੰਦੇ ਹੋ ਕੇ ਕੀ ਹੋ ਜਾਊ, ਕੋਈ ਦੋ-ਟੁੱਕ ਫ਼ੈਸਲਾ ਤਾਂ ਕਰਨਾ ਪੈਣਾ।' ਸੋਚਦਿਆਂ ਮੈਂ ਸ਼ਸੋਪੰਜ ਵਿਚ ਕਾਰ ਡਰਾਈਵ ਕਰਨ ਲੱਗ ਪਈ ਹਾਂ।

ਡੈਡ ਦੇ ਫ਼ੋਨ 'ਤੇ ਮੈਸੇਜ ਰਿੰਗਜ਼ ਹੋਈ ਜਾ ਰਹੀਆਂ ਹਨ ਪਰ ਉਹ ਵੇਖ ਨਹੀਂ ਰਹੇ।

'ਫ਼ੋਨ, ਇਹ ਫ਼ੋਨ ਵੀ ਸਿਆਪੇ ਦੀ ਜੜ੍ਹ ਨੇ।' ਮੈਂ ਮਨ ਹੀ ਮਨ ਟੈਕਨਾਲੋਜੀ ਨੂੰ ਕੋਸਣ ਲੱਗ ਪੈਂਦੀ ਹਾਂ।

ਪਿਛਲੀ ਰਾਤ ਮੈਂ ਮੈਸੇਜ ਹੀ ਤਾਂ ਵੇਖ ਰਹੀ ਸੀ, ਇੰਸਟਾ 'ਤੇ ਸੱਤੀ ਭਾਬੀ ਨੇ ਕੁਸ਼ਲ ਨਾਲ ਆਪਣੀ



ਇਕ ਤਸਵੀਰ ਸਾਂਝੀ ਕੀਤੀ ਹੋਈ ਸੀ। ਉਸ ਵਿਚ ਕੁਸ਼ਲ ਦੇ ਸੱਜੇ ਹੱਥ ਸੱਤੀ ਤੇ ਖੱਬੇ ਪਾਸੇ ਤਰਲੋਕ ਭਾਜੀ ਖੜ੍ਹੇ ਸਨ। ਤਿੰਨੇ ਜਣੇ ਸੱਤੀ ਹੁਰਾਂ ਦੀ ਛੱਤ 'ਤੇ ਖੜ੍ਹੇ ਸਨ। ਹੱਥਾਂ ਵਿਚ ਗਲਾਸ , ਤਰਲੋਕ ਭਾਜੀ ਤੇ ਕੁਸ਼ਲ ਦੇ ਸ਼ਰਾਬ ਨਾਲ ਭਰੇ ਹੋਏ ਤੇ ਸੱਤੀ ਦੇ ਹੱਥ ਵਿਚ ਕੋਕ ਵਾਲਾ। ਤਾਰਿਆਂ ਭਰੇ ਅਸਮਾਨ ਥੱਲੇ ਬੜਾ ਫਨ ਹੋ ਰਿਹਾ ਸੀ। ਲਿਖਿਆ ਹੋਇਆ ਸੀ ; ਹੈਸ਼ਟੈਗ # ਮੈਂ, ਕੁਸ਼ਲ ਤੇ ਉਹ।

ਮੈਨੂੰ ਸੱਤੀ ਦੀ ਇਹ ਪੋਸਟ ਦਮੂੰਹੀ ਵਾਂਗ ਲੜੀ।

ਮੈਂ ਅਗਲੇ ਹੀ ਪਲ ਇਹ ਤਸਵੀਰ ਮੰਮਾ ਨੂੰ ਜਾ ਵਿਖਾਈ।

ਮੰਮਾ ਤਾਂ ਅੱਗੇ ਹੀ ਸੱਤੀ ਤੋਂ ਬੜੇ ਚਲਦੇ ਹਨ। ਤਸਵੀਰ ਵੇਖ ਕੇ ਉਹ ਹੋਰ ਖਿਝ ਗਏ।

ਜਿਸ ਦਿਨ ਦੀ ਮੈਂ ਵਿਆਹ ਕੇ ਇਸ ਘਰ ਵਿਚ ਆਈ ਸੀ, ਮੈਂ ਸੱਤੀ ਦਾ ਅਣਚਾਹਿਆ ਪਰਛਾਵਾਂ ਹਮੇਸ਼ਾਂ ਆਪਣੇ ਪਰਿਵਾਰ 'ਤੇ ਮੰਡਰਾਉਂਦਾ ਵੇਖਿਆ ਸੀ, ਡੋਲੀ ਵਾਲੀ ਸ਼ਾਮ ਬੁਰਕੀਆਂ ਦੇਣ ਦੀ ਰਸਮ ਤੋਂ ਬਾਦ ਆਂਢ ਗੁਆਂਢ ਦੀਆਂ ਔਰਤਾਂ ਨਵੀਂ ਵਹੁਟੀ ਵੇਖਣ ਲਈ ਆ ਗਈਆਂ। ਉਦੋਂ ਸੱਤੀ ਵੀ ਮੇਰੇ ਕੋਲ ਹੀ ਆ ਬੈਠੀ ਸੀ। ਮਮਾ ਨੇ ਇਕ ਗੁਆਂਢਣ ਨਾਲ ਮੇਰੀ ਜਾਣ-ਪਛਾਣ ਕਰਾਉਂਦਿਆਂ ਕਿਹਾ, 'ਸੋਹਣੀ ਏ ਨਾ, ਮੇਰੀ ਨੂੰਹ' ਗੁਆਂਢਣ ਦੇ ਬੋਲਣ ਤੋਂ ਪਹਿਲਾਂ ਹੀ ਸੱਤੀ ਬੋਲ ਉੱਠੀ, 'ਭੂਆ ਜੀ, ਤੁਹਾਡੀ ਨੂੰਹ ਸੋਹਣੀ ਏ ਤਾਂ ਮੇਰਾ ਦਿਉਰ ਕਿਹੜਾ ਕਿਸੇ ਤੋਂ ਘੱਟ ਏ।'

ਸੱਤੀ ਦੀਆਂ ਮੋਟੀਆਂ-ਮੋਟੀਆਂ ਅੱਖਾਂ ਵਿਚਲਾ ਸ਼ਰਾਰਤੀ ਸੁਰਮਾ ਮਾਨੋ ਉਸਦੀ ਚੁਗਲੀ ਕਰ ਗਿਆ ਸੀ। ਉਸਨੇ ਇਹ ਕਹਿ ਕੇ ਸੱਜੀ ਕੂਹਣੀ ਕੁਸ਼ਲ ਦੀ ਵੱਖੀ ਵਿਚ ਚੋਭ ਦਿੱਤੀ ਸੀ।

ਮੰਮਾ ਨੇ ਉਦੋਂ ਵੀ ਜਿਵੇਂ ਮੇਰਾ ਚਿਹਰਾ ਪੜ੍ਹ ਲਿਆ ਸੀ। ਅੱਜ ਵੀ ਉਹ ਜਾਣ ਗਏ ਸੀ ਕਿ ਮੈਨੂੰ ਕੁਸ਼ਲ ਦੇ ਇਹ ਕੰਮ ਬਹੁਤ ਬੁਰੇ ਲੱਗਦੇ ਸਨ।

'ਜੀਨਾ! ਇਹ ਸਾਡੇ ਸਮਾਜ ਵਿਚ ਸਿਰਫ਼ ਕਹਿਣ ਨੂੰ ਹੀ ਕਿਹਾ ਜਾਂਦਾ ਕਿ ਬੰਦੇ ਔਰਤਖ਼ੋਰ ਹੁੰਦੇ ਨੇ, ਕਈ ਜਨਾਨੀਆਂ ਵੀ ਬੜੀਆਂ ਮਰਦਬਾਜ਼ ਹੁੰਦੀਆਂ ਨੇ .. .., ਤੂੰ ਜਾ, ਨਵੀ 'ਕੱਲ੍ਹਾ ਏ। ਅਰਾਮ ਕਰ ਜਾ ਕੇ, ਮੈਂ ਕਰੂੰ ਉਹਦੇ ਨਾਲ ਸਵੇਰੇ ਗੱਲ।' ਮੰਮਾ ਨੇ ਚਾਦਰ ਤਾਣ ਲਈ ਸੀ।

ਨਵੀ ਮੇਰਾ ਇਕਲੌਤਾ ਬੱਚਾ ਹੈ। ਢਾਈ ਸਾਲ ਦਾ ਜਵਾਕ, ਅਜੇ ਤੋਤਲੀ ਜਿਹੀ ਜ਼ਬਾਨ ਵਿਚ ਗੱਲਾਂ ਕਰਨ ਲੱਗਿਆ ਹੈ।

ਮੈਂ ਕਮਰੇ ਵਿਚ ਆ ਕੇ ਨਵੀ ਨਾਲ ਖੇਡਣ ਲੱਗ ਪਈ।

ਮੇਰੇ ਵਿਆਹ ਤੋਂ ਤੀਸਰੇ ਦਿਨ ਸ਼ਾਮ ਦੀ ਘਟਨਾ ਮੇਰੀ ਸਿਮਰਤੀ ਵਿਚ ਜਾਗਣ ਲੱਗੀ। ਅਸੀਂ ਗੁਰਦੁਆਰੇ ਜਾਣਾ ਸੀ। ਘਰ ਵਿਚ ਪ੍ਰਾਹੁਣਿਆਂ ਦੀ ਬੜੀ ਗਹਿਮਾ-ਗਹਿਮੀ ਸੀ। ਮੰਮਾ ਨੇ ਮੇਰੇ 'ਤੇ ਕੁਸ਼ਲ ਦੇ ਨਾਲ ਮਾਮਾ ਜੀ ਦੀ ਬੇਟੀ ਨੂੰ ਤਿਆਰ ਕਰ ਦਿੱਤਾ ਸੀ। ਸਾਡੇ ਤਿਆਰ ਹੁੰਦਿਆਂ-ਹੁੰਦਿਆਂ ਸੱਤੀ ਭਾਬੀ ਵੀ ਆਣ ਪਹੁੰਚੀ ਤੇ ਝੱਟਪਟ ਸਾਡੇ ਨਾਲ ਗੁਰਦੁਆਰੇ ਜਾਣ ਲਈ ਤਿਆਰ ਹੋ ਗਈ। ਪਰਕਰਮਾ ਵਿਚ ਜਿਥੇ ਮੈਂ ਸੰਗਦਿਆਂ-ਸੰਗਦਿਆਂ ਕੁਸ਼ਲ ਨਾਲ ਤੁਰ ਰਹੀ ਸੀ ਉਥੇ ਸੱਤੀ ਭਾਬੀ ਗੱਲ-ਗੱਲ ਕੁਸ਼ਲ ਦੀ ਬਾਂਹ ਵਿਚ ਬਾਂਹ ਪਾ ਲੈਂਦੀ, ਕਦੇ ਹੱਸਦੀ, ਕਦੇ ਹਸਾਉਂਦੀ। ਵਿਚ-ਵਿਚ ਮਜ਼ਾਕ ਕਰਦਿਆਂ ਉਹ ਕੁਸ਼ਲ ਵੱਲ ਆਪਣੀ ਅੱਖ ਦੱਬ ਦਿੰਦੀ।

ਮੇਰੇ ਲਈ ਇਹ ਵਰਤਾਰਾ ਕਿਸੇ ਅਚੰਭੇ ਨਾਲੋਂ ਘੱਟ ਨਹੀਂ ਸੀ। ਮੈਨੂੰ ਤਾਂ ਅਜੇ ਵਿਆਹੀ ਨੂੰ ਦੋ ਦਿਨ ਹੀ ਹੋਏ ਸਨ, ਸੋ ਮੈਂ ਕੁਸ਼ਲ ਨੂੰ ਕਹਿੰਦੀ ਵੀ ਤਾਂ ਕੀ।

ਉਸ ਦਿਨ ਕੁਸ਼ਲ ਨੇ ਆਪ ਹੀ ਮੈਨੂੰ ਦੱਸਿਆ ਕਿ ਸੱਤੀ ਭਾਬੀ ਮੰਮਾ ਦੇ ਭੂਆ ਦੇ ਪੁੱਤ ਯਾਨੀ ਕੁਸ਼ਲ ਦੇ ਮਾਮੇ ਦੀ ਨੂੰਹ ਸੀ। ਉਹ ਮਾਮਾ ਜੀ ਦੇ ਇਕਲੌਤੇ ਪੁੱਤਰ ਤਰਲੋਕ ਨਾਲ ਵਿਆਹੀ ਹੋਈ ਸੀ। ਗੁਜ਼ਾਰੇ

ਯੋਗ ਪੜ੍ਹੀ ਲਿਖੀ ਸੀ। ਪ੍ਰਾਈਮਰੀ ਸਕੂਲ ਦੀ ਟੀਚਰ ਸੀ। ਤਰਲੋਕ ਭਾਜੀ ਵੀ ਸਰਕਾਰੀ ਮਾਸਟਰ ਸਨ। ਉਹਨਾਂ ਦੀਆਂ ਦੋ ਬੇਟੀਆਂ ਕਿਸੇ ਦੂਜੇ ਸ਼ਹਿਰ ਹੋਸਟਲ ਰਹਿ ਕੇ ਪੜ੍ਹਦੀਆਂ ਸਨ। ਮਹੀਨੇ ਦੀਆਂ ਦੋ ਬੱਝੀਆਂ ਤਨਖ਼ਾਹਾਂ ਆਉਂਦੀਆਂ ਸਨ। ਮੁਫ਼ਤ ਦੇ ਭਾਅ ਆਉਂਦਾ ਪੈਸਾ ਦੋਹਾਂ ਜੀਆਂ ਤੋਂ ਖਰਚਿਆਂ ਨਹੀਂ ਸੀ ਮੁੱਕਦਾ।

ਸੱਤੀ ਦਾ ਕੱਦ-ਕਾਠ ਦਰਮਿਆਨਾ ਜਿਹਾ ਸੀ। ਸੁਹਣੀ ਵੀ ਬਹੁਤੀ ਨਹੀਂ ਸੀ ਪਰ ਅਵਾਜ਼ ਰੋਹਬਦਾਰ, ਮਰਦਾਂ ਵਰਗੀ। ਉਹ ਅੱਖਾਂ ਨੱਚਾ-ਨੱਚਾ ਕੇ ਗੱਲਾਂ ਕਰਦੀ। ਇਸ ਤਰ੍ਹਾਂ ਗੱਲਾਂ ਕਰਦੀ ਦਾ ਸੁਰਮਾ ਜਿਵੇਂ ਵੱਖਰਾ ਨ੍ਰਿਤ ਕਰਦਾ ਜਾਪਦਾ। ਆਪਣੇ ਆਪ ਨੂੰ ਪੇਸ਼ ਕਰਨ ਵਿਚ ਸੱਤੀ ਬੜੀ ਮਾਹਰ ਸੀ।

ਮੰਮਾ ਨੂੰ ਵੀ ਸੱਤੀ ਦਾ ਸਾਡੇ ਨਾਲ ਗੁਰਦੁਆਰੇ ਜਾਣਾ ਅਖਰਿਆ ਸੀ ਪਰ ਪ੍ਰਾਹੁਣਿਆਂ ਕਰਕੇ ਉਹ ਚੁੱਪ ਰਹਿ ਗਏ ਸਨ।

ਜਦੋਂ ਅਸੀਂ ਘਰ ਵਾਪਸ ਆਏ ਤਾਂ ਮੰਮਾ ਰਾਤ ਨੂੰ ਸਾਡੇ ਕਮਰੇ ਵਿਚ ਮੇਰੇ ਕੋਲ ਆਏ। ਉਹਨਾਂ ਨੇ ਮੈਨੂੰ ਸੱਤੀ ਕੋਲੋਂ ਥੋੜ੍ਹਾ ਬਚ ਕੇ ਰਹਿਣ ਦੀ ਹਿਦਾਇਤ ਕੀਤੀ ਸੀ। ਮੈਂ ਚੁੱਪਚਾਪ ਉਹਨਾਂ ਦੀ ਗੱਲ ਅੱਗੇ ਸਿਰ ਝੁਕਾ ਦਿੱਤਾ ਸੀ।

ਹੌਲ਼ੀ-ਹੌਲ਼ੀ ਸਭ ਗੱਲਾਂ ਖੁੱਲ੍ਹਣ ਲੱਗੀਆਂ ਸਨ।

ਕੁਸ਼ਲ ਇਕ ਉਲਝੀ ਹੋਈ ਸ਼ਖ਼ਸੀਅਤ ਦਾ ਮਾਲਕ ਸੀ। ਉਸ ਤੋਂ ਕੋਈ ਵੀ ਆਪਣੀ ਗੱਲ ਮੰਨਵਾ ਸਕਦਾ ਸੀ। ਇਸੇ ਕਰਕੇ ਸੱਤੀ ਉਸਦੇ ਮਨ ’ਤੇ ਕਾਬਜ਼ ਹੋਈ ਰਹਿੰਦੀ।

ਜਦੋਂ ਉਹ ਰਾਤ ਨੂੰ ਕਮਰੇ ਵਿਚ ਆਉਂਦਾ ਤਾਂ ਇੰਜ ਲੱਗਦਾ ਜਿਵੇਂ ਮੈਂ ਕਿਸੇ ਨਵੇਂ ਸ਼ਖ਼ਸ ਨੂੰ ਮਿਲ ਰਹੀ ਹੋਵਾਂ। ਉਹ ਬੜਾ ਸਪਸ਼ਟ ਹੁੰਦਾ ਕਿ ਉਹ ਮੇਰੇ ਕੋਲੋਂ ਕੀ ਚਾਹੁੰਦਾ ਸੀ। ਬੜੀ ਸੰਤੁਲਿਤ ਹਸਤੀ। ਮੈਂ ਸੋਚਦੀ ਕਿ ਇਸ ਤਰ੍ਹਾਂ ਦੇ ਵਿਅਕਤਿੱਤਵ ’ਤੇ ਕੋਈ ਕਿੱਦਾਂ ਕਾਬਜ਼ ਹੋ ਸਕਦਾ ਸੀ।

ਸੱਤੀ ਹੁਰਾਂ ਦਾ ਘਰ ਸਾਡੇ ਘਰ ਦੇ ਬਿਲਕੁਲ ਸਾਹਮਣੇ ਸੀ। ਗਲੀ ਅੰਦਰ ਵੜਦਿਆਂ ਉਹਨਾਂ ਦਾ ਬੂਹਾ ਸਾਡੇ ਘਰ ਦੀਆਂ ਬਾਰੀਆਂ ਤੋਂ ਸਾਹਮਣੇ ਆਉਂਦਾ। ਇਸੇ ਕਰਕੇ ਉਸਨੂੰ ਸਾਡੇ ਘਰ ਆਏ-ਗਏ ਦੀ ਹਰ ਖ਼ਬਰ ਰਹਿੰਦੀ।

ਸਾਡੇ ਵਿਆਹ ਤੋਂ ਹਫ਼ਤੇ ਬਾਦ ਮੈਨੂੰ ਤੇ ਕੁਸ਼ਲ ਨੂੰ ਸੱਤੀ ਨੇ ਰੋਟੀ ’ਤੇ ਬੁਲਾਇਆ ਸੀ। ਤਰਲੋਕ ਭਾਜੀ ਵਿਸ਼ੇਸ਼ ਕਰਕੇ ਸੱਦਾ ਦੇਣ ਆਏ ਸਨ। ਉਸ ਸ਼ਾਮ ਜਿਸ ਤਰ੍ਹਾਂ ਸੱਤੀ ਸਭ ਦੇ ਸਾਹਮਣੇ ਕੁਸ਼ਲ ਨਾਲ ਗੱਲ-ਗੱਲ ’ਤੇ ਮਜ਼ਾਕ ਕਰਦੀ, ਉਸ ਤੋਂ ਪਤਾ ਲੱਗਦਾ ਸੀ ਕਿ ਉਹ ਇਕ ਦੂਜੇ ਨਾਲ ਕਿੰਨ੍ਹੇ ਖੁੱਲ੍ਹੇ ਹੋਏ ਸਨ। ਹੁਣ ਇਹ ਨਹੀਂ ਸੀ ਪਤਾ ਕਿ ਇਸ ਖੁੱਲ੍ਹ ਦੀ ਸੀਮਾ ਕੀ ਸੀ।

ਮੰਮਾ ਸੱਤੀ ਨੂੰ ਘੱਟ ਹੀ ਮੂੰਹ ਲਾਉਂਦੇ। ਪਰ ਜਦੋਂ ਮੰਮਾ ਆਪਣੇ ਪੇਕੇ ਪਿੰਡ ਵੱਲ ਜਾਂ ਕਿਧਰੇ ਹੋ ਗਏ ਹੁੰਦੇ ਤਾਂ ਜਿਵੇਂ ਸੱਤੀ ਦਾ ਦਾਅ ਲੱਗ ਜਾਂਦਾ। ਉਹ ਮੰਮਾ ਦੇ ਜਾਣ ਬਾਦ ਵੰਨ-ਸੁਵੰਨੀਆਂ ਸਬਜ਼ੀਆਂ ਬਣਾ-ਬਣਾ ਕੇ ਲਿਆਉਂਦੀ। ਜੇ ਮੈਂ ਉਸਨੂੰ ਹੁੰਗਾਰਾ ਨਾ ਦਿੰਦੀ ਤਾਂ ਕੁਸ਼ਲ ਨਰਾਜ਼ ਹੋ ਜਾਂਦਾ। ਜੇ ਉਸਨੂੰ ਜ਼ਰਾ ਕੁ ਢਿੱਲ ਦਿੱਤੀ ਜਾਂਦੀ, ਉਹ ਸਿਰ ’ਤੇ ਆ ਚੜ੍ਹਦੀ।

ਜਦੋਂ ਛੁੱਟੀਆਂ ਵਿਚ ਸੱਤੀ ਦੀਆਂ ਬੇਟੀਆਂ ਘਰ ਆਈਆਂ ਹੁੰਦੀਆਂ ਤਾਂ ਕੁਸ਼ਲ ਦਾ ਉਨ੍ਹਾਂ ਘਰ ਕੌਡੀ-ਫੇਰਾ ਰਹਿੰਦਾ। ਉਹ ਤਿੰਨਾਂ ਮਾਵਾਂ-ਧੀਆਂ ਨੂੰ ਸ਼ਾਪਿੰਗ ’ਤੇ ਲਿਜਾਂਦਾ, ਘੁਮਾਉਣ ਲਿਜਾਂਦਾ, ਫ਼ਿਲਮਾਂ ਵੀ ਵਿਖਾਉਣ ਲੈ ਜਾਂਦਾ। ਗੱਲ ਕੀ ਕੁਸ਼ਲ ਉਨ੍ਹਾਂ ਦੇ ਪਰਿਵਾਰ ਵਿਚ ਪੂਰੀ ਤਰ੍ਹਾਂ ਰਚ ਚੁੱਕਾ ਸੀ।

ਇਧਰ ਮੰਮਾ ਮੈਨੂੰ ਵਾਰ-ਵਾਰ ਤਾੜਨਾ ਕਰਦੇ। ਆਪਣਾ ਘਰ ਸਾਂਭ ਕੇ ਰੱਖਣ ਲਈ ਸਮਝਾਉਂਦੇ। ਉਹ ਅਕਸਰ ਸਾਡਾ ਫ਼ਿਕਰ ਕਰਦੇ।



‘ਕੋਈ ਨਾ ਮੰਮਾ ਆਪੇ ਸਮਝ ਜਾਊ ਇਕ ਦਿਨ ਜਿਵੇਂ-ਜਿਵੇਂ ਉਮਰ ਸਿਆਣੀ ਹੋਊ।’ ਮੈਂ ਟਾਲਦੀ।

‘ਨਾ ਜੀਨੀਏ, ਇਹ ਨਾ ਕਿਹਾ ਕਰ, ਜਵਾਨੀ ਹੀ ਤਾਂ ਮਾਣਨ ਲਈ ਹੁੰਦੀ ਏ, ਜੇ ਇਹੀ ਰੋ-ਰੋ ਕੇ ਨਿਕਲ ਗਈ ਤਾਂ ਬੁਢਾਪੇ ਦੇ ਸੁੱਖਾਂ ਨੂੰ ਅੱਗ ਲਾਉਣੀ ਏ। ਜਨਾਨੀ ਬੰਦੇ ਦਾ ਪਿਆਰ ਤਾਂ ਜਵਾਨੀ ਦਾ ਹੁੰਦੈ, ਉਸੇ ਪਿਆਰ ਦੀ ਛਾਂ ਹੀ ਤਾਂ ਬੰਦਾ ਬੁਢਾਪੇ ’ਚ ਮਾਣਦੈ, ਜਦੋਂ ਬੱਚੇ ਵੱਡੇ ਹੋ ਜਾਂਦੇ ਨੇ ਤਾਂ ਦੋਵੇਂ ਜੀਅ ਉਂਜ ਹੀ ਆਪਸ ਵਿਚ ਲਾਪਰਵਾਹ ਹੋ ਜਾਂਦੇ ਨੇ।’ ਕਹਿੰਦਿਆਂ ਮੰਮਾ ਦੀ ਟੇਕ ਰੱਬ ’ਤੇ ਜਾ ਟਿਕਦੀ।

ਕੁਸ਼ਲ ਮੈਨੂੰ ਭਰਪੂਰ ਪਿਆਰ ਕਰਦਾ ਸੀ। ਨੌਕਰੀ ਪੱਖੋਂ ਵੀ ਕੋਈ ਉਲ੍ਹਾਮਾ ਨਹੀਂ ਸੀ। ਬੱਸ, ਸੱਤੀ ਦੇ ਸ਼ਿਕੰਜੇ ਵਿਚ ਜਿਵੇਂ ਉਸਨੂੰ ਸਭ ਕੁੱਝ ਵਿਸਰ ਜਾਂਦਾ ਸੀ। ਕਦੇ ਕੁੱਝ ਪੁੱਛਦੀ ਤਾਂ ਕੋਈ ਨਿਆਂ ਨਾ ਦਿੰਦਾ।

ਇਹੋ ਜਿਹੀਆਂ ਗੱਲਾਂ ਹੀ ਸਾਡੇ ਦਰਮਿਆਨ ਹੋਈ ਸਭ ਤੋਂ ਪਹਿਲੀ ਲੜਾਈ ਦਾ ਕਾਰਨ ਸਨ।

ਉਸ ਸ਼ਾਮ ਮੰਮਾ ਦੀ ਰਿਸ਼ਤੇਦਾਰੀ ਵਿਚੋਂ ਇੱਕ ਭਣੇਵੇਂ ਦੀ ਰਿਸੈਪਸ਼ਨ ਪਾਰਟੀ ਸੀ। ਮੈਂ ਤਿਆਰ ਹੋਣ ਲਈ ਬਿਊਟੀ ਪਾਰਲਰ ਚਲੀ ਗਈ। ਮੰਮਾ ਤੇ ਡੈਡ ਨੂੰ ਨਾਲ ਲੈ ਕੇ ਕੁਸ਼ਲ ਨੇ ਮੈਨੂੰ ਰਸਤੇ ਵਿਚੋਂ ਲੈਣਾ ਸੀ। ਦੋ ਘੰਟੇ ਤੋਂ ਤਿਆਰ ਹੋ ਕੇ ਮੈਂ ਕੁਸ਼ਲ ਨੂੰ ਉਡੀਕ ਰਹੀ ਸੀ। ਉਹ ਫੋਨ ’ਤੇ ਵਾਰ-ਵਾਰ ‘ਬੱਸ ਆਇਆ, ਬੱਸ ਆਇਆ’ ਕਹੀ ਜਾ ਰਿਹਾ ਸੀ।

ਪਾਰਲਰ ਦਾ ਸਟਾਫ਼ ਛੁੱਟੀ ਕਰਕੇ ਚਲਾ ਗਿਆ। ਕੇਵਲ ਮੈਂ ਤੇ ਪਾਰਲਰ ਦੀ ਮਾਲਕਣ ਹੀ ਰਹਿ ਗਏ।

ਅੱਠ ਵਜੇ ਆਉਣ ਦਾ ਕਹਿ ਕੇ ਕੁਸ਼ਲ ਮੈਨੂੰ ਦੱਸ ਵਜੇ ਲੈਣ ਪਹੁੰਚਿਆ।

ਮੰਮਾ ਕਾਰ ਵਿਚ ਵੱਖ ਖ਼ਫ਼ਾ ਹੋਏ ਬੈਠੇ ਸਨ। ਕੁਸ਼ਲ ਮੈਨੂੰ ਲੈਣ ਆਉਣ ਤੋਂ ਪਹਿਲਾਂ ਸੱਤੀ ਨੂੰ ਕਿਸੇ ਪਾਰਲਰ ਤੋਂ ਲੈ ਕੇ ਰਿਸੈਪਸ਼ਨ ਵਾਲੀ ਥਾਂ ਛੱਡ ਕੇ ਆਇਆ ਸੀ ਕਿਉਂਕਿ ਤਰਲੋਕ ਭਾਜੀ ਪਹਿਲਾਂ ਤੋਂ ਹੀ ਪਾਰਟੀ ਦੇ ਇੰਤਜ਼ਾਮ ਕਰਨ ਵਾਲਿਆਂ ਨਾਲ ਚਲੇ ਗਏ ਸਨ।

ਉਸ ਰਾਤ ਪਹਿਲੀ ਵਾਰ ਮੈਂ ਕੁਸ਼ਲ ਨਾਲ ਲੜੀ ਸੀ। ਮੈਂ ਉਸਨੂੰ ਇੱਥੋਂ ਤੱਕ ਵੀ ਕਹਿ ਦਿੱਤਾ ਕਿ ਜਾਂ ਤਾਂ ਉਹ ਸੁਧਰ ਜਾਵੇ ਜਾਂ ਮੇਰੇ ਨਾਲੋਂ ਵੱਖ ਹੋ ਜਾਵੇ। ਮੈਂ ਗੁੱਸੇ ਵਿਚ ਬੱਤੀ ਬੁਝਾ ਕੇ ਪੈ ਗਈ। ਕੁਝ ਸਮੇਂ ਬਾਦ ਮੈਨੂੰ ਮੇਰੇ ਪੈਰਾਂ ’ਤੇ ਕੁੱਝ ਗਿੱਲਾ-ਗਿੱਲ ਮਹਿਸੂਸ ਹੋਇਆ। ਮੈਂ ਬੱਤੀ ਜਗਾਈ। ਕੁਸ਼ਲ ਮੇਰੇ ਪੈਰਾਂ ’ਤੇ ਚਿਹਰਾ ਰੱਖ ਕੇ ਰੋ ਰਿਹਾ ਸੀ। ਮੈਨੂੰ ਜਿਵੇਂ ਤਰਸ ਆ ਗਿਆ। ਮੇਰੇ ਸਾਰੇ ਸ਼ਿਕਵੇ ਹਵਾ ਹੋ ਗਏ। ਮੈਂ ਉਸਨੂੰ ਗਲ਼ ਨਾਲ ਲਾ ਲਿਆ।

ਅਜਿਹੀਆਂ ਗੱਲਾਂ ਹੁਣ ਅਕਸਰ ਵਾਪਰਦੀਆਂ। ਸੱਤੀ ਦੀ ਗ੍ਰਿਫ਼ਤ ਵਿਚੋਂ ਕੁਸ਼ਲ ਨਿਕਲ ਨਾ ਸਕਦਾ। ਉਹ ਮੈਨੂੰ ਪਿਆਰ ਕਰਨ ਦੇ ਦਾਅਵੇ ਕਰਦਾ। ਪਰ ਉਸਦਾ ਸਾਥ ਮਾਣਦਿਆਂ ਮੈਨੂੰ ਕਈ ਵਾਰ ਸੱਤੀ ਸਾਡੇ ਦਰਮਿਆਨ ਮਹਿਸੂਸ ਹੁੰਦੀ। ਮੈਂ ਕੁਸ਼ਲ ਨੂੰ ਜਿੰਨਾ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰਦੀ ਉਨੇ ਹੀ ਉਸਦੇ ਕਦਮ ਸੱਤੀ ਦੇ ਘਰ ਵੱਲ ਉੱਠ ਜਾਂਦੇ।

ਉਹਨੀ ਦਿਨੀਂ ਨਵੀ ਮੇਰੀ ਕੁੱਖ ਵਿਚ ਸੀ। ਜ਼ਿੰਦਗੀ ਵਿਚ ਬਦਲਾਅ ਦੀ ਸੰਭਾਵਨਾ ਜਾਗ ਪਈ ਸੀ। ਮੈਂ ਪਿਛਲਾ ਸਭ ਕੁਝ ਭੁੱਲਣ ਦਾ ਯਤਨ ਕਰਦੀ। ਮੰਮਾ ਨੂੰ ਵੀ ਲੱਗਣ ਲੱਗ ਪਿਆ ਸੀ ਕਿ ਕੁਸ਼ਲ ਦਾ ਹੁਣ ਘਰ ਵਿਚ ਮੋਹ ਪੈ ਜਾਵੇਗਾ।

ਸੱਚਮੁੱਚ ਹੀ ਨਵੀ ਦੇ ਜਨਮ ਨਾਲ ਕੁਸ਼ਲ ਵਿਚ ਤਬਦੀਲੀ ਆ ਗਈ।

ਕੁਸ਼ਲ ਜਿਵੇਂ ਆਪਣੇ ਘਰ ਤੋਂ ਦਫ਼ਤਰ ਤੇ ਦਫ਼ਤਰ ਤੋਂ ਘਰ ਤੱਕ ਸੀਮਤ ਹੋ ਗਿਆ ਸੀ। ਪਰ ਇਹ ਕੁੱਝ ਕੁ ਮਹੀਨਿਆਂ ਦੀ ਹੀ ਖੇਡ ਸੀ। ਜਿਉਂ ਹੀ ਨਵੀ ਨੇ ਤੁਰਨਾ ਸ਼ੁਰੂ ਕੀਤਾ, ਕੁਸ਼ਲ ਉਸਨੂੰ ਸੱਤੀ ਦੇ ਘਰ ਖਿਡਾਉਣ ਲੈ ਜਾਂਦਾ। ਸੱਤੀ ਦਾ ਵੀ ਸਾਡੇ ਘਰ ਆਉਣ ਜਾਣ ਵਧ ਗਿਆ। ਕਦੀ-ਕਦੀ ਸੋਚਦੀ ਕਿ

ਸੱਤੀ ਮੇਰਾ ਕੀ ਵਿਗਾੜ ਲਏਗੀ। ਮੇਰੇ ਕੋਲ ਪੁੱਤ ਸੀ। ਇਸ ਘਰ ਦਾ ਵਾਰਸ। ਮੰਮਾ ਤੇ ਡੈਡ ਤਾਂ ਉਸਦੇ ਸਾਹੀਂ ਜਿਉਂਦੇ ਸਨ।

ਜਿੰਨੀ ਵਾਰ ਵੀ ਸਾਡੀ ਲੜਾਈ ਹੋਈ ਉਸ ਦਾ ਕਾਰਨ ਸੱਤੀ ਬਣੀ ਸੀ। ਹਰ ਵਾਰ ਕੁਸ਼ਲ ਨੇ ਮੇਰੇ ਪੈਰਾਂ ਵਿਚ ਬਹਿ ਕੇ ਮਾਫ਼ੀਆਂ ਮੰਗੀਆਂ ਸਨ, ਸਹੁੰਆਂ ਖਾਧੀਆਂ ਸਨ ਤੇ ਹਰ ਵਾਰ ਮੈਂ ਉਸਨੂੰ ਮਾਫ਼ ਕਰ ਦਿੰਦੀ। ਅੰਦਰੇ-ਅੰਦਰ ਮੈਨੂੰ ਉਸਦੇ ਸਮਰਪਣ ਦਾ ਅਫ਼ਸੋਸ ਵੀ ਹੁੰਦਾ। ਸਮਰਪਣ ਦੀ ਕੋਈ ਪ੍ਰਤੀਸ਼ਤ ਨਹੀਂ ਹੁੰਦੀ ਪਰ ਜੇ ਮੈਂ ਉਸਨੂੰ ਸੌ ਪ੍ਰਤੀਸ਼ਤ ਸਮਰਪਿਤ ਸੀ ਤਾਂ ਉਹ ਕਿਉਂ ਨਹੀਂ?

ਕਦੇ ਜੀਅ ਕਰਦਾ ਸਭ ਛੱਡ ਛਡਾ ਕੇ ਪਿੱਛੇ ਮੁੜ ਜਾਵਾਂ, ਪਰ ਡਰ ਜਾਂਦੀ। ਮੰਮੀ ਦੇ ਗੁਜ਼ਰਨ ਤੋਂ ਬਾਦ ਜਦੋਂ ਪਾਪਾ ਇਕੱਲੇ ਰਹਿ ਗਏ ਸਨ ਤਾਂ ਵੀਰ ਉਨ੍ਹਾਂ ਨੂੰ ਆਪਣੇ ਨਾਲ ਇੰਗਲੈਂਡ ਲੈ ਗਿਆ ਸੀ। ਘਰ ਖਾਲੀ ਹੋ ਗਿਆ ਸੀ।

ਕਈ ਵਾਰ ਮੰਮਾ ਤੇ ਡੈਡ ਵੀ ਇਥੋਂ ਆਪਣਾ ਮਕਾਨ ਵੇਚ ਕੇ ਕਿਸੇ ਹੋਰ ਥਾਂ ਰਹਿਣ ਬਾਰੇ ਸੋਚਦੇ। ਹਰ ਵਾਰ ਕੁਸ਼ਲ ਅੜ ਜਾਂਦਾ ਕਿ ਅੱਜ ਦੇ ਸਮੇਂ ਵਿਚ ਏਨਾ ਵੱਡਾ ਮਕਾਨ ਬਣਾਉਣਾ ਬੜਾ ਮਹਿੰਗਾ ਪਵੇਗਾ। ਮੰਮਾ ਤੇ ਡੈਡ ਨੇ ਬੜੀਆਂ ਰੀਝਾਂ ਨਾਲ ਇਸ ਘਰ ਨੂੰ ਬਣਾਇਆ ਸੀ।

ਮੈਂ ਇਹਨਾਂ ਸੋਚਾਂ ਵਿਚ ਗਲਤਾਨ ਸੀ। ਨਵੀ ਸੌਂ ਚੁੱਕਾ ਸੀ ਕਿ ਬਾਹਰੋਂ ਰੌਲ਼ਾ ਸੁਣਾਈ ਦਿੱਤਾ। ਰਾਤ ਦੇ ਪੌਣੇ ਬਾਰਾਂ ਦਾ ਸਮਾਂ ਸੀ। ਕੁਸ਼ਲ ਹਾਲੇ ਤੱਕ ਘਰ ਨਹੀਂ ਸੀ ਆਇਆ। ਬਾਹਰ ਜਿਵੇਂ ਕੋਈ ਹਫੜਾ ਦਫੜੀ ਮੱਚ ਗਈ ਸੀ। ਮੈਂ ਪਰਦਾ ਚੁੱਕ ਕੇ ਵੇਖਿਆ। ਲੋਕ ਵਾਹੋ ਦਾਹੀ ਸੱਤੀ ਦੇ ਘਰ ਅੰਦਰ ਵੜ ਰਹੇ ਸਨ। ਮੰਮਾ ਵੀ ਬਿਨਾਂ ਚੁੰਨੀ ਉਹਨਾਂ ਦੇ ਘਰ ਵੱਲ ਭੱਜੇ। ਡੈਡ ਵੀ ਨੰਗੇ ਸਿਰ ਮੰਮਾ ਦੇ ਪਿੱਛੇ ਭੱਜੇ।

'ਪਾਣੀ ਲਿਆਓ .. .. ਡਾਕਟਰ ਬੁਲਾਓ' ਉੱਚੀ-ਉੱਚੀ ਬੋਲਦੀਆਂ ਅਵਾਜ਼ਾਂ ਦਾ ਸ਼ੋਰ ਸੀ।

ਮੇਰਾ ਮੱਥਾ ਠਣਕਿਆ। ਕੁਸ਼ਲ ਤੇ ਤਰਲੋਕ ਭਾਜੀ ਉਹਨਾਂ ਦੀ ਛੱਤ 'ਤੇ ਬੈਠੇ ਪੀ ਰਹੇ ਸਨ। ਕਿਸੇ ਨੂੰ ਕੁੱਝ ਹੋ ਗਿਆ ਲੱਗਦਾ ਸੀ। ਮੈਂ ਵੀ ਉਹਨਾਂ ਦੇ ਘਰ ਵੱਲ ਭੱਜ ਉੱਠੀ। ਉਹਨਾਂ ਦੇ ਘਰ ਅੰਦਰਲੀਆਂ ਭੀੜੀਆਂ ਪੌੜੀਆਂ ਵਿਚੋਂ ਛੇ-ਸੱਤ ਆਦਮੀ ਕੁਸ਼ਲ ਨੂੰ ਚੁੱਕ ਕੇ ਲਾਹ ਰਹੇ ਸਨ।

'ਕੁਸ਼ਲ .. .. !' ਮੈਂ ਚੀਕ ਉੱਠੀ।

ਕੁਸ਼ਲ ਹੋਸ਼ ਵਿਚ ਨਹੀਂ ਸੀ। ਬਾਹਰ ਆਈ ਐਂਬੂਲੈਂਸ ਦੀ ਹੂਕਰ ਮੇਰੇ ਦਿਲ ਦੇ ਆਰ ਪਾਰ ਹੋ ਗਈ।

'ਪੀਂਦਾ ਤਾਂ ਕੁਸ਼ਲ ਰੋਜ਼ ਹੀ ਸੀ, ਪਰ ਅੱਜ ਕੀ ਹੋਇਆ? ਉਹ ਹੋਸ਼ ਵਿਚ ਕਿਉਂ ਨਹੀਂ?' ਮੈਂ ਤਰਲੋਮੱਛੀ ਹੋ ਰਹੀ ਸੀ।

ਡੈਡ ਭੱਜ ਕੇ ਨਵੀ ਨੂੰ ਚੁੱਕ ਲਿਆਏ ਤੇ ਮੇਰੀ ਗੋਦੀ ਵਿਚ ਪਾ ਦਿੱਤਾ।

ਐਂਬੂਲੈਂਸ ਤੁਰ ਪਈ। ਫਿਰ ਐਮਰਜੈਂਸੀ, ਆਈ. ਸੀ. ਯੂ.। ਸਾਰੀ ਰਾਤ ਭੱਜ-ਦੌੜ 'ਚ ਗੁਜ਼ਰ ਗਈ।

ਮੌਤ ਦਾ ਖ਼ਿਆਲ ਵਾਰ-ਵਾਰ ਦਿਲ ਦਹਿਲਾ ਦਿੰਦਾ। ਸਾਰੀ ਰਾਤ ਸੂਲ਼ਾਂ 'ਤੇ ਬੀਤੀ। ਮੰਮਾ ਅਰਦਾਸਾਂ ਕਰਦੇ ਰਹੇ। ਮੈਂ ਸੱਤੀ ਨੂੰ ਕੋਸਦੀ ਰਹੀ।

ਡਾਕਟਰਾਂ ਦੇ ਦੱਸਣ ਅਨੁਸਾਰ ਕੁਸ਼ਲ ਨੇ ਦੋ-ਤਿੰਨ ਵੱਖ-ਵੱਖ ਬਰੈਂਡਾਂ ਦੀ ਸ਼ਰਾਬ ਪੀਤੀ ਸੀ ਜੋ ਰਿਐਕਸ਼ਨ ਕਰ ਗਈ ਸੀ, ਜਿਸ ਨਾਲ ਕੁਸ਼ਲ ਮੌਤ ਦੇ ਮੂੰਹ ਵਿਚ ਜਾ ਪਿਆ ਸੀ। ਸਵੇਰੇ ਜਦੋਂ ਡਾਕਟਰਾਂ ਨੇ 'ਖਤਰਾ ਟਲ ਗਿਆ' ਦੱਸਿਆ ਤਾਂ ਕਿਤੇ ਸਾਡੇ ਸਾਹ ਮੁੜੇ ਸਨ। ਦਿਨ ਚੜ੍ਹੇ ਮੰਮਾ ਨੇ ਮੈਨੂੰ ਤੇ ਨਵੀ ਨੂੰ ਥੋੜ੍ਹੇ ਸਮੇਂ ਲਈ ਘਰ ਭੇਜ ਦਿੱਤਾ।

ਮੈਂ ਅਣਮੰਨੇ ਮਨ ਨਾਲ ਘਰ ਜਾ ਕੇ ਫਰੈਸ਼ ਹੋਈ ਤੇ ਨਵੀ ਦਾ ਸਮਾਨ, ਦੁੱਧ, ਡਾਈਪਰ, ਕੱਪੜੇ



ਵਗੈਰਾ ਕਾਰ ਵਿਚ ਰੱਖਣ ਲੱਗੀ। ਅਜੇ ਸਮਾਨ ਰੱਖ ਹੀ ਰਹੀ ਸੀ ਕਿ ਸੱਤੀ ਸਾਡੇ ਘਰ ਦਾਖ਼ਲ ਹੋਈ।

ਸੱਤੀ ਨੂੰ ਵੇਖ ਕੇ ਮੇਰੀ ਆਂਦਰ ਇੰਜ ਤੜਫ਼ ਉੱਠੀ ਜਿਵੇਂ ਤੱਤੇ ਤਵੇ 'ਤੇ ਪਾਣੀ ਦੀ ਛਿੱਟ ਬੁੜ੍ਹਕਦੀ ਹੈ। ਮੇਰੀਆਂ ਨਸਾਂ ਫਰਕਣ ਲੱਗੀਆਂ। ਲਹੂ ਜਿਵੇਂ ਉਬਾਲੇ ਖਾਣ ਲੱਗਾ। ਮੇਰੀ ਸਾਰੀ ਸ਼ਰਮ-ਸੰਗ ਜਾਂਦੀ ਰਹੀ। ਮੈਂ ਉਸਦੇ ਕੁਝ ਵੀ ਬੋਲਣ ਤੋਂ ਪਹਿਲਾਂ ਹੀ ਉਸਨੂੰ ਬਾਹੋਂ ਧੂਹ ਕੇ ਥੱਲੇ ਸੁੱਟ ਲਿਆ। ਮੇਰੇ ਹੱਥਾਂ ਵਿਚ ਪਤਾ ਨਹੀਂ ਕਿਵੇਂ ਏਨਾ ਜ਼ੋਰ ਆ ਗਿਆ ਸੀ ਕਿ ਮੈਂ ਉਸਦੀ ਹਿੱਕ 'ਤੇ ਬਹਿ ਕੇ ਉਸਦੇ ਮੂੰਹ 'ਤੇ ਚਪੇੜਾਂ ਮਾਰ ਰਹੀ ਸੀ। ਜੋ ਕੁੱਝ ਮੇਰੇ ਮੂੰਹ ਵਿਚ ਆਇਆ, ਮੈਂ ਬੋਲੀ ਗਈ ਸੀ। ਉਸਨੂੰ ਕੁੱਟਿਆ, ਗਾਲ੍ਹਾਂ ਕੱਢੀਆਂ। ਸਾਰਾ ਗ਼ੁਬਾਰ ਕੱਢ ਲਿਆ।

ਗਲੀ ਵਿਚ ਲੋਕ ਇਕੱਠੇ ਹੋ ਗਏ। ਉਨ੍ਹਾਂ ਨੇ ਬੜੀ ਮੁਸ਼ਕਿਲ ਨਾਲ ਮੈਨੂੰ ਸੱਤੀ ਤੋਂ ਵੱਖਰਿਆਂ ਕੀਤਾ। ਚਾਰ ਸਾਲਾਂ ਦਾ ਡੱਕਿਆ ਰੋਹ ਚਹੁੰ ਮਿੰਟਾਂ ਵਿਚ ਵਗ ਤੁਰਿਆ ਸੀ।

ਘੰਟੇ ਕੁ ਬਾਦ ਮੈਂ ਹਸਪਤਾਲ ਪਹੁੰਚੀ। ਕੁਸ਼ਲ ਨੂੰ ਕਮਰੇ ਵਿਚ ਸ਼ਿਫ਼ਟ ਕਰ ਦਿੱਤਾ ਹੋਇਆ ਸੀ। ਮੈਂ ਕਮਰੇ ਵਿਚ ਦਾਖ਼ਲ ਹੋਈ। ਮੈਂ ਮੰਮਾ ਦੀਆਂ ਨਜ਼ਰਾਂ ਵਿਚ ਕੁੱਝ ਸਮਾਂ ਪਹਿਲਾਂ ਵਾਪਰੀ ਘਟਨਾ ਦੀ ਇਬਾਰਤ ਪੜ੍ਹ ਲਈ ਸੀ। ਮੈਂ ਸਮਝ ਗਈ ਕਿ ਮੇਰੇ ਪਹੁੰਚਣ ਤੋਂ ਪਹਿਲਾਂ ਗੱਲ ਪਹੁੰਚ ਗਈ ਹੈ।

ਹੁਣ ਕੁਸ਼ਲ ਨੂੰ ਘਰ ਆਏ ਨੂੰ ਚਾਰ ਦਿਨ ਹੋ ਗਏ ਹਨ। ਉਹ ਬਹੁਤਾ ਚੁੱਪ-ਚੁੱਪ ਹੀ ਰਹਿੰਦਾ ਹੈ। ਸਿਰਫ਼ ਨਵੀ ਨਾਲ ਖੇਡਦਾ ਕਦੀ-ਕਦੀ ਮੁਸਕੁਰਾ ਲੈਂਦਾ ਹੈ। ਮੰਮਾ ਤੇ ਡੈਡ ਨੂੰ ਲੱਗਦਾ ਹੈ ਕਿ ਕੁਸ਼ਲ ਹੁਣ ਸਮਝ ਗਿਆ ਹੈ। ਘਰ ਦਾ ਮਾਹੌਲ ਨਾਰਮਲ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ।

ਅੱਜ ਬੜੇ ਦਿਨਾਂ ਬਾਦ ਮੈਂ ਸੌਣ ਤੋਂ ਪਹਿਲਾਂ ਫ਼ੋਨ ਵੇਖਿਆ ਹੈ। ਸ਼ੋਸ਼ਲ ਸਾਈਟਸ 'ਤੇ ਵਿਜ਼ਿਟ ਕਰਨ ਲਈ ਇੰਸਟਾਗਰਾਮ ਖੋਲ੍ਹਿਆ ਹੈ। ਪਹਿਲੀ ਪੋਸਟ ਸੱਤੀ ਦੀ ਹੈ। ਉਸਨੇ ਉਸ ਸ਼ਾਮ ਦੀ ਤਸਵੀਰ ਸ਼ੇਅਰ ਕੀਤੀ ਹੋਈ ਸੀ ਜਿਸ ਰਾਤ ਕੁਸ਼ਲ ਹਸਪਤਾਲ ਪਹੁੰਚ ਗਿਆ ਸੀ। ਥੱਲੇ ਲਿਖਿਆ ਹੋਇਆ ਸੀ ਮੈਂ ਹੈਸ਼ਟੈਗ # ਕੁਸ਼ਲ # ਉਹ। ਤਸਵੀਰ ਅੱਜ ਹੀ ਸ਼ੇਅਰ ਕੀਤੀ ਹੋਈ ਸੀ। ਸਭ ਤੋਂ ਪਹਿਲਾਂ ਤਸਵੀਰ ਨੂੰ ਕੁਸ਼ਲ ਨੇ ਲਾਈਕ ਤੇ ਕੁਮੈਂਟ ਕੀਤਾ।

ਮੇਰੇ ਜਿਵੇਂ ਸਿਰ ਵਿਚ ਕੁੱਝ ਧੁਖਣ ਲੱਗਾ।

ਬੱਤੀ ਬੁਝਾ ਕੇ ਮੈਂ ਚੁੱਪਚਾਪ ਲੇਟ ਗਈ। ਨਵੀ ਮੇਰੇ ਨਾਲ ਸੁੱਤਾ ਪਿਆ ਸੀ। ਮੈਨੂੰ ਮੇਰੇ ਪੈਰਾਂ 'ਤੇ ਕੁੱਝ ਗਿੱਲਾ-ਗਿੱਲਾ ਮਹਿਸੂਸ ਹੋਇਆ। ਮੈਂ ਤ੍ਰਬਕ ਕੇ ਉੱਠੀ। ਕੁਸ਼ਲ ਫਿਰ ਤੋਂ ਮੇਰੇ ਪੈਰਾਂ ਵਿਚ ਬੈਠਾ ਸੀ। ਉਹ ਮੈਨੂੰ ਸੰਬੰਧ ਬਣਾਉਣ ਲਈ ਪ੍ਰੇਰ ਰਿਹਾ ਸੀ।

ਮੈਂ ਜ਼ੋਰ ਦੀ ਪੈਰ ਝਟਕਿਆ ਤੇ ਕੁਸ਼ਲ ਪਰ੍ਹਾਂ ਹੋ ਗਿਆ।

ਮੈਂ ਉੱਠ ਬੈਠੀ ਤੇ ਬੱਤੀ ਜਗਾਈ।

'ਵੇਖ ਕੁਸ਼ਲ, ਤੂੰ ਹਟਣਾ ਨਹੀਂ ਤੇ ਮੈਂ ਇੱਥੋਂ ਜਾਣਾ ਨਹੀਂ, ਤੂੰ ਇੱਥੇ ਇਸੇ ਕਮਰੇ ਵਿਚ ਰਹਿ, ਪਰ ਮੈਨੂੰ ਭੁੱਲ ਕੇ ਹੱਥ ਨਾ ਲਾਵੀਂ, ਮੇਰੇ ਲਈ ਤੂੰ ਉਸ ਦਿਨ ਹੀ ਖ਼ਤਮ ਹੋ ਗਿਆ ਸੀ ਜਿਸ ਦਿਨ ਤੈਨੂੰ ਅੱਧਮਰੇ ਨੂੰ ਛੱਤ ਤੋਂ ਲਾਹਿਆ ਗਿਆ ਸੀ..., ਮੈਂ ਕੋਈ ਸ਼ੈਲਫ਼ 'ਤੇ ਸਜਾਇਆ ਭਾਂਡਾ ਨਹੀਂ ਜਿਸਨੂੰ ਜਦੋਂ ਚਾਹਿਆ ਵਰਤ ਲਿਆ ਤੇ ਜਦੋਂ ਚਾਹਿਆ ਧੋ-ਸੰਵਾਰ ਕੇ ਸਜਾ ਲਿਆ। ਤੂੰ ਪੂਰੀ ਤਰ੍ਹਾਂ ਮੇਰਾ ਨਹੀਂ ਤਾਂ ਮੈਂ ਵੀ ਤੇਰੀ ਨਹੀਂ, ਤੂੰ ਅੱਜ ਤੋਂ ਸਿਰਫ਼ ਮੇਰੇ ਬੱਚੇ ਦਾ ਬਾਪ, ਮੰਮਾ ਡੈਡ ਦਾ ਪੁੱਤ ਤੇ ਸੱਤੀ ਦਾ ਹੈਸ਼ ਟੈਗ...।' ਮੈਂ ਚਾਦਰ ਚੁੱਕ ਮੂੰਹ 'ਤੇ ਲੈ ਲਈ ਤੇ ਬੈੱਡ ਸਵਿੱਚ ਦੱਬ ਦਿੱਤਾ।

ਕੁਸ਼ਲ ਅਵਾਕ ਮੂੰਹ ਲੈ ਕੇ ਜ਼ਮੀਨ 'ਤੇ ਹੀ ਬੈਠਾ ਰਹਿ ਗਿਆ।

(**ਸੰਪਰਕ -99142-11422**)



## ਕਹਾਣੀ/ ਚਾਬੀਆਂ ਦਾ ਗੁੱਛਾ / -ਵਿਪਨ ਗਿੱਲ

ਮਾਂ ਕਦੇ-ਕਦਾਈਂ ਇੱਕ-ਦੋ ਦਿਨਾਂ ਲਈ ਮੇਰੇ ਕੋਲ ਆ ਜਾਂਦੀ ਹੈ, ਉਂਝ ਉਹ ਧੀ ਦੇ ਘਰ ਆ ਕੇ ਰਹਿਣਾ ਚੰਗਾ ਨਹੀਂ ਸਮਝਦੀ। ਉਹ ਕੱਲ ਦੁਪਹਿਰੇ ਮੇਰੇ ਕੋਲ ਆ ਗਈ ਸੀ। ਉਸ ਦਾ ਚਾਬੀਆਂ ਵਾਲਾ ਗੁੱਛਾ ਮੇਰੇ ਕਮਰੇ ਦੇ ਡ੍ਰੈਸਿੰਗ ਟੇਬਲ 'ਤੇ ਪਿਆ ਹੈ।

ਮੈਂ ਬੈੱਡ ਦੀ ਨੁੱਕਰ 'ਤੇ ਟੇਢੀ ਲੇਟੀ ਹੋਈ ਕੰਧ 'ਤੇ ਖੁਰਚੇ ਹੋਏ ਗੋਲ ਨਿਸ਼ਾਨ ਵੱਲ ਦੇਖ ਰਹੀ ਹਾਂ। ਮਾਂ ਕਿੰਨਾ ਚਿਰ ਮੈਨੂੰ ਸਮਝਾਉਂਦੀ ਤੇ ਸਿਰ ਖਪਾਉਂਦੀ ਰਹੀ ਤੇ ਮੈਂ ਚੁੱਪਚਾਪ ਬਿਨਾਂ ਹੁੰਗਾਰਾ ਭਰੇ ਉਸ ਦੀਆਂ ਗੱਲਾਂ ਸੁਣਦੀ ਹੋਈ ਅੰਗੂਠੇ ਦੇ ਨਹੁੰ ਨਾਲ ਕੰਧ ਖੁਰਚਦੀ ਰਹੀ। ਅਖੀਰ ਖਿਝੀ ਖਪੀ ਮਾਂ ਉੱਠ ਕੇ ਨਹਾਉਣ ਲਈ ਚਲੇ ਗਈ।

ਮੈਂ ਬੈੱਡ ਤੋਂ ਉੱਠ ਕੇ, ਡ੍ਰੈਸਿੰਗ ਟੇਬਲ ਦੇ ਸਾਹਮਣੇ ਖੜ੍ਹੀ ਹੋ ਜਾਂਦੀ ਹਾਂ ਤੇ ਆਪਣੇ ਚਿਹਰੇ ਨੂੰ ਗਹੁ ਨਾਲ ਦੇਖਦੀ ਹਾਂ। ਅੱਖਾਂ ਦੁਆਲੇ ਗੂੜ੍ਹੇ ਕਾਲੇ ਘੇਰੇ, ਨਿਰਜੀਵ ਪੀਲੀਆਂ ਪਿਚਕੀਆਂ ਗੱਲਾਂ ਤੇ ਧੌਣ ਤੋਂ ਢਿਲਕਿਆ ਮਾਸ ਮੈਂ ਸੱਚੀ ਬੁੱਢੀ ਹੋ ਰਹੀ ਹਾਂ। ਮਾਂ ਸੱਚਾ ਝਿੜਕ ਰਹੀ ਸੀ, "ਚੁੜੇਲ ਲੱਗਦੀ ਏਂ, ਨਿਰੀ ਤੂੰ। ਪਤਾ ਨਹੀਂ ਕਿਹੜੀ ਉਦਾਸੀ ਦੀ ਪੰਡ ਚੁੱਕੀ ਫਿਰਦੀਂ ਏਂ। " ਮੈਂ ਮਾਂ ਨੂੰ ਕੁਝ ਦੱਸਣਾ ਚਾਹੁੰਦੀ ਸੀ ਪਰ ਚੁੱਪ ਰਹੀ ਤੇ ਅਚੇਤ ਹੀ ਮਾਂ ਦੇ ਹੱਥੋਂ ਚਾਬੀਆਂ ਦਾ ਗੁੱਛਾ ਫੜ ਕੇ ਅੰਗੂਠੇ 'ਚ ਛੱਲਾ ਪਾ ਕੇ ਗੋਲ-ਗੋਲ ਘੁਮਾਉਣ ਲੱਗ ਪਈ ਸੀ। ਮਾਂ ਨੇ ਖਿਝ ਕੇ ਮੇਰੇ ਕੋਲੋਂ ਚਾਬੀਆਂ ਖੋਹ ਕੇ ਡ੍ਰੈਸਿੰਗ ਟੇਬਲ 'ਤੇ ਰੱਖ ਦਿੱਤੀਆਂ ਤੇ ਝਿੜਕ ਕੇ ਕਿਹਾ, "ਚਾਬੀਆਂ ਨਹੀਂ ਖੜਕਾਈ ਦੀਆਂ, ਕਲੇਸ਼ ਪੈਂਦਾ ਘਰ 'ਚ।" ਉਹ ਮੇਰੇ ਅੰਦਰ ਹੁੰਦੇ ਨਿੱਤ ਦੇ ਕਲੇਸ਼ ਬਾਰੇ ਨਹੀਂ ਸੀ ਜਾਣਦੀ, ਜਿੱਥੇ ਮੈਂ ਆਪਣੇ ਆਪ ਨਾਲ ਲੜਦੀ ਰੋਜ਼ ਹਾਰ ਜਾਂਦੀ ਹਾਂ।

ਮਾਂ ਦੇ ਚਾਬੀਆਂ ਵਾਲੇ ਗੁੱਛੇ ਵਿੱਚ ਛੋਟੀਆਂ-ਵੱਡੀਆਂ ਦਸ ਚਾਬੀਆਂ ਨੇ। ਮਾਂ ਸਭ ਜਾਣਦੀ ਹੈ ਕਿ ਕਿਹੜੀ ਚਾਬੀ ਨਾਲ ਕਿਹੜਾ ਜਿੰਦਰਾ ਖੋਹਲਣਾਂ। ਕਦੇ-ਕਦੇ ਮਾਂ ਮੈਨੂੰ ਜਾਦੂਗਰਨੀ ਲੱਗਦੀ ਹੈ ਜਿਵੇਂ



ਉਸਨੇ ਸਾਰੇ ਰਿਸ਼ਤਿਆਂ ਨੂੰ ਜਿੰਦਰੇ ਮਾਰ ਕੇ ਕਾਬੂ ਕੀਤਾ ਹੋਇਆਂ ਹੋਵੇ। ਮਾਂ ਨੂੰ ਚਾਬੀਆਂ ਦਾ ਗੁੱਛਾ ਜਾਨ ਤੋਂ ਵੀ ਵੱਧ ਪਿਆਰਾ ਹੈ। ਉਸਨੇ ਸਾਰੀ ਜ਼ਿੰਦਗੀ ਕਦੇ ਇਸ ਗੁੱਛੇ ਦਾ ਵਸਾਹ ਨਹੀਂ ਕੀਤਾ। ਸ਼ਾਇਦ ਇਹਨਾਂ ਚਾਬੀਆਂ ਵਿੱਚੋਂ ਇੱਕ ਚਾਬੀ ਨਾਲ ਉਸਨੇ ਪਿਤਾ ਜੀ ਨੂੰ ਹਮੇਸ਼ਾ ਆਪਣੇ ਨਾਲ ਬੰਨ੍ਹ ਕੇ ਰੱਖਿਆ ਸੀ। ਮਾਂ ਤੇ ਪਿਤਾ ਜੀ ਦਾ ਅਨਜੋੜ ਜਿਹਾ ਮੇਲ ਸੀ। ਪਿਤਾ ਜੀ ਉੱਚੇ-ਲੰਮੇ ਤੇ ਸੋਹਣੇ-ਸੁਨੱਖੇ ਸਨ ਤੇ ਮਾਂ ਦਰਮਿਆਨੇ ਕੱਦ ਦੀ ਸਾਧਾਰਨ ਨੈਣ-ਨਕਸ਼ਾਂ ਵਾਲੀ ਸਾਂਵਲੀ ਜਿਹੀ ਔਰਤ ਪਰ ਰੱਜੇ ਪਿਉ ਦੀ ਇਕਲੌਤੀ ਧੀ ਨੇ ਸਾਰੀ ਉਮਰ ਪਿਤਾ ਜੀ ਨੂੰ ਆਪਣੇ ਨੱਕ ਹੇਠਾਂ ਰੱਖਿਆ।

ਬੈੱਡ ਦੀ ਢੋਅ 'ਤੇ ਪਿਆ ਮੋਬਾਈਲ ਰੌਸ਼ਨੀ ਨਾਲ ਟੁਣਕਿਆ ਹੈ। ਚੰਚਲ ਦਾ ਸੁਨੇਹਾ ਹੈ-'ਦੀਪਾ ਆਰ ਯੂ ਰੈਡੀ ਫਾਰ ਬਾਲੀ ਟਰਿਪ।  ਚੰਚਲ ਮੇਰੀ ਕੁਲੀਗ ਅਤੇ ਸਹੇਲੀ ਹੈ। ਉਹ ਅਗਲੇ ਹਫ਼ਤੇ ਘੁੰਮਣ ਲਈ ਬਾਲੀ ਜਾ ਰਹੀ ਹੈ ਤੇ ਮੈਨੂੰ ਵੀ ਨਾਲ ਲੈ ਕੇ ਜਾਣਾ ਚਾਹੁੰਦੀ ਹੈ। ਅਜੀਬ ਔਰਤ ਹੈ ਇਹ ਵੀ, ਵੱਖਰੀਆਂ ਰਾਹਾਂ ਉਲੀਕ ਕੇ ਠੁਮਕ ਠੁਮਕ ਤੁਰਨ ਵਾਲੀ ਤੇ ਜ਼ਿੰਦਗੀ ਨੂੰ ਰੱਜ ਕੇ ਜਿਊਣ ਦੀ ਤਮੰਨਾ ਰੱਖਣ ਵਾਲੀ। ਉਂਝ ਤਲਾਕਸ਼ੁਦਾ ਹੈ ਤੇ ਇਕੱਲੀ ਰਹਿੰਦੀ ਹੈ।

ਮਾਂ ਮੈਨੂੰ ਹਰਿਦੁਆਰ ਲੈ ਕੇ ਜਾਣਾ ਚਾਹੁੰਦੀ ਹੈ। ਮਨ ਦੇ ਟਿਕਾਉ ਤੇ ਸ਼ਾਂਤੀ ਲਈ ਮਾਂ ਅਕਸਰ ਤੀਰਥ ਯਾਤਰਾਵਾਂ ਤੇ ਤੁਰੀ ਰਹਿੰਦੀ ਹੈ। ਉਹ ਇਸ ਧਰਤੀ ਤੋਂ ਦੂਰ ਪਰ੍ਹੇ ਵਰਤਦੇ ਅਜੀਬ ਮੰਡਲਾਂ ਤੇ ਵਰਤਾਰਿਆ ਬਾਰੇ ਗੱਲਾਂ ਕਰਦੀ ਹੈ ਪਰ ਮੈਂ ਉਸਦੇ ਪੈਰ ਹਮੇਸ਼ਾ ਇਸ ਸੰਸਾਰਿਕ ਮਿੱਟੀ ਵਿੱਚ ਖੁੱਭੇ ਦੇਖੇ ਹਨ।

ਪਲੰਘ ਦੀ ਢੋਅ ਤੇ ਪਿਆ ਮੋਬਾਈਲ ਫਿਰ ਟੁਣਕਿਆ ਹੈ। ਇਹ ਸੁਨੇਹਾ 'ਤੇਰੀ ਮੇਰੀ ਕਹਾਣੀ' ਵਟਸਐਪ ਗਰੁੱਪ ਵਿੱਚ ਗੀਤਾ ਮਲਹੋਤਰਾ ਨੇ ਭੇਜਿਆ ਹੈ ਜਿਸ ਵਿੱਚ ਕਿਸੇ ਪ੍ਰਾਚੀਨ ਗ੍ਰੰਥ ਦਾ ਹਵਾਲਾ ਦੇ ਕੇ ਇਸਤਰੀ ਦੀ ਹੋਂਦ ਦਾ ਗੁਣਗਾਨ ਕੀਤਾ ਹੈ। ਮੇਰੇ ਕਾਲਜ ਦੀਆਂ ਕੁਝ ਇਸਤਰੀ ਅਧਿਆਪਕਾਵਾਂ ਨੇ ਔਰਤਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਹਿਤ ਇਹ ਗਰੁੱਪ ਬਣਾਇਆ ਸੀ ਪਰ ਹੌਲੀ- ਹੌਲੀ ਇਸ ਗਰੁੱਪ ਦੀਆਂ ਇਸਤਰੀਆਂ ਹੀ ਇੱਕ ਦੂਜੇ ਲਈ ਸਮੱਸਿਆਵਾਂ ਬਣ ਕੇ  ਏਨੀਆਂ ਭਾਰੂ ਤੇ ਉਤਾਰੂ ਹੋ ਗਈਆਂ ਕਿ ਕੁਝ ਸੁਲਝੀਆਂ ਤੇ ਅਗਾਂਹਵਧੂ ਵਿਚਾਰਾਂ ਵਾਲੀਆਂ ਚੰਚਲ ਵਰਗੀਆਂ ਇਸ ਗਰੁੱਪ ਨੂੰ ਛੱਡ ਗਈਆਂ। ਇਸ ਗਰੁੱਪ ਦੇ ਹੁਣ ਕੁਝ ਕੁ ਮੈਂਬਰ ਹੀ ਹਨ। ਭਾਵੇਂ ਮੈਂ ਕਦੇ ਇਸ ਗਰੁੱਪ ਵਿੱਚ ਕਦੇ ਕੋਈ ਸਮੱਸਿਆ ਸਾਂਝੀ ਨਹੀਂ ਕੀਤੀ ਪਰ ਇੰਝ ਲੱਗਦਾ ਹੈ ਜਿਵੇਂ ਸਮਾਜ ਦੀ ਹਰ ਔਰਤ ਇੱਕੋ ਜਿਹੀਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ। ਕੁਝ ਕੁ ਔਰਤਾਂ, ਜਿਹਨਾਂ ਨੂੰ ਚੰਚਲ ਬੁੱਢੀਆਂ ਚਲਾਕ ਲੂੰਬੜੀਆਂ ਕਹਿੰਦੀ ਹੈ, ਉਹ ਵੀ ਆਪਣੀਆਂ ਸਮੱਸਿਆਵਾਂ ਨਾਲ ਜੂਝ ਕੇ ਅੱਕ ਚੁੱਕੀਆਂ ਹਨ ਤੇ ਹੁਣ ਉਹ ਦੂਜੀਆਂ ਦੀਆਂ ਗੱਲਾਂ ਨੂੰ ਕੁਰੇਦ ਕੇ ਮਜ਼ਾ ਲੈਂਦੀਆਂ ਹਨ।

ਇਹਨਾਂ ਦਿਨਾਂ 'ਚ ਪਤਾ ਨਹੀਂ ਮੈਨੂੰ ਕੀ ਹੋ ਗਿਆ ਹੈ? ਬਸ ਆਪਣੇ ਆਪ 'ਚ ਹੀ ਸਿਮਟਦੀ ਜਾ ਰਹੀ ਹਾਂ। ਸੱਚ ਦੱਸਾਂ, ਮੈਂ ਆਪ ਸਹੇੜੀ ਮਨੋਅਵਸਥਾ 'ਮੋਹ ਭੰਗ'  ਨਾਲ ਜੂਝ ਰਹੀ ਹਾਂ। ਇਕਲਾਪੇ ਨੂੰ ਹੰਢਾਉਂਦਾ ਮਨ ਸਾਰਾ ਦਿਨ ਸਵੀਕਾਰਤਾ ਅਤੇ ਨਕਾਰਤਾ ਦੀਆਂ ਵਿੰਗੀਆ ਟੇਢੀਆਂ ਲਕੀਰਾਂ ਮਾਰਦਾ ਰਹਿੰਦਾ ਹੈ। ਦਰਦ, ਉਦਾਸੀ, ਭੈਅ ਤੇ ਘਿਰਣਾ 'ਚ ਘਿਰੇ ਮਨ ਦੀ ਇਹ ਅਜੀਬ ਕਸ਼ਮਕਸ਼ ਹੈ। ਰਿਸ਼ਤਿਆਂ ਦੀ ਉਧੇੜ-ਬੁਣ ਦੀਆ ਗੁੰਝਲਾਂ  'ਚ ਉਲਝੀ ਸਵੇਰ ਤੋਂ ਸ਼ਾਮ, ਸ਼ਾਮ ਤੋਂ ਰਾਤ ਤੇ ਫਿਰ ਰਾਤ ਤੋਂ ਸਵੇਰ ਹੋ ਜਾਂਦੀ ਹੈ। ਦਰਦ ਨੂੰ ਕੁਰੇਦਣਾ ਤੇ ਭੋਗਣਾ ਜਿਵੇਂ ਮੇਰਾ ਕਰਮ ਬਣ ਗਿਆ ਹੋਵੇ। ਕਦੇ-ਕਦੇ ਤਾਂ ਇੰਝ ਲੱਗਦਾ ਜਿਵੇਂ ਮੈਨੂੰ ਇਹ ਸਥਿਤੀ ਭੋਗਣ ਦੀ ਲਤ ਲੱਗ ਗਈ ਹੈ। ਮੈਂ ਜਾਣ-ਬੁਝ ਕੇ ਇਸ ਵਿੱਚੋਂ ਬਾਹਰ ਨਹੀਂ ਨਿਕਲਣਾ ਚਾਹੁੰਦੀ। ਮੈਂ ਕੁਝ ਦਿਨਾਂ ਦੀ ਮੈਡੀਕਲ ਛੁੱਟੀ ਲੈ ਕੇ ਆਪਣੇ ਆਪ ਨੂੰ ਘਰ ਦੀਆਂ ਚਾਰ ਦੀਵਾਰਾਂ ਦੀ ਵਲਗਣ 'ਚ ਕੈਦ ਕਰ ਲਿਆ ਹੈ।

ਰਸੋਈ 'ਚੋਂ ਭਾਂਡਿਆਂ ਦਾ ਖੜਾਕ ਆਉਣਾ ਸ਼ੁਰੂ ਹੋ ਗਿਆ ਹੈ। ਕੰਮ ਵਾਲੀ ਬਾਈ ਆ ਗਈ ਹੈ, ਸ਼ਾਇਦ। ਭਾਂਡੇ ਮਾਂਜਣ ਤੋਂ ਬਾਅਦ ਉਹ ਹੱਥ 'ਚ ਝਾੜੂ ਫੜੀ ਇਸ ਕਮਰੇ ਵਿੱਚ ਆ ਜਾਵੇਗੀ। ਉਸਦੇ ਸਾਂਵਲੇ ਚਿਹਰੇ ਉੱਤੇ ਲਾਲ ਗੋਲ ਬਿੰਦੀ ਦੇਖ ਕੇ ਮੈਨੂੰ ਖਿਝ ਜਿਹੀ ਚੜ੍ਹਦੀ ਹੈ। ਉਂਝ ਇਸ ਨੂੰ ਲਾਲ ਗੋਲ ਬਿੰਦੀ ਬਹੁਤ ਜੱਚਦੀ ਹੈ। ਰੰਗ ਭਾਵੇਂ ਇਸਦਾ ਪੂਰਬਣੀਆਂ ਵਰਗਾ ਸਾਂਵਲਾ ਹੈ। ਇਕਹਿਰੇ ਸਰੀਰ ਤੇ ਆਕਰਸ਼ਕ ਦਿੱਖ ਵਾਲੀ ਇਹ ਔਰਤ ਮੇਰੇ ਦੁੱਖ-ਸੁੱਖ ਦੀ ਭਾਈਵਾਲ ਵੀ ਹੈ ਇਸ ਭੀੜ-ਭੜੱਕੇ ਵਾਲੇ ਰੁੱਝੇ ਸ਼ਹਿਰ ਵਿੱਚ ਮੈਂ ਇਕੱਲੀ ਰਹਿੰਦੀ ਹਾਂ। ਕਦੇ-ਕਦਾਈਂ ਮਾਂ ਇੱਕ ਦੋ ਦਿਨਾਂ ਲਈ ਮੇਰੇ ਕੋਲ ਆ ਜਾਂਦੀ ਹੈ। ਪਿਛਲੇ ਛੇ ਸਾਲਾਂ ਤੋਂ ਅਰਜਨ ਭੁਪਾਲ ਤੋਂ ਵੀ ਸਤਾਹਟ ਕਿਲੋਮੀਟਰ ਅਗਾਂਹ ਵੀਰਗੜ੍ਹ ਵਿੱਚ ਫਾਰੈਸਟ ਅਫ਼ਸਰ ਵਜੋਂ ਤਾਇਨਾਤ ਹੈ ਤੇ ਬੇਟਾ ਸਾਰਥਕ ਆਈ.ਆਈ.ਟੀ. ਦਿੱਲੀ ਵਿੱਚ ਇੰਜੀਨੀਅਰਿੰਗ ਕਰ ਰਿਹਾ ਹੈ।

ਇਹ ਅੱਜ ਪਤਾ ਨਹੀਂ ਕਿਉਂ ਚੁੱਪ ਹੈ, ਉਂਝ ਤਾਂ ਬਕਬਕ ਕਰਦੀ ਰਹਿੰਦੀ ਹੈ। ਲੱਗਦਾ, ਅੱਜ ਆਪਣੇ ਘਰਵਾਲੇ ਨਾਲ ਲੜੀ ਹੋਣੀ ਆ। ਹਰ ਰੋਜ਼ ਬਸ ਆਉਂਦਿਆਂ ਹੀ ਸ਼ੁਰੂ ਹੋ ਜਾਂਦੀ ਹੈ। ਗੱਲਾਂ ਨੂੰ ਵਾਰ-ਵਾਰ ਦੁਹਰਾਉਣਾ ਇਸਦੀ ਆਦਤ ਹੈ। ਹਾਲੇ ਕੱਲ ਹੀ ਇਸਨੇ ਮੇਰੀ ਭਤੀਜੀ ਨੀਤੀ ਦਾ ਫਿਰ ਜ਼ਿਕਰ ਛੇੜ ਲਿਆ। ਇਹ ਗੱਲਾਂ ਪਹਿਲਾਂ ਵੀ ਕਿੰਨੀ ਵਾਰ ਦੁਹਰਾਈਆਂ ਜਾ ਚੁੱਕੀਆਂ ਸਨ।

" ਕਿਤਨੇ ਦਿਨ ਹੋ ਗਏ ਦੀਦੀ, ਨੀਤੀ ਦੀਦੀ ਨਹੀਂ ਆਏ।"

"ਤਲਾਕ ਹੋ ਗਿਆ ਉਨਕਾ, ਅਕੇਲੀ ਰਹਿਤੀ ਹੈ ਵੋਹ?"

"ਕੋਈ ਅੱਛਾ ਸਾ ਲੜਕਾ ਦੇਖ ਕਰ ਸ਼ਾਦੀ ਕਰ ਦੀਜੀਏਗਾ ਦੁਬਾਰਾ, ਅਭੀ ਉਮਰ ਹੀ ਕਿਆ ਹੈ ਉਨਕੀ।" ਮੈਂ ਇਸ ਦੀਆਂ ਬੇਸੁਰੀਆਂ ਗੱਲਾਂ ਤੋਂ ਖਿਝ ਕੇ ਮੱਥੇ ਤੇ ਤਿਉੜੀ ਪਾ ਲਈ। ਇਹ ਸਮਝ ਗਈ ਤੇ ਚੁੱਪਚਾਪ ਰਸੋਈ ਵਿੱਚ ਜਾ ਕੇ ਆਪਣਾ ਕੰਮ ਕਰਨ ਲੱਗ ਪਈ। ਉਂਝ ਇਸ ਨੂੰ ਕੀ ਫਰਕ ਪੈਂਦਾ? ਜਿਸ ਦਿਨ ਘਰ ਵਾਲੇ ਨੇ ਮਾਰ-ਕੁੱਟ ਵੀ ਕੀਤੀ ਹੋਊ, ਉਸ ਦਿਨ ਵੀ ਅੱਖਾਂ ਸੁਜਾਈ, ਮੱਥੇ ਤੇ ਬਿੰਦੀ ਸਜਾਈ ਤੇ ਵਾਲਾਂ ਦੇ ਚੀਰ 'ਚ ਸਿੰਧੂਰ ਦਾ ਖਿਲਾਰਾ ਪਾਈ ਕੰਮ 'ਤੇ ਪਹੁੰਚ ਜਾਂਦੀ ਹੈ। ਇਸਦਾ ਵਿਹਲੜ ਨਿਕੰਮਾ ਘਰਵਾਲਾ, ਇਸਦੀ ਕਮਾਈ ਤੇ ਪਲ਼ਦਾ ਹੈ। "ਬੇਵਕੂਫ ਔਰਤ", ਮੈਂ ਬੁੜਬੁੜਾਉਂਦੀ ਹਾਂ।

"ਬੀਬੀ ਜੀ, ਚਾਏ ਪੀਏਂਗੀ ਆਪ?" ਖੁੱਲ੍ਹੀਆਂ, ਖਿੱਲਰੀਆਂ ਤੇ ਬਿਛੂਏ ਪਾਈ ਗਿੱਲੀਆਂ ਉਂਗਲਾਂ ਵਾਲੇ ਪੈਰ ਮੇਰੇ ਬੈੱਡ ਕੋਲ ਆ ਕੇ ਰੁਕ ਗਏ ਹਨ। "ਹਾਂ ਥੋੜ੍ਹੀ ਜਿਹੀ ਪੀਵਾਂਗੀ। ਮਾਂ ਨੂੰ ਪੁੱਛ ਲੈ।" ਮੈਂ ਮੂੰਹ ਉੱਪਰ ਚੁੱਕ ਕੇ ਉਸਦੀ ਗੱਲ ਦਾ ਜੁਆਬ ਦਿੰਦੀ ਹਾਂ ਤੇ ਸਟੱਡੀ ਟੇਬਲ ਤੋਂ ਡਾਇਰੀ ਫੜ ਕੇ ਬੁੱਕ ਮਾਰਕ ਵਾਲਾ ਪੰਨਾ ਖੋਲ੍ਹਦੀ ਹਾਂ। ਇਹ ਪੰਨਾ ਮੈਂ ਪਹਿਲਾਂ ਵੀ ਕਈ ਵਾਰ ਪੜ੍ਹ ਚੁੱਕੀ ਹਾਂ-

'ਕਿੰਨੀ ਹੁੰਮਸ ਹੈ-ਇਸ ਮਕਾਨ ਦੀ ਚਾਰਦੀਵਾਰੀ ਅੰਦਰ। ਇਹ ਕੀ, ਮੋਟੀਆਂ ਮੋਟੀਆਂ ਕਣੀਆਂ ਤੇ ਛਰਾਟੇਦਾਰ ਮੀਂਹ। ਮੀਂਹ ਹੁਣ ਰੁਕ ਗਿਆ ਹੈ ਪਰ ਸਾਹਮਣੇ ਵਾਲੀ ਝੁੱਗੀ ਦੀ ਖਪਰੈਲਨੁਮਾਂ ਛੱਤ 'ਚੋਂ ਪਾਣੀ ਦੀਆ ਤਤੀਰੀਆਂ ਹਾਲੇ ਲਕੀਰਾਂ ਵਾਂਗ ਵਗ ਰਹੀਆ ਹਨ। ਖੁਰਲੀ 'ਤੇ ਬੰਨ੍ਹੀ ਭਿੱਜੀ ਗਾਂ ਰੰਭ-ਰੰਭ ਕੇ ਥੱਕ ਗਈ ਹੈ। ਚਿਤਰਾਂਗਦਾ ਦਾ ਨਿੱਕਾ ਜਿਹਾ ਨੰਦੂ ਮੀਂਹ 'ਚੋਂ ਖੇਡ ਕੇ ਘਰ ਪਰਤ ਆਇਆ ਤੇ ਚਿਤਰਾਂਗਦਾ ਨੇ ਉਸਦੀ ਗਿੱਲੀ ਨਿੱਕਰ ਨਿਚੋੜ ਕੇ ਰੱਸੀ 'ਤੇ ਪਾ ਦਿੱਤੀ। ਨੰਗ-ਧੜੰਗਾ ਨੰਦੂ ਫਿਰ ਬਾਹਰ ਭੱਜ ਗਿਆ। ਮੈਂ ਖਿੜਕੀ ਦੇ ਬਾਹਰ ਵਾਧਰੇ ਤੇ ਪਏ ਗਮਲੇ 'ਚ ਲੱਗੀ ਗੂੜ੍ਹੇ-ਹਰੇ ਬਰੀਕ ਪੱਤਿਆਂ ਦੀ ਵੇਲ ਵੱਲ ਤੱਕਿਆ। ਇਹ ਮੀਂਹ ਤੋਂ ਬਾਅਦ ਨਿੱਕੇ-ਨਿੱਕੇ ਸੂਹੇ ਫੁੱਲਾਂ ਨਾਲ ਭਰ ਗਈ ਸੀ। ਦੂਰ ਖੜ੍ਹੀ ਚਿਤਰਾਂਗਦਾ ਨੇ ਮੇਰੇ ਵੱਲ ਦੇਖਿਆ ਤੇ ਮੁਸਕਰਾਈ। ਮੈਂ ਵੀ ਮੁਸਕਰਾ ਪਈ-ਜਿਵੇਂ ਕੁਝ ਹੋਇਆ ਹੀ ਨਹੀ।

ਮੇਰੇ ਦਿਮਾਗ ਵਿੱਚ ਜਿਵੇਂ ਘੁੰਮਣਘੇਰੀਆਂ ਦਾ ਤੂਫ਼ਾਨ ਆ ਗਿਆ ਹੋਵੇ- ਅਰਜਨ, ਚਿਤਰਾਂਗਦਾ,



ਰੈਸਟ ਹਾਊਸ ਤੇ ਪਲੰਘ ਤੇ ਚਿਪਕੀ ਲਾਲ ਬਿੰਦੀ। ਪਿਛਲੀਆਂ ਗਰਮੀਆਂ ਤੋਂ ਪਹਿਲਾਂ ਜ਼ਿੰਦਗੀ ਆਪਣੀ ਲੈਅ ਅਤੇ ਤਰਤੀਬ 'ਚ ਬੱਝੀ ਤੁਰ ਰਹੀ ਸੀ ਜਾਂ ਇਉਂ ਕਹਿ ਲਉ ਕਿ ਮੈਂ ਜ਼ਬਰਦਸਤੀ ਦੀ ਡੋਰੀ ਪਾ ਕੇ ਇਸਨੂੰ ਸੰਤੁਸ਼ਟੀ ਦੀ ਕਿੱਲੀ ਨਾਲ ਬੰਨ੍ਹਿਆ ਹੋਇਆ ਸੀ ਤੇ ਮੈਂ ਅਰਜਨ ਦੇ ਸਾਰੇ ਪਿਛਲੇ ਇਸ਼ਕੀਆ ਕਿੱਸੇ ਜਵਾਨੀ ਦੀ ਭੁੱਲ ਸਮਝ ਕੇ ਮੁਆਫ਼ ਕਰ ਦਿੱਤੇ ਸਨ। ਅਰਜਨ ਵੀ ਪੰਜ-ਛੇ ਮਹੀਨਿਆਂ ਬਾਅਦ ਇੱਥੇ ਗੇੜਾ ਮਾਰ ਜਾਂਦਾ ਸੀ। ਲੱਗਭੱਗ ਸਾਰੇ ਤਿਉਹਾਰ ਅਸੀਂ ਤਿੰਨੇ ਇਕੱਠੇ ਮਨਾਉਂਦੇ। ਪਿਛਲੀਆਂ ਗਰਮੀਆਂ 'ਚ ਮੈਂ ਅਰਜਨ ਕੋਲ ਵੀਰਗੜ੍ਹ ਜਾਣ ਦੀ ਤਿਆਰੀ ਕਰ ਲਈ। ਆਮ ਤੌਰ ਤੇ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ 'ਚ ਵੀ ਮੈਂ ਰੁੱਝੀ ਰਹਿੰਦੀ ਸੀ। ਛੁੱਟੀਆਂ ਦੌਰਾਨ ਲੱਗਣ ਵਾਲੇ ਅਧਿਆਪਕਾਂ ਦੇ ਸੈਮੀਨਾਰ ਅਤੇ ਰਿਫਰੈਸ਼ਰ ਕੋਰਸਾਂ 'ਚ ਮੇਰੀ ਡਿਊਟੀ ਰਿਸੋਰਸ ਪਰਸਨ ਵਜੋਂ ਲਗਾ ਦਿੱਤੀ ਜਾਂਦੀ ਸੀ। ਪਿਛਲੇ ਸਾਲ ਕੁਦਰਤੀ ਹੀ ਮੈਂ ਇਹਨਾਂ ਸਾਰੇ ਝਮੇਲਿਆਂ ਤੋਂ ਵਿਹਲੀ ਸੀ।

ਭੂਪਾਲ ਤਕ ਟਰੇਨ ਤੇ ਫਿਰ ਅੱਗੇ ਬੱਸ ਦਾ ਲੰਬਾ ਸਫ਼ਰ ਤੈਅ ਕਰਕੇ ਵੀਰਗੜ੍ਹ ਪਹੁੰਚਦਿਆਂ ਸ਼ਾਮ ਢਲ਼ ਚੁੱਕੀ ਸੀ। ਅਰਜਨ ਬੱਸ ਸਟੈਂਡ 'ਤੇ ਖੜ੍ਹਾ ਮੈਨੂੰ ਉਡੀਕ ਰਿਹਾ ਸੀ। ਸੰਘਣੇ ਜੰਗਲ 'ਚੋਂ ਲੰਘਦੀ ਟੁੱਟੀ-ਭੱਜੀ ਸੜਕ ਉੱਤੇ ਤੇਜ ਭੱਜਦੀ ਜੀਪ ਡੇਢ ਕੁ ਮੀਲ ਦੂਰ ਇੱਕ ਮੈਦਾਨੀ ਥਾਂ ਤੇ ਜਾ ਰੁਕੀ। ਇਹ ਜੰਗਲਾਤ ਵਿਭਾਗ ਦਾ ਰੈਸਟ ਹਾਊਸ ਤੇ ਅਰਜਨ ਦਾ ਆਸ਼ਿਆਨਾ ਸੀ। ਰੈਸਟ ਹਾਊਸ ਦੇ ਬਾਹਰਵਾਰ ਤਿੰਨ ਕੁ ਝੌਂਪੜੀਨੁਮਾ ਕਵਾਟਰ ਸਨ। ਇੱਕ ਕਵਾਟਰ ਦੇ ਬਾਹਰ ਇੱਕੀ ਕੁ ਸਾਲਾਂ ਦੀ ਔਰਤ ਚਾਰ ਕੁ ਸਾਲਾਂ ਦੇ ਬੱਚੇ ਦੀ ਉਂਗਲ ਫੜ ਕੇ ਖੜ੍ਹੀ ਅਚੰਭਿਤ ਨਜ਼ਰਾਂ ਨਾਲ ਮੇਰੇ ਵੱਲ ਦੇਖ ਰਹੀ ਸੀ। ਉਸਨੇ ਮੈਨੂੰ ਦੂਰੋਂ ਇਸ਼ਾਰੇ ਨਾਲ ਨਮਸਤੇ ਕੀਤੀ। ਅਰਜਨ ਨੇ ਦੱਸਿਆ, "ਇਹ ਚਿਤਰਾਂਗਦਾ ਹੈ।"

ਰੈਸਟ ਹਾਊਸ ਦੀਆਂ ਪੌੜੀਆਂ ਚੜ੍ਹ ਕੇ ਬਰਾਂਡੇ ਥਾਣੀਂ ਹੋ ਕੇ ਅਸੀਂ ਅੰਦਰ ਪਹੁੰਚੇ। ਅੰਗਰੇਜ਼ਾਂ ਦੇ ਵੇਲੇ ਬਣੇ ਇਸ ਰੈਸਟ ਹਾਊਸ ਵਿੱਚ ਜ਼ਰੂਰਤ ਦੀਆਂ ਸਾਰੀਆਂ ਚੀਜ਼ਾਂ ਮੌਜੂਦ ਸਨ ਅਤੇ ਚੀਜ਼ਾਂ ਦੇ ਟਿਕਾਉਣ ਦੀ ਸਲੀਕੇਦਾਰ ਤਰਤੀਬ ਦੇਖ ਕੇ ਮੈਂ ਤਾਰੀਫ਼ ਕੀਤੇ ਬਿਨਾ ਰਹਿ ਨਾ ਸਕੀ। ਸੇਵਾਦਾਰ ਨੇ ਖਾਣਾ ਪਰੋਸਿਆ। ਖਾਣਾ ਖਾ ਕੇ ਸਫ਼ਰ ਦੀ ਥਕਾਵਟ ਨਾਲ ਟੁੱਟੀ-ਭੱਜੀ ਦੇਹ ਸਮੇਤ ਬਸ ਪਲੰਘ 'ਤੇ ਡਿੱਗ ਪਈ ਤੇ ਅਗਲੀ ਸਵੇਰ ਦਿਨ ਚੜ੍ਹੇ ਉੱਠੀ। ਉਸ ਵੇਲੇ ਚਿਤਰਾਂਗਦਾ ਰਸੋਈ ਵਿੱਚ ਨਾਸ਼ਤਾ ਬਣਾ ਰਹੀ ਸੀ। ਚਾਹ ਪੀ ਕੇ ਤੇ ਨਾਸ਼ਤਾ ਕਰਕੇ ਮੈਂ ਬਾਹਰ ਘੁੰਮਣ ਲਈ ਨਿੱਕਲ ਪਈ। ਰੈਸਟ ਹਾਊਸ ਨੂੰ ਜਾਂਦੀ ਪੱਕੀ ਸੜਕ ਤੋਂ ਥੋੜ੍ਹਾ ਜਿਹਾ ਹਟਵਾਂ ਇੱਕ ਕੱਚਾ ਰਾਹ ਸਥਾਨਕ ਲੋਕਾਂ ਦੇ ਝੌਂਪੜੀਨੁਮਾ ਘਰਾਂ ਵੱਲ ਨੂੰ ਜਾਂਦਾ ਸੀ। ਮੈਂ ਇਸ ਰਾਹ ਤੇ ਤੁਰਦੀ ਗਈ। ਇੱਥੇ ਜ਼ਿੰਦਗੀ ਆਪਣੇ ਢੰਗ ਨਾਲ ਰੁੱਝੀ ਹੋਈ ਕਸ਼ਮਕਸ਼ ਕਰ ਰਹੀ ਜਾਪਦੀ ਸੀ। ਘਰਾਂ ਦੇ ਬਾਹਰ ਨੰਗ-ਧੜੰਗੇ ਬਾਲ ਖੇਡ ਰਹੇ ਸਨ। ਝੌਂਪੜੀਆਂ ਤੋਂ ਅਗਾਂਹ ਜੰਗਲ ਵੱਲ ਜਾਣ ਨੂੰ ਕਈ ਪਗਡੰਡੀਨੁਮਾ ਰਾਹ ਸਨ। ਮੈਂ ਇੱਕ ਪਗਡੰਡੀ ਫੜ ਲਈ ਤੇ ਤੁਰਦੀ ਗਈ। ਰੁੱਖਾਂ ਕੋਲੋਂ ਗਿੱਲੀ ਤੇ ਸਿੱਲੀ ਤਾਜ਼ੀ ਹਵਾ ਦੀ ਮਹਿਕ ਅਤੇ ਪੰਛੀਆਂ ਦੀਆਂ ਰੁਣਝੁਣ ਦੀਆਂ ਆਵਾਜ਼ਾਂ ਨੇ ਮੈਨੂੰ ਮੰਤਰ ਮੁਗਧ ਕਰ ਦਿੱਤਾ। ਸੰਘਣੇ ਜੰਗਲ ਵਲੋਂ ਆਪਣਾਂ ਘਰਾਂ ਨੂੰ ਪਰਤਦੀਆਂ ਔਰਤਾਂ ਨੇ ਢਾਕਾਂ ਅਤੇ ਸਿਰ 'ਤੇ ਸਾਗ-ਪੱਤੇ ਤੇ ਲੱਕੜੀਆਂ ਚੁੱਕੀਆਂ ਹੋਈਆਂ ਸਨ। ਥੋੜ੍ਹੀ ਜਿਹੀ ਹਵਾਤਰਫ਼ੀ ਤੋਂ ਬਾਅਦ ਮੈਂ ਰੈਸਟ ਹਾਊਸ ਵਿੱਚ ਵਾਪਸ ਆ ਗਈ। ਚਿਤਰਾਂਗਦਾ ਰਸੋਈ ਦੇ ਕੰਮਾਂ ਵਿੱਚ ਰੁੱਝੀ ਹੋਈ ਸੀ। ਮੈਂ ਪਲੰਘ ਤੇ ਲੰਮੀ ਪੈ ਗਈ। ਛੇਤੀ ਹੀ ਮੈਨੂੰ ਨੀਂਦ ਦੇ ਝੋਂਕੇ ਆਉਣੇ ਸ਼ੁਰੂ ਹੋ ਗਏ। ਜਦੋਂ ਜਾਗ ਖੁੱਲ੍ਹੀ ਤਾਂ ਚਿਤਰਾਂਗਦਾ ਆਪਣੇ ਕੰਮ ਨਿਬੇੜ ਕੇ ਜਾ ਚੁੱਕੀ ਸੀ। ਜਦੋਂ ਮੈਂ ਬਿਸਤਰੇ ਦੀ ਉੱਘੜ-ਦੁੱਘੜੀ ਹੋਈ ਚਾਦਰ ਨੂੰ ਝਾੜ ਕੇ ਦੁਬਾਰਾ ਵਿਛਾਉਣ ਲੱਗੀ ਤਾਂ ਮੇਰੀ ਨਜ਼ਰ ਸਫ਼ੈਦ ਗੱਦੇ ਦੇ ਗਿਲਾਫ਼ ਨਾਲ ਚਿਪਕੇ ਲਾਲ ਟਿਮਕਣੇ ਤੇ ਪਈ। ਇਹ ਲਾਲ ਗੋਲ ਬਿੰਦੀ ਸੀ। 'ਪਰ ਇਹ ਕਿੱਥੋਂ ਆਈ? ਇਹ ਸੋਚ ਕੇ ਮੇਰਾ ਦਿਮਾਗ ਫਟ ਰਿਹਾ ਸੀ।

" ਜਾ ਰਹੀ ਹੂੰ, ਬੀਬੀ ਜੀ।" ਬਾਈ ਦੀ ਤਿੱਖੀ ਆਵਾਜ਼ ਮੇਰੀ ਸੋਚ ਦੀ ਤੰਦ ਨੂੰ ਝਟਕ ਕੇ ਤੋੜ ਦਿੰਦੀ ਹੈ। ਪਤਾ ਨਹੀਂ ਫਿਰ ਕਾਹਲੀ ਜਿਹੀ ਕਿਉਂ ਪੈਣੀ ਸ਼ੁਰੂ ਹੋ ਗਈ ਹੈ। ਤ੍ਰੇਲੀਆਂ ਨਾਲ ਧੌਣ ਤੇ ਤਲੀਆਂ ਸਿੱਲੀਆ ਹੋ ਰਹੀਆਂ ਨੇ। ਦਿਲ 'ਚ ਅਜੀਬ ਜਿਹੀ ਖੋਹ ਪੈ ਰਹੀ ਹੈ। ਮੈਂ ਬੈੱਡ ਤੋਂ ਉੱਠ ਕੇ ਪਾਣੀ ਪੀਣ ਲਈ ਕਿਚਨ 'ਚ ਆ ਗਈ ਹਾਂ। ਲੌਬੀ ਦੀ ਕੰਧ 'ਤੇ ਸਾਰਥਕ ਦੀ ਤਸਵੀਰ ਦੇਖ ਕੇ ਮੱਲੋਮੱਲੀ ਬੁੱਲ੍ਹਾਂ ਤੇ ਮੁਸਕਾਨ ਆ ਗਈ। "ਮੰਮਾ, ਮੈਂ ਦੀਵਾਲੀ ਦੀਆ ਛੁੱਟੀਆਂ ਤੇ ਆਵਾਂਗਾਂ।" ਕੱਲ ਉਸਨੇ ਫ਼ੋਨ ਤੇ ਦੱਸਿਆ ਸੀ। ਕੁਝ ਕੁ ਪਲਾਂ ਲਈ ਮਨ ਜਿਵੇਂ ਠਹਿਰ ਗਿਆ ਹੋਵੇ ਪਰ ਇਹ ਅਰਜਨ ਤੇ ਚਿਤਰਾਂਗਦਾ ਨੇ ਮੇਰੇ ਜ਼ਿਹਨ 'ਚ ਫਿਰ ਉਥਲ-ਪੁਥਲ ਮਚਾਉਣੀ ਸ਼ੁਰੂ ਕਰ ਦਿੱਤੀ ਹੈ।

ਅਰਜਨ ਸ਼ੁਰੂ ਤੋਂ ਹੀ ਫਰੇਬੀ ਹੈ ਕਈ ਵਾਰ ਮੈਂ ਉਸਦੀਆਂ ਚੋਰੀਆਂ ਰੰਗੇ-ਹੱਥੀ ਫੜੀਆਂ ਨੇ ਪਰ ਹਰ ਵਾਰ ਉਹ ਗੱਲਾਂ ਦੇ ਵਲ਼-ਛਲ਼ ਪਾ ਕੇ ਮੇਰੀ ਸੋਚ ਨੂੰ ਜਕੜ ਕੇ ਮੇਰੇ ਤੇ ਸੰਕੀਰਣ ਸੋਚ ਵਾਲੀ ਔਰਤ ਦਾ ਇਲਜ਼ਾਮ ਲਾ ਦਿੰਦਾ ਹੈ। ਪਤਾ ਨਹੀਂ ਕਿੰਨੇ ਕੁ ਕਿੱਸੇ ਸੁਣ ਚੁੱਕੀ ਹਾਂ ਇਹਦੇ ਕਲਾਸ ਮੇਟਸ ਨਾਲ ਕਜ਼ਨਜ਼ ਨਾਲ ਤੇ ਪਤਾ ਨਹੀਂ ਕੀਹਦੇ-ਕੀਹਦੇ ਨਾਲ। ਦੇਹਰਾਦੂਨ ਦੀ ਪੋਸਟਿੰਗ ਵੇਲੇ ਵੀ ਤਾਂ ਇਹਦੀਆਂ ਅਨੀਤਾ ਨਾਲ ਸੰਬੰਧਾਂ ਜਿਹੇ ਕਿੰਨੀਆਂ ਗੱਲਾਂ ਉੱਡੀਆਂ ਸਨ। ਇਹੋ ਜਿਹੇ ਕਿੱਸਿਆਂ ਬਾਰੇ ਜਦੋਂ ਮੈਂ ਪੁੱਛਦੀ ਹਾਂ ਤਾਂ ਮੇਰੇ ਨਾਲ ਲੜਦਾ ਝਗੜਦਾ ਹੈ ਤੇ ਮੈਨੂੰ ਰੂੜ੍ਹੀਵਾਦੀ ਔਰਤ ਕਹਿ ਕੇ ਮਜ਼ਾਕ ਉਡਾਉਂਦਾ ਹੈ ਤੇ ਜੇ ਮੈਂ ਕੋਈ ਸਬੂਤ ਸਾਹਮਣੇ ਰੱਖ ਦਿਆਂ ਤਾਂ ਹੋਰ ਭੜਕ ਉੱਠਦਾ ਹੈ ਤੇ ਕਹਿੰਦਾ "ਤੂੰ ਮੈਨੂੰ ਕੰਟਰੋਲ ਕਰਨਾ ਚਾਹੁੰਦੀ ਏਂ, ਮੈਨੂੰ ਕੈਦ ਕਰਕੇ ਰੱਖਣਾ ਚਾਹੁੰਦੀ ਏਂ?" ਤੇ ਇੰਝ ਹੌਲੀ-ਹੌਲੀ ਮੈਂ ਚੁੱਪ ਰਹਿਣ ਦੀ ਆਦਤ ਪਾ ਲਈ ਹੈ।

ਉਸ ਦਿਨ ਵੀ ਬਿੰਦੀ ਵਾਲੀ ਘਟਨਾ ਤੋਂ ਬਾਅਦ ਮੇਰਾ ਮਨ ਗੁੱਸੇ ਤੇ ਬੇਚੈਨੀ ਨਾਲ ਭਰ ਗਿਆ ਸੀ। ਜੂਨ ਮਹੀਨੇ ਦੇ ਤਪਸ਼ ਵਾਲੇ ਮੌਸਮ ਵਿੱਚ ਵੀ ਵੀਰਗੜ੍ਹ ਦੀ ਫਿਜ਼ਾ 'ਚ ਹੁੰਮਸ ਸੀ। ਮੈਂ ਰੈਸਟ ਹਾਊਸ ਦੇ ਕਮਰੇ ਦੀ ਖਿੜਕੀ ਤੋਂ ਪਰਦਾ ਖਿਸਕਾ ਕੇ ਚਿਟਕਣੀ ਖੋਲ੍ਹੀ ਤੇ ਬਾਹਰ ਦੇਖਣ ਲੱਗ ਪਈ। ਅਚਾਨਕ ਛੜੱਪ-ਛੜੱਪ ਕਰਕੇ ਮੋਟੀਆਂ ਮੋਟੀਆਂ ਕਣੀਆਂ ਡਿੱਗਣ ਲੱਗ ਪਈਆਂ। ਖਿੜਕੀ ਦੇ ਸਾਹਮਣੇ ਝੁੱਗੀ 'ਚ ਰੁੱਝੀ ਚਿਤਰਾਂਗਦਾ ਨਾਲ ਮੇਰੀਆ ਨਜ਼ਰਾਂ ਮਿਲੀਆਂ ਤੇ ਉਹ ਮੁਸਕਰਾ ਪਈ ਤੇ ਮੈਂ ਵੀ ਮੁਸਕਰਾ ਪਈ ਸੀ।

ਚਿਤਰਾਂਗਦਾ ਮਹਿਜ਼ ਇੱਕ ਵਸਤੂ ਸੀ , ਮੇਰੇ ਵਾਂਗ ਭੋਗਣ ਵਾਲੀ ਇੱਕ ਵਸਤੂ। ਮੈਂ ਆਪਣੇ ਸਾਰੇ ਗਿਲੇ-ਸ਼ਿਕਵੇ ਤੇ ਗੁੱਸਾ ਨਿਗਲ ਲਿਆ। ਮੈਂ ਬੇਬਸ ਹੋ ਗਈ ਸੀ ਤੇ ਅਰਜਨ ਨਾਲ ਵੀ ਇਸ ਬਾਰੇ ਕੋਈ ਗੱਲ ਨਾ ਕਰ ਸਕੀ। ਕੀ ਹੋ ਗਿਆ ਸੀ ਮੈਨੂੰ? ਕੀ ਰਿਸ਼ਤਿਆਂ ਦੀਆਂ ਡੋਰੀਆਂ 'ਚ ਬੱਝੀ ਤੇ ਇਹਨਾਂ ਨੂੰ ਬਚਾਉਣ ਦੀ ਲਾਲਸਾ ਨੇ ਮੇਰੇ ਮੂੰਹ 'ਤੇ ਜਿੰਦਰਾ ਲਾ ਦਿੱਤਾ ਸੀ। ਕੀ ਮੈਂ ਅਰਜਨ ਜਾਂ ਚਿਤਰਾਂਗਦਾ ਤੋਂ ਡਰਦੀ ਸੀ ਜਾਂ ਆਪਣੇ ਜਵਾਨ ਬੇਟੇ ਸਾਹਮਣੇ ਰਿਸ਼ਤਿਆਂ ਦਾ ਖਿਲਾਰਾ ਪੈਣ ਤੋਂ ਝਿਜਕਦੀ ਸੀ? ਮੈਂ ਕਿਸ ਨੂੰ ਬਚਾ ਰਹੀ ਸੀ ? ਆਪਣੇ ਆਪ ਨੂੰ, ਅਰਜਨ ਨੂੰ ਜਾਂ ਵੀਹ ਸਾਲਾਂ ਦੇ ਰੂੜ੍ਹੀਆਂ 'ਚ ਬੱਝੇ ਪਤੀ-ਪਤਨੀ ਦੇ ਰਿਸ਼ਤੇ ਨੂੰ?

ਮੈਂ ਉੱਥੇ ਦਸ ਦਿਨ ਰਹੀ । ਇੱਕ ਮੂਕ ਦਰਸ਼ਕ ਵਾਂਗ ਬਸ ਦੇਖਦੀ ਰਹੀ। ਚਿਤਰਾਂਗਦਾ ਤੇ ਅਰਜਨ ਨੂੰ ਚੋਰੀ-ਚੋਰੀ ਇੱਕ ਦੂਜੇ ਵੱਲ ਤੱਕਦਿਆਂ ਤੇ ਇਸ਼ਾਰੇ ਕਰਦਿਆਂ ਦੇਖ ਕੇ ਚੁੱਪਚਾਪ ਉੱਥੋਂ ਖਿਸਕ ਜਾਂਦੀ ਤੇ ਉਸ ਸੰਘਣੇ ਜੰਗਲੀ ਇਲਾਕੇ ਵਿੱਚ ਮਰਦ-ਔਰਤਾਂ ਤੇ ਬੱਚਿਆਂ ਦੇ ਰੁਝੇਂਵੇਂ ਦੇਖਦੀ ਰਹਿੰਦੀ। ਉਹਨਾਂ ਦਿਨਾਂ ਵਿੱਚ ਸਥਾਨਕ ਔਰਤਾਂ ਵਲੋਂ ਇੱਕ ਤਿਉਹਾਰ ਮਨਾਇਆ ਗਿਆ। ਸਵੇਰ ਤੋਂ ਭੁੱਖਣ-ਭਾਣੀਆਂ ਵਰਤ ਰੱਖੀ ਬੈਠੀਆਂ ਔਰਤਾਂ ਢਲਦੀਆਂ ਤ੍ਰਿਕਾਲਾਂ ਵੇਲੇ ਜੰਗਲ ਦੇ ਵਿੱਚ ਵਗਦੀ ਇੱਕ ਨਦੀ ਤੇ ਝੁੰਡ ਬਣਾ ਕੇ ਗਈਆਂ। ਚਿਤਰਾਂਗਦਾ ਜ਼ਿੱਦ ਕਰਕੇ ਮੈਨੂੰ ਵੀ ਆਪਣੇ ਨਾਲ ਲੈ ਗਈ। ਸਾਰੀਆਂ ਔਰਤਾਂ ਨੇ ਆਪਣੇ ਹੱਥਾਂ ਵਿੱਚ ਵੱਡੇ ਸਾਰੇ ਪੱਤੇ ਨੂੰ ਕੌਲੀਨੁਮਾ ਬਣਾ ਕੇ ਉਸ ਵਿੱਚ ਫੁੱਲ ਰੱਖੇ ਹੋਏ ਸਨ। ਨਦੀ ਦੇ ਕੰਢੇ ਤੇ ਬੈਠ ਕੇ



ਉਹਨਾਂ ਨੇ ਆਪਣੀ ਭਾਸ਼ਾ 'ਚ ਮੰਗਲ ਕਾਮਨਾ ਰੂਪੀ ਗੀਤ ਗਾਏ ਤੇ ਫਿਰ ਬਿਨਾਂ ਕਿਸੇ ਡਰ ਦੇ ਤੇਜ ਛੱਲਾਂ ਮਾਰਦੀ ਵਗਦੀ ਨਦੀ 'ਚ ਅਗਾਂਹ ਤਕ ਚਲੇ ਗਈਆ। ਉਹਨਾਂ ਨੇ ਪੱਛਮ ਦਿਸ਼ਾ ਵੱਲ ਮੂੰਹ ਕਰਕੇ ਨਮਸਕਾਰ ਕੀਤੀ ਤੇ ਹੱਥਾਂ 'ਚ ਫੜੇ ਫੁੱਲ ਪਾਣੀ 'ਚ ਤਾਰ ਦਿੱਤੇ। ਦਿਨ ਛਿਪੇ ਗੀਤ ਗਾਉਂਦੀਆਂ ਮੁਸਕਰਾਉਂਦੀਆਂ ਇਹ ਔਰਤਾਂ ਵਾਪਸ ਆਪਣੀਆਂ ਝੁੱਗੀਆਂ 'ਚ ਆ ਕੇ ਰੁੱਝ ਗਈਆ ਮੈਂ ਘਰ ਆ ਕੇ ਸੇਵਾਦਾਰ ਤੋਂ ਇਸ ਤਿਉਹਾਰ ਦੀ ਮਹੱਤਤਾ ਬਾਰੇ ਪੁੱਛਿਆ ਤਾਂ ਉਸਨੇ ਦੱਸਿਆ ਕਿ ਇਹ ਤਿਉਹਾਰ ਪਤੀ ਦੀ ਲੰਮੀ ਉਮਰ ਤੇ ਪਰਿਵਾਰ ਦੀ ਮੰਗਲਕਾਮਨਾ ਲਈ ਮਨਾਇਆ ਜਾਂਦਾ ਹੈ। ਕਦੇ-ਕਦੇ ਸੋਚਦੀ ਹਾਂ ਕਿ ਹਰ ਔਰਤ ਆਪਣੇ ਪਰਿਵਾਰ ਦੀ ਸੁਖ ਸ਼ਾਂਤੀ ਲਈ ਦੁੱਖ ਸਹਿੰਦੀ, ਵਰਤ ਰੱਖਦੀ ਤੇ ਲੋੜ ਪੈਣ ਤੇ ਇਛਾਵਾਂ ਦੀ ਕੁਰਬਾਨੀ ਦੇਣ ਤੋਂ ਵੀ ਨਹੀਂ ਝਿਜਕਦੀ।

ਜਿਸ ਦਿਨ ਮੈਂ ਵਾਪਸ ਆਉਣਾ ਸੀ ਉਸ ਦਿਨ ਚਿਤਰਾਂਗਦਾ ਨੇ ਸੁਵੱਖਤੇ ਮੇਰੇ ਲਈ ਨਾਸ਼ਤਾ ਤਿਆਰ ਕੀਤਾ। ਉਸਨੇ ਮੈਨੂੰ ਤੋਹਫ਼ੇ ਵਜੋਂ ਕੁਝ ਸੁੱਕੇ ਜੰਗਲੀ ਫ਼ਲ ਤੇ ਸ਼ਹਿਦ ਦੀ ਇੱਕ ਸ਼ੀਸ਼ੀ ਦਿੱਤੀ। ਮੇਰੇ ਦਿਲ ਵਿੱਚ ਉਹਦੇ ਲਈ ਅਜੀਬ ਜਿਹੇ ਅਹਿਸਾਸ ਸਨ। ਕੁਝ ਮਿਲ਼ੇ-ਜੁਲ਼ੇ ਜਿਹੇ, ਜਿਹਨਾਂ ਵਿੱਚ ਨਾ ਨਫ਼ਰਤ ਸੀ, ਨਾ ਪਿਆਰ ਤੇ ਨਾ ਹਮਦਰਦੀ। ਮੈਂ ਆਪਣਾ ਪਰਸ ਫਰੋਲਿਆ ਤੇ ਸੌ ਦਾ ਇੱਕ ਨੋਟ ਕੱਢਿਆ ਤੇ ਫਿਰ ਕੁਝ ਸੋਚ ਕੇ ਉਹ ਨੋਟ ਵਾਪਸ ਪਰਸ ਵਿੱਚ ਰੱਖ ਲਿਆ ਅਤੇ ਲਾਲ ਗੋਲ ਬਿੰਦੀਆ ਦਾ ਪੱਤਾ ਕੱਢ ਕੇ ਚਿਤਰਾਂਗਦਾ ਦੇ ਹੱਥ 'ਚ ਫੜਾ ਦਿੱਤਾ।

ਅੱਜ ਕੱਲ ਬੜੇ ਅਜੀਬ ਸੁਪਨੇ ਆਉਂਦੇ ਹਨ ਜਿਵੇਂ ਮੈਂ ਇੱਕ ਤੇਜ ਵਗਦੀ ਨਦੀ ਦੇ ਐਨ ਵਿਚਕਾਰ ਖੜੀ ਹਾਂ। ਮੈਂ ਆਪਣੇ ਹੱਥ 'ਚ ਫੜੇ ਫੁੱਲਾਂ ਨੂੰ ਪਾਣੀ ਵਿੱਚ ਤਾਰ ਦਿੰਦੀ ਹਾਂ। ਉਹ ਸਾਰੇ ਫੁੱਲ ਹੇਠਾਂ ਤਲ 'ਤੇ ਜਾ ਕੇ ਇੱਕਠੇ ਹੋ ਗਏ ਹਨ। ਮੈਂ ਨਿੱਤਰੇ ਸਾਫ਼-ਸ਼ੱਫਾਫ਼ ਪਾਣੀ ਦੀ ਸਤ੍ਹਾ 'ਚੋਂ ਹੇਠਾਂ ਤਲ ਵੱਲ ਦੇਖਦੀ ਹਾਂ, ਉੱਥੇ ਬਿੰਦੀਆਂ ਦੇ ਢੇਰ ਲੱਗੇ ਹੋਏ ਹਨ। ਮੈਂ ਹੇਠਾਂ ਤਲ ਤੀਕ ਚਲੇ ਜਾਂਦੀ ਹਾਂ ਪਰ ਉੱਥੇ ਕੁਝ ਵੀ ਨਹੀਂ ਹੈ। ਮੈਂ ਖਾਲੀ ਹੱਥ ਵਾਪਿਸ ਆ ਜਾਂਦੀ ਹਾਂ। ਪਤਾ ਨਹੀਂ, ਇਹ ਸੁਪਨਾ ਮੈਨੂੰ ਵਾਰ-ਵਾਰ ਕਿਉਂ ਆਉਂਦਾ ਹੈ?

ਫੋਨ ਤੇ ਰਿੰਗ ਵੱਜੀ ਹੈ। ਅਰਜਨ ਦਾ ਫ਼ੋਨ ਆਇਆ ਹੈ। ਮੈਂ ਫ਼ੋਨ ਚੁੱਕ ਕੇ ਪੁੱਛਦੀ ਹਾਂ-

"ਹੈਲੋ ਅਰਜਨ, ਹਾਉ ਆਰ ਯੂ?"

"ਹਾਂ, ਮੈਂ ਸੁਣ ਰਹੀ ਹਾਂ।"

"ਤੂੰ ਅਗਲੇ ਹਫ਼ਤੇ ਆ ਰਿਹਾਂ। ਪਰ ਮੈਂ ਤਾਂ ਚੰਚਲ ਨਾਲ ਬਾਲੀ ਜਾ ਰਹੀ ਹਾਂ।"

"ਕੀ?"

"ਅੱਛਾ?"

"ਦੀਵਾਲੀ ਤੇ ਆ ਨਹੀਂ ਸਕੇਂਗਾ?"

"ਕੋਈ ਗੱਲ ਨਹੀਂ ਸਾਰਥਕ ਆ ਰਿਹਾ ਓਕੇ ਬਾਏ।"

ਮਾਂ ਕਮਰੇ ਦੇ ਦਰਵਾਜ਼ੇ ਨਾਲ ਢੋਅ ਲਾ ਕੇ ਖੜ੍ਹੀ ਮੇਰੀਆਂ ਤੇ ਅਰਜਨ ਦੀਆਂ ਗੱਲਾਂ ਸੁਣ ਰਹੀ ਹੈ। ਮੈਂ ਇਸ਼ਾਰੇ ਨਾਲ ਉਸਨੂੰ ਬੈੱਡ 'ਤੇ ਬੈਠਣ ਲਈ ਕਹਿੰਦੀ ਹਾਂ।

"ਮਾਂ, ਮੈਂ ਅਗਲੇ ਹਫ਼ਤੇ ਬਾਲੀ ਜਾ ਰਹੀ ਹਾਂ।" ਮੈ ਖਿੜ ਕੇ ਮਾਂ ਦੇ ਪਿੱਛਿਉਂ ਮੋਢੇ ਘੁੱਟ ਲੈਂਦੀ ਹਾਂ। ਮਾਂ ਮੇਰੀ ਗੱਲ ਦਾ ਜੁਆਬ ਦਿੱਤੇ ਬਿਨਾਂ ਹੀ ਉੱਠ ਕੇ ਤੁਰ ਪਈ ਹੈ। ਉਸਨੇ ਆਪਣੇ ਹੱਥ ਵਿੱਚ ਚਾਬੀਆਂ ਦਾ ਗੁੱਛਾ ਘੁੱਟ ਕੇ ਫੜਿਆ ਹੋਇਆ ਹੈ ਪਰ ਉਸਦੇ ਚਿਹਰੇ 'ਤੇ ਚਿੰਤਾ ਕਿਉਂ ਹੈ? ਮੈਂ ਮਾਂ ਦੀ ਚਿੰਤਾ ਦੀ ਚਿੰਤਾ ਕਿਉਂ ਕਰ ਰਹੀ ਹਾਂ?

(**ਸੰਪਰਕ-94632-23251**)





## ਕਹਾਣੀ / ਤੇ ਵਕਤ ਬਦਲ ਗਿਆ/ - ਕਮਲ ਸੇਖੋਂ

ਜਿਥੇ ਮਰਜ਼ੀ ਦਫਾ ਹੋਵੇ। ਮੈਨੂੰ ਕੋਈ ਫ਼ਰਕ ਨਈਂ ਪੈਂਦਾ। ਮੈਂ ਬੜੀ ਅਸਾਨੀ ਨਾਲ ਕਹਿ ਤਾਂ ਦਿੰਦੀ ਆ ਪਰ ਸੱਚ ਤਾਂ ਇਹ ਆ ਕਿ ਮੈਨੂੰ ਬੜਾ ਫ਼ਰਕ ਪੈਂਦਾ ਏ। ਕਿਵੇਂ ਮੈਂ ਆਪਣੇ -ਆਪ ਨਾਲ ਹੀ ਝੂਠ ਬੋਲੀਂ ਜਾਨੀ ਆ। ਪਹਿਲਾਂ ਮੇਰੀ ਕਥਨੀ ਤੇ ਕਰਨੀ ਵਿਚ ਕੋਈ ਫ਼ਰਕ ਨਈਂ ਹੁੰਦਾ ਸੀ ਪਰ ਅੱਜ-ਕੱਲ੍ਹ ਮੈਂ ਕਹਿੰਨੀ ਕੁਝ ਹੋਰ ਤੇ ਕਰਦੀ ਕੁਝ ਹੋਰ ਆ।

ਦੁਸ਼ਮਨ ਨਾ ਕਰੇ ਦੋਸਤ ਨੇ ਵੋ ਕਾਮ ਕੀਆ ਹੈ।

ਉਮਰ ਭਰ ਕਾ ਗਮ ਹਮੇਂ ਇਨਾਮ ਦੀਆਂ ਹੈ ।

ਐਲ ਸੀ ਡੀ 'ਤੇ ਇਹ ਗੀਤ ਚਲ ਰਿਹਾ। ਇਹ ਗੀਤ ਹਰ ਰੋਜ਼ ਇਸੇ ਟਾਇਮ 'ਤੇ ਆਉਂਦਾ ਆ। ਮੈਨੂੰ ਇਹ ਗੀਤ ਬਹੁਤ ਪਸੰਦ ਆ। ਇਸ ਨੂੰ ਸੁਣਨ ਲਈ ਮੈਂ ਇਸੇ ਟਾਇਮ ਐਲ. ਸੀ. ਡੀ. ਆਨ ਕਰ ਲੈਂਦੀ ਹਾਂ। ਕਦੇ ਮੈਨੂੰ ਸੈਡ ਸੌਂਗ ਬਿਲਕੁਲ ਪਸੰਦ ਨਹੀਂ ਸੀ। ਪਰ ਹੁਣ ਹਰ ਸੈਡ ਸੌਂਗ ਮੈਨੂੰ ਮੇਰਾ ਆਪਣਾ ਲੱਗਦਾ ਆ। ਟਾਇਮ ਟੈਮ'ਤੇ ਪਸੰਦ ਨਾ ਪਸੰਦ ਬਦਲਦੀ ਰਹਿੰਦੀ ਏ। ਬਦਲਣ ਵਾਲੇ ਤਾਂ ਜੀਵਨ ਸਾਥੀ ਵੀ ਬਦਲ ਲੈਂਦੇ ਆ। ਜਿਵੇਂ ਹਿਰਦੇ ਨੇ ਬਦਲ ਲਿਆ।

ਹਿਰਦੇ ਨੇ ਮੇਰੇ ਨਾਲ ਬਹੁਤ ਮਾੜੀ ਕੀਤੀ। ਘਰ ਵਿਚ ਜਾਨਵਰ ਵੀ ਪਾਲ ਲਈਏ ਤਾਂ ਉਹਦੇ ਨਾਲ ਵੀ ਪਿਆਰ ਹੋ ਜਾਂਦਾ ਪਰ ਅੱਖਾਂ ਵਿਚ ਰੰਗਲੇ ਸੁਫ਼ਨੇ ਸਜਾ ਕੇ ਪੰਜ ਸਾਲ ਪਹਿਲਾਂ ਹਿਰਦੇ ਦੇ ਘਰ ਵਹੁਟੀ ਬਣ ਕੁ ਆਈ ਸਾਂ। ਸੱਸ ਬਹੁਤ ਗਰਮ ਤੇ ਲਾਲਚੀ ਸੁਭਾਅ ਦੀ ਸੀ। ਗੱਲ- ਗੱਲ 'ਤੇ ਤਾਹਨੇ ਮਿਹਣੇ ਦੇਣ ਲੱਗ ਜਾਂਦੀ ਸੀ। ਹਿਰਦੇ ਵੀ ਮਾਂ ਦਾ ਚਮਚਾ ਸੀ। ਮੇਰਾ ਸਹੁਰੇ ਘਰ ਬਿਲਕੁਲ ਜੀਅ ਨਾ ਲੱਗਦਾ।

ਨਵੀਂ ਵਿਆਹੀ ਕੁੜੀ ਉਸ ਬੂਟੇ ਵਰਗੀ ਹੁੰਦੀ ਆ ਜੀਹਨੂੰ ਆਪਣੀ ਥਾਂ ਤੋਂ ਪੁੱਟ ਕੇ ਦੂਜੀ ਥਾਂ 'ਤੇ ਲਾਇਆ ਜਾਂਦਾ ਆ। ਜਿਵੇਂ ਬੂਟਾ ਥੋੜ੍ਹੇ ਦਿਨ ਮੁਰਝਾ ਕੇ ਉਸ ਥਾਂ ਦਾ ਆਦੀ ਹੋ ਕੇ ਵਧਣ-ਫੁੱਲਣ ਲੱਗ ਜਾਂਦਾ ਉੱਦਾਂ ਤੇਰਾ ਵੀ ਦਿਲ ਥੋੜ੍ਹੇ ਦਿਨਾਂ ਵਿਚ ਹੀ ਲੱਗ ਜੂ। ਮਾਂ ਦਲੀਲਾਂ ਦੇ ਕੇ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ।

ਮੇਰਾ ਸਹੁਰੇ ਘਰ ਬਿਲਕੁਲ ਜੀਅ ਨਾ ਲੱਗਦਾ। ਮਾਂ ਦੇ ਵਿਹੜੇ ਮਾਣੀਆਂ ਮੌਜਾਂ ਬਹੁਤ ਯਾਦ ਆਉਂਦੀਆ। ਮਾਂ ਨੇ ਸਾਨੂੰ ਦੋਨਾਂ ਭੈਣਾਂ ਨੂੰ ਬਹੁਤ ਹੀ ਲਾਡਾਂ ਨਾਲ ਪਾਲਿਆ ਸੀ। ਜਵਾਨੀ ਵਾਲਾ ਤਿੱਖੜ ਦੁਪਹਿਰਾ ਮਾਂ ਨੇ ਪਾਪਾ ਬਿਨ੍ਹਾਂ ਕਿਵੇ ਕੱਢਿਆਂ ਇਹ ਅਸੀਂ ਦੋਨੋਂ ਭੈਣਾਂ ਚੰਗੀ ਤਰ੍ਹਾਂ ਜਾਣਦੀਆ ਹਾਂ। ਮਾਂ ਟੀਚਰ ਹੋਣ ਦੇ ਨਾਲ-ਨਾਲ ਇੱਕ ਚੰਗੀ ਮਾਂ ਵੀ ਹੈ। ਉਹਨਾਂ ਨੇ ਸਾਨੂੰ ਪਾਪਾ ਦੀ ਕਮੀ ਕਦੇ ਮਹਿਸੂਸ ਨਹੀਂ ਹੋਣ ਦਿੱਤੀ। ਪਾਪਾ ਤੋਂ ਬਾਅਦ ਚਾਚੇ -ਤਾਏ ਸਾਡੀ ਜ਼ਮੀਨ ਨੱਪਣ ਨੂੰ ਫਿਰਦੇ ਸੀ। ਮਾਂ ਨੇ



ਸਾਡਾ ਹੱਕ ਮਰਨ ਨਹੀਂ ਦਿੱਤਾ। ਤਾਏ ਤੇ ਚਾਚੇ ਨਾਲ ਕੇਸ ਲੜ ਕੇ ਮਾਂ ਨੇ ਪਾਪਾ ਦੇ ਨਾਂ ਦੀ ਜ਼ਮੀਨ ਸਾਡੇ ਦੋਨਾਂ ਭੈਣਾਂ ਦੇ ਨਾਂ ਬਰਾਬਰ ਕਰ 'ਤੀ। ਮਾਂ ਨੇ ਸਦਾ ਜ਼ੁਲਮ ਨਾਲ ਟੱਕਰ ਲੈਣ ਦੀ ਸਿੱਖਿਆਂ ਦਿੱਤੀ ਹੁਣ ਮੇਰੇ 'ਤੇ ਹੁੰਦੇ ਜ਼ੁਲਮ ਦਾ ਮੈਂ ਕੀ ਕਰਾਂ?

ਵਿਆਹ ਤੋਂ ਦੋ ਕੁ ਸਾਲ ਬਾਅਦ ਮੈਂ ਪ੍ਰੈਗੀਨੈਂਟ ਹੋਈ। ਬਹੁਤ ਖੁਸ਼ ਸਾਂ। ਮਾਂ ਬਣਨ ਵਰਗਾ ਸੁੱਖਦ ਅਹਿਸਾਸ ਕੋਈ ਹੁੰਦਾ ਹੀ ਨਹੀਂ ਦੁਨੀਆਂ 'ਤੇ। ਬਹੁਤੀ ਦੇਰ ਖੁਸ਼ ਨਾ ਰਹਿ ਸਕੀ। ਪੌੜੀਆਂ ਤੋਂ ਫ਼ਿਸਲ ਕੇ ਡਿੱਗੀ ਤਾਂ ਮੇਰਾ ਮਿਸਕੈਰਜ ਹੋ ਗਿਆ। ਪਤਾ ਨਹੀਂ ਅੰਦਰ ਕੀ ਨੁਕਸ ਪੈ ਗਿਆ ਕਿ ਫਿਰ ਕਦੇ ਪ੍ਰੈਗੀਨੈਂਟ ਹੀ ਨਾ ਹੋਈ। ਮਾਂ ਨੇ ਬਥੇਰੇ ਚੰਗੇ - ਚੰਗੇ ਡਾਕਟਰਾਂ ਨੂੰ ਦਿਖਾਇਆ ਪਰ ਕੋਈ ਫ਼ਰਕ ਨਾ ਪਿਆ। ਸੱਸ ਤਾਂ ਪਹਿਲਾਂ ਹੀ ਉੱਦਾਂ ਦੀ ਸੀ ਹੁਣ ਹਿਰਦਾ ਵੀ ਰੁੱਖਾ ਰੁੱਖਾ ਰਹਿਣ ਲੱਗਾ ਸੱਸ ਨੂੰ ਤਾਂ ਇੱਕ ਵਾਰੀ ਮੈਂ ਗੁਆਂਢਣ ਆਂਟੀ ਨਾਲ ਹਿਰਦੇ ਦੇ ਦੂਜੇ ਵਿਆਹ ਦੀ ਗੱਲ ਕਰਦੇ ਵੀ ਸੁਣਿਆ।

ਹਿਰਦੇ ਨੂੰ ਮੈਂ ਹਰ ਤਰ੍ਹਾਂ ਖੁਸ਼ ਰੱਖਣ ਦੀ ਕੋਸ਼ਿਸ਼ ਕਰਦੀ ਹਾਂ । ਭੈਣ ਕਹਿੰਦੀ ਹੁੰਦੀ ਆ। ਅਦਮੀ ਦੇ ਦਿਲ 'ਚ ਜਾਣ ਦਾ ਰਸਤਾ ਪੇਟ ਵਿਚੋਂ ਹੋ ਕੇ ਜਾਂਦਾ। ਹਿਰਦੇ ਨੂੰ ਚਾਈਨਿਜ਼ ਫੂਡ ਬਹੁਤ ਪਸੰਦ ਹੈ । ਮੈਂ ਚਾਈਨਿਜ਼ ਕੁਕਿੰਗ ਕਲਾਸਾਂ ਜੁਆਇਨ ਕਰ ਕੇ ਉਸਨੂੰ ਟੇਸਟੀ-ਟੇਸਟੀ ਫੂਡ ਬਣਾ ਕੇ ਖਵਾਉਂਦੀ ਪਰ ਉਹ ਮਾਂ ਦਾ ਪੁੱਤ ਹਰ ਵਾਰ ਕੋਈ ਨਾ ਕੋਈ ਨਿਗੋਚ ਕੱਢ ਛੱਡਦਾ। ਮੇਰਾ ਮਨ ਬਹੁਤ ਉਦਾਸ ਹੋ ਜਾਂਦਾ ਮੈਨੂੰ ਸਮਝ ਨਾ ਲੱਗਦੀ ਕਿ ਮੈਂ ਇਹੋਂ ਜਿਹਾ ਕੀ ਕਰਾਂ ਜੀਹਦੇ ਨਾਲ ਹਿਰਦੇ ਖੁਸ਼ ਹੋ ਜਾਵੇ।

ਦਸੰਬਰ ਦੀਆਂ ਛੁੱਟੀਆਂ ਕਰਕੇ ਭੈਣ ਮਾਂ ਕੋਲ ਰਹਿਣ ਲਈ ਆਈ ਸੀ। ਹਿਰਦੇ ਨੂੰ ਪੁੱਛ ਕੇ ਮੈਂ ਵੀ ਮਾਂ ਕੋਲ ਜਾਣ ਦੀ ਤਿਆਰੀ ਕਰ ਲਈ। ਹਿਰਦੇ ਨੇ ਮੈਨੂੰ ਨੂੰ ਬਸ ਚੜ੍ਹਾ ਦਿੱਤਾ। ਮਾਂ ਕੋਲ ਪਹੁੰਚ ਕੇ ਮੈਂ ਹਿਰਦੇ ਨੂੰ ਫ਼ੋਨ ਕਰ 'ਤਾ। ਦਿਨ ਵਿੱਚ ਭੈਣ ਨਾਲ ਬਿਜੀ ਹੋਣ ਕਰਕੇ ਹਿਰਦੇ ਨੂੰ ਫ਼ੋਨ ਨਾ ਕਰ ਸਕੀ ਤੇ ਨਾ ਹੀ ਉਹਨੇ ਕੋਈ ਕਾਲ ਕੀਤੀ। ਰਾਤ ਨੂੰ ਫ੍ਰੀ ਹੋ ਕੇ ਮੈਂ ਹਿਰਦੇ ਨੂੰ ਫ਼ੋਨ ਲਗਾਇਆ ਤਾਂ ਉਹਦਾ ਫ਼ੋਨ ਬਿਜੀ ਆਈ ਜਾਵੇ। ਤਿੰਨ -ਚਾਰ ਵਾਰੀ ਪੰਜ-ਪੰਜ ਮਿੰਟ ਬਾਅਦ ਫ਼ੋਨ ਕੀਤਾ ਪਰ ਅੱਗੋ ਫ਼ੋਨ ਬਿਜੀ ਆਈ ਜਾਵੇ । ਅਖੀਰ ਪੌਣੇ ਕੁ ਘੰਟੇ ਬਾਅਦ ਫ਼ੋਨ ਲੱਗਿਆ ਤਾਂ ਮੈਂ ਹਰਖੀ ਹੋਈ ਨੇ ਐਵੇਂ ਹੀ ਪੁੱਛ ਲਿਆ ਕਿ ਕਿਥੇ ਬਿਜੀ ਸੀ। ਮੈਂ ਕਦੋਂ ਦੀ ਟਰਾਈ ਕਰੀਂ ਜਾਨੀ ਆ।

ਤੂੰ ਹੀ ਕਹਿੰਦੀ ਸੀ ਨਾ ਬਈ ਮੇਰੇ ਨਾਲ ਕੋਈ ਕੱਟ ਨਈਂ ਸਕਦੀ , ਲੈ ਮਿਲ ਗਈ ਮੈਨੂੰ ਮੇਰੇ ਨਾਲ ਕੱਟਣ ਵਾਲੀ ਆਖ ਕੇ ਹਿਰਦੇ ਹੱਸ ਪਿਆ। ਮੈਨੂੰ ਏਨੀਂ ਗੱਲ ਸੁਣ ਕੇ ਪੋਹ 'ਚ ਵੀ ਤਰੇਲੀ ਆ ਗਈ। ਹਾਲ- ਚਾਲ ਪੁੱਛ ਕੇ ਉਹਨੇ ਛੇਤੀ ਹੀ ਫ਼ੋਨ ਕੱਟ 'ਤਾ। ਮੇਰਾ ਦਿਲ ਡੁੱਬੀ ਜਾਵੇ। ਉਦਾਸ ਵੇਖ ਮਾਂ ਤੇ ਭੈਣ ਵਾਰੀ-ਵਾਰੀ ਕੀ ਹੋਇਆ? ਕੀ ਹੋਇਆ ? ਪੁੱਛੀ ਜਾਣ। ਮੈਂ ਸਿਰ ਦੁੱਖਦੇ ਦਾ ਬਹਾਨਾ ਬਣਾ ਕੇ ਪੈ ਗਈ। ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਹਿਰਦੇ ਦੀਆਂ ਕਹੀਆਂ ਗੱਲਾਂ ਮੇਰੇ ਕੰਨਾਂ ਵਿਚ ਗੂੰਜੀ ਜਾਣ। ਡੁੱਬਦੇ ਦਿਲ ਨੂੰ ਆਪ ਹੀ ਦਿਲਾਸੇ ਦੇਈ ਜਾਵਾਂ, ਨਾਲੇ ਸਮਝਾਈ ਜਾਵਾ ਕਿ ਇਸ ਰੁੱਖੇ ਜਿਹੇ ਬੰਦੇ ਨੂੰ ਕਿਹੜੀ ਮਿਲਣੀ ਆ ਪਰ ਜਦੋਂ ਉਹਦੀ ਪ੍ਰਸਨੈਲਟੀ ਵੱਲ ਵੇਖਦੀ ਹਾਂ ਤਾਂ ਲੱਗਦਾ ਕਿ ਕੋਈ ਵੀ ਉਸ ਦੇ ਉੱਚੇ-ਲੰਮੇ ਕੱਦ ਤੇ ਪੋਚਵੀਂ ਪੱਗ ਤੇ ਮਰ ਮਿਟ ਸਕਦੀ ਆ।

ਸਵੇਰੇ ਹੀ ਮੈਂ ਬੈਗ ਪੈਕ ਕਰ ਘਰ ਵਲ ਚਾਲੇ ਪਾ ਦਿੱਤੇ। ਮੇਰੇ ਘਰ ਪਹੁਚੰਣ ਤੋਂ ਪਹਿਲਾਂ ਹੀ ਹਿਰਦੇ ਆਫਿਸ ਚਲਾ ਗਿਆ ਸੀ। ਸੱਸ ਦਾ ਹਮੇਸ਼ਾਂ ਦੀ ਤਰ੍ਹਾਂ ਮੂੰਹ ਫੁੱਲਿਆ ਹੋਇਆ ਸੀ। ਬੈਗ ਰੂਮ ਵਿਚ ਰੱਖ ਮੈਂ ਮੂੰਹ ਹੱਥ ਧੋ ਕੇ ਆਪਣੇ ਲਈ ਚਾਹ ਬਣਾ ਕੇ ਪੀਤੀ। ਕੁਝ ਖਾਣ ਲਈ ਪੂਰਾ ਦਿਨ ਦਿਲ ਨਾ ਕੀਤਾ। ਹਰ ਪਲ ਵਰ੍ਹੇ ਵਾਂਗੂੰ ਲੱਗੀ ਜਾਵੇ। ਵਾਰੀਂ- ਵਾਰੀ ਕੰਧ 'ਤੇ ਲੱਗੇ ਕਲਾਕ ਵਲ ਵੇਖੀ ਜਾਵਾਂ ਕਿ ਕਦੋਂ ਸਾਢੇ ਪੰਜ ਵਜਣ, ਕਦੋ ਹਿਰਦੇ ਘਰ ਆਵੇ। ਇੰਨੀ ਬੇਸਬਰੀ ਨਾਲ ਹਿਰਦੇ ਨੂੰ ਮੈਂ ਪਹਿਲਾਂ ਕਦੇਂ ਨਹੀਂ ਸੀ ਉਡੀਕਿਆਂ।

ਸਾਢੇ ਪੰਜ ਦੀ ਬਜਾਇ ਹਿਰਦੇ ਸੱਤ ਵਜੇ ਦੇ ਕਰੀਬ ਘਰ ਆਇਆ। ਬੜਾ ਹੀ ਖੁਸ਼ ਪਰ ਮੈਨੂੰ ਦੇਖ ਉਹਦੇ ਮੱਥੇ 'ਤੇ ਤਿਉੜੀਆਂ ਉਭਰ ਆਈਆ। ਮੈਥੋਂ ਨਜ਼ਰਾਂ ਚੁਰਾਉਂਦਾ ਉਹ ਸੱਸ ਦੇ ਰੂਮ ਵਿਚ ਹੀ ਬੈਠ ਗਿਆ। ਉਥੇ ਹੀ ਉਹਨੇ ਰੋਟੀ ਖਾਂਧੀ। ਮੇਰੀ ਬਰਦਾਸ਼ਤ ਦੀ ਹਰ ਹੱਦ ਖਤਮ ਹੋਈ ਜਾਂਦੀ ਸੀ। ਮੈਂ ਸੱਸ ਸਾਹਮਣੇ ਕੋਈ ਤਮਾਸ਼ਾ ਨਹੀਂ ਕਰਨਾ ਚਾਹੁੰਦੀ ਸੀ ਇਸ ਲਈ ਚੁੱਪ-ਚਾਪ ਰੂਮ ਵਿਚ ਆ ਕੇ ਹਿਰਦੇ ਦੀ ਉਡੀਕ ਕਰਨ ਲੱਗੀ। ਮੈਨੂੰ ਕਿਤੇ ਚੈਨ ਨਾ ਆਵੇ। ਮੈਂ ਕਦੇਂ ਐਲ. ਸੀ. ਡੀ. ਆਨ ਕਰਾਂ ਤੇ ਕਦੇ ਆਫ, ਕਦੇਂ ਕਿਤਾਬਾਂ ਚੁੱਕ ਕੇ ਬੈਠ ਜਾਵਾਂ। ਆਖਰ ਦਸ ਵਜੇ ਉਹ ਰੂਮ 'ਚ ਆਇਆ। ਮੇਰਾ ਮੂਡ ਦੇਖ ਕੇ ਬਹੁਤਾ ਕੁਝ ਤਾਂ ਉਹ ਪਹਿਲਾ ਹੀ ਸਮਝ ਗਿਆ ਸੀ। ਅੱਗੋਂ ਉਹ ਵੀ ਪੂਰੀ ਤਿਆਰੀ ਨਾਲ ਆਇਆ ਸੀ।

ਰਾਤੀਂ ਫ਼ੋਨ 'ਤੇ ਕੀ ਕਹਿੰਦੇ ਸੀ। ਮੈਂ ਆਪਣੇ ਆਪ ਨੂੰ ਸ਼ਾਂਤ ਜਿਹਾ ਕਰਕੇ ਪੁੱਛਿਆ।

ਸੱਚ ਹੀ ਕਿਹਾ ਸੀ। ਉਹ ਬਿਨਾਂ ਨਜ਼ਰ ਮਿਲਾਏ ਬੋਲਿਆ।

ਕੀ? ਨਾ ਚਾਹੁੰਦਿਆ ਹੋਇਆ ਵੀ ਮੇਰੀ ਚੀਕ ਨਿਕਲ ਗਈ। ਮੈਨੂੰ ਜਿਵੇ ਉਹ ਤੋਂ ਇਹ ਉਮੀਦ ਨਹੀਂ ਸੀ। ਮੈਨੂੰ ਲੱਗਦਾ ਸੀ ਕਿ ਉਹ ਮੁਕਰ ਜਾਵੇਗਾ ਤੇ ਕਹੇਗਾ ਕਿ ਮੈਂ ਤਾਂ ਮਜਾਕ ਕੀਤਾ ਸੀ। ਪਰ ਮੈਂ ਇਹ ਵੀ ਬੜੀ ਚੰਗੀ ਤਰ੍ਹਾਂ ਜਾਣਦੀ ਹਾਂ ਕਿ ਮਜ਼ਾਕ ਕਰਨਾ ਉਹਦਾ ਸੁਭਾਅ ਨਹੀਂ।

'ਏਦਾਂ ਕਿੱਦਾਂ ਕਰ ਸਕਦੇ ਹੋ ਤੁਸੀ ਮੇਰੇ ਨਾਲ?' ਮੈਂ ਆਪ ਮੁਹਾਰ ਵਹਿ ਤੁਰੇ ਅੱਥਰੂਆਂ ਨੂੰ ਰੋਕਣ ਦੀ ਕੋਸ਼ਿਸ਼ ਕਰਦੀ ਹਾਂ। ਉਹ'ਤੇ ਕੋਈ ਬਹੁਤਾ ਅਸਰ ਨਾ ਹੋਇਆ। ਉਹ ਬਲੈਕਿਟ ਲੈ ਕੇ ਦੂਜੇ ਪਾਸੇ ਮੂੰਹ ਕਰਕੇ ਪੈ ਗਿਆ। ਰੁੱਖਾ ਤਾਂ ਉਹ ਪਹਿਲਾਂ ਹੀ ਬਹੁਤ ਸੀ ਪਰ ਉਸਦੀ ਇਹ ਬੇਰੁੱਖੀ ਮੈਥੋਂ ਬਰਦਾਸ਼ਤ ਨਹੀਂ ਹੋ ਰਹੀ ਸੀ। ਸਾਰੀ ਰਾਤ ਮੈਂ ਰੋ ਕੇ ਲੰਘਾਈ ਤੇ ਉਹ ਮੇਰੇ ਨਾਲ ਪਿਆ ਘੁਰਾੜੇ ਮਾਰੀ ਗਿਆ।

ਸਵੇਰੇ ਉੱਠ ਕੇ ਮੈਂ ਨਾਰਮਲ ਹੋਣ ਦੀ ਕੋਸ਼ਿਸ਼ ਕੀਤੀ। ਕਹਿੰਦੇ ਆ ਕਿ ਪਿਆਰ ਹਰ ਮਸਲੇ ਦਾ ਹੱਲ ਹੈ। ਮੇਰੀ ਸਹੇਲੀ ਗੀਤੂ ਦੀ ਜਦੋਂ ਉਹਦੇ ਹਸਬੈਂਡ ਨਾਲ ਅਣਬਣ ਹੋਈ ਸੀ ਤਾਂ ਮੈਂ ਹੀ ਉਸ ਨੂੰ ਸਭ ਪਿਆਰ ਨਾਲ ਸਲਝਾਉਣ ਦੀ ਸਲਾਹ ਦਿੱਤੀ ਸੀ। ਉਹੀਂ ਤਰੀਕਾ ਮੈਂ ਅਪਨਾਉਂਦੀ ਹਾਂ। ਫਰੈਸ਼ ਹੋ ਕੇ ਹਿਰਦੇ ਲਈ ਉਹਦੀ ਪਸੰਦ ਦੀ ਅਦਰਕ ਵਾਲੀ ਚਾਹ ਬਣਾ ਕੇ ਰੂਮ ਵਿਚ ਲੈ ਕੇ ਆਈ। ਹਿਰਦੇ ਵਾਸ਼ਰੂਮ ਵਿਚ ਸੀ। ਉਹ ਜਦ ਹੀ ਬਾਹਰ ਆਇਆ ਮੈਂ ਕਿਹਾ, 'ਚਾਹ ਪੀ ਲਓ, ਤੁਹਾਡੀ ਪਸੰਦ ਦੀ ਅਦਰਕ ਵਾਲੀ ਬਣਾਈ ਆ ਪਰ ਉਹ ਬਿਨਾ ਮੇਰੇ ਵੱਲ ਵੇਖਿਆਂ ਤੇ ਬਿਨਾ ਜਵਾਬ ਦਿੱਤਿਆਂ ਰੂਮ 'ਚੋਂ ਬਾਹਰ ਨਿਕਲ ਗਿਆ। ਕੱਪ 'ਚ ਪਈ ਚਾਹ ਠੰਢੀ ਹੋਈ ਜਾਵੇ ਤੇ ਮੈਂ ਅੰਦਰੋਂ ਅੰਦਰੀ ਰਿੱਝੀ ਜਾਵਾ।

ਸਾਰਾ ਕੁਝ ਭੁੱਲ ਕੇ ਸ਼ਾਮ ਨੂੰ ਹਿਰਦੇ ਦੀ ਪਸੰਦ ਦੇ ਦਮ ਆਲੂ, ਕੜਾਹੀ ਪਨੀਰ ਤੇ ਖੀਰ ਬਣਾਈ। ਉਹ ਆਇਆ ਤਾਂ ਮੈਂ ਰੋਟੀ ਲਈ ਬੁਲਾਇਆ ਤਾਂ। ਮੈਂ ਖਾ ਕੇ ਆਇਆ। ਆਖ ਉਹ ਬਾਥਰੂਮ ਵਿੱਚ ਵੜ ਗਿਆ। ਮੈਂ ਵੀ ਬਿਨਾ ਕੁਝ ਖਾਧਿਆਂ ਹੀ ਪੈ ਗਈ। ਦਸ-ਪੰਦਰਾਂ ਦਿਨ ਇਸੇ ਖਿਚੋਂ ਤਾਣ ਵਿੱਚ ਲੰਘੇ। ਬਹੁਤ ਘੱਟ ਹੀ ਹਿਰਦੇ ਮੇਰੇ ਨਾਲ ਜ਼ੁਬਾਨ ਸਾਂਝੀ ਕਰਦਾ। ਮੈਨੂੰ ਉਹ ਇੰਗਨੌਰ ਕਰਨ ਲੱਗ ਪਿਆ। ਉਸ ਦੇ ਇਸ ਬਦਲਾਅ ਨੂੰ ਮੈਂ ਕਿਵੇ ਸਵੀਕਾਰ ਕਰਾਂ। ਦੋਵੇ ਮਾਂ-ਪੁੱਤ ਪਤਾ ਨਹੀਂ ਕੀ ਘੁਸਰ-ਮੁਸਰ ਕਰਦੇ ਰਹਿੰਦੇ ਆ। ਸੱਸ ਤਾਂ ਪਹਿਲਾ ਹੀ ਮੈਨੂੰ ਬੁਲਾ ਕੇ ਖੁਸ਼ ਨਹੀਂ ਸੀ ਹੁਣ ਹਿਰਦੇ ਨੇ ਪਤਾ ਨਹੀਂ ਕੀ ਪੱਟੀ ਪੜ੍ਹਾਈ ਕਿ ਉਹ ਹੁਣ ਮੇਰੇ ਨਾਲ ਬਿਲਕੁਲ ਵੀ ਨਹੀਂ ਬੋਲਦੀ। ਇੰਨੀ ਬੇਕਦਰੀ ਹੋਣ ਦੇ ਬਾਵਜੂਦ ਵੀ ਮੇਰਾ ਮਨ ਪਿਆਰ ਨਾਲ ਸਮਝਾ ਵਾਲਾ ਰਾਗ ਅਲਾਪੀ ਜਾਂਦਾ।

ਸ਼ਾਮ ਨੂੰ ਹਿਰਦੇ ਦੇ ਆਉਣ ਤੇ ਮੈਂ ਮੁਸਕਰਾ ਕੇ ਉਸਦਾ ਸਵਾਗਤ ਕੀਤਾ ਆਪਣੇ ਆਪ ਨੂੰ ਅੰਦਰੋਂ ਸ਼ਾਂਤ ਕਰਕੇ ਪੁੱਛਿਆਂ, 'ਕਿੱਦਾਂ ਦੀ ਆ ਉਹ?'

'ਤੈਥੋਂ ਤਾਂ ਹਰ ਪਾਸਿਓਂ ਚੰਗੀ ਆ।' ਤੂੰ ਮੈਨੂੰ ਦਿੱਤਾ ਈ ਕੀ ਆ? ਹਿਰਦੇ ਨੇ ਜਿਵੇਂ ਬਿਨਾ ਹੱਥ ਚੁੱਕਿਆ ਤੜਾਕ ਕਰਦਾ ਥੱਪੜ ਮੇਰੀ ਗਲ 'ਤੇ ਮਾਰਿਆ ਹੋਵੇ। ਬੱਚਾ ਨਾ ਹੋਣ ਦੇ ਤਾਹਨੇ ਪਹਿਲਾ ਸੱਸ



ਮਾਰਦੀ ਸੀ ਤਾਂ ਏਨਾ ਦੁੱਖ ਨਹੀਂ ਸੀ ਹੋਇਆ। ਹਿਰਦੇ ਦੇ ਬੋਲਾਂ ਨੇ ਮੇਰੇ ਅੰਦਰ ਮਾਂ ਨਾ ਬਣਨ ਵਾਲੇ ਫੋੜੇ ਨੂੰ ਬੁਰੀ ਤਰ੍ਹਾ ਉਚੇੜ ਦਿੱਤਾ। ਮੱਛੀ ਵੀ ਬਿਨਾ ਪਾਣੀ ਤੋਂ ਐਨਾ ਨਹੀਂ ਤੜਫੀ ਹੋਣੀ ਜਿੰਨਾ ਮੈਂ ਉਹਦੀ ਇਸ ਗੱਲ 'ਤੇ ਤੜਫੀ ਸੀ।

ਮੈਨੂੰ ਲੱਗਾ ਕਿ ਇਹ ਉਹ ਹੀ ਹਿਰਦੇ ਆ ਜੋ ਮੇਰੇ ਸਾਹਾਂ 'ਚ ਸਾਹ ਲੈਂਦਾ ਸੀ। ਤੂੰ ਪੇਕੇ ਨਾ ਜਾਇਆ ਕਰ ਮੇਰਾ ਜੀਅ ਨਹੀਂ ਲੱਗਦਾ। ਤੇਰੇ ਬਿਨਾ ਤਾਂ ਮੈਨੂੰ ਆਪਣਾ ਰੁਮਾਲ ਤੱਕ ਨਹੀਂ ਲੱਭਦਾ। ਮੇਰਾ ਨਹੀਂ ਸਰਦਾ ਤੂੰ ਕਿਤੇ ਨਾ ਜਾਇਆ ਕਰ। ਵਿਆਹ ਤੋਂ ਬਾਅਦ ਜਦੋਂ ਮੈਂ ਸਾਉਣ ਦਾ ਮਹੀਨਾ ਮਾਂ ਕੋਲ ਰਹਿ ਕੇ ਆਈ ਤਾਂ ਇਹ ਆਖ ਹਿਰਦੇ ਨੇ ਮੈਨੂੰ ਸੀਨੇ ਨਾਲ ਲਗਾ ਕੇ ਘੁੱਟ ਲਿਆ ਸੀ। ਪੰਜਾਂ ਸਾਲਾਂ ਵਿੱਚ ਕਿੰਨਾ ਕੁਝ ਬਦਲ ਗਿਆ ਏ।

ਮੈਂ ਹਿਰਦੇ ਦੀ ਜਾਸੂਸੀ ਸ਼ੁਰੂ ਕਰ ਦਿੱਤੀ। ਛੇਤੀ ਹੀ ਮੈਂ ਉਸ ਕੁੜੀ ਨੂੰ ਲੱਭ ਲਿਆ। ਉਹ ਹਿਰਦੇ ਨਾਲ ਹੀ ਆਫ਼ਿਸ ਵਿੱਚ ਕੰਮ ਕਰਦੀ ਅਨਮੈਰਿਡ ਕੁੜੀ ਹੈ। ਇਸੇ ਸ਼ਹਿਰ ਵਿੱਚ ਰਹਿੰਦੀ ਹੈ। ਆਪਣਾ ਘਰ ਬਚਾਉਣ ਲਈ ਮੈਂ ਉਹਨੂੰ ਮਿਲਣ ਉਹਦੇ ਘਰ ਚਲੀ ਗਈ। ਮੈਂ ਪਹਿਲਾ ਹੀ ਪਤਾ ਕਰ ਲਿਆ ਸੀ ਕਿ ਅੱਜ ਉਹ ਬੀਮਾਰ ਹੋਣ ਕਰਕੇ ਆਫ਼ਿਸ ਨਹੀਂ ਗਈ।

ਡੋਰ ਬੈੱਲ ਵਜਾਈ ਤਾਂ ਇੱਕ ਅੱਧਖੜ ਜਿਹੀ ਔਰਤ ਨੇ ਦਰਵਾਜ਼ਾ ਖੋਲਿਆਂ। ਇਹ ਸ਼ਾਇਦ ਉਸਦੀ ਮਾਂ ਸੀ।

'ਜੀ ਮੈਂ ਗੀਤ ਨੂੰ ਮਿਲਣਾ।' ਉਹ ਬਿਨਾ ਕੁਝ ਬੋਲਿਆਂ ਮੈਨੂੰ ਅੰਦਰ ਲੈ ਆਈ। ਕਮਰੇ ਵਿੱਚ ਇੱਕ ਸੋਹਣੀ ਜਿਹੀ ਕੁੜੀ ਬੈੱਡ 'ਤੇ ਅੱਧ ਲੇਟੀ ਜਿਹੀ ਮੋਬਾਇਲ 'ਤੇ ਚੈਟ ਕਰਦੀ ਪਈ ਸੀ। ਇਹ ਗੀਤ ਹੀ ਸੀ।

'ਮੈਂ ਹਿਰਦੇਪਾਲ ਰੰਧਾਵਾ ਦੀ ਵਾਈਫ਼ ਹਾਂ।' ਇੰਨਾ ਸੁਣਦਿਆਂ ਹੀ ਉਹ ਤ੍ਰਬਕ ਗਈ। ਮੋਬਾਇਲ ਉਹਦੇ ਹੱਥੋਂ ਡਿੱਗਦਾ-ਡਿੱਗਦਾ ਬਚਿਆਂ।

"ਕੌਣ ਆ ਹਿਰਦੇਪਾਲ?" ਉਸ ਔਰਤ ਨੇ ਮੈਨੂੰ ਪੁੱਛਣ ਦੀ ਬਜਾਇ ਆਵਦੀ ਧੀ ਨੂੰ ਪੁੱਛਿਆ।

"ਗੀਤ ਕੀ ਕਹਿੰਦੀ ਆ ਇਹ?" ਮਾਂ ਦੀ ਗੱਲ ਦਾ ਉਹਨੇ ਕੋਈ ਜਵਾਬ ਨਾ ਦਿੱਤਾ ਸਗੋਂ ਨੀਵੀ ਪਾਈ ਬੈਠੀ ਰਹੀ। ਮੇਰਾ ਗ਼ੁੱਸਾ ਸਿਖਰ 'ਤੇ ਸੀ। ਉਹਦੀ ਚੁੱਪ ਮੈਥੋਂ ਬਰਦਾਸ਼ਤ ਨਹੀਂ ਹੋ ਰਹੀ ਸੀ। ਮੈਂ ਉਹਦੇ ਹੱਥੋਂ ਮੋਬਾਇਲ ਖੋਹ ਕੇ ਚੈਟ ਦੇਖੀ ਜੋ ਉਹ ਹਿਰਦੇ ਨਾਲ ਕਰ ਰਹੀ ਸੀ। ਕਿੰਨੇ ਹੀ ਦਿਲ ਤੇ ਗੁਲਾਬ ਦੇ ਫੁੱਲ ਦਾ ਅਦਾਨ ਪ੍ਰਦਾਨ ਦੇਖ ਮੈਂ ਉਹਦਾ ਮੋਬਾਇਲ ਗ਼ੁੱਸੇ ਨਾਲ ਚਲਾ ਕੇ ਮਾਰਿਆ। ਡਿੱਗਦੇ ਸਾਰ ਹੀ ਸਾਰ ਮੋਬਾਇਲ ਫ਼ਰਸ਼ 'ਤੇ ਖਿੱਲਰ ਗਿਆ। ਹੁਣ ਗੀਤ ਵੀ ਬੇਕਾਬੂ ਹੋ ਗਈ।

"ਮੈਂ ਹਿਰਦੇ ਨੂੰ ਪਿਆਰ ਕਰਦੀ ਹਾਂ। ਉਹਦੇ ਨਾਲ ਵਿਆਹ ਕਰਾਉਣਾ। ਤੈਨੂੰ ਤਾਂ ਉਹ ਲਾਈਕ ਈ ਨਈਂ ਕਰਦਾ। ਤੂੰ ਬੇਸ਼ਰਮ ਜਿਹੀ ਫਿਰ ਵੀ ਉਹਦੇ ਨਾਲ ਪਤਾ ਨਹੀਂ ਕਿਵੇਂ ਰਹੀ ਜਾਨੀ ਏ।" ਮਾਂ ਤੋਂ ਬੇਖੌਫ਼ ਹੋ ਕੇ ਉਹਦਾ ਇਸ਼ਕ ਸਿਰ ਚੜ੍ਹ ਕੇ ਬੋਲਣ ਲੱਗਾ।

"ਤੂੰ ਦਫ਼ਾ ਹੋ। ਤੂੰ ਸਾਡੇ ਵਿੱਚ ਆਈ ਏ।" ਆਖ ਮੈਂ ਗ਼ੁੱਸੇ ਨਾਲ ਪੈਰ ਪੱਟਕਦੀ ਉਹਦੇ ਘਰ ਤੋਂ ਬਾਹਰ ਹੋ ਗਈ।

ਘਰ ਆ ਕੇ ਬੜਾ ਈ ਰੋਈ। ਜੀਅ ਕਰੇ ਮਾਂ ਨੂੰ ਸਭ ਦੱਸ ਦੇਵਾਂ ਪਰ ਪਤਾ ਨਹੀਂ ਕਿਉਂ ਉਹਨੂੰ ਦੁੱਖੀ ਕਰਨ ਨੂੰ ਮੇਰਾ ਜੀਅ ਨਾ ਕੀਤਾ।

ਸ਼ਾਮ ਨੂੰ ਹਿਰਦਾ ਅੱਗ ਬਬੂਲਾਂ ਹੋ ਕੇ ਆਇਆ, "ਸਾਲੀਏ ਤੇਰੀ ਏਨੀ ਹਿੰਮਤ। ਤੂੰ ਗੀਤ ਨੂੰ ਧਮਕਾ ਕੇ ਆਈ ਏ। ਆਹ ਚੱਕ ਪੇਪਰ। ਸਾਈਨ ਕਰ। ਮੈਂ ਨਹੀਂ ਰਹਿਣਾ ਤੇਰੇ ਨਾਲ।" ਉਹਨੇ ਡਿਵੋਰਸ ਪੇਪਰ ਲਿਆ ਮੇਰੇ ਮੂਹਰੇ ਧਰ 'ਤੇ।

"ਮੈਂ ਨ੍ਹੀਂ ਦਿੰਦੀ ਡਿਵੋਰਸ। ਕਰ ਲੋ ਤੁਸੀਂ ਕੀ ਕਰਨਾ।" ਮੈਂ ਵੀ ਜ਼ਿੱਦ 'ਤੇ ਅੜ ਗਈ

ਦੂਜੇ ਦਿਨ ਤਾਂ ਹਿਰਦੇ ਨੇ ਹੱਦ ਹੀ ਕਰ 'ਤੀ। ਸੱਸ ਪੇਕੇ ਚਲੀ ਗਈ ਤੇ ਉਹ ਰੀਤ ਨੂੰ ਘਰ ਲੈ ਕੇ ਆ ਗਿਆ। ਬਾਹਰ ਦਾ ਤਾਂ ਪਤਾ ਨਹੀਂ ਅੰਦਰ ਉਹ ਬਾਹਾਂ ਵਿੱਚ ਬਾਂਹ ਪਾਈ ਵੜੇ। ਮੈਨੂੰ ਵੇਖ ਰੀਤ ਨੇ ਜੇਤੂ ਮੁਸਕਾਨ ਮੇਰੇ ਵੱਲ ਸੁੱਟੀ। ਮੇਰੇ ਅੰਦਰੋਂ ਕੀ ਕੁਝ ਟੁੱਟਿਆਂ ਉਸ ਮੈਂ ਹੀ ਜਾਣਦੀ ਹਾਂ ਬਾਹਰ ਤਾਂ ਉਹਦਾ ਖੜਕਾ ਵੀ ਨਾ ਹੋਇਆ। ਆਪਣੇ ਆਪ ਨੂੰ ਮੈਂ ਰੂਮ ਵਿੱਚ ਬੰਦ ਕਰ ਲਿਆ ਫਿਰ ਵੀ ਡਰਾਇੰਗ ਰੂਮ ਵਿੱਚੋਂ ਦੋਨਾਂ ਦੇ ਹੱਸਣ ਦੀਆਂ 'ਵਾਜਾਂ ਮੇਰੇ ਤੀਕ ਪਹੁੰਚਦੀਆਂ। ਮੈਂ ਹੱਥ ਧਰ ਕੇ ਕੰਨਾਂ ਨੂੰ ਘੁੱਟ ਕੇ ਬੰਦ ਕਰ ਲੈਂਦੀ ਹਾਂ । ਜਾਨ-ਜਾਨ। ਕਰਦੀ ਰੀਤ ਹਿਰਦੇ ਦੇ ਅੱਗੇ-ਪਿੱਛੇ ਫਿਰਦੀ ਹੈ। ਫਿਰ ਮੈਨੂੰ ਨਾਲ ਵਾਲੇ ਕਮਰੇ ਵਿੱਚੋਂ ਉਹਨਾਂ ਦੇ ਹੱਸਣ ਦੀਆਂ ਅਵਾਜ਼ਾਂ ਆਉਂਦੀਆਂ।

ਮੈਨੂੰ ਰੀਤ 'ਤੇ ਘੱਟ ਤੇ ਆਪਣੇ -ਆਪ 'ਤੇ ਬਹੁਤਾ ਗ਼ੁੱਸਾ ਆਈ ਜਾਂਦਾ। ਮੈਥੋਂ ਕਿਉਂ ਨਾ ਇਹੋ ਜਿਹੇ ਖੇਖਣ ਹੋਏ ? ਜੀਅ ਕਰਦਾ ਮਰ ਜਾਵਾਂ? ਉਂ ਵੀ ਤਾਂ ਮਰ ਹੀ ਗਈ ਹਾਂ। ਸਰੀਰ ਨੂੰ ਲਾਸ਼ ਵਾਂਗੂੰ ਢੋਈ ਜਾਂਦੀ ਹਾਂ। ਹਿਰਦੇ ਹੁਣ ਘਰ ਘੱਟ ਹੀ ਵੜਦਾ। ਪਤਾ ਲੱਗਾ ਕਿ ਉਹ ਦੋਵੇ ਲਿਵ ਇਨ ਰਿਲੇਸ਼ਨਸਿਪ ਵਿੱਚ ਰਹਿ ਰਹੇ ਹਨ। ਸੱਸ ਮੈਨੂੰ ਬਿਲਕੁਲ ਬੁਲਾਉਂਦੀ ਨਹੀਂ। ਮੇਰੀ ਦੁਨੀਆਂ ਇੱਕ ਰੂਮ ਵਿੱਚ ਸਿਮਟ ਕੇ ਰਹਿ ਗਈ। ਰਾਤ ਨੂੰ ਬੈੱਡ 'ਤੇ ਹਿਰਦੇ ਦੀ ਥਾਂ ਖਾਲ਼ੀ ਪਈ ਵੇਖ-ਵੇਖ ਰੋਈ ਜਾਨੀ ਆ।

ਮੈਂ ਮਾਂ ਨਾਲ ਗੱਲ ਕਰਕੇ ਉਹਨਾਂ ਨੂੰ ਦੁੱਖੀ ਨਹੀਂ ਸੀ ਕਰਨਾ ਚਾਹੁੰਦੀ । ਦੋ ਤਿੰਨ ਦਿਨਾਂ ਵਿੱਚ ਮਾਂ ਨਾਲ ਨਾਰਮਲ ਜਿਹੀ ਗੱਲ ਹੁੰਦੀ ਹੈ । ਅਵਾਜ਼ ਵਿੱਚੋਂ ਮਾਂ ਮੇਰੀ ਉਦਾਸੀ ਸਮਝਣ ਦੀ ਕੋਸ਼ਿਸ਼ ਕਰਦੀ ਹੈ ਪਰ ਮੈਂ ਕੁਝ ਨਹੀਂ ਦੱਸਦੀ।

ਅੱਜ ਦਿਲ ਬਹੁਤ ਉਦਾਸ ਸੀ। ਮਾਂ ਦੀ ਬਹੁਤ ਯਾਦ ਆ ਰਹੀ ਸੀ। ਬਾਹਰ ਡੋਰ ਬੈੱਲ ਵੱਜੀ। ਗੇਟ ਖੋਲ੍ਹਿਆ ਤਾਂ ਮਾਂ ਨੂੰ ਸਾਹਮਣੇ ਵੇਖ ਦਿਲ ਦਾ ਦਰਦ ਅੱਖਾਂ ਰਹੀ ਉੱਛਲ਼ ਲੱਗਾ ਤਾਂ ਮਸਾਂ ਕੰਟਰੋਲ ਕੀਤਾ । ਮਾਂ ਤਾਂ ਮਾਂ ਹੁੰਦੀ ਏ ਔਲਾਦ ਦਾ ਦੁੱਖ ਬਿਨ ਦੱਸਿਆ ਹੀ ਬੁੱਝ ਲੈਂਦੀ ਹੈ। ਮੈਂ ਉੱਤੋਂ-ਉੱਤੋਂ ਹੱਸੀ ਤਾਂ ਮਾਂ ਨੇ ਮੇਰੇ ਹਾਸਿਆਂ ਵਿਚਲੀ ਉਦਾਸੀ ਪੜ੍ਹ ਲਈ।

"ਅਮਨ ਤੂੰ ਠੀਕ ਆਂ?"

ਤੁਸੀਂ ਟੈਨਸ਼ਨ ਨਾ ਲਓ? ਸਭ ਠੀਕ ਆ? ਬੱਸ ਕਦੇ-ਕਦੇ ਮਨ ਉਦਾਸ ਹੋ ਜਾਂਦਾ। ਹੁਣ ਤੁਸੀਂ ਆ ਗਏ ਸਭ ਠੀਕ ਹੋਜੂ। ਮੈਂ ਸਭ ਕੁਝ ਮਾਂ ਤੋਂ ਲਕੋਣਾ ਚਾਹੁੰਦੀ ਹਾਂ। ਹਿਰਦੇ ਬਾਰੇ ਵੀ ਮੈਂ ਮਾਂ ਨੂੰ ਝੂਠ ਬੋਲਿਆਂ ਕਿ ਉਹ ਆਫਿਸ ਵੱਲੋਂ ਦਿੱਲੀ ਟ੍ਰੇਨਿੰਗ 'ਤੇ ਗਿਆ।

ਮਾਂ ਨੇ ਮੇਰੇ ਨਾਨਕੇ ਜਾਣਾ ਸੀ। ਮੈਨੂੰ ਵੀ ਬੜਾ ਜ਼ੋਰ ਲਾਇਆ ਕਿ ਮੈਂ ਵੀ ਉਹਨਾਂ ਦੇ ਨਾਲ ਚੱਲਾਂ ਨਾਲੇ ਮਾਂ ਨੇ ਦੱਸਿਆ ਕਿ ਸੁੱਖ ਵੀ ਉੱਥੇ ਆਈ ਹੋਈ ਏ। ਸੁੱਖ ਮਾਮੀ ਦੀ ਭਤੀਜੀ ਏ ਉਹ ਵੀ ਉੱਥੇ ਛੁੱਟੀਆਂ ਕੱਟਣ ਆਉਂਦੀ ਸੀ। ਸਾਡੀ ਦੋਵਾਂ ਦੀ ਬਹੁਤ ਬਣਦੀ ਸੀ। ਕਦੇ ਅਸੀਂ ਪੱਕੀਆਂ ਸਹੇਲੀਆਂ ਸੀ।

ਜਦ ਵੀ ਮੈਂ ਮਾਂ ਨਾਲ ਨਾਨਕੇ ਜਾਣਾ ਤਾਂ ਮਾਮਾ -ਮਾਮੀ ਤੇ ਨਾਨੀ ਹੁਰਾਂ ਨੇ ਬਹੁਤ ਲਾਡ ਲਡਾਉਣੇ। ਮਾਮੀ ਦੇ ਦੋ ਬੇਟੇ ਹਨ ਉਹਨਾਂ ਨੂੰ ਧੀ ਦੀ ਬਹੁਤ ਰੀਝ ਸੀ। ਮਾਂ ਦੱਸਦੇ ਹੁੰਦੇ ਆ ਕਿ ਮੈਂ ਹੋਈ ਸੀ ਤਾਂ ਮਾਮੀ ਨੇ ਪਾਪਾ ਤੇ ਮਾਂ ਤੋਂ ਮੈਨੂੰ ਮੰਗਿਆਂ ਸੀ। ਮਾਮੀ ਕਹਿੰਦੀ ਸੀ ਕਿ ਭੈਣ , ਤੇਰੇ ਕੋਲ ਤਾਂ ਪਹਿਲਾਂ ਧੀ ਹੈਗੀ ਆ, ਇਹ ਮੇਰੀ ਝੋਲੀ ਪਾ ਦੇ। ਸਹੁੰ ਰੱਬ ਦੀ ਆਵਦੀ ਧੀ ਸਮਝ ਕੇ ਪਾਲੂ। ਪਰ ਪਾਪਾ ਤੇ ਮਾਂ ਇਸ ਗੱਲ ਲਈ ਰਾਜ਼ੀ ਨਾ ਹੋਏ । ਝੋਲੀ ਭਾਵੇਂ ਮਾਂ ਹੁਰਾਂ ਨੇ ਨਹੀਂ ਪਾਇਆ ਪਰ ਕੁਦਰਤੀ ਹੀ ਮਾਮੀ ਦਾ ਮੇਰੇ ਨਾਲ ਮੋਹ ਬਹੁਤ ਏ।

ਮਾਮੀ ਵਹਿਮਣ ਬਹੁਤ ਸੀ। ਇੱਕ ਵਾਰੀ ਮੈਂ ਤੇ ਸੁੱਖ ਦੋਵੇਂ ਕੋਲ ਬੈਠੀਆਂ ਲੁੱਡੋ ਖੇਡ ਰਹੀਆਂ ਸੀ ਤਾਂ ਮਾਮੀ ਸਾਨੂੰ ਦੋਨਾਂ ਨੂੰ ਵੇਖ ਕੇ ਮਾਂ ਨੂੰ ਕਹਿੰਦੀ ਹੈ ਕਿ ਭੈਣ, ਅਮਨ ਤੇ ਸੁੱਖ ਦੇ ਆਹ ਸੌਂਕਣ ਬੋਦੀਆਂ ਆ। ਅਸੀਂ ਦੋਵਾਂ ਨੇ ਖੇਡ ਛੱਡ ਮਾਂ ਵੱਲ ਸਵਾਲੀਆ ਨਜ਼ਰ ਨਾਲ ਦੇਖਿਆ।



ਕੁਝ ਨਹੀਂ ਹੁੰਦਾ ਇਹੋ ਜਿਹਾ, ਨਿਰਾ ਵਹਿਮ ਆ। ਪੜ੍ਹੀ ਲਿਖੀ ਮਾਂ ਨੇ ਮਾਮੀ ਨੂੰ ਸਮਝਾਇਆ। ਨਾਲੇ ਸਾਨੂੰ ਕਿਹਾ ਕਿ ਕੁਝ ਨਹੀਂ ਹੁੰਦਾ, ਖੇਡੋ ਤੁਸੀਂ।

ਮਾਂ ਨੇ ਮਾਮੀ ਨੂੰ ਸਾਡੇ ਆਉਣ ਦਾ ਫ਼ੋਨ 'ਤੇ ਦੱਸ ਦਿੱਤਾ ਸੀ। ਮੈਨੂੰ ਵੇਖ ਮਾਮੀ ਦੇ ਪੱਬ ਧਰਤੀ 'ਤੇ ਨਾ ਲੱਗਣ। ਪਾਣੀ ਪਿਲਾ ਕੇ ਕਾੜ੍ਹਨੀ 'ਚੋਂ ਦੁੱਧ ਦੇ ਗਲਾਸ ਭਰ ਲਿਆਈ। ਮਾਮੀ ਨੂੰ ਪਤਾ ਹੈ ਕਿ ਮੈਨੂੰ ਕਾੜ੍ਹਨੀ ਵਾਲਾ ਦੁੱਧ ਬਹੁਤ ਪਸੰਦ ਹੈ।

ਕਈ ਸਾਲਾਂ ਬਾਅਦ ਸੁੱਖ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਉਹਦਾ ਪੰਜ ਸਾਲ ਦਾ ਇੱਕ ਬਹੁਤ ਹੀ ਪਿਆਰਾ ਬੇਟਾ ਹਰਮਨ ਹੈ। ਆਪਣੇ ਹੈਂਡ ਬੈਗ ਵਿੱਚੋਂ ਟਾਫ਼ੀਆਂ ਤੇ ਚਾਕਲੇਟ ਹਰਮਨ ਨੂੰ ਦਿੱਤੇ ਤਾਂ ਖੁਸ਼ੀ ਨਾਲ ਭੱਜ ਕੇ ਦੂਜੇ ਰੂਮ ਵਿੱਚ ਟੀ ਵੀ ਦੇਖਣ ਲੱਗ ਪਿਆ ਜਿੱਥੇ ਮਾਂ ਤੇ ਮਾਮੀ ਆਪਣੀਆ ਗੱਲਾਂ ਵਿੱਚ ਮਗਨ ਸਨ।

ਮੈਂ ਤੇ ਸੁੱਖ ਦੂਜੇ ਬੈਡਰੂਮ 'ਚ ਆ ਕੇ ਬਹਿ ਗਈਆਂ। ਮੇਰਾ ਹਾਲ ਚਾਲ ਪੁੱਛ ਸੁੱਖ ਉਦਾਸ ਜਿਹੀ ਹੋ ਗਈ। ਮੈਂ ਸੁੱਖ ਦੇ ਚਿਹਰੇ ਤੋਂ ਉਦਾਸੀਆ ਪੜ੍ਹਨ ਲੱਗੀ। ਜਦੋਂ ਮੈਂ ਉਹ ਤੋਂ ਉਦਾਸੀ ਦਾ ਕਾਰਨ ਪੁੱਛਿਆ ਤਾਂ ਉਹ ਫਿਸ ਪਈ। ਕੀ ਦੱਸਾਂ? ਚੰਗੀ ਭਲੀ ਜ਼ਿੰਦਗੀ ਸੀ, ਗੰਦੇ ਬੰਦੇ ਨੇ ਨਰਕ ਬਣਾ 'ਤੀ। ਗੰਦੀ ਜ਼ਨਾਨੀ ਨੇ ਪਤਾ ਨਹੀਂ ਕੀ ਧੂੜਿਆ ਉਹਦੇ ਸਿਰ 'ਚ , ਖਹਿੜਾ ਈ ਨਹੀਂ ਛੱਡਦਾ।

"ਤੈਨੂੰ ਕਿੱਦਾਂ ਪਤਾ ਲੱਗਾ ?" ਮੈਂ ਹੈਰਾਨੀ ਨਾਲ ਪੁੱਛਿਆਂ

"ਇਹੋ ਜਿਹੀਆਂ ਗੱਲਾਂ ਵੀ ਕਦੇ ਲੁਕੀਆਂ।" ਉਹ ਥੋੜ੍ਹੇ ਦਿਨਾਂ ਬਾਅਦ ਬਹਾਨੇ ਜਿਹੇ ਨਾਲ ਮੈਨੂੰ ਪਿੰਡ ਛੱਡ ਆਇਆ ਕਰੇ। ਅਖੇ, ਮੈਂ ਪਿੰਡ ਵੱਲੋਂ ਅੱਗੇ ਜਾਣਾ ਤੈਨੂੰ ਛੱਡ ਦੂੰ, ਕਿੱਥੇ ਬੱਸਾਂ 'ਚ ਧੱਕੇ ਖਾਂਦੀ ਫਿਰੇਂਗੀ। ਮੈਨੂੰ ਵੀ ਪੇਕੇ ਜਾਣ ਦਾ ਲਾਲਚ ਜਿਹਾ ਆ ਜਿਆ ਕਰੇ। ਮੈਂ ਐਵੇਂ ਹੀ ਉੱਡੀ ਫਿਰਾਂ ਬਈ ਬੜਾ ਧਿਆਨ ਰੱਖਦਾ ਮੇਰਾ। ਉਹ ਤਾਂ ਬਾਅਦ 'ਚ ਪਤਾ ਲੱਗਾ ਕਿ ਕੰਜਰ ਮੈਨੂੰ ਪੇਕੇ ਛੱਡ ਕੇ ਕਿਸੇ ਕੁੜੀ ਨੂੰ ਘਰੇ ਲਿਆਉਂਦਾ ਸੀ। ਸ਼ਹਿਰ 'ਚ ਕੋਈ ਧਿਆਨ ਨਹੀਂ ਰੱਖਦਾ ਬਈ ਘਰੇ ਕੌਣ ਆਉਂਦਾ ਕੌਣ ਜਾਂਦਾ ਪਰ ਗੁਆਂਢਣ ਮੇਰੀ ਸਹੇਲੀ ਸੀ ਉਹਨੇ ਮੈਨੂੰ ਸਾਰੀ ਗੱਲ ਦੱਸ 'ਤੀ। ਮੈਂ ਵੀ ਗੱਲ ਅੰਦਰੇ ਹੀ ਪੀ ਲਈ ਤੇ ਰੰਗੇ ਹੱਥੀ ਫੜਨ ਦਾ ਪਲੈਨ ਬਣਾ ਲਿਆ। ਜਿੱਦਣ ਉਹ ਮੈਨੂੰ ਪੇਕੇ ਛੱਡ ਕੇ ਆਇਆ ਤਾਂ ਮੈਂ ਭਰਜਾਈ ਨੂੰ ਥੋੜ੍ਹੀ ਜਿਹੀ ਗੱਲ ਦੱਸ ਹਰਮਨ ਨੂੰ ਉਹਦੇ ਕੋਲ ਛੱਡ ਕੇ ਨਾਲ ਹੀ ਬੱਸ ਚੜ੍ਹ ਆਈ। ਗੁਆਂਢਣ ਨੇ ਬਿੜਕ ਰੱਖੀ। ਅਸੀਂ ਫ਼ੋਨ 'ਤੇ ਇੱਕ ਦੂਜੀ ਦੇ ਟੱਚ 'ਚ ਸੀ। ਮੈਂ ਗੁਰਦੁਆਰਾ ਸਾਹਿਬ ਜਾ ਕੇ ਬੈਠ ਗਈ। ਜਦੋਂ ਉਹ ਕੁੜੀ ਨੂੰ ਲੈ ਕੇ ਘਰ ਆਇਆ ਤਾਂ ਗੁਆਂਢਣ ਨੇ ਮੈਨੂੰ ਫ਼ੋਨ ਕਰ 'ਤਾਂ। ਮੇਰੇ ਤਾਂ ਸੱਤੀ ਕੱਪੜੀ ਅੱਗ ਲੱਗੀ ਪਈ ਸੀ। ਡੁਪੀਲੀਕੇਟ ਚਾਬੀ ਸੀ ਮੇਰੇ ਕੋਲ। ਮੈਂ ਵੀ ਉੱਤੋਂ ਜਾ ਕੇ ਫੜ੍ਹ ਲੇ। ਕੁੜੀ ਦੇ ਤਾਂ ਮੈਂ ਜਾਂਦਿਆਂ ਹੀ ਚਪੇੜਾਂ ਮਾਰੀਆ ਪਰ ਉਹ ਕੁਸਕੀ ਨਾ। ਰੌਲਾ ਸੁਣ ਆਂਢ ਗੁਆਂਢ ਵੀ 'ਕੱਠਾ ਹੋ ਗਿਆ। ਇਹ ਮੇਰੀਆਂ ਮਿੰਨਤਾਂ ਕਰੀ ਜਾਵੇ ਬਈ ਸਭ ਸਾਹਮਣੇ ਮੇਰਾ ਜਲੂਸ ਨਾ ਕੱਢ। ਚਲੋ ਗੱਲ ਆਈ ਗਈ ਹੋ 'ਗੀ। ਮਹੀਨਾ ਕੁ ਤਾਂ ਠੀਕ ਰਿਹਾ ਫਿਰ ਉਹੀ ਲੱਛਣ। ਕੁੜੀ ਕੁਆਰੀ ਸੀ। ਇਹ 'ਤੋ ਪ੍ਰੈਗੀਨੈਂਟ ਹੋ ਗਈ। ਬਥੇਰੇ ਵਾਸਤੇ ਦੋਵਾਂ ਨੂੰ ਪਾ ਕੇ ਵੇਖ ਲਏ ਪਰ ਦੋਵੇ ਈ ਇੱਕ ਦੂਜੇ ਨੂੰ ਛੱਡਣ ਨੂੰ ਤਿਆਰ ਨਹੀਂ। ਹੁਣ ਤਾਂ ਬੱਸ ਗੱਲ ਤਲਾਕ ਤੀਕ ਪਹੁੰਚ ਗਈ। ਲੰਮਾ ਹਾਉਂਕਾ ਲੈ ਕੇ ਸੁੱਖ ਚੁੱਪ ਕਰ ਗਈ। ਉਹਦੀ ਕਹਾਣੀ ਸੁਣ ਮੇਰਾ ਮਨ ਵੀ ਉਦਾਸ ਹੋ ਗਿਆ।

ਅਮਨ , ਤੈਨੂੰ ਯਾਦ ਆ ਭੂਆ ਕਹਿੰਦੀ ਸੀ ਕਿ ਆਪਣੇ ਦੋਵੇ ਦੇ ਸੌਂਕਣ ਬੋਦੀ ਆ । ਭੂਆ ਦੀ ਅੱਧੀ ਗੱਲ ਤਾਂ ਸੱਚ ਹੋ ਗਈ। ਰੱਬ ਕਰੇ ਤੂੰ ਜੀਜੇ ਨਾਲ ਹਮੇਸ਼ਾ ਖੁਸ਼ ਰਵੇ। ਆਖ ਸੁੱਖ ਮੈਨੂੰ ਗਲੇ ਲੱਗਾ ਲੈਂਦੀ ਹੈ। ਆਪਣੀਆਂ ਅੱਖਾਂ ਵਿੱਚ ਆਏ ਅੱਥਰੂਆਂ ਨੂੰ ਸੁੱਖ ਤੋਂ ਲਕੋ ਕੇ ਅੰਦਰੇ ਹੀ ਪੀ ਲੈਂਦੀ ਹਾਂ।

(**ਸੰਪਰਕ**-70093-40945, 62845-07527)






## *ਕਹਾਣੀ* | ਅੱਕ / - ਐੱਚ. ਐੱਸ. ਡਿੰਪਲ

"ਮਰਦਾ ਬੰਦਾ ਅੱਕ ਚੱਬਦਾ !"ਆਵਾਜ਼ ਸੁਣਦਿਆਂ ਸਾਰਿਆਂ ਦੇ ਕੰਨ ਖੜੇ ਹੋ ਗਏ। ਸਾਰੇ ਉੱਧਰ ਨੂੰ ਝਾਕਣ ਲੱਗੇ, ਤੇ ਪੁਲਿਸ ਵੀ... ਨਾਨੇ ਦੀ ਲਾਸ਼ ਵਿਹੜੇ ਦੇ ਐਨ ਵਿਚਕਾਰ ਪਈ ਸੀ। ਚੌਫ਼ਾਲ। ਸਿਰ ਚੁੱਕ ਕੇ ਧੜ ਨਾਲ ਉਪਰ ਵਾਲੇ ਪਾਸੇ ਹੀ ਟਿਕਾ ਦਿੱਤਾ ਗਿਆ ਸੀ। ਕੱਲ੍ਹ ਰਾਤ ਹੀ ਤਾਂ ਕਤਲ ਹੋਇਆ ਸੀ। ਕਿਸੇ ਗਵਾਂਢੀ ਨੇ ਪੁਲਿਸ ਨੂੰ ਕਲ ਕਰ ਦਿੱਤੀ ਗਈ ਸੀ ਅਤੇ ਪੁਲਿਸ ਨੇ ਆਪਣੀ ਤਫ਼ਤੀਸ਼ ਵੀ ਸ਼ੁਰੂ ਕਰ ਦਿੱਤੀ ਸੀ। ਆਖ਼ਰ ਗਲਾ ਵੱਢਿਆ ਹੋਇਆ ਸੀ। ਮੁਕੱਦਮਾ ਦਰਜ ਕਰਨਾ ਹੀ ਪੈਣਾ ਸੀ, ਅਤੇ ਤਫ਼ਤੀਸ਼ ਵੀ। ਇਕ ਸੌ ਚੁਹੱਤਰ ਅਧੀਨ ਕਾਰਵਾਈ ਕਰਕੇ ਫਾਈਲ ਬੰਦ ਨਹੀਂ ਸੀ ਕੀਤੀ ਜਾ ਸਕਦੀ। ਆਪਣਾ ਗਲਾ ਆਪੇ ਵੱਢ ਕੇ ਕੌਣ ਖੁਦਕਸ਼ੀ ਕਰਦਾ? ਗਲਾ ਵੀ ਇਕੋ ਝਟਕੇ ਨਾਲ ਵੱਢਿਆ ਗਿਆ ਸੀ। ਸ਼ਾਇਦ ਪੂਰੇ ਗੁੱਸੇ ਨਾਲ ਗੰਡਾਸਾ ਮਾਰਿਆ ਸੀ ਕਾਤਲ ਨੇ ! ਗੁੱਸਾ ਕਿਸ ਗੱਲ ਦਾ ਸੀ?

ਲਹੂ ਨਾਲ ਲੱਥਪੱਥ ਗੰਡਾਸਾ ਵੀ ਕਮਰੇ ਦੀ ਇਕ ਨੁੱਕਰੇ ਡਿੱਗਾ ਪਿਆ ਮਿਲਿਆ ਸੀ ਅਤੇ ਹੁਣ ਪੁਲਿਸ ਨੇ ਵੀ 'ਹਥਿਆਰ' ਕਬਜ਼ੇ ਵਿਚ ਲੈ ਲਿਆ ਸੀ। ਕਾਤਲ ਦੇ ਹੱਥ ਦੇ ਨਿਸ਼ਾਨ ਗੰਡਾਸੇ ਤੇ ਜ਼ਰੂਰ ਹੋਣਗੇ ਜੋ ਕਿ ਉਸਦਾ ਨਾਮ ਅਤੇ ਪਤਾ ਆਪੇ ਬੋਲ ਦੇਣਗੇ। ਕੌਣ ਹੋ ਸਕਦਾ ਹੈ ਉਹ? - ਮੰਮ, ਡੈਡ, ਕੋਈ ਚੋਰ ਜਾਂ ਕੋਈ ਹੋਰ?

ਰੱਬ ਜਾਣੇ ! ਹੁਣ ਤਾਂ ਘਰ ਵਿਚ ਚੀਖ਼-ਚਿਹਾੜਾ ਪਿਆ ਹੋਇਆ ਹੈ। ਲੋਕੀਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰੀ ਜਾ ਰਹੇ ਨੇ। ਜਿੰਨੇ ਮੂੰਹ ਉੱਨੀਆਂ ਗੱਲਾਂ ! ਉੱਦੂੰ ਕਿਤੇ ਵੱਧ। ਇਕ-ਇਕ ਕੋਲ ਸੈਂਕੜੇ-ਹਜ਼ਾਰਾਂ। ਲੋਕਾਂ ਨੂੰ ਤਾਂ ਮੌਕਾ ਚਾਹੀਦਾ ਅਤੇ ਇਸ ਤੋਂ 'ਵਧੀਆ' ਮੌਕਾ ਕੀ ਹੋ ਸਕਦਾ ਸੀ?

"ਬੰਦੇ ਦਾ ਪਤਾ ਨੀ ਲੱਗਦਾ, ਕਿ ਨਹੀਂ?" ਚਿੱਬੇ ਜਿਹੇ ਮੂੰਹ ਵਾਲਾ ਕਰਮਾ ਦਬਵੀਂ ਅਵਾਜ਼ ਵਿਚ ਬੋਲਿਆ।

"ਮਿੰਟ ਦਾ ਵਿਸਾਹ ਨੀ ਕਰਮਿਆ, ਸੱਚ ਤਾਂ ਇਹ ਐ।" ਖੂੰਡੀ ਵਾਲਾ ਨੱਥਾ ਬਜ਼ੁਰਗ ਪਰ੍ਹੇ ਮੂੰਹ ਕਰਕੇ ਥੁੱਕਣ ਬਾਅਦ ਆ ਲੱਗਾ। ਉਹਦੀ ਮਾਵੇ ਵਾਲੀ ਪੱਗ ਵਿਚੋਂ ਨਿਕਲਿਆ ਛਮਲਾ ਹਵਾ ਵਿਚ ਝੂਮ ਰਿਹਾ ਸੀ।

"ਮਿੰਟ ਦੀ ਗੱਲ ਕਰਦਾਂ ਤੂੰ, ਬਾਬਾ। ਮੁਲਾਂਪੁਰ ਲਾਗੇ ਪੁਲ ਨੀ ਬਣਦਾ। ਚਾਰ ਭਈਏ ਕਹਿੰਦੇ ਬੈਠੇ ਸੀ ਸੜਕ ਕਿਨਾਰੇ ਬੀੜੀਆਂ ਫੂਕਣ ਨੂੰ, ਨਾਲੇ ਪੱਟੂ ਮਸ਼ਕਰੀਆਂ ਕਰੀ ਜਾਣ। ਉਧਰੋਂ ਲੁਧਿਆਣੇ ਕੰਨੀਓਂ ਕੋਈ ਤੇਜ਼ ਰਫ਼ਤਾਰ ਪ੍ਰਾਈਵਿਟ ਬੱਸ ਆ ਰਹੀ ਸੀ ਅੰਨ੍ਹੇਵਾਹ। ਬਿਨਾਂ ਬਰੇਕੋਂ। ਚਟਨੀ ਬਣਾ 'ਤੀ ਸੜਕ ਤੇ ਈ



ਚੂਹਾਂ ਦੀ।" ਦੀਪਾ ਪੱਗ ਸਿੱਧੀ ਕਰਕੇ ਨੁੱਕਰਾਂ ਖਿੱਚਦਾ ਆਪਣੀ ਟਿੱਪਣੀ ਕਰ ਰਿਹਾ ਸੀ। ਇਹੋ ਜਿਹੀਆਂ ਗੱਲਾਂ ਦਾ ਗਿੱਲਾ ਪੀਹਣ ਕਈਆਂ ਨੇ ਪਾਇਆ ਹੋਇਆ ਸੀ। ਸਭ ਤੋਂ ਵੱਧ ਤਣਾਓ ਵਿਚ ਮੈਂ ਸੀ। ਦੱਸਾਂ ਤਾਂ ਕੀ ਦੱਸਾਂ? ਕਿਵੇਂ ਦੱਸਾਂ? ਕਿਸਨੂੰ ਦੱਸਾਂ?

ਕਤਲ ਮੇਰੀਆਂ ਅੱਖਾਂ ਸਾਹਵੇਂ ਹੋਇਆ ਸੀ, ਪਰ ਹਨੇਰਾ ਹੋਣ ਕਰਕੇ ਮੈਥੋਂ ਕੁਝ ਨਾ ਵੇਖਿਆ ਗਿਆ। ਕਾਤਲ ਨੇ ਸਿਰਫ਼ ਟਾਰਚ ਨਾਲ 'ਕਨਫੱਰਮ' ਕੀਤਾ ਸੀ ਬਈ ਨਾਨਾ ਪਾਖ਼ਰ ਕਿਥੇ ਕੁ ਹੈ ਤੇ ਫਿਰ ਗੰਡਾਸੇ ਨੇ ਆਪਣਾ ਕੰਮ ਕਰ ਦਿੱਤਾ ਸੀ, ਕਾਤਲ ਨੇ ਨਾ ਤਾਂ ਖੁਦ ਮੂੰਹੋਂ ਕੋਈ 'ਵਾਜ਼ ਕੱਢੀ ਸੀ, ਅਤੇ ਨਾ ਹੀ ਨਾਨਾ ਜੀ ਨੂੰ ਬੋਲਣ ਦਾ ਮੌਕਾ ਦਿੱਤਾ। ਸਕਿੰਟਾਂ ਵਿਚ ਉਹ 'ਹੈਨ' ਤੋਂ 'ਸੀ' ਹੋ ਗਏ। ਕੰਬਦੇ ਹੱਥਾਂ ਨਾਲ ਮੈਂ ਕੱਪੜੇ ਪਾਏ ਸਨ।

ਪਰ ਕਤਲ ਕਿਸਨੇ ਕੀਤਾ? ਇਹ ਇਕ ਬੁਝਾਰਤ ਸੀ। ਹੋ ਸਕਦਾ ਹੈ ਡੈਡੀ ਨੇ ... ਕੀ ਡੈਡੀ ਇੰਜ ਕਰ ਸਕਦੇ ਨੇ? ਨਾਨੇ ਦਾ ਆਪਣਾ ਪਿਛੋਕੜ ਬੜਾ ਰੰਗ-ਬਰੰਗਾ। ਮੰਮੀ ਦੀ ਸ਼ਾਦੀ ਤੋਂ ਪਹਿਲਾਂ ਉਨ੍ਹਾਂ ਦਾ ਟਰੱਕਾਂ ਦਾ ਕੰਮ ਸੀ - ਕਦੇ ਕਲਕੱਤਾ, ਕਦੇ ਗੁੜਗਾਉਂ, ਕਦੇ ਲਖਨਊ, ਕਦੇ ਅਲਾਹਾਬਾਦ। ਸਮਾਨ ਦੀ ਢੋਆ-ਢੋਆਈ, ਡਰੈਵਰੀ ਅਤੇ ਨਸ਼ਿਆਂ ਦੀ ਲਤ। ਸ਼ਰਾਬ, ਕਬਾਬ ਅਤੇ ਸ਼ਬਾਬ - ਨਾਨਾ ਜੀ ਕੋਲ ਜਦੋਂ ਵੀ ਬੈਠੋ ਇਹੀ ਗੱਲਾਂ ਕਰਦੇ ਰਹਿੰਦੇ - ਬਿਨਾਂ ਕਿਸੇ ਸੰਗ-ਸ਼ਰਮ ਦੇ, ਬੱਚਿਆਂ ਜਾਂ ਵੱਡਿਆਂ ਦੀ। ਫਿਰ ਨਾਨਾ ਜੀ ਬਾਹਰ ਚਲੇ ਗਏ ਸਨ। ਸ਼ਾਇਦ ਡੁੱਬਈ। ਉਥੇ ਸ਼ਾਇਦ ਲੇਬਰ ਕਰਦੇ ਸਨ, ਸ਼ਾਇਦ ਫੋਰਮੈਨੀ। ਇਹ ਸਾਨੂੰ ਅੱਜ ਤੱਕ ਸਪੱਸ਼ਟ ਨਹੀਂ ਹੋ ਸਕਿਆ। ਕਦੇ ਕੁਝ ਦਸਦੇ, ਕਦੇ ਕੁਝ। ਪੈਸੇ ਕਾਫ਼ੀ ਇਕੱਠੇ ਕਰ ਲਏ ਸਨ। ਨਸ਼ੇ-ਪੱਤੇ ਅਤੇ ਜ਼ਨਾਨੀਬਾਜ਼ੀ ਤੋਂ ਬਿਨਾਂ ਉਨ੍ਹਾਂ ਨੂੰ ਕੋਈ ਐਬ ਨਹੀਂ ਸੀ।

ਛੋਟੀ ਮਾਸੀ ਦੀ ਸ਼ਾਦੀ ਕੈਨੇਡਾ ਕੀਤੀ ਸੀ। ਆਪ ਉਥੇ ਜਾਣ ਲਈ ਕਾਫ਼ੀ ਜ਼ੋਰ ਵੀ ਲਾਇਆ, ਖ਼ੂਬ ਭੱਜ-ਨੱਠ ਕੀਤੀ, ਪਰ ਗੱਲ ਨਾ ਬਣੀ। ਫਿਰ ਦੁਬਈ ਚਲੇ ਗਏ। ਇਕੇਰਾਂ ਉਨ੍ਹਾਂ ਦੇ ਲੱਤ ਤੇ ਡੂੰਘੀ ਸੱਟ ਲੱਗ ਗਈ। ਮਹੀਨਾ ਡੇਢ ਮਹੀਨਾ ਕੰਮ ਨਾ ਹੋਇਆ। ਵਾਪਸ ਪੰਜਾਬ ਆ ਗਏ। ਮੋਰਿੰਡੇ ਵਾਲਾ ਘਰ, ਜਿੱਥੇ ਮੰਮੀ ਦੇ ਪੇਕੇ ਸਨ, ਵੇਚ ਕੇ ਹੀ ਛੋਟੀ ਮਾਸੀ ਦਾ ਵਿਆਹ ਕੀਤਾ ਸੀ। ਬੈਂਕ 'ਚੋਂ ਕੋਈ ਪੈਸਾ ਨਹੀਂ ਸੀ ਕਢਾਇਆ। ਸਗੋਂ ਬਾਕੀ ਬਚਿਆ ਕਾਫ਼ੀ ਪੈਸਾ ਬੈਂਕ 'ਚ ਹੋਰ ਜਮ੍ਹਾਂ ਕਰ ਲਿਆ ਸੀ। ਅਖੇ, "ਹੁਣ ਮੈਂ ਕਿਹੜਾ ਐਥੇ ਰਹਿਣਾ, ਹੁਣ ਤਾਂ ਯਾਰਾਂ ਦਾ ਦੇਸ਼ ਦੁਬਈ।" ਪਰ ਹੁਣ ਸੱਟ ਲੱਗੀ ਤੋਂ 'ਯਾਰਾਂ ਦੇ ਦੇਸ਼' ਨੂੰ ਅਲਵਿਦਾ ਕਹਿ ਕੇ ਪੰਜਾਬ ਆ ਗਏ ਸਨ।

ਹੋਰ ਤਾਂ ਕੋਈ ਠਾਹਰ ਰਹੀ ਨਹੀਂ ਸੀ। ਨਾਨਾ ਜੀ ਸਾਡੇ ਘਰ ਠਹਿਰੇ। ਆਪਣੀ ਆਮਦ ਦੇ ਦੂਜੇ ਹੀ ਦਿਨ ਕਹਿਣ ਲੱਗੇ, "ਬੱਸ ਮੈਂ ਛੇਤੀ ਜਾਣਾ, ਹੁਣ ਮੇਰਾ ਇਥੇ ਕਿਹੜਾ ਕੋਈ ਠਿਕਾਣਾ ਏ? ਹੁਣ ਤਾਂ ਬੇਘਰਾਂ ਵਾਲੀ ਗੱਲ ਹੈ।" ਮੰਮੀ ਇੱਕ ਦਮ ਬੋਲੀ ਸੀ, "ਇੰਜ ਕਿਉਂ ਕਹਿੰਦੇ ਹੋ ਪਾਪਾ, ਆਹ ਵੀ ਤੁਹਾਡਾ ਘਰ ਏ।" ਕਹਿਣ ਲੱਗੇ ਉਹ ਡੈਡੀ ਵੱਲ ਵੇਖੀ ਤਾਂ ਡੇਡੀ ਨੇ ਸਿਰ ਹਿਲਾਉਂਦਿਆਂ ਆਖਿਆ ਸੀ, "ਹਾਂ ਹਾਂ ਕਿਉਂ ਨਹੀਂ। ਜੀਅ ਕੀਤਾ ਘਰ ਰਹਿ ਪੇ, ਜੀਅ ਕੀਤਾ, ਦੁਕਾਨ ਤੇ ਚਲੇ ਗਏ। ਨਾਲੇ ਮੇਰਾ ਕੰਮ ਸੌਖਾ ਹੋ ਜੂ। ਤੁਹਾਡੇ ਤੋਂ ਕੁਝ ਜਾਂਚ ਹੀ ਸਿੱਖਾਂਗੇ।"

ਡੈਡੀ ਦੀ ਪਿੰਡ ਵਿਚ ਦੁਕਾਨ ਹੈ - ਜਿਥੇ ਕਰਿਆਨਾ, ਮੁਨਿਆਰੀ, ਹਲਵਾਈ ਤੋਂ ਲੈ ਕੇ ਬੱਚਿਆਂ ਦੀਆਂ ਨਿੱਕਰਾਂ, ਸਕੂਲ ਦੀ ਵਰਦੀ, ਪੈੱਨ-ਕਾਪੀਆਂ, ਕਿਤਾਬਾਂ ਅਤੇ ਹੋਰ ਬਥੇਰਾ ਨਿੱਕ-ਸੁੱਕ ਰੱਖਿਆ ਹੈ ਦੁਕਾਨ ਤੇ। ਇਕ ਛੋਟਾ ਜਿਹਾ ਸ਼ੋਅ-ਰੂਮ ਹੀ ਕਹਿ ਲਵੋ। ਘਰੇ ਸਾਡੇ ਜੋ ਮੱਝਾਂ-ਗਾਵਾਂ ਰੱਖੀਆਂ ਨੇ ਉਨ੍ਹਾਂ ਦਾ ਦੁੱਧ ਵੀ ਸਵੇਰ-ਸ਼ਾਮ ਡੈਡੀ ਹੀ ਵੇਚਦੇ ਨੇ। ਨਾਨਾ ਜੀ ਰੋਜ਼ ਡੈਡੀ ਨਾਲ ਦੁਕਾਨ ਤੇ ਜਾਣ ਲੱਗੇ, ਬੈਠਣ ਲੱਗੇ। ਹੌਲੀ-ਹੌਲੀ ਸ਼ਰਾਬ ਵਾਲਾ ਚਸਕਾ ਫੇਰ ਪੈ ਗਿਆ। ਸਵੇਰੇ ਹੀ ਪਊਆ ਖੋਲ੍ਹ ਲੈਂਦੇ। ਬੋਲਦੇ ਤਾਂ

ਮੂੰਹੋਂ ਹਵਾੜ ਆਉਂਦੀ। ਕਦੇ-ਕਦੇ ਦੁਕਾਨ ਤੇ ਹੀ ਆਂਡੇ-ਮੀਟ ਮੰਗਾ ਲੈਂਦੇ। ਦੁਕਾਨ ਤੇ ਲੋਕ ਰਿਉੜੀਆਂ, ਗੁੜ, ਸ਼ੱਕਰ, ਖੰਡ, ਦੁੱਧ, ਮਿਠਾਈ ਲੈਣ ਆਉਂਦੇ। ਬੱਚੇ ਤੇ ਜ਼ਨਾਨੀਆਂ ਵੀ। ਵੈਸ਼ਨੂੰ ਗਾਹਕ ਇਤਰਾਜ਼ ਕਰਦੇ। ਕਈ ਮੂੰਹ ਤੇ ਅਤੇ ਕਈ ਪਿੱਠ ਪਿੱਛੇ ਡੈਡੀ ਨੂੰ ਕਹਿ ਦਿੰਦੇ ਜਾਂ ਮੁੰਡੂ ਨੂੰ। ਮੁੰਡੂ ਘਰ ਆ ਕੇ ਇਕ ਦੀਆਂ ਚਾਰ ਦੱਸਦਾ। ਨਾਨਾ ਜੀ ਅਤੇ ਡੈਡੀ ਵਿਚ ਫਿੱਕ ਪੈਣਾ ਸ਼ੁਰੂ ਹੋ ਗਿਆ। ਮੂੰਹ ਤੇ ਭਾਵੇਂ ਕਦੇ ਕੌੜੇ-ਕੁਸੈਲੇ ਨਾ ਹੋਏ।

ਡੈਡੀ ਤਾਂ ਸੀਲ ਗਊ ਨੇ। ਮੂੰਹੋਂ ਕਦੇ ਨੀ ਬੋਲਦੇ ਭਾਵੇਂ ਸਾਹਮਣੇ ਕੋਈ ਘਰ ਨੂੰ ਅੱਗ ਲਾ ਦੇਵੇ। ਪਰ ਅੰਦਰ ਹੀ ਅੰਦਰ ਕੁੜ੍ਹਦੇ, ਸ਼ਾਇਦ। ਇਸ ਗੱਲ ਦਾ ਸਬੂਤ ਕੋਈ ਨਹੀਂ। ਇਕ ਦਿਨ ਤਾਂ ਹੱਦ ਹੀ ਹੋ ਗਈ। ਕੋਈ ਬੱਚਾ ਇਕ ਰੁਪਏ ਦੀਆਂ ਟੌਫੀਆਂ ਲੈਣ ਆਇਆ। ਡੈਡੀ ਕਿਸੇ ਗਾਹਕ ਨੂੰ ਦੁੱਧ ਮਿਣ ਰਹੇ ਸੀ। ਨਾਨਾ ਜੀ ਉਸ ਬੱਚੇ ਨੂੰ ਭੱਜ ਕੇ ਪਏ, ਰੁਪਈਆ ਚਲਾਵਾਂ ਪਰ੍ਹੇ ਵਗ੍ਹਾ ਮਾਰਿਆ ਅਤੇ ਬੋਲੇ, "ਰੁਪਏ ਦੀਆਂ ਟੌਫੀਆਂ? ਮਰ ਜਾਣਿਆਂ, ਘੱਟੋ-ਘੱਟ ਪੰਜ ਦੀਆ ਮੰਗ, ਦਸ ਦੀਆਂ ਮੰਗ, ਸਾਲਾ ਕੋਹੜੀ, ਨੰਗ-ਮਲੰਗ ਆ ਜਾਂਦੇ ਨੇ ਜਿਵੇਂ ਪਿਓ ਦੀ ਦੁਕਾਨ ਹੁੰਦੀ ਆ।" ਬੱਚਾ ਉਨ੍ਹੀਂ ਪੈਰੀਂ ਘਰ ਮੁੜ ਗਿਆ। ਰੋਂਦਾ-ਰੋਂਦਾ। ਦਸ ਮਿੰਟ ਬਾਅਦ, ਉਹਦੀ ਮਾਂ ਦੁਕਾਨ ਤੇ ਆ ਵੜੀ। ਲੋਹੀ-ਲਾਖੀ, ਗੁੱਸੇ ਵਿਚ ਲਾਲ। ਪਾ ਦਿੱਤਾ ਚੀਖ-ਚਿਹਾੜਾ, "ਨੰਗ ਹੋਊ ਥੋਡਾ ਟੱਬਰ। ਜੇ ਨਹੀਂ ਚਲਦੀ ਦੁਕਾਨਦਾਰੀ, ਤਾਂ ਬੰਦ ਕਰੋ ਸਿਆਪਾ। ਸਾਨੂੰ ਨੰਗ ਦੱਸਦਾ। ਸਾਰਾ ਦਿਨ ਦੁਕਾਨ ਤੇ ਬੈਠਾ ਸਵਾਹ-ਖੇਹ ਚਰੀ ਜਾਊ। ਕਿਸੇ ਨੂੰਹ ਧੀ ਦੀ ਸ਼ਰਮ ਨੀ ਕਰਦਾ ਬੋਲਣ ਲੱਗਾ। ਕਦੇ ਕਿਸੇ ਜ਼ਨਾਨੀ ਦੇ ਚੂੰਢੀ ਵੱਢ ਦਿੱਤੀ, ਕਿਸੇ ਦੇ ਹੱਥ ਲਾ ਤਾ। ਭੈੜੀਆਂ-ਭੈੜੀਆਂ ਨਜ਼ਰਾਂ ਨਾਲ ਤਾਂ ਐਓਂ ਝਾਕੂ, ਜਿਮੇਂ ਖਮਨੀ ਸਹੁਰੇ ਨੇ ਜ਼ਨਾਨੀ ਨੀ ਵੇਖੀ ਹੁੰਦੀ ਕਦੀ।"

ਦੁਕਾਨ ਦੀ ਵਿਕਰੀ ਘਟਦੀ-ਘਟਦੀ ਅੱਠ-ਨੌਂ ਹਜ਼ਾਰ ਦਿਹਾੜੀ ਤੋਂ ਘਟ ਕੇ ਪੰਦਰਾਂ ਸੌ ਤੇ ਸਿਮਟ ਗਈ ਸੀ, ਅਤੇ ਅੱਜ ਤਾਂ ਭਿੰਦੇ ਦੀ ਮਾਂ ਨੇ ਜੋ ਖ਼ਰੀਆਂ-ਖ਼ਰੀਆਂ ਸੁਣਾਈਆਂ ਸਨ, ਸੁਣ ਕੇ ਨਾਨਾ ਜੀ ਤੇ ਕੋਈ ਅਸਰ ਹੋਇਆ ਜਾਂ ਨਹੀਂ, ਰੱਬ ਜਾਣਦਾ, ਡੈਡੀ ਜ਼ਰੂਰ 'ਹਿੱਲ' ਗਏ ਸਨ। ਨਾਨਾ ਜੀ ਤਾਂ ਖਾਧੀ-ਪੀਤੀ ਦੇ ਸਰੂਰ ਵਿਚ ਹੀ ਝੂਮ ਰਹੇ ਸਨ, ਪਰ ਡੈਡੀ ਦਾ ਚਿਹਰਾ ਦੇਖਣ ਵਾਲਾ ਸੀ। ਕੁਝ ਨਾ ਬੋਲੇ, ਪਰ ਅੰਦਰ-ਹੀ-ਅੰਦਰ ਸ਼ਾਇਦ ਸਾਰਾ ਗੁੱਸਾ ਘੋਟ ਕੇ ਪੀ ਗਏ। ਇਹ ਜਵਾਲਾਮੁਖੀ ਦਾ ਲਾਵਾ ਪਤਾ ਨਹੀਂ ਉਨ੍ਹਾਂ ਦੇ ਸਰੀਰ ਦੇ ਕਿਸ ਹਿੱਸੇ ਵਿਚ ਸਮਾ ਗਿਆ ਸੀ? ਜਾਂਦੀ ਹੋਈ ਭਿੰਦੇ ਦੀ ਮਾਂ ਇਹ ਵੀ ਕਹਿ ਗਈ ਸੀ, "ਮੈਂ ਕਰੂੰ ਸਰਪੰਚ ਨਾਲ ਗੱਲ, ਬਈ ਬੰਦ ਕਰੋ ਇਹਦਾ ਜੁੱਲੀ-ਬਿਸਤਰਾ। ਸਾਡਾ ਕਰਮੇ ਨਾਲ ਕੋਈ ਸ਼ਿਕਵਾ ਨਹੀਂ, ਉਹ ਸੀਲ ਗਊ ਬੰਦਾ। ਪਰ ਆਹ ਜਿਹੜਾ ਬੁੜ੍ਹਾ ਏ, ਇਹ ਮਹਿਮਾਨ ਹੋਊ ਇਨ੍ਹਾਂ ਦਾ। ਜਦੋਂ ਤੱਕ ਇਹ ਪਿੰਡੋ ਨੀ ਨਿਕਲਦਾ, ਮੈਥੋਂ ਬੁਰਾ ਵੀ ਕੋਈ ਨੀ।" ਉਹ ਨੰਗੀ-ਚਿੱਟੀ ਧਮਕੀ ਦੇ ਕੇ ਗਈ ਸੀ।

ਡੈਡੀ ਨੇ ਆ ਕੇ ਮਾਂ ਨੂੰ ਅੱਜ ਦੀ ਹੱਡ-ਬੀਤੀ ਸੁਣਾਈ ਸੀ, ਅਤੇ ਮਾਂ ਹੱਕੀ-ਬੱਕੀ ਰਹਿ ਗਈ ਸੀ। ਉਹ ਵੀ ਮਜਬੂਰੀ ਵਿਚ ਅੱਕ ਚੱਬ ਰਹੀ ਸੀ। ਨਾਨਾ ਜੀ ਨੂੰ ਉਸਨੇ ਕਈ ਵਾਰ ਸਮਝਾਇਆ ਸੀ, "ਤੁਸੀਂ ਦੁਕਾਨ ਤੇ ਜਾਇਆ ਹੀ ਨਾ ਕਰੋ। ਘਰ ਬੈਠੇ ਅਰਾਮ ਕੀਤਾ, ਅਖ਼ਬਾਰ ਵਗੈਰਾ ਪੜ੍ਹ ਲਿਆ, ਟੀ.ਵੀ. ਵੇਖ ਲਿਆ, ਬੱਚਿਆਂ ਨਾਲ ਖੇਡ-ਮੱਲ ਲਏ।" ਪਰ ਨਾਨਾ ਜੀ ਇਕ ਕੰਨੋਂ ਸੁਣਦੇ ਦੂਜੇ ਕੰਨੋਂ ਕੱਢ ਦਿੰਦੇ। ਉਨ੍ਹਾਂ ਨੂੰ ਸ਼ਾਇਦ ਝੱਸ ਪੈ ਗਿਆ ਸੀ। ਦੂਜਾ ਪੀ ਕੇ ਜਾਂਦੇ, ਉੱਥੇ ਵੀ ਪੀਂਦੇ ਰਹਿੰਦੇ। ਇਕ ਦਿਨ ਠੇਕੇ ਦਾ ਕਾਰਿੰਦਾ ਘਰ ਸ਼ਰਾਬ ਦੀ ਪੇਟੀ ਛੱਡਣ ਆ ਗਿਆ। ਮੰਮੀ ਨੇ ਬੂਹਾ ਖੋਲਿਆ ਤੇ ਕਿਹਾ, "ਤੁਸੀਂ ਮੇਰੇ ਪਿਉ ਨੂੰ ਮਾਰਨਾ? ਪਿਛਲੇ ਮਹੀਨੇ ਛੱਬੀ ਨੂੰ ਲਿਆਂਦੀ ਸੀ ਪੇਟੀ। ਅੱਜ ਦਸ ਤਰੀਖ਼ ਹੈ।" ਅੱਗੋਂ ਕਰਿੰਦਾ ਬੋਲਿਆ, "ਅਸੀਂ ਤਾਂ ਹੁਕਮ ਦੇ ਪਾਬੰਦ ਹਾਂ ਭੈਣ ਜੀ। ਗਾਹਕ ਨੇ ਪੈਸੇ ਦਿੱਤੇ ਨੇ। ਅਸੀਂ ਤਾਂ ਆਪਣਾ ਮਾਲ ਵੇਚਣਾ। ਤੁਸੀਂ ਬਜ਼ੁਰਗਾਂ ਨੂੰ ਸਮਝਾਉ। ਪਿੰਡ ਵਿਚ ਪਹਿਲਾਂ ਹੀ ਬੜੀ ਤੋਏ-ਤੋਏ ਹੋਈ ਜਾਂਦੀ ਆ ਬੁੜ੍ਹੇ ਦੀ। ਥੋੜਾ



ਸਾਵਧਾਨ ਹੋਵੋ।" ਮੰਮੀ ਅੰਦਰ ਹੀ ਅੰਦਰ ਸਬਰ ਦਾ ਘੁੱਟ ਭਰ ਕੇ ਬੈਠ ਗਈ ਸੀ। ਹੋ ਸਕਦੈ ਲਾਚਾਰ ਹੋ ਕੇ ਮੰਮੀ ਨੇ....

ਨਾਨਾ ਜੀ ਦੀ ਖੱਬੇ ਹੱਥ ਦੀ ਤੀਜੀ ਉਂਗਲ ਵਿਚ ਪਾਇਆ ਸੋਨੇ ਦਾ ਛੱਲਾ ਵੀ ਲੋਕਾਂ ਦੀ ਨਜ਼ਰ ਤੇ ਸੀ। ਜਦੋਂ ਗੱਲ ਕਰਦੇ, ਛੱਲਾ ਦਿਖਾਉਂਦੇ ਹੋਏ ਬੋਲਦੇ, "ਐਵੇਂ ਦੁੱਕੀ-ਤਿੱਕੀ ਨਾ ਸਮਝਿਓ ਮੈਨੂੰ। ਐਹ ਡੇਢ ਲੱਖ ਦੀ ਸ਼ੈਅ ਆ। ਥੋਡੇ ਸਾਰੇ ਟੱਬਰ ਨੇ ਨੀ ਵੇਖੇ ਹੋਣੇ ਡੇਢ ਲੱਖ।" ਕਾਤਲ ਨੇ ਇਹ ਛੱਲਾ ਵੀ ਲਾਹ ਲਿਆ ਸੀ ਅਤੇ ਕਮਰੇ ਵਿਚ ਸਮਾਨ ਨਾਲ ਵੀ ਛੇੜ-ਛਾੜ ਕੀਤੀ ਹੋਈ ਸੀ। ਕੱਪੜੇ ਉੱਪਰ-ਥੱਲੇ ਕੀਤੇ ਪਏ ਸਨ। ਹੋ ਸਕਦਾ ਹੈ ਕਤਲ ਲੁੱਟ-ਮਾਰ ਦੇ ਇਰਾਦੇ ਨਾਲ ਹੀ ਕੀਤਾ ਹੋਵੇ, ਅਤੇ ਕਾਤਲ ਦਾ ਇਰਾਦਾ ਕੋਈ ਹੋਰ ਵੀ ਹੋ ਸਕਦਾ। ਗੁਮਰਾਹ ਕਰਨ ਲਈ ਲੁੱਟ-ਮਾਰ ਦੀ ਸ਼ਕਲ ਦਿੱਤੀ ਹੋਵੇ ਸ਼ਾਇਦ। ਕੁਝ ਵੀ ਹੋ ਸਕਦਾ।

ਮੈਂ ਖੁਦ ਵੀ ਦੋਸ਼-ਮੁਕਤ ਨਹੀਂ ਸ਼ਾਇਦ। ਉਸ ਸਮੇਂ ਕਮਰੇ ਵਿਚ ਮੈਂ ਤੇ ਨਾਨਾ ਹੀ ਸੀ। ਬੂਹਾ ਵੀ ਬੰਦ ਸੀ, ਲਾਈਟ ਵੀ। ਬੂਹਾ ਕਿਵੇਂ ਖੁੱਲ੍ਹਾ? ਸ਼ਾਇਦ ਬੂਹਾ ਬੰਦ ਕਰਨਾ ਰਹਿ ਗਿਆ ਹੋਵੇਗਾ। ਇਹ ਬੂਹਾ ਅੰਦਰੋਂ-ਬਾਹਰੋਂ ਖੁੱਲ੍ਹਦਾ, ਪਰ ਬਾਹਰ ਦੀ ਚਾਬੀ ਤਾਂ ਸਿਰਫ਼ ਮੰਮਾ ਕੋਲ ਹੁੰਦੀ ਹੈ, ਮੰਮਾ ਜਾਂ ਡੈਡੀ ਦਾ ਸਮਾਨ ਤਾਂ ਇੱਕੋ ਥਾਂ ਹੁੰਦਾ ਹੈ। ਉਂਜ ਨਾਨੇ ਦਾ ਕਮਰਾ ਵੱਖਰਾ ਸੀ। ਪਰ ਰਾਤ ਨੂੰ ਨਾਨੇ ਮੇਰੇ ਕਮਰੇ ਵਿਚ...। ਹਾਂ, ਮੈਨੂੰ ਵੀ ਉਨ੍ਹਾਂ ਦੀ ਆਮਦ ਚੰਗੀ ਲੱਗਦੀ। ਉਹ ਵੀ ਖ਼ੁਸ਼ ਸਨ। ਫਿਰ ਇਤਰਾਜ਼ ਕਿਸ ਨੂੰ ਸੀ? ਤੇ ਕਿਸ ਗੱਲ ਦਾ ਇਤਰਾਜ਼? ਇਤਰਾਜ਼ਯੋਗ ਬੜਾ ਕੁਝ ਸੀ - ਦੁਕਾਨ ਤੇ ਕੱਲ੍ਹ ਭਿੰਦੇ ਦੀ ਮਾਂ ਵਲੋਂ ਪਾਇਆ ਚੀਕ-ਚਿਹਾੜਾ ਅਤੇ ਉਹ ਧਮਕੀ, ਜਾਂ ਨਾਨੇ ਵਲੋਂ ਰਾਤ ਨੂੰ ਮੇਰੇ ਕਮਰੇ ਵਿਚ ਆਉਣਾ, ਜਿਸ ਦੀ ਭਿਣਕ ਵੀ ਮੰਮੀ ਨੂੰ ਅੱਜ ਹੀ ਲੱਗੀ ਸੀ ਸ਼ਾਇਦ। ਸ਼ਾਇਦ ਉਹ ਨਾਨੇ ਨੂੰ ਸਮਝਾਉਣ ਉਨ੍ਹਾਂ ਦੇ ਕਮਰੇ ਵਿਚ ਗਈ ਹੋਵੇਗੀ ਅਤੇ ਕਮਰੇ ਵਿਚ ਉਨ੍ਹਾਂ ਦੀ ਅਣਹੋਂਦ ਨੇ ਹੀ ਮਾਂ ਦੇ ਦਿਮਾਗ ਅੰਦਰ ਸ਼ੱਕ ਅਤੇ ਭੈਅ ਦਾ ਇਕ ਨਵਾਂ ਹੀ ਜਵਾਲਾਮੁਖੀ ਭਖਾ ਦਿੱਤਾ ਹੋਵੇਗਾ। ਕਿ ਕੋਈ ਚੋਰ? ਜਾਂ ਕੋਈ ਹੋਰ? ਰੱਬ ਜਾਣੇ।

ਪੁਲਿਸ ਨੇ ਹਥਿਆਰ, ਲੋਥ ਅਤੇ ਘਰ ਦਾ ਕੁਝ ਸਮਾਨ ਕਬਜ਼ੇ ਵਿਚ ਲੈ ਲਿਆ। ਡੈਡੀ ਤੇ ਮੰਮ ਨੂੰ ਵੀ ਪੁਲਿਸ ਨਾਲ ਲੈ ਗਈ ਹੈ। ਪਿੰਡ ਦੇ ਵੀ ਸ਼ਾਇਦ ਕੁਝ ਬੰਦੇ ਚੁੱਕੇ ਹਨ। ਹੋ ਸਕਦੈ ਕੁਝ ਦਿਨਾਂ ਤੱਕ ਸੁਰਾਗ ਹੱਥ ਲੱਗ ਜਾਵੇ।

ਜਿਉਂ ਹੀ ਪੁਲਿਸ ਨੇ ਡੈਡੀ ਨੂੰ ਖਿੱਚ ਕੇ ਜੀਪ ਵਿਚ ਬਿਠਾਇਆ, ਮਾਂ ਭੱਜ ਕੇ ਅੱਗੇ ਆ ਖੜੀ। ਪਰ, ਬੋਲੀ ਨਹੀਂ। ਅਚਾਨਕ, ਇੱਕ ਮੁਲਾਜ਼ਮ ਨੇ ਡੈਡੀ ਦੇ ਚਪੇੜ ਕੱਢ ਮਾਰੀ। ਪਤਾ ਨਹੀਂ ਮਾਂ ਦੇ ਅੰਦਰ ਕੀ ਆਈ? ਉਹ ਭੱਜ ਕੇ ਮੂਹਰੇ ਹੋ ਗਈ, "ਮੈਂ ਮਾਰਿਆ ਆਪਣੇ ਬਾਪ ਨੂੰ। ਇਹ ਨਿਰਦੋਸ਼ ਆ। ਮੈਂ ਖਾਮੋਸ਼ ਰਹੀ ਜਦੋਂ ਇਹ ਸਾਡੇ ਘਰ ਰਹਿ ਕੇ ਸਾਨੂੰ ਬੱਦੂ ਕਰਦਾ ਰਿਹਾ। ਮੈਂ ਤਾਂ ਵੀ ਬੇਇੱਜ਼ਤੀ ਸਹਾਰੀ ਜਦੋਂ ਗਵਾਂਢਣ ਬੀਰੋ ਬੋਲੀ ਸੀ। ਕੀ ਕੀ ਨਹੀਂ ਸਹਾਰਿਆ ਕਿ ਪਿਓ ਮੇਰਾ! ਜਨਾਨੀਆਂ ਛੇੜਣੀਆਂ, ਥਾਂ-ਕੁਥਾਂ ਹੱਥ ਲਾਉਂਦਾ, ਪਿੰਡ ਦੀਆਂ ਨੂੰਹਾਂ-ਧੀਆਂ ਦੇ। ਮੈਂ ਚੁੱਪ ਰਹੀ। ਇਹ ਤਾਂ ਮੇਰੇ ਮੁੰਡੇ ਨਾਲ ਈ........! ਸ਼ੱਕ ਤਾਂ ਪਹਿਲਾਂ ਈ ਸੀ, ਕੱਲ੍ਹ ਤਾਂ ਰੰਗੇ ਹੱਥੀਂ ਫੜਿਆ ਮੈਂ। ਮੈਂ ਐਵੇਂ ਪੀਤੂ ਨੂੰ ਮਾਰਦੀ-ਕੁੱਟਦੀ ਰਹੀ ਕਿ ਕਿਉਂ ਮੇਰੇ ਪਿਓ ਨੂੰ ਬਦਨਾਮ ਕਰਦਾਂ। ਉਹ ਸਭ ਕੁਝ ਕਰ ਸਕਦਾ, ਪਰ ਕੰਧ ਕਦੇ ਅੰਦਰ ਨੂੰ ਨੀ ਡਿੱਗਦੀ ਹੁੰਦੀ। ਉਹ ਵੀ ਪੁੱਤ ਮੇਰੇ ਤੇ, ਜਿਹੜਾ ਇਹਦੇ ਤੋਂ 60 ਸਾਲ ਛੋਟਾ। ਰਾਤੀਂ ਜਦੋਂ ਅੱਖੀਂ ਸਾਰਾ ਕੁਝ ਦੇਖ ਲਿਆ, ਮੈਂ ਰੋਕ ਨਾ ਸਕੀ। ਮੈਂ ਆਂ ਕਾਤਲ, ਮੈਂ ਆਂ ਦੋਸ਼ੀ...।"

"ਮਰਦਾ ਬੰਦਾ ਅੱਕ ਚੱਬਦਾ!" ਆਵਾਜ਼ ਸੁਣਦਿਆਂ ਸਾਰਿਆਂ ਦੇ ਕੰਨ ਖੜੇ ਹੋ ਗਏ। ਸਾਰੇ ਉੱਧਰ ਨੂੰ ਝਾਕਣ ਲੱਗੇ, ਤੇ ਪੁਲਿਸ ਵੀ...... (**ਸੰਪਰਕ-9888569669, 9803617621**)

**ਆਲੋਚਨਾ :**

# ਅਦਨੇ ਇਨਸਾਨਾਂ ਦੀ ਆਵਾਜ਼ : ਅਤਰਜੀਤ

## (ਕਹਾਣੀ ਸੰਗ੍ਰਹਿ ਅਦਨਾ ਇਨਸਾਨ ਦੇ ਸੰਦਰਭ ਵਿਚ ਇਕ ਵਿਸ਼ਲੈਸ਼ਣ)

**- ਡਾ. ਗੁਰਦੀਪ ਸਿੰਘ**

ਪੰਜਾਬੀ ਕਹਾਣੀ ਜਗਤ ਵਿਚ ਅਤਰਜੀਤ ਇਕ ਸਥਾਪਿਤ ਕਹਾਣੀਕਾਰ ਹੈ। ਪੰਜਾਬੀ ਕਹਾਣੀ, ਖਾਸਕਰ ਦਲਿਤ ਵਰਗ ਨਾਲ ਸੰਬੰਧਿਤ ਕਹਾਣੀ ਦੇ ਖੇਤਰ ਵਿਚ ਅਤਰਜੀਤ ਦਾ ਕੋਈ ਸਾਨੀ ਨਹੀਂ ਹੈ। ਅਜੋਕੇ ਸਮੇਂ ਵਿਚ ਪੰਜਾਬੀ ਕਹਾਣੀ ਦੇ ਖੇਤਰ ਵਿਚ ਅਨੇਕਾਂ ਲੇਖਕ ਦਲਿਤ ਚੇਤਨਾ ਤੇ ਚਿੰਤਨ ਦੇ ਸੰਦਰਭ ਵਿਚ ਕਲਮ ਦੇ ਜੌਹਰ ਵਿਖਾ ਰਹੇ ਹਨ। ਇਸ ਨਾਲ ਅਜੋਕੀ ਪੰਜਾਬੀ ਕਹਾਣੀ ਦਾ ਖੇਤਰ ਬਹੁਤ ਹੀ ਵਿਆਪਕ ਹੋਇਆ ਹੈ। ਅਜੋਕੀ ਪੰਜਾਬੀ ਕਹਾਣੀ ਸ਼ਹਿਰੀ ਮੱਧਵਰਗੀ ਪਰਿਵਾਰਾਂ ਵਿਚੋਂ ਨਿਕਲ ਪੇਂਡੂ ਕਿਰਸਾਨੀ ਤੇ ਉਸ ਨਾਲ ਜੁੜੇ ਨਿਮਨ ਵਰਗ ਨੂੰ ਆਪਣੀ ਬੁਕੱਲ ਦਾ ਨਿੱਘ ਦੇਣ ਲਈ ਵਧੇਰੇ ਰੁਚਿਤ ਹੁੰਦੀ ਵੇਖੀ ਜਾ ਰਹੀ ਹੈ। ਇਸਦਾ ਸਿਹਰਾ ਅਤਰਜੀਤ ਤੇ ਉਸ ਵਰਗੀ ਸੋਚ ਰੱਖਣ ਵਾਲੇ ਪੰਜਾਬੀ ਕਹਾਣੀਕਾਰਾਂ ਦੇ ਸਿਰ ਬੱਝਦਾ ਹੈ। ਪੰਜਾਬੀ ਕਹਾਣੀ ਸਾਹਿਤ ਦੇ ਕੁਝ ਪਾਠਕ ਤੇ ਅਲੋਚਕ ਅਤਰਜੀਤ ਦੇ ਵਿਅਕਤੀਤਵ ਨੂੰ ਉਪਰਲੀ ਨਜ਼ਰ ਨਾਲ ਵੇਖਦੇ ਹੋਏ ਇਕ ਵਿਸ਼ੇਸ਼ ਧਿਰ ਦਾ ਕਹਾਣੀਕਾਰ ਸਿੱਧ ਕਰਨ ਦੀ ਕਾਹਲ ਵੀ ਕਰਦੇ ਵੇਖੇ ਜਾਂਦੇ ਹਨ। ਉਹ ਅਤਰਜੀਤ ਨੂੰ ਕੇਵਲ ਦਲਿਤ ਵਰਗ ਦੀਆਂ ਸਮੱਸਿਆਵਾਂ ਨੂੰ ਰੂਪਮਾਨ ਕਰਨ ਵਾਲਾ ਕਹਾਣੀਕਾਰ ਸਮਝਣ ਦੀ ਸਾਹਿਤਕ ਭੁੱਲ ਕਰਦੇ ਹਨ।

ਇਹ ਸੱਚ ਹੈ ਕਿ ਅਤਰਜੀਤ ਨੇ ਜਿਆਦਾਤਰ ਕਹਾਣੀਆਂ ਵਿਚ ਦਲਿਤ ਵਰਗ ਨਾਲ ਸੰਬੰਧਿਤ ਸੱਮਸਿਆਵਾਂ ਵਾਲੇ ਵਿਸਿਆਂ ਪ੍ਰਤੀ ਆਪਣੀ ਸੰਵੇਦਨਾ ਵੱਧ ਪ੍ਰਗਟਾਈ ਹੈ। ਇਸ ਦਾ ਮੁੱਖ ਕਾਰਨ ਇਹ ਵੀ ਹੈ ਕਿ ਕਹਾਣੀਕਾਰ ਨੇ ਖੁਦ ਇਸ ਵਰਗ ਦੀਆਂ ਤਕਲੀਫ਼ਾਂ ਤੇ ਮੁਸ਼ਕਲਾਤਾਂ ਨੂੰ ਆਪਣੇ ਸਰੀਰ ਤੇ ਮਨ ਉਪਰ ਹੰਢਾਇਆ ਹੈ। ਕਹਾਣੀਕਾਰ ਦਾ ਨਿੱਜੀ ਅਨੁਭਵ ਹੀ ਉਸਦੀਆਂ ਕਹਾਣੀਆਂ ਦਾ ਯਥਾਰਥਕ ਪੱਖ ਸੁਚੱਜੇ ਢੰਗ ਨਾਲ ਉਘਾੜਣ ਵਿਚ ਸਹਾਈ ਹੋ ਸਕਿਆ ਹੈ। ਅਤਰਜੀਤ ਨੇ ਆਪਣੀ ਕਲਮ ਦੀ ਤਿੱਖੀ ਨੋਕ ਨਾਲ ਸਮਾਜ ਵਿਚ ਫੈਲੀ ਕੂੜ ਜਾਤੀ ਵਿਵਸਥਾ ਦੀ ਜੜ੍ਹਾਂ ਵਿਚਲੀ ਗੰਦਗੀ ਨੂੰ ਫਰੋਲਿਆ ਹੈ। ਅਤਰਜੀਤ ਆਪਣੀ ਕਹਾਣੀਆਂ ਰਾਹੀਂ ਸੁਪਨਮਈ ਸੰਸਾਰ ਵਿਚ ਗੋਤੇ ਲਾਉਣ ਤੋਂ ਗੁਰੇਜ਼ ਕਰਦਾ ਹੈ। ਉਸਦੀ ਕਹਾਣੀ ਪੰਜਾਬ ਦੇ ਦਲਿਤ ਦੀ ਕਹਾਣੀ ਨਾ ਹੋ ਕੇ ਸਮੁੱਚੇ ਭਾਰਤ ਦੇ ਦੱਬੇ-ਕੁੱਚਲੇ ਲੋਕਾਂ ਦੀ ਕਹਾਣੀ ਹੋ ਨਿਬੜਦੀ ਹੈ।

ਅਤਰਜੀਤ ਅੰਬੇਦਕਰਵਾਦੀ ਸੋਚ ਤੋਂ ਉਪਰ ਹੋ ਮਾਰਕਸਵਾਦੀ ਸੋਚ ਦਾ ਹਾਮੀ ਹੈ। ਉਹ ਜਾਤੀ ਦੀ ਥਾਂ ਜਮਾਤੀ ਵਿਚਾਰਧਾਰਾ ਦਾ ਹੋਕਾ ਦਿੰਦਾ ਹੈ। ਅਤਰਜੀਤ ਬਹੁਤ ਹੀ ਸੰਵੇਦਨਸ਼ੀਲ ਕਹਾਣੀਕਾਰ ਹੈ। ਉਸਦੀ ਸੰਵੇਦਨਾ ਦਾ ਪਾਸਾਰ ਸੀਮਤ ਨਹੀਂ ਹੈ। ਅਤਰਜੀਤ ਆਪਣੀਆਂ ਕਹਾਣੀਆਂ ਰਾਹੀਂ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਕ ਤੇ ਸਭਿਆਚਾਰਕ ਸਰੋਕਾਰਾਂ ਨੂੰ ਸਮਕਾਲੀ ਸੰਦਰਭ ਵਿਚ ਪੇਸ਼ ਕਰਦਾ ਹੈ। ਅਤਰਜੀਤ ਦੀਆਂ ਜਿਆਦਾਤਰ ਕਹਾਣੀਆਂ ਵਿਚ ਉਸਦਾ ਆਪਣਾ ਨਿੱਜੀ ਕੌੜਾ ਜੀਵਨ ਸੱਚ ਹੀ ਬਿਆਨ ਹੁੰਦਾ ਹੈ। ਬਚਪਨ ਵਿਚ ਤੇ ਫਿਰ ਅਧਿਆਪਨ ਸਮੇਂ ਦੌਰਾਨ ਸਮਾਜਕ ਭੇਦ-ਭਾਵ ਦਾ ਸਿਕਾਰ ਹੁੰਦਾ ਰਿਹਾ ਹੈ। ਕਹਾਣੀਕਾਰ ਆਪਣੇ ਨਾਲ ਹੋਏ ਜਾਤੀ ਵਿਤਕਰੇ ਨੂੰ ਕਹਾਣੀਆਂ ਰਾਹੀਂ ਬਿਆਨ ਕੀਤਾ ਹੈ। ਅਤਰਜੀਤ ਵੀ ਪੰਜਾਬੀ ਦੇ ਹੋਰਨਾਂ ਲੇਖਕਾਂ ਵਾਂਗ ਸਾਹਿਤ ਵਿਚ ਕਾਵਿ-ਰਚਨਾ ਦੇ ਵਿਹੜੇ ਵਿਚੋਂ ਹੁੰਦਾ ਹੋਇਆ ਕਹਾਣੀ ਦੇ ਖੇਤਰ ਵਿਚ ਪੈਰ ਪਾਉਂਦਾ ਹੈ।

ਪੰਜਾਬੀ ਕਹਾਣੀ ਦੇ ਖੇਤਰ ਵਿਚ ਨਵੀਆਂ ਸੰਭਾਵਨਾਵਾਂ ਪੈਦਾ ਕਰਨ ਵਾਲੇ ਕਹਾਣੀਕਾਰ ਅਤਰਜੀਤ ਨੂੰ ਦਲਿਤਾਂ ਦੀ ਆਵਾਜ਼ ਵੀ ਕਿਹਾ ਜਾਂਦਾ ਹੈ। ਅਤਰਜੀਤ ਨੇ ਹੁਣ ਤਕ ਸੱਤ ਕਹਾਣੀ ਸੰਗ੍ਰਹਿ-



**'ਮਾਸਖੋਰੇ'**, **'ਟੱਟਦੇ ਬਣਦੇ ਰਿਸ਼ਤੇ'**, **'ਅੰਨੀ ਥੇਹ'**, **'ਸਬੂਤੇ ਕਦਮ'**, **'ਤੀਜਾ ਯੁੱਧ'**, **'ਕਹਾਣੀ ਕੌਣ ਲਿਖੇਗਾ'** ਤੇ **'ਅਦਨਾ ਇਨਸਾਨ'** ਪੰਜਾਬੀ ਮਾਂ ਬੋਲੀ ਦੀ ਝੋਲੀ ਪਾਏ ਹਨ। ਇਸ ਤੋਂ ਇਲਾਵਾ ਇਕ ਨਾਵਲ, ਸਵੈ ਜੀਵਨੀ 'ਅੱਕ ਦ ਦੁੱਧ', ਆਲੋਚਨਾਂ, ਬਾਲ ਸਾਹਿਤ ਤੇ ਕੁੱਝ ਅਨੁਵਾਦਤ ਪੁਸਤਕਾਂ ਨਾਲ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ।

ਅਤਰਜੀਤ ਪੰਜਾਬੀ ਕਹਾਣੀ ਵਿਚ ਜਾਤੀ ਤੇ ਜਮਾਤੀ ਦੋਹਾਂ ਦ੍ਰਿਸਟੀਕੋਣਾਂ ਨੂੰ ਸਹੀ ਅਰਥਾਂ ਵਿਚ ਪੇਸ ਕਰਦਾ ਹੈ। ਉਹ ਨਿਰੋਲ ਅੰਬੇਦਕਰਵਾਦੀ ਸੋਚ ਦਾ ਧਾਰਨੀ ਨਹੀਂ, ਸਗੋਂ ਮਾਰਕਸਵਾਦੀ ਸੋਚ ਦਾ ਪੱਲਾ ਫੜ੍ਹ ਕੇ ਕਹਾਣੀ ਰਚਨਾ ਕਰਦਾ ਹੈ। ਕਹਾਣੀ ਵਿਚ ਦਲਿਤ ਪਾਤਰ ਦੇ ਨਾਲ- ਨਾਲ ਉੱਚ ਵਰਗ ਨਾਲ ਸੰਬੰਧਿਤ ਪਰ ਆਰਥਿਕ ਪੱਖੋਂ ਕਮਜੋਰ ਪਾਤਰਾਂ ਦੀਆਂ ਸੱਮਸਿਆਵਾਂ ਨੂੰ ਵੀ ਦਲਿਤ ਵਰਗ ਦੀਆਂ ਸੱਮਸਿਆਵਾਂ ਵਾਂਗ ਹੀ ਪੇਸ਼ ਕਰਦਾ ਹੈ। ਅਤਰਜੀਤ ਦਲਿਤ ਸਬਦ ਦੇ ਅਰਥ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕਰਦਾ ਹੈ। ਇਸ ਲਈ ਅਤਰਜੀਤ ਨੂੰ ਸਿਰਫ ਨਿਮਨ ਸ੍ਰੇਣੀ ਦੇ ਦਲਿਤ ਲੋਕਾਂ ਦਾ ਕਹਾਣੀਕਾਰ ਕਹਿਣਾ ਉਚਿਤ ਨਹੀਂ ਹੈ। ਪੰਜਾਬੀ ਕਹਾਣੀ ਵਿਚ ਦਲਿਤ ਵਰਗ ਦੀਆਂ ਸੱਮਸਿਆਵਾਂ ਨਾਲ ਸੰਬੰਧਤ ਵਿਸ਼ਾ ਭਾਵੇਂ ਅਸਲੋ ਨਵਾਂ ਨਹੀਂ ਹੈ, ਪਰੰਤੂ ਜਿਵੇਂ ਅਜੋਕੀ ਪੰਜਾਬੀ ਕਹਾਣੀ ਦਲਿਤ ਵਰਗ ਦੀਆਂ ਲੋੜਾਂ-ਥੁੜਾਂ, ਤੰਗੀਆਂ-ਤੁਰਸੀਆਂ, ਕਮਜੋਰੀਆਂ, ਅਤ੍ਰਿਪਤ ਅਕਾਂਖਿਆਵਾਂ ਅਤੇ ਮਾਨਸ਼ਿਕ ਕਲੇਸ਼ ਨੂੰ ਵਿਸਾ ਵਸਤੂ ਬਣਾਉਦੀ ਹੈ, ਅਜਿਹਾ ਪਹਿਲਾਂ ਪੰਜਾਬੀ ਕਹਾਣੀ ਵਿਚ ਨਹੀਂ ਹੋਇਆ।[1] ਅਤਰਜੀਤ ਅਜਿਹਾ ਹੀ ਦਲਿਤ ਮਸਲੇ ਨੂੰ ਪੇਸ਼ ਕਰਨ ਵਾਲਾ ਚੇਤੰਨ ਕਹਾਣੀਕਾਰ ਹੈ ਜੋ ਪੰਜਾਬੀ ਕਹਾਣੀ ਖੇਤਰ ਵਿਚ ਨਕਸ਼ਲਵਾੜੀ ਲਹਿਰ ਦੇ ਪ੍ਰਭਾਵ ਅਧੀਨ ਪ੍ਰਵੇਸ ਕਰਦਾ ਹੈ। ਆਪਣੇ ਹੁਣ ਤਕ ਦੇ ਪ੍ਰਕਾਸ਼ਿਤ ਹੋ ਚੁਕੇ ਕਹਾਣੀ ਸੰਗ੍ਰਿਹਾਂ ਰਾਹੀਂ ਅਤਰਜੀਤ ਨੇ ਵੰਨ-ਸੁਵੰਨੇ ਵਿਸ਼ਿਆਂ ਨੂੰ ਛੋਹਿਆ ਹੈ। ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਅਨੁਸਾਰ-

"ਅਤਰਜੀਤ ਵਿਚ ਜੀਵਨ ਦੇ ਅਸੀਮ ਖਿਲਾਰੇ ਵਿਚੋਂ ਵਿਸ਼ੇ ਚੁਨਣ ਦੀ ਸਚਿਆਰੀ ਅਤੇ ਉਹਨਾਂ ਨੂੰ ਕਲਾਮਈ ਢੰਗ ਨਾਲ ਨਿਭਾਉਣ ਲਈ ਯਤਨਸ਼ੀਲ ਹੋਣ ਦੀ ਸੁਹਿਰਦਤਾ ਹੈ।"[2]

ਅਤਰਜੀਤ ਦਲਿਤ ਸ੍ਰੇਣੀ ਦੇ ਸੰਘਰਸ਼ ਨੂੰ ਵਿਸ਼ਾ ਬਣਾਉਂਦੀਆਂ ਦਿਖਾਉਂਦਾ ਹੈ ਕਿ ਵਿਗਿਆਨਕ ਤੱਰਕੀ, ਸਮਾਜਕ ਵਿਕਾਸ ਅਤੇ ਮਸ਼ੀਨੀਕਰਨ ਦੇ ਬਾਵਜੂਦ ਆਮ ਆਦਮੀ ਦੀ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਉਹ ਦਲਿਤ ਮਸਲੇ ਨੂੰ ਵਿਸਾ ਬਣਾਉਂਦੀਆਂ ਜਾਤੀਗਤ ਵਿਤਕਰੇ ਦਾ ਵੱਡਾ ਕਾਰਣ ਆਰਥਿਕਤਾ ਦੇ ਪਛੜੇ ਹੋਣ ਨੂੰ ਹੀ ਮੰਨਦਾ ਹੈ। ਅਤਰਜੀਤ 'ਅਦਨਾ ਇਨਸਾਨ' ਕਹਾਣੀ ਸੰਗ੍ਰਹਿ ਵਿਚ ਧਰਮ ਅਤੇ ਸਿਆਸਤ ਦੇ ਅਸਲੀ ਰੂਪ ਨੂੰ ਨੰਗਾ ਕਰਦਾ ਹੈ। ਭਾਰਤ ਦੇਸ ਵੱਖ- ਵੱਖ ਧਰਮਾਂ ਤੇ ਜਾਤਾਂ ਦਾ ਸਮੂਹ ਹੈ। ਇੱਥੋ ਦੇ ਜਿਆਦਾਤਰ ਲੋਕ ਧਰਮ ਤੇ ਜਾਤ ਨੂੰ ਬਾਕੀ ਸਭ ਮਸਲਿਆਂ ਨਾਲੋਂ ਵੱਧ ਮਹੱਤਵ ਦਿੰਦੇ ਹਨ। ਧਾਰਮਿਕ ਤੇ ਜਾਤੀ ਕੱਟੜਤਾ ਭਾਰਤ ਦੇਸ ਦੇ ਲੋਕਾਂ ਦੇ ਵਿਕਾਸ ਲਈ ਸਦਾ ਹੀ ਹਾਨੀਕਾਰਕ ਸਿੱਧ ਹੋਈ ਹੈ।

ਭਾਰਤੀ ਇਤਿਹਾਸ ਵਿਚ ਅਨੇਕਾਂ ਪ੍ਰਸੰਗ ਅਜਿਹੇ ਮੌਜੂਦ ਹਨ ਜਦ ਧਰਮ ਤੇ ਜਾਤੀ ਸੰਘਰਸ਼ ਵਿਚ ਹਜਾਰਾਂ-ਲੱਖਾਂ ਬੇਦੋਸੇ ਲੋਕ ਮਾਰੇ ਨਾ ਗਏ ਹੋਣ। ਕਰਮ ਨੂੰ ਜਾਤ ਤੇ ਜਾਤ ਨੂੰ ਜਨਮ ਦੇ ਨਾਲ ਜੋੜ ਕੇ ਸਮਾਜ ਦੀ ਵਰਗ ਵੰਡ ਕੀਤੀ ਗਈ ਹੈ। ਇਸ ਜਾਤ-ਪਾਤ, ਧਰਮ-ਨਸਲ ਦੇ ਭੇਦਭਾਵ ਦਾ ਫਾਇਦਾ ਤੀਸਰੀ ਧਿਰ ਨੇ ਹਮੇਸ਼ਾ ਉਠਾਇਆ ਹੈ। ਅਤਰਜੀਤ ਨੇ ਆਪਣੀਆਂ ਕਹਾਣੀਆਂ ਰਾਹੀਂ ਭਾਰਤੀ ਪੰਜਾਬੀ ਸਮਾਜ ਵਿਚਲੀਆਂ ਵਿਕਤਰੇ ਵਾਲੀਆਂ ਡੂੰਘੀਆਂ ਖਾਈਆਂ ਨੂੰ ਭਰਨ ਦਾ ਜਤਨ ਕੀਤਾ ਹੈ। **'ਅਦਨਾ ਇਨਸਾਨ'** ਕਹਾਣੀ ਸੰਗ੍ਰਹਿ ਵਿਚ ਆਰਥਿਕ ਕਾਣੀ-ਵੰਡ, ਰਾਜਨੀਤਕ ਭੇਦਭਾਵ, ਸਮਾਜਕ ਨਾ ਬਰਾਬਰੀ ਤੇ ਧਾਰਮਿਕ ਗਿਰਾਵਟ ਮੁੱਖ ਵਿਸ਼ੇ ਵਜੋਂ ਉਭਰਦੇ ਹਨ।

ਅਤਰਜੀਤ ਦੀ ਕਹਾਣੀ **'ਅਦਨਾ ਇਨਸਾਨ'** ਪਾਤਰ ਪ੍ਰਧਾਨ ਕਹਾਣੀ ਦਾ ਉਤਮ ਨਮੂਨਾ ਕਹੀ

ਜਾ ਸਕਦੀ ਹੈ। ਕਹਾਣੀ ਵਿਚ ਇਕ ਚੌਥੇ ਦਰਜ਼ੇ ਦੇ ਕਰਮਚਾਰੀ ਸ਼ਾਮ ਲਾਲ ਦੇ ਜੀਵਨ ਸੰਘਰਸ਼ ਨੂੰ ਬੜੀ ਸੰਜੀਵਤਾ ਨਾਲ ਕਲਮਬੱਧ ਕੀਤਾ ਗਿਆ ਹੈ। ਸ਼ਾਮ ਲਾਲ ਜਾਤੀ ਤੌਰ 'ਤੇ ਨਿਮਨ ਵਰਗ ਨਾਲ ਸੰਬੰਧਤ ਹੈ। ਸ਼ਾਮ ਲਾਲ ਦਾ ਸਵੈਮਾਨੀ ਸੁਭਾਅ,ਉਸ ਲਈ ਅਨੇਕਾਂ ਮੁਸੀਬਤਾਂ ਦਾ ਕਾਰਨ ਬਣਦਾ ਹੈ। ਉਹ ਦਫ਼ਤਰ ਵਿਚ ਕੰਮ ਕਰਦੇ ਉੱਚ ਵਰਗੀ ਕਰਮਚਾਰੀਆਂ ਦੀ ਅੱਖ ਵਿਚ ਪਏ ਰੋੜ ਵਾਂਗੂ ਰੜਕਦਾ ਹੈ। ਉਸਦੇ ਕੁਲੀਗ ਥਾਂ-ਥਾਂ 'ਤੇ ਉਸ ਦੇ ਸਵੈਮਾਨ ਨੂੰ ਸੱਟ ਪਹੁੰਚਾਉਣ ਦੇ ਆਹਾਰ ਵਿਚ ਲੱਗੇ ਰਹਿੰਦੇ ਹਨ। ਸਮਾਜਕ ਨਾ ਬਰਾਬਰੀ ਦਾ ਸ਼ਿਕਾਰ ਸ਼ਾਮ ਲਾਲ ਦਫ਼ਤਰ ਵਿਚ ਤੇ ਸਮਾਜ ਵਿਚ ਆਪਣੀ ਹੋਂਦ ਨੂੰ ਸਥਾਪਿਤ ਕਰਨ ਲਈ ਸੰਘਰਸ਼ਸ਼ੀਲ ਹੈ। ਉਹ ਚਾਹੁੰਦਾ ਹੈ ਕਿ ਦਫ਼ਤਰ ਦਾ ਹਰੇਕ ਕਰਮਚਾਰੀ ਉਸ ਨਾਲ ਪਿਆਰ ਅਤੇ ਸਤਿਕਾਰ ਨਾਲ ਗੱਲ ਕਰੇ ਉਸਨੂੰ ਰੋਅਬ-ਦਾਬ ਵਿਚ ਕੰਮ ਕਰਨਾ ਚੰਗਾ ਨਹੀਂ ਲਗਦਾ ਤੇ ਪਿਆਰ ਨਾਲ ਉਹ ਕਿਸੇ ਦੀ ਗੁਲਾਮੀ ਕਰਨ ਨੂੰ ਵੀ ਰਾਜੀ ਹੋ ਜਾਂਦਾ ਹੈ।

"ਤੇ ਰੋਅਬ ਨਾਲ ਉਹ ਕਿਸੇ ਨੂੰ ਪਾਣੀ ਵੀ ਨਹੀਂ ਪਿਆਉਂਦਾ। ਉਹ ਕਈ ਵਾਰ ਜਾਣ ਬੁੱਝ ਕੇ ਪੰਜਾਬੀ ਨੂੰ ਹਿੰਦੀ-ਨੁਮਾ ਬਣਾ ਦਿੰਦਾ: "ਅਸੀਂ ਐਸੇ ਨਿਸਾਨ ਨਹੀਂ ਹੈ, ਸਾਹਿਬ। ਚਾਰ ਉਂਗਲੀ ਜੁਕਹਨੇ ਵਾਲੇ ਕੇ ਸਾਮ੍ਹਨੇ ਹਾਥ ਭਰ ਜੁਕ੍ਤੇ ਹੈਂ। ਇਕ ਇੰਚ ਸਿਰ ਉਪਰ ਉਠਾਣ ਵਾਲੇ ਦੇ ਸਾਮ੍ਹਣੇ ਤਿੰਨ ਫੁੱਟ ਸਿਰ ਉਪਰ ਉਠਾਉਂਦੇ ਹਾਂ। ਐਸੇ ਤਾਂ ਹਮ ਏਕ ਅਦਨਾ ਇਨਸਾਨ ਹੈ- ਇਕ ਦਮ ਮਾਮੂਲੀ ਆਦਮੀ।"[3]

ਸ਼ਾਮ ਲਾਲ ਦਾ ਪਰਿਵਾਰ ਬਿਹਾਰ ਤੋਂ ਕੰਮ ਦੀ ਤਲਾਸ਼ ਵਿਚ ਪੰਜਾਬ ਆਇਆ ਸੀ। ਉਸਦਾ ਪਿਓ ਇਕ ਪ੍ਰੈਸ ਵਿਚ ਮਜਦੂਰੀ ਕਰਦਾ ਸੀ। ਇਕ ਦਿਨ ਪ੍ਰੈਸ ਉਤੇ ਕੰਮ ਕਰਦਿਆਂ ਉਸਦੇ ਦੋਵੇ ਹੱਥ ਮਸ਼ੀਨ ਵਿਚ ਆ ਜਾਂਦੇ ਹਨ। ਪ੍ਰੈਸ ਮਾਲਕਾਂ ਵੱਲੋਂ ਸਹੀ ਸਮੇਂ ਵਧੀਆਂ ਇਲਾਜ ਮੁਹੱਈਆ ਨਾ ਕਰਵਾਉਣ ਕਾਰਨ ਉਸਨੂੰ ਆਪਣੇ ਦੋਹੇਂ ਹੱਥ ਕਟਵਾਉਣੇ ਪੈਂਦੇ ਹਨ। ਆਰਥਿਕ ਪੱਖੋਂ ਸੰਪੰਨ ਪ੍ਰੈਸ ਮਾਲਕ ਪੁਲਿਸ ਤੇ ਹਸਪਤਾਲ ਦੇ ਡਾਕਟਰਾਂ ਨੂੰ ਪੈਸੇ ਦੇ ਕੇ ਸਾਰਾ ਕੇਸ਼ ਰੱਫ਼ਾ-ਦੱਫ਼ਾ ਕਰਾ ਦਿੰਦੇ ਹਨ। ਇਸ ਕਹਾਣੀ ਰਾਹੀਂ ਅਤਰਜੀਤ ਸਾਡੇ ਪ੍ਰਸ਼ਾਸਨਿਕ ਪ੍ਰਬੰਧ ਅੰਦਰ ਫੈਲੇ ਭ੍ਰਿਸਟਾਚਾਰ ਨੂੰ ਨੰਗਿਆਂ ਕਰਕੇ ਰੱਖ ਦਿੰਦਾ ਹੈ। ਅਮੀਰ ਲੋਕ ਪੈਸੇ ਦੇ ਜੋਰ ਨਾਲ ਕਿਵੇਂ ਸਮਾਜਕ ਨਿਯਮਾਂ (ਕਾਨੂੰਨ) ਦਾ ਖੁੱਲ੍ਹ ਕੇ ਉਲਘਣਾਂ ਕਰਦੇ ਹਨ। ਇਹ ਪੂੰਜੀਪਤੀ ਲੋਕ ਆਪਣੀ ਸਹੂਲੀਅਤ ਲਈ ਕਾਨੂੰਨ ਦੀਆਂ ਸ਼ਰੇਆਮ ਧੱਜੀਆਂ ਉਡਾਉਂਦੇ ਹਨ, ਗਰੀਬ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ।

ਘਰ ਦੀ ਗਰੀਬੀ ਕਾਰਨ ਸਕੂਲੇ ਪੜ੍ਹਣ ਦੀ ਉਮਰੇ ਸਾਮ ਲਾਲ ਨੂੰ ਢਾਬੇ 'ਤੇ ਭਾਂਡੇ ਮਾਂਜਣ ਦਾ ਕੰਮ ਕਰਨਾ ਪੈਂਦਾ ਹੈ। ਉਸਨੂੰ ਪੰਜ ਪੜਿਆ ਹੋਣ ਕਰਕੇ ਇਕ ਸਰਕਾਰੀ ਦਫ਼ਤਰ ਵਿਚ ਚੌਥੇ ਦਰਜੇ ਦੇ ਕਰਮਚਾਰੀ ਦੀ ਨੌਕਰੀ ਮਿਲ ਜਾਂਦੀ ਹੈ। ਉਸਦਾ ਸੁਭਾਅ ਬਚਪਨ ਤੋਂ ਹੀ ਸਵੈਮਾਨੀ ਤੇ ਕਿਸੇ ਦੀ ਵੀ ਟੈਂ ਨਾ ਮੰਨਣ ਵਾਲਾ ਰਿਹਾ ਸੀ ਜੋ ਕਿ ਕਹਾਣੀ ਵਿਚ ਅੰਤ ਤਕ ਇੰਝ ਹੀ ਬਣਿਆ ਰਹਿੰਦਾ ਹੈ। ਦਫ਼ਤਰ ਦੇ ਬਾਬੂ ਉਸ ਤੋਂ ਇਸੇ ਗੱਲੋਂ ਨਾਰਾਜ਼ ਰਹਿੰਦੇ ਹਨ ਕਿ ਇਕ ਤਾਂ ਉਹ ਚੌਥਾ ਦਰਜਾ ਕਰਮਚਾਰੀ ਹੈ ਤੇ ਦੂਜਾ ਨੀਵੀਂ ਜਾਤ ਨਾਲ ਸੰਬੰਧ ਰੱਖਣ ਵਾਲਾ ਪਰ ਆਕੜ ਕਿਸੇ ਰਾਜੇ-ਮਹਾਰਾਜੇ ਤੋਂ ਵੀ ਵੱਧ। ਸਾਰੇ ਮਿਲ ਕੇ ਉਸਦਾ ਰਲਵਾਂ ਵਿਰੋਧ ਕਰਦੇ ਹਨ। ਇਹ ਇਕ ਤਰ੍ਹਾਂ ਦਾ ਸਮਾਜਿਕ ਬਾਈਕਾਟ ਵਰਗਾ ਹੀ ਹੈ ਜਿਹੜਾ ਭਾਰਤੀ ਪੰਜਾਬ ਦੇ ਪਿੰਡਾਂ ਵਿਚ ਜਿੰਮੀਂਦਾਰਾਂ ਵੱਲੋਂ ਦਿਹਾੜੀ-ਮਜਦੂਰਾਂ ਦਾ ਅਕਸਰ ਕੀਤਾ ਜਾਂਦਾ ਹੈ। ਇਸ ਕਹਾਣੀ ਦਾ ਸਥਾਨ ਵੱਖ ਜ਼ਰੂਰ ਹੈ ਪਰ ਸਮੱਸਿਆ ਵਿਚ ਕੋਈ ਵੱਖਰਤਾ ਨਹੀਂ ਹੈ। ਪਾਤਰਾਂ ਦਾ ਕਾਰਜ ਵੱਖਰਾ ਹੈ ਸੋਚ ਇਕ ਹੈ। ਕਹਾਣੀ ਰਾਹੀਂ ਅਤਰਜੀਤ ਇਕ ਤੀਰ ਨਾਲ ਦੋ ਨਿਸ਼ਾਨੇ ਸੇਧ ਰਿਹਾ ਹੈ। ਅਜੋਕੇ ਸਮੇਂ ਵਿਚ ਦਲਿਤ ਵਰਗ ਦੀ ਸਭ ਤੋਂ ਵੱਡੀ ਸਮੱਸਿਆ ਸਮਾਜਿਕ ਨਾ ਬਰਾਬਰੀ ਦੀ ਹੈ। ਅੱਜ ਵੀ ਭਾਰਤੀ ਸਮਾਜ ਵਿਚਲਾ ਪੜ੍ਹਿਆ-ਲਿਖੀਆ ਉੱਚ ਵਰਗ ਪੁਰਾਤਨ ਰੂੜੀਵਾਦੀ ਪਰੰਪਰਕ ਸੋਚ ਤੋਂ ਪੂਰੀ ਤਰ੍ਹਾਂ ਇਨਕਾਰੀ ਨਹੀਂ ਹੋ ਸਕਿਆ। ਦਲਿਤ ਨੂੰ ਸਮਾਜਿਕ ਬਰਾਬਰੀ ਦੇਣ ਤੋਂ ਕੰਨੀ ਕਤਰਾ ਰਿਹਾ ਹੈ। ਕਹਾਣੀ ਵਿਚਲਾ ਸ਼ਾਮ ਲਾਲ ਸਾਰੀ ਉਮਰ ਸੱਚੀ ਹਮਦਰਦੀ ਤੇ ਸਮਾਜ ਵਿਚ ਆਪਣੀ ਹੋਂਦ ਨੂੰ ਸਥਾਪਿਤ ਕਰਨ ਲਈ



ਜੂਝਦਾ ਰਹਿੰਦਾ ਹੈ।

ਕਹਾਣੀ **'ਰੇਤੇ ਦਾ ਮਹਿਲ'** ਵਿਚ ਕਹਾਣੀਕਾਰ ਪਰਿਵਾਰਕ ਦਵੇਸ਼ ਦੇ ਕਾਰਨ ਟੁੱਟ ਰਹੇ ਪਰਿਵਾਰ ਦੀ ਕਹਾਣੀ ਪੇਸ਼ ਕਰਦਾ ਹੈ। ਇਹ ਕਹਾਣੀ ਅਤਰਜੀਤ ਦੀ ਨਿੱਜੀ ਜ਼ਿੰਦਗੀ ਨਾਲ ਜੁੜੀ ਹੋਈ ਹੈ। ਕਹਾਣੀਕਾਰ ਦਾ ਆਪਣਾ-ਆਪਾ ਇਸ ਕਹਾਣੀ ਰਾਹੀਂ ਪੇਸ਼ ਹੁੰਦਾ ਹੈ। ਕਹਾਣੀ ਦਾ ਬਿਰਤਾਂਤ ਉਤਮ ਪੁਰਖੀ ਸ਼ੈਲੀ ਰਾਹੀਂ ਰੂਪਮਾਨ ਹੁੰਦਾ ਹੈ। ਕਹਾਣੀ ਵਿਚ ਕਹਾਣੀਕਾਰ ਉਸ ਮਾਂ ਦਾ ਜਿਕਰ ਕਰਦਾ ਹੈ ਜੋ ਸਾਰੀ ਉਮਰ ਆਪਣੇ ਪਰਿਵਾਰ ਨੂੰ ਪਿਆਰ ਤੇ ਮੋਹ ਦੀਆਂ ਤੰਦਾ ਵਿਚ ਬੰਨ੍ਹ ਕੇ ਰੱਖਦੀ ਹੈ। ਉਹ ਚਾਹੁੰਦੀ ਹੈ ਕਿ ਉਸਦਾ ਇਹ ਪਰਿਵਾਰ ਸਦਾ ਇਕ ਮੁੱਠ ਹੋ ਕੇ ਰਹੇ। ਪਰ ਪਦਾਰਥਵਾਦੀ ਦੌਰ ਵਿਚ ਜਿਥੇ ਸੰਯੁਕਤ ਪਰਿਵਾਰ ਦੀ ਥਾਂ ਛੋਟੇ ਸੀਮਤ ਪਰਿਵਾਰਾਂ ਨੇ ਲੈ ਲਈ ਹੈ ਉੱਥੇ ਲੋਕਾਂ ਦਾ ਰੁਝਾਣ ਵੱਖਰੇ ਰਹਿਣ ਵੱਲ ਹੋ ਗਿਆ ਹੈ। ਵਰਤਮਾਨ ਸਮੇਂ ਵਿਚ ਮੱਧਵਰਗੀ ਸ੍ਰੇਣੀ ਦੇ ਹੋਂਦ ਵਿਚ ਆਉਣ ਨਾਲ ਇਹ ਸੱਮਸਿਆ ਹੋਰ ਵੀ ਜਟਿਲ ਰੂਪ ਧਾਰ ਗਈ ਹੈ। ਕਹਾਣੀ ਵਿਚ ਬਜੁਰਗ ਮਾਂ ਟੀ. ਬੀ. ਦੀ ਨਾਮੁਰਾਦ ਬਿਮਾਰੀ ਨਾਲ ਪੀੜਤ ਹੈ। ਉਸਨੂੰ ਇਸ ਬੀਮਾਰੀ ਨਾਲੋਂ ਟੁੱਟਦਾ ਪਰਿਵਾਰਕ ਦਰਦ ਵੱਧ ਸਤਾ ਰਿਹਾ ਹੈ। ਉਸਨੂੰ ਪਰਿਵਾਰ ਦਾ ਅਲਗ ਹੋਣਾ ਸਰੀਰ ਦੇ ਅੰਦਰੋਂ ਕੁਝ ਅਲਗ ਹੁੰਦਾ ਮਹਿਸੂਸ ਹੋ ਰਿਹਾ ਹੈ। ਇਸ ਕਹਾਣੀ ਰਾਹੀਂ ਅਤਰਜੀਤ ਦੇ ਵਿਅਕਤੀਤਵ ਵਿਚਲਾ ਦਾਰਸ਼ਨਿਕ ਪੱਖ ਉਭਰ ਕੇ ਸਾਹਮਣੇ ਆਉਂਦਾ ਹੈ। ਕਹਾਣੀ ਵਿਚਲੇ ਦ੍ਰਿਸ ਚਿਤਰਣ ਵਿਚ ਅਤਰਜੀਤ ਦੀ ਕਲਮ ਨੇ ਬਾਖੂਬੀ ਪਰਪੱਕਤਾ ਵਿਖਾਈ ਹੈ।

" ਮੈਨੂੰ ਹੈਰਾਨੀ ਹੁੰਦੀ ਕਿ ਮਾਂ ਆਪਣੀ ਬਿਮਾਰੀ ਬਾਰੇ ਇੰਨੀ ਚਿੰਤਤ ਕਦੇ ਨਹੀਂ ਹੋਈ ਜਿਨਾ ਫ਼ਿਕਰ ਉਹ ਪਰਿਵਾਰਕ ਫੁੱਟ ਦਾ ਕਰਦੀ ਸੀ- ਉਸ ਨੇ ਪਲ-ਪਲ ਨੇੜੇ ਆ ਰਹੀ ਮੌਤ ਦਾ ਕਦੇ ਰੋਣਾ ਨਹੀਂ ਰੋਇਆ ਜਿਵੇਂ ਉਸ ਨੂੰ ਟੁਟ ਰਹੇ ਪਰਿਵਾਰ ਦਾ ਫ਼ਿਕਰ ਲੱਗਿਆ ਹੋਇਆ ਸੀ। ਉਸ ਨੂੰ ਹਮੇਸ਼ਾ ਟੱਬਰ ਦੀ ਚਿੰਤਾ ਲੱਗੀ ਰਹੀ ਸੀ; ਜੋ ਉਸਦੇ ਜਿਉਂਦੇ ਜੀਅ ਹੀ 'ਰੇਤੇ ਦੇ ਮਹਿਲ' ਵਾਂਗ ਕਿਰਦਾ ਜਾ ਰਿਹਾ ਸੀ। ਬੱਸ ਉਹ ਤਾਂ ਪਰਿਵਾਰ ਦੀ ਚਿੰਤਾ ਵਿਚ ਹੀ ਘੁਲ-ਘੁਲ ਮਰਦੀ ਜਾ ਰਹੀ ਸੀ-ਸ਼ਾਇਦ ਇਹੋ ਹੀ ਉਸ ਦੀ ਬੀਮਾਰੀ ਸੀ।"[4]

ਮਾੜੀ ਆਰਥਕਤਾ ਕਹਾਣੀ ਦੇ ਹਰ ਪੱਖ ਉਪਰ ਭਾਰੂ ਰਹਿੰਦੀ ਹੈ। ਬੀਮਾਰੀ ਤੇ ਗਰੀਬੀ ਇਨਸਾਨ ਲਈ ਕਿਸੇ ਸਰਾਪ ਨਾਲੋਂ ਘਟ ਨਹੀਂ ਹੁੰਦੇ। ਕਹਾਣੀ ਵਿਚਲਾ ਦਲਿਤ ਪਰਿਵਾਰ ਗਰੀਬੀ ਤੇ ਬੀਮਾਰੀ ਦਾ ਸ਼ਿਕਾਰ ਹੈ। ਮਹਿੰਗੀਆਂ ਦਵਾਈਆਂ ਤੇ ਡਾਕਟਰੀ ਖਰਚੇ ਇਸ ਪਰਿਵਾਰ ਲਈ ਝਲਣੇ ਮੁਸਕਿਲ ਹੋ ਜਾਂਦੇ ਹਨ। ਕਹਾਣੀਕਾਰ ਨੇ ਇਸ ਕਹਾਣੀ ਰਾਹੀਂ ਸਾਡੇ ਸਮਾਜ ਦੇ ਸਭ ਤੋਂ ਪਵਿੱਤਰ ਮੰਨੇ ਜਾਂਦੇ ਡਾਕਟਰੀ ਪੇਸ਼ੇ 'ਤੇ ਵੀ ਉਂਗਲ ਚੁੱਕੀ ਹੈ ਕਿ ਕਿਵੇਂ ਸਰਕਾਰੀ ਹਸਪਤਾਲਾਂ ਦੇ ਡਾਕਟਰ ਮੈਡੀਕਲ ਸਟੋਰਾਂ ਵਾਲਿਆਂ ਨਾਲ ਮਿਲ ਕੇ ਸਰਕਾਰੀ ਦਵਾਈਆਂ ਦੀ ਕਾਲਾ ਬਾਜਾਰੀ ਕਰਦੇ ਹਨ। ਗਰੀਬ ਮਰੀਜ ਨੂੰ ਜਿਹੜੀਆਂ ਦਵਾਈਆਂ ਹਸਪਤਾਲ ਵਿਚ ਮੁਫ਼ਤ ਮਿਲਣੀਆਂ ਸੀ ਉਹ ਬਾਹਰੋਂ ਮਹਿੰਗੇ ਭਾਵ ਵਿਚ ਸਟੋਰਾਂ ਤੋਂ ਖਰੀਦਨੀਆਂ ਪੈਂਦੀਆਂ ਹਨ। ਕਹਾਣੀਕਾਰ ਨੇ ਇਨ੍ਹਾਂ ਹਸਪਤਾਲਾਂ ਵਿਚ ਹੁੰਦੀ ਭ੍ਰਸ਼ਟਾਚਾਰੀ ਤੇ ਕਾਲਾ-ਬਾਜਾਰੀ ਉਪਰੋਂ ਪਰਦਾ ਚੁੱਕਣ ਦਾ ਹੀਆ ਕੀਤਾ ਹੈ।

ਕਹਾਣੀ **'ਸਬੂਤੇ ਕਦਮ'** ਇਕ ਨਿਮਨ ਵਰਗੀ ਗਰੀਬ ਗੱਜਣ ਦੇ ਜੀਵਨ ਵਿਚ ਵਾਪਰੀਆਂ ਅਣਮਨੁੱਖੀ ਘਟਨਾਵਾਂ ਨਾਲ ਸੰਬੰਧਤ ਹੈ। ਗੱਜਣ ਦਾ ਪਰਿਵਾਰ ਪਿੰਡ ਦੇ ਜਿੰਮੀਂਦਾਰਾਂ ਦੇ ਅਤਿਆਚਾਰਾਂ ਤੋਂ ਪੀੜਤ ਹੈ। ਪਿੰਡ ਵਿਚ ਕਿਸੇ ਵੇਲੇ ਗੱਜਣ ਦਾ ਹੱਸਦਾ ਖੇਡਦਾ ਪਰਿਵਾਰ ਹੁੰਦਾ ਸੀ। ਫਿਰ ਕਹਿਰ ਦੀ ਐਸੀ ਹਨੇਰੀ ਝੂਲੀ ਤੇ ਇਸ ਵਸਦੇ ਰਸਦੇ ਪਰਿਵਾਰ ਨੂੰ ਬਾਲਣ ਵਾਂਗ ਆਪਣੇ ਨਾਲ ਉੱਡਾ ਕੇ ਲੈ ਗਈ। ਗੱਜਣ ਦੀਆਂ ਦੋ ਜੁਆਨ ਧੀਆਂ ਨੂੰ ਜਿੰਮੀਂਦਾਰਾਂ ਦੇ ਲਾਡਲੇ ਪੁੱਤਰਾਂ ਦੀ ਹਵਸ ਦਾ ਸ਼ਿਕਾਰ ਹੋ ਕੇ ਜਾਨ ਦੇਣੀ ਪਈ। ਗੱਜਣ ਦੀ ਘਰਵਾਲੀ ਉਂਝ ਇਕ ਲਾਇਲਾਜ ਬੀਮਾਰੀ ਕਾਰਨ ਮੌਤ ਦਾ ਗ੍ਰਾਸ ਬਣ ਜਾਂਦੀ ਹੈ। ਵੱਡਾ ਮੁੰਡਾ ਦੇਬਾ ਆਪਣੀ ਹੀ ਛੋਟੀ ਭੈਣ, ਜਿਸਦਾ ਜਿੰਮੀਂਦਾਰ ਦਾ ਮੁੰਡਾ ਬਲਾਤਕਾਰ ਕਰ ਦਿੰਦਾ ਹੈ,

ਦੀ ਤਰਸਯੋਗ ਹਾਲਤ ਨਾ ਸਹਿੰਦਾ ਹੋਇਆ ਕਤਲ ਕਰ ਕੇ ਜੇਲ ਵਿਚ ਉਮਰ ਕੈਦ ਭੋਗ ਰਿਹਾ ਹੈ। ਗੱਜਣ ਦੀ ਵੱਡੀ ਧੀ ਪਹਿਲਾਂ ਹੀ ਜਿੰਮੀਂਦਾਰਾਂ ਦੇ ਮੁੰਡਿਆਂ ਦੀ ਹਵਸ ਪੂਰਤੀ ਕਰਦੀ ਹੋਈ ਮਰ ਮੁੱਕ ਜਾਂਦੀ ਹੈ।

ਗੱਜਣ ਦਾ ਛੋਟਾ ਮੁੰਡਾ ਨਸੀਬਾਂ ਆਪਣੇ ਪਰਿਵਾਰ ਤੇ ਹੋਏ ਇਸ ਅਤਿਆਚਾਰ ਦਾ ਬਦਲਾ ਲੈਣ ਲਈ ਜਿੰਮੀਂਦਾਰ ਦੇ ਕਾਕੇ ਉਪਰ ਹਮਲਾ ਕਰ ਦਿੰਦਾ ਹੈ ਪਰ ਐਨ ਮੌਕੇ ਤੇ ਜਿੰਮੀਂਦਾਰ ਦੇ ਬੰਦੇ ਆ ਪਹੁੰਚਦੇ ਹਨ ਤੇ ਉਸ ਨੂੰ ਬੁਰੀ ਤਰ੍ਹਾਂ ਫੱਟੜ ਕਰ ਦਿੰਦੇ ਹਨ। ਇਸ ਮਾਰ-ਕੁਟਾਈ ਵਿਚ ਨਸ਼ੀਬੇ ਦੀ ਰੀੜ੍ਹ ਦੀ ਹੱਡੀ ਟੁੱਟ ਜਾਂਦੀ ਹੈ। ਉਹ ਸਾਰੀ ਉਮਰ ਲਈ ਮੰਜਾਂ ਮੱਲ ਲੈਂਦਾ ਹੈ। ਇਸ ਤਰ੍ਹਾਂ ਗੱਜਣ ਦਾ ਜੀਵਨ ਦੁੱਖਾਂ ਦੀ ਕਹਾਣੀ ਬਣ ਜਾਂਦਾ ਹੈ। ਨਿਮਨ ਵਰਗੀ ਪਰਿਵਾਰ ਦੀ ਮਾੜੀ ਆਰਥਕਤਾ ਨਾਲ ਨਿਮਨ ਵਰਗੀ ਸਮਾਜ ਵਿਚ ਪੈਦਾ ਹੋ ਰਹੀ ਵਿਦਰੋਹੀ ਸੁਰ ਇਸ ਕਹਾਣੀ ਵਿਚ ਮੁੱਖ ਵਿਸ਼ੇ ਵਜੋਂ ਪੇਸ਼ ਹੋਈ ਹੈ। ਵਿਗਿਆਨ ਦਾ ਇਕ ਸਿਧਾਂਤ ਵੀ ਹੈ ਕਿ ਜਿਸ ਵਸਤੂ ਤੇ ਦਬਾਅ ਜਿਆਦਾ ਹੋਵੇ ਉਹ ਇਕ ਦਿਨ ਜ਼ਰੂਰ ਵਿਕਰਾਲ ਰੂਪ ਧਾਰਨ ਕਰਦੀ ਹੈ। ਇਹ ਵਿਗਿਆਨਕ ਸਿਧਾਂਤ ਇਸ ਕਹਾਣੀ ਉਪਰ ਵੀ ਵਰਤ ਰਿਹਾ ਹੈ। ਕਹਾਣੀ ਵਿਚ ਗੱਜਣ ਕੋਲ ਹੁਣ ਗਵਾਉਣ ਲਈ ਕੁਝ ਨਹੀਂ ਹੈ। ਉਸਦਾ ਡਰ ਖਤਮ ਹੋ ਜਾਂਦਾ ਹੈ। ਅੰਤ ਵਿਚ ਗੱਜਣ ਦੇ ਅੰਦਰ ਦੱਬੀ ਹੋਈ ਵਿਦਰੋਹ ਦੀ ਅੱਗ ਸਮੇਂ ਦੀ ਹਨੇਰੀ ਨਾਲ ਭਾਂਬੜ ਦੇ ਰੂਪ ਵਿਚ ਤਬਦੀਲ ਹੋ ਜਾਂਦੀ ਹੈ। ਇਸ ਕਹਾਣੀ ਰਾਹੀਂ ਅਤਰਜੀਤ ਨੇ ਗੱਜਣ ਦੇ ਵੱਡੇ ਮੁੰਡੇ ਦੇਬੇ ਦੇ ਪਾਤਰ ਰਾਹੀਂ ਸਦੀਆਂ ਤੋਂ ਦੱਬੇ-ਕੁਚੱਲੇ ਸਮਝੇ ਜਾਣ ਵਾਲੇ ਲੋਕਾਂ ਦੇ ਮਨਾਂ ਅੰਦਰੀ ਚੁੱਪ ਨੂੰ ਵੱਡਾ ਹੁਲਾਰਾ ਦਿੱਤਾ ਗਿਆ ਹੈ।

" ਤੇਰੀ ਭੈਂ...ਉਇ ਨਾਲੇ ਥੋਡਾ ਗੁਹ-ਮਧਾ ਕਰੀਏ-ਨਾਲੇ ਇੱਜਤਾਂ ਦੇਈਏ। ਪੰਜ ਭੱਠ ਤਾਪ ਚੜ੍ਹੇ ਵਾਂਗ ਦੇਬੇ ਦਾ ਚਿਹਰਾ ਭਖ਼ ਰਿਹਾ ਸੀ ਤੇ ਉਸ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ ਸੀ।"[5]

ਕਹਾਣੀਕਾਰ ਗੱਜਣ ਨੂੰ ਇਕ ਅਜਿਹੇ ਇਨਸਾਨ ਦੇ ਰੂਪ ਵਿਚ ਪੇਸ਼ ਕਰਦਾ ਹੈ ਜੋ ਹਰੇਕ ਮੁਸ਼ਕਿਲ ਦਾ ਡੱਟ ਕੇ ਸਾਹਮਣਾ ਕਰਦਾ ਹੈ। ਵਿਪਰੀਤ ਹਾਲਾਤਾਂ ਵਿਚ ਵੀ ਉਸਦੇ ਕਦਮ ਲੜਖੜਾਉਂਦੇ ਨਹੀਂ। ਦੁਖਾਂ ਦੀ ਇਹ ਬੇਰਹਿਮ ਸੱਟ ਗੱਜਣ ਦੇ ਬਜੁਰਗ਼ ਸਰੀਰ ਵਿਚ ਜਿੰਦਾਦਿਲ ਹੌਸਲੇ ਨੂੰ ਤੋੜ ਨਾ ਸਕੀ। ਕਹਾਣੀ ਵਿਚ ਗੱਜਣ ਕਦੇ ਵੀ ਨਿਰਾਸ਼ਾ ਦਾ ਪੱਲਾ ਨਹੀਂ ਫੜ੍ਹਦਾ, ਕੁਝ ਚੰਗਾ ਹੋਣ ਦੀ ਆਸ ਹਮੇਸਾ ਉਸਦੇ ਦਿਲ ਵਿਚ ਹੁਲਾਰੇ ਲੈਂਦੀ ਰਹਿੰਦੀ ਹੈ। ਅਤਰਜੀਤ ਇਸ ਕਹਾਣੀ ਰਾਹੀਂ ਨਿਮਨ ਵਰਗੀ ਲੋਕਾਂ ਵਿਚ ਇਕ ਚੇਤਨਾ, ਇਕ ਵਿਰੋਧ, ਇਕ ਸਾਹਸ ਪੈਦਾ ਕਰਦਾ ਹੈ।

**'ਖੋਲ ਵਿਚਲਾ ਮਨੁੱਖ'** ਕਹਾਣੀ ਅਤਰਜੀਤ ਦੀ ਮੁਨੱਖੀ ਮਾਨਸਿਕ ਦਵੰਦ ਨੂੰ ਪੇਸ਼ ਕਰ ਰਹੀ ਇਕ ਵਧੀਆ ਕਹਾਣੀ ਕਹੀ ਜਾ ਸਕਦੀ ਹੈ। ਕਹਾਣੀ ਦਾ ਮੁਖ ਪਾਤਰ ਮਦਨ ਮਾਨਸਿਕ ਦਵੰਦ ਦਾ ਸਿਕਾਰ ਹੈ। ਉਹ ਮਨੋ ਉਲਝਣਾਂ ਵਿਚ ਗ੍ਰਸ਼ਤ ਪਾਤਰ ਹੈ। ਇਸ ਕਹਾਣੀ ਵਿਚ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਮਦਨ ਆਪਣੀਆਂ ਦੱਬੀਆਂ ਕੁਚਲੀਆਂ ਅਤ੍ਰਿਪਤ ਭਾਵਨਾਵਾਂ ਨੂੰ ਕਿਸ ਤਰ੍ਹਾਂ ਉਜਾਗਰ ਕਰਨ ਦੀ ਦਲੇਰੀ ਕਰਦਾ ਹੈ। ਪੁਲਿਸ ਲਾਠੀ-ਚਾਰਜ ਦਾ ਸਿਕਾਰ ਮਦਨ ਰੀੜ ਦੀ ਹੱਡੀ ਦੀ ਸੱਟ ਤੋਂ ਪੀੜਤ ਹੈ ਤੇ ਉਸਦਾ ਇਲਾਜ ਪਿੰਡੋਂ ਦੂਰ ਸ਼ਹਿਰ ਵਿਚ ਇਕ ਹੋਮੋਪੈਥੀ ਡਾਕਟਰ ਕਰ ਰਿਹਾ ਹੈ। ਮਦਨ ਦੀ ਹੋਰ ਜੀਣ ਦੀ ਇੱਛਾ ਬਿਲਕੁਲ ਹੀ ਖਤਮ ਹੋ ਗਈ ਹੈ। ਪਰ ਦਿਲ ਦੇ ਕਿਸੇ ਇਕ ਕੋਨੇ ਵਿਚ ਔਰਤ ਪਿਆਰ ਪ੍ਰਾਪਤੀ ਦੀ ਇੱਛਾ ਦੱਬੀ ਹੋਈ ਹੈ। ਸ਼ਹਿਰ ਵਿਚ ਜਿਸ ਕਰਾਏ ਦੇ ਘਰ ਵਿਚ ਮਦਨ ਰਹਿ ਰਿਹਾ ਹੈ ਉਥੇ ਇਕ ਪਰਿਵਾਰ ਹੋਰ ਰਹਿ ਰਿਹਾ ਹੈ ਜੋ ਮਦਨ ਦੀ ਤਹਿ ਦਿਲੋਂ ਦੇਖ ਭਾਲ ਕਰਦਾ ਹੈ। ਮਦਨ ਇਸ ਪਰਿਵਾਰ ਦੇ ਅਹਿਸਾਨਾਂ ਹੇਠ ਦੱਬਿਆ ਹੋਇਆ ਹੈ। ਇਹ ਅਹਿਸਾਨ ਮਦਨ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੇ ਹਨ।

ਕਹਾਣੀ ਵਿਚ ਨਵਾਂ ਮੋੜ ਉਸ ਵੇਲੇ ਆਉਂਦਾ ਹੈ ਜਦੋਂ ਵੀਰੀ ਦਾ ਕਹਾਣੀ ਵਿਚ ਪ੍ਰਵੇਸ਼ ਹੁੰਦਾ ਹੈ। ਵੀਰੀ ਬਹੁਤ ਹੀ ਸੋਹਣੀ, ਸੁਨੱਖੀ ਤੇ ਜੁਆਨ ਕੁੜੀ ਹੈ। ਵੀਰੀ ਦੀਆਂ ਮਦ-ਮਸਤ ਅਦਾਵਾਂ ਬੀਮਾਰ ਮਦਨ ਦੇ ਦਿਲ 'ਤੇ ਗਹਿਰਾ ਅਸਰ ਕਰਦੀਆਂ ਹਨ। ਵੀਰੀ ਮਦਨ ਦੇ ਅਵਚੇਤਨ ਵਿਚ ਡੂੰਘੀ ਉਤਰ ਜਾਂਦੀ ਹੈ। ਮਦਨ ਦਾ ਦਿਲ ਵੀਰੀ ਨੂੰ ਪ੍ਰਾਪਤ ਕਰਨ ਲਈ ਤੜਫ਼ਦਾ ਹੈ, ਲੋਚਦਾ ਹੈ ਤੇ ਤਰਸਦਾ ਹੈ। ਇਕ ਪਾਸੇ



ਅਹਿਸਾਨ ਤੇ ਦੂਜੇ ਪਾਸੇ ਭਾਵਨਾਵਾਂ, ਤੜਫ਼ ਤੇ ਪਿਆਰ। ਇੰਝ ਵੀ ਕਹਿ ਸਕਦੇ ਹਾਂ ਕਿ ਇਕ ਪਾਸੇ ਦਿਲ ਤੇ ਇਕ ਪਾਸੇ ਦਿਮਾਗ਼ ਹੈ। ਦਿਲ, ਦਿਮਾਗ਼ ਉਪਰ ਹਾਵੀ ਹੋ ਜਾਂਦਾ ਹੈ ਤੇ ਇਕ ਦਿਨ ਮਦਨ ਵੀਰੀ ਨੂੰ ਇਕੱਲੀ ਦੇਖ ਕੇ ਉਸਦਾ ਮੂੰਹ ਚੁੰਮ ਲੈਂਦਾ ਹੈ। ਕਹਾਣੀ ਵਿਚ ਦਖਾਇਆ ਗਿਆ ਹੈ ਕਿ ਮਦਨ ਦੋ ਵਾਰ ਪਹਿਲਾਂ ਵੀ ਵੀਰੀ ਨਾਲ ਅਜਿਹੀ ਹਰਕਤ ਕਰ ਚੁੱਕਾ ਹੈ। ਵੀਰੀ ਵਲੋਂ ਉਸਦਾ ਵਿਰੋਧ ਨਾ ਕਰਨ ਕਾਰਨ ਉਸਦਾ ਹੌਸਲਾ ਵੱਧ ਜਾਂਦਾ ਹੈ। ਇਥੇ ਇਕ ਗੱਲ ਸਪਸ਼ੱਟ ਹੁੰਦੀ ਹੈ ਕਿ ਵੀਰੀ ਅੰਦਰਲਾ ਸਮਾਜਕ ਡਰ ਜਾਂ ਫਿਰ ਮਦਨ ਪ੍ਰਤੀ ਪਿਆਰ, ਕੁਝ ਤਾਂ ਹੈ ਜਿਸ ਕਾਰਨ ਉਸਦਾ ਵਿਰੋਧ ਨਹੀਂ ਕਰਦੀ।

ਮਦਨ ਵੀਰੀ ਦੀ ਇਸ ਚੁੱਪ ਨੂੰ ਪਿਆਰ ਹੀ ਸਮਝਦਾ ਰਿਹਾ। ਪਰ ਜਦ ਵੀਰੀ ਦੀ ਵੱਡੀ ਭੈਣ ਕੁੰਤੀ ਮਦਨ ਨੂੰ ਵੀਰੀ ਦਾ ਮੂੰਹ ਚੁੰਮ ਦੇ ਨੂੰ ਵੇਖ ਲੈਂਦੀ ਹੈ ਤਾਂ ਉਹ ਸਿਰਫ਼ ਮਦਨ ਨੂੰ ਹੀ ਦੋਸੀ ਮੰਨਦੀ ਹੈ। ਮਦਨ ਕੁੰਤੀ ਅਤੇ ਉਸਦੇ ਪਤੀ ਦੇਵ ਦੇ ਸਾਹਮਣੇ ਇਸ ਸਾਰੀ ਘਟਨਾ ਦਾ ਦੋਸ਼ੀ ਖੁਦ ਨੂੰ ਹੀ ਮੰਨ ਲੈਂਦਾ ਹੈ। ਉਸਨੂੰ ਨਾਲ ਹੀ ਇਸ ਗੱਲ ਦੀ ਖੁਸ਼ੀ ਵੀ ਹੈ ਕਿ ਉਹ ਅਹਿਸਾਨ ਹੇਠ ਦੱਬ ਚੁਕੇ ਆਪਣੇ ਵਜੂਦ ਨੂੰ ਮੁੜ ਸੁਰਜੀਤ ਕਰਨ ਵਿਚ ਸਫ਼ਲ ਰਿਹਾ ਹੈ। ਕਹਾਣੀ ਵਿਚ ਕਈ ਵਾਰ ਮਦਨ ਦੇ ਮਨ ਵਿਚ ਆਉਂਦਾ ਹੈ ਕਿ ਉਹ ਵੀਰੀ ਤੇ ਉਸਦੀ ਭੈਣ ਕੁੰਤੀ ਉਪਰ ਚੋਰੀ ਜਾਂ ਕੋਈ ਹੋਰ ਸੰਗੀਨ ਇਲਜਾਮ ਲਾ ਦੇਵੇ ਜਿਸ ਨਾਲ ਉਹ ਲੋਕਾਂ ਸਾਹਮਣੇ ਸਾਫ਼-ਸੁਥਰਾ ਬਣਿਆ ਰਹਿ ਸਕੇ। ਪਰ ਉਹ ਅਜਿਹਾ ਨਹੀਂ ਕਰਦਾ ਸਗੋਂ ਸਾਰਾ ਦੋਸ਼ ਆਪਣਾ ਮੰਨ ਉਸ ਕਰਾਏ ਦੇ ਮਕਾਨ ਨੂੰ ਛੱਡ ਕੇ ਚਲਾ ਜਾਂਦਾ ਹੈ।

ਕਹਾਣੀ ਵਿਚ ਮਦਨ ਦੋਹਰੇ ਮਾਨਸਿਕ ਤਣਾਉ ਦੀ ਸਥਿਤੀ ਵਿਚ ਵਿਚਰਦਾ ਹੈ। ਉਸਦੀ ਹਾਲਤ ਅਜਿਹੀ ਹੈ ਕਿ ਉਹ ਮੌਤ ਨੂੰ ਆਪਣੇ ਦੁੱਖਦਾਈ, ਅਸਹਿਣਜੋਗ ਜੀਵਨ ਨਾਲੋਂ ਚੰਗਾ ਸਮਝਦਾ ਹੈ। ਉਸਦੇ ਮਨ ਅੰਦਰ ਕਈ ਵਾਰ ਆਤਮਦਾਹ ਕਰਨ ਬਾਰੇ ਵਿਚਾਰ ਉਭਰਦੇ ਹਨ। ਪਰ ਔਰਤ ਪ੍ਰੇਮ ਪ੍ਰਾਪਤੀ ਦੀ ਭਾਵਨਾ ਜਾਂ ਭੁੱਖ ਉਸਨੂੰ ਅਜਿਹਾ ਕਰਨ ਨਹੀਂ ਦਿੰਦੀ। ਕਹਾਣੀਕਾਰ ਦਸਦਾ ਹੈ ਕਿ ਮਨੁੱਖ ਦੇ ਚੇਤਨ ਤੇ ਅਵਚੇਤਨ ਦੇ ਅੰਦਰ ਕਈ ਮਨੁੱਖ ਬੈਠੇ ਹੁੰਦੇ ਹਨ ਤੇ ਕਿਹੜਾ ਮਨੁੱਖ ਕਿਸ ਵੇਲੇ ਸਾਹਮਣੇ ਆ ਜਾਵੇ ਪਤਾ ਨਹੀਂ ਚਲਦਾ। ਇਨਸਾਨ ਚੇਤਨ ਤੇ ਅਵਚੇਤਨ ਦੀ ਪੱਧਰ 'ਤੇ ਕਈ ਭੂਮਿਕਾਵਾਂ ਨਿਭਾਉਂਦਾ ਹੈ। ਸੰਸਾਰ ਪ੍ਰਸਿੱਧ ਪੱਛਮੀ ਵਿਦਵਾਨ ਜੋਸਫ਼ ਮਰਫੀ ਨੇ ਵੀ ਆਪਣੀ ਕਿਤਾਬ 'ਅਵਚੇਤਨ ਮਨ ਦੀ ਸ਼ਕਤੀ' ਵਿਚ ਮਨੁੱਖੀ ਮਨ ਅੰਦਰਲੀਆਂ ਪਰਤਾਂ ਦਾ ਖੁੱਲ ਦੇ ਵਰਣਨ ਕੀਤਾ ਹੈ।

ਕਹਾਣੀ ਦਾ ਮੁੱਖ ਪਾਤਰ ਮਦਨ ਨੌਜੁਆਨ ਹੈ, ਕੁਆਰਾ ਹੈ ਪਰ ਆਪਣੀ ਰੀੜ੍ਹ ਦੀ ਹੱਡੀ ਦੀ ਬੀਮਾਰੀ ਨਾਲ ਗ੍ਰਸ਼ਤ ਹੋਣ ਕਾਰਨ ਜ਼ਿੰਦਗੀ ਤੋਂ ਮੂੰਹ ਮੋੜ ਰਿਹਾ ਹੈ। ਪਰ ਇਹ ਬੀਮਾਰੀ ਉਸਦੇ ਮਨ ਅੰਦਰਲੀਆਂ ਅਤ੍ਰਿਪਤ ਭਾਵਨਾਵਾਂ ਨੂੰ ਦੱਬ ਨਹੀਂ ਪਾਉਂਦੀ। ਉਹ ਭਾਵਨਾਵਾਂ ਦੇ ਸਾਗਰਾਂ ਵਿਚ ਵਹਿ ਤੁਰਦਾ ਹੈ। ਵੀਰੀ ਵਿਚ ਉਸਨੂੰ ਜ਼ਿੰਦਗੀ ਦੀ ਲੋਅ ਵਿਖਾਈ ਦਿੰਦੀ ਹੈ। ਉਸਨੂੰ ਵੀਰੀ ਦਾ ਸਾਥ ਚੰਗਾ ਲਗਦਾ ਹੈ। ਅਤਰਜੀਤ ਆਪਣੀ ਇਸ ਕਹਾਣੀ ਰਾਹੀਂ ਮਰਦ-ਔਰਤ ਦੀ ਇਕ-ਦੂਜੇ ਵੱਲ ਖਿੱਚ ਨੂੰ ਕੁਦਰਤੀ ਕਿਰਿਆ ਵਾਂਗ ਪੇਸ਼ ਕਰਦਾ ਹੈ। ਪੱਛਮੀ ਦੇਸਾਂ ਦੇ ਮੁਕਾਬਲੇ ਭਾਰਤ ਵਿਚ ਔਰਤ-ਮਰਦ ਦੇ ਵਿਆਹ ਤੋਂ ਬਿਨਾਂ ਬਣਾਏ ਕਾਮ-ਸੰਬੰਧਾਂ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਸਮਾਜ ਵਿਚ ਅਜਿਹੇ ਸੰਬੰਧਾਂ ਲਈ ਕੋਈ ਥਾਂ ਨਹੀਂ ਹੈ। ਪੁਰਾਤਨ ਸਮੇਂ ਵਿਚਲੀ 'ਰਾਧਾ-ਕ੍ਰਿਸ਼ਨ' ਦੀ ਪ੍ਰੀਤ ਕਹਾਣੀ ਤੋਂ ਲੈ ਕੇ ਮੱਧਕਾਲੀ ਪੰਜਾਬੀ ਕਿੱਸਿਆਂ ਵਿਚਲੀਆਂ ਪ੍ਰੀਤ ਕਹਾਣੀਆਂ ਦਾ ਅੰਤ ਵੀ ਜਿਆਦਾਤਰ ਦੁਖਾਂਤਕ ਹੀ ਵੇਖਿਆ ਜਾਂਦਾ ਹੈ। ਕਹਾਣੀ 'ਖੋਲ ਵਿਚਲਾ ਮਨੁੱਖ' ਦਾ ਅੰਤ ਵੀ ਅਜਿਹਾ ਹੀ ਹੁੰਦਾ ਹੈ।

"ਉਸ ਨੂੰ ਅਹਿਸਾਸ ਹੋ ਰਿਹਾ ਸੀ ਕਿ ਉਸ ਨੂੰ ਜ਼ਰੂਰ ਕਿਸੇ ਸਹਾਰੇ ਦੀ ਜ਼ਰੂਰਤ ਹੈ, ਜੋ ਉਸ ਨੂੰ ਰੋਗੀ ਇਕੱਲਤਾ ਦੀ ਅਵਸਥਾ 'ਚੋਂ ਕੱਢ ਸਕੇ। ਚੇਤੰਨ ਤੌਰ 'ਤੇ ਉਸ ਨੂੰ ਕੁੰਤੀ ਦੇਵੀ ਦੀ ਨਹੀਂ, ਵੀਰੀ ਦੀ ਇਕ ਦਮ ਜ਼ਰੂਰਤ ਮਹਿਸੂਸ ਹੋ ਰਹੀ ਸੀ। ਇਸ ਇੱਛਾ ਨੂੰ ਉਹ ਕਿਸੇ ਵੀ ਸੂਰਤ ਵਿਚ ਦਬਾ ਨਹੀਂ ਸੀ ਸਕਦਾ-ਭਾਵੇਂ ਉਸ ਦੇ ਜ਼ਿਹਨ ਦੀ ਇਕ ਹੋਰ ਪਰਤ ਉਸ ਨੂੰ ਧਿਰਕਾਰ ਵੀ ਰਹੀ ਸੀ।"[6]

**'ਅੱਖਾਂ ਦੀ ਦਾਰੂ'** ਕਹਾਣੀ ਵਿਚਲਾ ਬਿਰਤਾਂਤ ਕਹਾਣੀਕਾਰ ਦੀ ਨਿੱਜੀ ਪਰਿਵਾਰਕ ਜ਼ਿੰਦਗੀ ਦੇ ਨਾਲ ਸੰਬੰਧਤ ਹੈ। ਕਹਾਣੀ ਵਿਚ ਗਰੀਬ ਪੇਂਡੂ ਕਿਰਸਾਨੀ ਜੀਵਨ ਦਾ ਸੰਜੀਵ ਚਿਤਰ ਪੇਸ਼ ਕੀਤਾ ਗਿਆ ਹੈ। ਇਹ ਕਹਾਣੀ **'ਰੇਤੇ ਦੇ ਮਹਿਲ'** ਵਿਚਲੀ ਹੀ ਪੇਂਡੂ ਕਿਰਸਾਨੀ ਦੀ ਸਥਿਤੀ ਨੂੰ ਹੀ ਫੋਕਸ ਕਰਦੀ ਨਜ਼ਰ ਆਉਂਦੀ ਹੈ। ਦੋਹਾਂ ਕਹਾਣੀਆਂ ਵਿਚ ਆਰਥਿਕ ਮੰਦਹਾਲੀ ਨੂੰ ਪੇਸ਼ ਕੀਤਾ ਗਿਆ ਹੈ। ਅਜੋਕੇ ਪਦਾਰਥਵਾਦੀ ਸਮੇਂ ਵਿਚ ਪਰਿਵਾਰਾਂ ਵਿਚ ਇਕੱਠੇ ਰਹਿਣ ਦੀ ਜੋ ਪਰੰਪਰਾ ਪਹਿਲਾਂ ਵਿਦਮਾਨ ਸੀ, ਹੁਣ ਦਮ ਤੋੜਦੀ ਨਜ਼ਰ ਆਉਂਦੀ ਹੈ। ਭਾਵੇਂ ਆਰਥਿਕਤਾ ਹੀ ਇਸ ਟੁੱਟ ਭੱਜ ਦਾ ਮੁੱਖ ਆਧਾਰ ਬਣਦੀ ਨਜ਼ਰ ਆਉਂਦੀ ਹੈ। ਆਰਥਿਕ ਥੁੜਾਂ ਕਾਰਨ ਹੀ ਮਨੁੱਖੀ ਸੁਭਾਅ ਵਿਚ ਤਬਦੀਲੀ ਆ ਰਹੀ ਹੈ। ਖੇਤੀ ਦਾ ਮਸ਼ੀਨੀਕਰਨ ਹੋਣ ਕਾਰਨ ਗਰੀਬ ਕਿਰਸਾਨਾਂ ਜਿਨਾਂ ਕੋਲ ਸਿਰਫ਼ ਗੁਜਾਰੇ ਜੋਗੀ ਜਾਂ ਥੋੜੀ ਜ਼ਮੀਨ ਹੈ, ਲਈ ਖੇਤੀ ਕਰਨਾ ਮੁਸ਼ਿਕਲ ਹੋ ਰਿਹਾ ਹੈ। ਗਰੀਬ ਕਿਸਾਨ ਸਿਰਫ਼ ਖੇਤੀ ਦੇ ਸਹਾਰੇ ਨਾਲ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਨਹੀਂ ਕਰ ਸਕਦਾ। ਇਹ ਵੀ ਇਕ ਮੁੱਖ ਕਾਰਨ ਹੈ ਕਿ ਗਰੀਬ ਕਿਸਾਨ ਖੇਤੀ ਨਾਲੋਂ ਟੁੱਟ ਕੇ ਸ਼ਹਿਰ ਵਿਚ ਕੰਮ-ਕਾਰ ਦੀ ਭਾਲ ਵਿਚ ਭਟਕਦਾ ਹੈ। ਅਜਿਹੀ ਭਟਕਨਾਂ ਵੀ ਉਸ ਨੂੰ ਪਰਿਵਾਰ ਨਾਲੋਂ ਤੋੜ ਰਹੀ ਹੈ। ਦਿਨੋਂ-ਦਿਨ ਵੱਧ ਰਹੀ ਮਹਿੰਗਾਈ ਨੇ ਗਰੀਬ ਕਿਸਾਨਾਂ ਦੀ ਹਾਲਤ ਹੋਰ ਵੀ ਤਰਸ਼ਯੋਗ ਕਰ ਦਿੱਤੀ ਹੈ। ਕਿਸਾਨਾਂ ਦੀ ਫ਼ਸਲ ਮੰਡੀਆਂ ਵਿਚ ਕਈ-ਕਈ ਦਿਨ ਰੁਲਦੀ ਰਹਿੰਦੀ ਹੈ। ਮਜਬੂਰੀਵਸ ਹੋ ਕੇ ਕਿਸਾਨਾਂ ਨੂੰ ਥੋੜੀਆਂ ਕੀਮਤਾਂ ਤੇ ਨਿੱਜੀ ਫਰਮਾਂ ਨੂੰ ਫ਼ਸਲ ਵੇਚਣੀ ਪੈ ਰਹੀ ਹੈ

"ਨਰਮਾਂ ਤਾਂ ਪਹਿਲਾਂ ਈ ਬਥੇਰਾ ਮੰਡੀ 'ਚ ਰੁਲੀ ਜਾਂਦੈ-ਬੋਲੀ ਨ੍ਹੀ ਲੱਗੀ। ਬੇਬੇ ਚੱਪ ਕਰ ਰਹੀ। ਉਸ ਨੇ ਵੇਖਿਆ ਕਿ ਬੇਬੇ ਨੂੰ ਸਰਦੀਆਂ ਵਾਸਤੇ ਮਾੜਾ ਮੋਟਾ ਸੂਟ ਵੀ ਚਾਹੀਦਾ ਹੈ। ਹੁਣ ਮੋਟੀ ਚਾਦਰ ਹੀ ਲਈ ਫਿਰਦੀ ਸੀ। ਉਹ ਆਪ ਵੀ ਤਾਂ ਕਈ ਟਾਕੀਆਂ ਵਾਲਾ ਕੁੜਤਾ ਪਾਈ ਫਿਰਦਾ ਸੀ। ਉਸ ਦੀ ਅੰਬਰਸਰੀ ਨੀਲੀ ਪੱਗ ਵੀ ਪਾਟ ਗਈ ਸੀ। ਦੁਹਾਂ ਕਛਹਿਰਿਆਂ ਨੂੰ ਵੀ ਟਾਕੀਆਂ ਲੱਗੀਆਂ ਹੋਇਆਂ ਸਨ।"[7]

ਅਤਰਜੀਤ ਕਹਾਣੀ ਰਾਹੀਂ ਅਮੀਰ-ਗਰੀਬ ਦੇ ਦਰਮਿਆਨ ਵੱਧ ਰਹੇ ਪਾੜੇ ਨੂੰ ਵੀ ਰੂਪਮਾਨ ਕਰਦਾ ਹੈ। ਪੜ੍ਹੇ-ਲਿਖੇ ਨੌਜੁਆਨ ਇਸ ਪ੍ਰਤੀ ਚੇਤੰਨ ਨਜ਼ਰ ਆਉਂਦੇ ਹਨ। ਆਰਥਿਕ ਕਾਣੀ-ਵੰਡ ਪ੍ਰਤੀ ਇਹ ਪੜਿਆ-ਲਿਖਿਆ ਨੌਜੁਆਨ ਵਰਗ ਪਿੰਡਾਂ ਤੇ ਸ਼ਹਿਰਾਂ ਵਿਚ ਰੋਸ਼ ਮੁਜਾਹਿਰੇ ਕਰਦਾ ਵਿਖਾਇਆ ਗਿਆ ਹੈ। ਇਸ ਕਹਾਣੀ ਵਿਚਲਾ ਨੌਜੁਆਨ ਪਾਤਰ ਭਜਨ ਜੋ ਕਿ ਸਹਿਰ ਕਾਲਜ ਵਿਚ ਪੜ੍ਹ ਰਿਹਾ ਹੈ, ਇਸ ਜਾਗਰੂਕ ਲਹਿਰ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦਾ ਹੈ। ਕਹਾਣੀ ਦੇ ਮੁੱਖ ਪਾਤਰ ਜਸੋ ਨੂੰ ਭਜਨ ਇਸ ਗੱਲੋਂ ਚੰਗਾ ਲਗਦਾ ਹੈ ਕਿ ਉਹ ਲੋਕ ਭਲਾਈ ਵਿਚ ਸਰਗਰਮ ਹੈ ਤੇ ਆਪਣੇ ਗੀਤਾਂ ਤੇ ਕਵਿਤਾਵਾਂ ਨਾਲ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਚੇਤੰਨ ਕਰ ਰਿਹਾ ਹੈ। ਇਕ ਸਮਾਂ ਸੀ ਜਦ ਜਸੋ ਵੀ ਇਨ੍ਹਾਂ ਸਮਾਜ ਸੁਧਾਰਕ ਲਹਿਰਾਂ ਵਿਚ ਸਰਗਰਮ ਸੀ ਪਰ ਪਰਿਵਾਰ ਦੀ ਮਾੜੀ ਆਰਥਿਕਤਾ ਨੇ ਉਸ ਦੇ ਪੈਰ ਘਰ ਵਲ ਮੋੜ ਦਿਤੇ। ਹੁਣ ਉਹ ਕੇਵਲ ਘਰ ਦੀ ਮਾੜੀ ਸਥਿਤੀ ਨੂੰ ਹੀ ਸੁਧਾਰਨ ਵਿਚ ਲਗਾ ਰਹਿੰਦਾ ਹੈ। ਇਸ ਕਹਾਣੀ ਵਿਚ ਕਹਾਣੀਕਾਰ ਭਵਿੱਖ ਪ੍ਰਤੀ ਆਸਾਵਾਦੀ ਹੈ। ਉਸ ਨੂੰ ਅਮੀਰ ਗਰੀਬ ਵਿਚਲੀ ਇਹ ਖਾਈ ਭਜਨ ਵਰਗੇ ਨੌਜੁਆਨ ਭਰਦੇ ਨਜ਼ਰ ਆਉਂਦੇ ਹਨ।

**'ਆਪਣੇ ਪਰਾਏ'** ਕਹਾਣੀ ਵਿਚ ਅਤਰਜੀਤ ਨੇ ਵਰਤਮਾਨ ਸਮੇਂ ਵਿਚ ਖੁੰਬਾਂ ਵਾਂਗ ਥਾਂ-ਥਾਂ ਉੱਗਦੇ ਜਾ ਰਹੇ ਧਰਮ ਦੇ ਠੇਕੇਦਾਰਾਂ ਦੇ ਡੇਰਿਆਂ ਦਾ ਪੁਰਜੋਰ ਵਿਰੋਧ ਕੀਤਾ ਹੈ। ਇਸ ਕਹਾਣੀ ਵਿਚ ਕਹਾਣੀਕਾਰ ਕਹਾਣੀ ਦੇ ਮੁੱਖ ਪਾਤਰ ਮਾਸਟਰ ਬਖਸ਼ੀਸ ਸਿੰਘ ਦਾ ਰੂਪ ਧਾਰ ਕੇ ਪੇਸ਼ ਹੁੰਦਾ ਹੈ। ਕਹਾਣੀ ਵਿਚ ਦਸਿਆ ਗਿਆ ਹੈ ਕਿ ਕਿਵੇਂ ਇਹ ਡੇਰੇ ਵਾਲੇ ਆਪਣਾ ਝੂਠਾ ਪ੍ਰਚਾਰ-ਪ੍ਰਸਾਰ ਕਰਵਾ ਕੇ ਭੋਲੇ-ਭਾਲੇ ਲੋਕਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ। ਸਮਾਜ ਵਿਚ ਫੈਲੇ ਇਨ੍ਹਾਂ ਦੇ ਦਲਾਲਾਂ ਵਰਗੇ ਸਰਧਾਲੂ ਲੋਕਾਂ ਵਿਚ ਅੰਧ-ਵਿਸ਼ਵਾਸ ਫੈਲਾ ਕੇ ਆਮ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਮਾਸਟਰ ਬਖਸ਼ੀਸ਼ ਸਿੰਘ ਲੋਕਾਂ ਨੂੰ ਇਸ ਮੋਹ ਜਾਲ਼ ਵਿਚੋਂ ਕੱਢਣ ਦਾ ਜਤਨ ਕਰਦਾ ਹੈ ਪਰ ਲੋਕਾਂ ਦੀ ਅੰਨ੍ਹੀ ਸਰਧਾ ਉਸ ਲਈ



ਮੁਸੀਬਤ ਬਣ ਜਾਂਦੀ ਹੈ। ਉਸਦੇ ਸਾਥੀ ਅਧਿਆਪਕ ਇਸ ਸੰਘਰਸ਼ ਵਿਚ ਉਸ ਦਾ ਸਾਥ ਨਹੀਂ ਦਿੰਦੇ। ਪਰ ਬਖਸ਼ੀਸ਼ ਸਿੰਘ ਆਪਣੇ ਵਿਸ਼ਵਾਸ ਉਪਰ ਕਾਇਮ ਹੈ। ਉਹ ਇਨ੍ਹਾਂ ਵਿਪਰੀਤ ਹਾਲਾਤਾਂ ਦਾ ਡੱਟ ਕੇ ਸਾਹਮਣਾ ਕਰਦਾ ਹੈ। ਕਹਾਣੀ ਵਿਚ ਡੇਰੇ ਦੇ ਇਨ੍ਹਾਂ ਆਗੂਆਂ ਨੂੰ ਕਹਾਣੀਕਾਰ ਤਾਨਾਸ਼ਾਹ ਵਾਂਗ ਪੇਸ਼ ਕਰਦਾ ਹੈ। ਰਾਜਨੀਤਕ ਸੁਰੱਖਿਆ ਪ੍ਰਾਪਤ ਇਹ ਝੂਠੇ ਰੱਬ ਲੋਕਾਂ ਦੀ ਸੋਚਣ ਸਮਝਣ ਦੀ ਸ਼ਕਤੀ ਨੂੰ ਖਤਮ ਕਰ, ਉਨ੍ਹਾਂ ਦੀ ਮਾਨਸਿਕਤਾ ਨੂੰ ਗੁਲਾਮ ਬਣਾ ਰਹੇ ਹਨ। ਅਨਪੜ ਪੇਂਡੂ ਲੋਕ ਤਾਂ ਇਕ ਪਾਸੇ ਪੜ੍ਹੇ-ਲਿਖੇ ਸਮਾਜ ਦੇ ਪੈਰੋਕਾਰ ਉਸਦੇ ਸਾਥੀ ਅਧਿਆਪਕ ਵੀ ਇਸ ਡੇਰੇਵਾਦ ਦੇ ਸਮਰਥਕ ਹਨ। ਇਥੋਂ ਤਕ ਕਿ ਮਾਸਟਰ ਬਖਸ਼ੀਸ਼ ਸਿੰਘ ਦੀ ਧਰਮ-ਪਤਨੀ ਗੁਰਬੰਤ ਕੌਰ ਵੀ ਡੇਰੇ ਪ੍ਰਤੀ ਸਰਧਾ ਭਾਵ ਰੱਖਦੀ ਹੈ। ਉਹ ਕਈ ਵਾਰ ਬਖਸ਼ੀਸ਼ ਸਿੰਘ ਨੂੰ ਡੇਰੇ ਦਾ ਵਿਰੋਧ ਕਰਨ ਤੋਂ ਵੀ ਰੋਕਦੀ ਹੈ।

ਕਹਾਣੀ ਦਾ ਮੁੱਖ ਪਾਤਰ ਮਾਸਟਰ ਬਖਸ਼ੀਸ਼ ਸਿੰਘ ਨਿਮਨ ਵਰਗ ਨਾਲ ਸੰਬੰਧਤ ਹੈ। ਉਹ ਬਚਪਨ ਤੋਂ ਹੀ ਸਮਾਜਕ ਭੇਦਭਾਵ ਦਾ ਸ਼ਿਕਾਰ ਹੈ। ਉਹ ਆਪਣੇ ਸਾਥੀ ਅਧਿਆਪਕ ਸਾਸ਼ਤਰੀ ਜੀ ਨੂੰ ਆਪਣੇ ਬਚਪਨ ਦੀ ਇਕ ਘਟਨਾ ਦਸਦਾ ਹੈ ਕਿ ਕਿਸ ਤਰ੍ਹਾਂ ਇਹ ਉੱਚ ਵਰਗੀ ਲੋਕ ਡੇਰੇ ਗੁਰਦਵਾਰਿਆਂ ਵਰਗੇ ਧਾਰਮਿਕ ਸਥਾਨਾਂ ਨੂੰ ਆਪਣੀ ਨਿੱਜੀ ਜਾਇਦਾਤ ਸਮਝਦੇ ਹਨ ਤੇ ਛੋਟੀ ਜਾਤ ਵਾਲਿਆਂ ਨਾਲ ਵਿਤਕਰਾ ਕਰਦੇ ਹਨ-"ਸਾਸ਼ਤਰੀ ਜੀ, ਮੈਂ ਜਾਣਦਾ ਇਨ੍ਹਾਂ ਡੇਰਿਆਂ ਗੁਰਦੁਆਰਿਆਂ ਵਾਲਿਆਂ ਨੂੰ"-ਉਹ ਜਜਬਾਤੀ ਹੋ ਗਿਆ-"ਜਦੋਂ ਮੈਂ ਛੋਟਾ ਜਿਹਾ ਹੁੰਦਾ ਸੀ -ਮੈਂ ਆਪਣੇ ਬਾਬੇ ਜਾਂ ਬਾਪ ਨਾਲ ਗੁਰਦੁਆਰੇ ਚਲੇ ਜਾਣਾ। ਸਾਨੂੰ ਬਾਹਰ ਵਰਾਂਡੇ ਵਿਚ ਦੇਗ ਮਿਲਣੀ। ਪਹਿਲਾਂ ਬਾਟੇ ਵਾਲੇ ਸਿੱਖ ਨੇ ਹੋਰ ਸਿੱਖ ਨੂੰ ਫੜਾਉਣੀ ਤੇ ਉਸ ਨੇ ਹੋਰ ਨੂੰ।"[8]


ਇਸ ਤਰ੍ਹਾਂ ਕਹਾਣੀ ਸੰਗ੍ਰਹਿ **'ਅਦਨਾ ਇਨਸਾਨ'** ਦਾ ਵਿਸ਼ੇ ਪੱਖ ਤੋਂ ਵਿਸ਼ਲੇਸ਼ਣ ਉਪਰੰਤ ਸਹਿਜੇ ਹੀ ਕਹਿ ਸਕਦੇ ਹਾਂ ਕਿ ਅਤਰਜੀਤ ਸਹੀ ਤੇ ਸੱਚੇ ਅਰਥਾਂ ਵਿਚ ਆਪਣੀਆਂ ਕਹਾਣੀਆਂ ਦੇ ਵਿਸ਼ੇ ਦੇ ਨਾਲ ਨਿਆਂ ਕਰਦਾ ਹੈ। ਉਸਦੀਆਂ ਕਹਾਣੀਆਂ ਦੇ ਸਾਰੇ ਪਾਤਰ ਅਜੋਕੇ ਸਮਾਜ ਵਿਚ ਆਪਣੀ ਸਮਾਜਿਕ ਬਰਾਬਰੀ ਵਾਲੀ ਹੋਂਦ ਨੂੰ ਸਥਾਪਿਤ ਕਰਨ ਦੀ ਖਾਹਿਸ਼ ਅਧੀਨ ਸੰਘਰਸ਼ ਕਰਦੇ ਨਜ਼ਰ ਆਉਂਦੇ ਹਨ। ਚਾਹੇ ਉਹ **'ਅਦਨਾ ਇਨਸਾਨ'** ਦਾ ਸ਼ਾਮ ਲਾਲ ਹੈ ਜਾਂ ਫਿਰ **'ਆਪਣੇ ਪਰਾਏ'** ਦਾ ਮਾਸਟਰ ਬਖਸੀਸ਼ ਸਿੰਘ। ਕਹਾਣੀਕਾਰ ਛੋਟੀ ਪੇਂਡੂ ਕਿਰਸਾਨੀ ਤੇ ਇਸ ਮਾੜੀ ਆਰਥਿਕਤਾ ਕਾਰਨ ਟੁੱਟ ਰਹੇ ਪਰਿਵਾਰਾਂ ਦੇ ਬਿਰਤਾਂਤ ਨੂੰ **'ਰੇਤੇ ਦਾ ਮਹਿਲ'** ਤੇ **'ਅੱਖਾਂ ਦਾ ਦਾਰੂ'** ਰਾਹੀਂ ਬੜੇ ਕਲਾਤਮਕ ਢੰਗ ਨਾਲ ਬਿਆਨ ਕਰਦਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਅਤਰਜੀਤ ਕਹਾਣੀ ਸੰਗ੍ਰਹਿ **'ਅਦਨਾ ਇਨਸਾਨ'** ਰਾਹੀਂ ਸਾਡੇ ਸਮਾਜ ਦੇ ਜਾਤੀ ਵਿਤਕਰੇ ਵਾਲੇ ਕੋਹੜ ਦੀ ਅਪਣੇ ਨਿੱਜੀ ਅਨੁਭਵਾਂ ਦੀ ਕਲਮ ਨਾਲ ਬੜੀ ਸੁੱਚਜਤਾ ਨਾਲ ਬੇਪਰਦਾ ਕਰਨ ਵਿਚ ਸਫ਼ਲ ਰਿਹਾ ਹੈ।

**ਹਵਾਲੇ ਤੇ ਟਿਪਣੀਆਂ**


1. ਵੀਰਪਾਲ ਕੌਰ, ਦਲਿਤ ਸੰਵੇਦਨਾ ਅਤੇ ਅਤਰਜੀਤ ਦੀ ਕਥਾ ਵਿਧੀ, ਪੰਨਾ-28.
2. ਗੁਰਬਚਨ ਸਿੰਘ ਭੁੱਲਰ, ਪ੍ਰਵੇਸ਼ਿਕਾ, ਕਹਾਣੀ ਕੌਣ ਲਿਖੇਗਾ, ਪੰਨਾ-10.
3. ਅਤਰਜੀਤ, ਅਦਨਾ ਇਨਸਾਨ, ਪੰਨਾ-17.
4. -ਉਹੀ- ਪੰਨਾ-36.
5. -ਉਹੀ- ਪੰਨਾ-57.
6. -ਉਹੀ- ਪੰਨਾ-72.
7. -ਉਹੀ- ਪੰਨਾ-84.
8. -ਉਹੀ- ਪੰਨਾ-106.


**(ਲੈਕਚਰਰ ਪੰਜਾਬੀ, ਕਰਨਾਲ (ਹਰਿਆਣਾ), ਮੋਬਾ.9050829378)**

# ਹਾਸ਼ੀਅਤ ਧਿਰਾਂ ਦੇ ਰੁਦਨ ਤੋਂ ਵਿਦਰੋਹ ਤੱਕ ਦੇ ਕਥਾ ਬਿਰਤਾਂਤ : ਹਾਰੀਂ ਨਾ ਬਚਨਿਆਂ - ਜੇ. ਬੀ. ਸੇਖੋਂ




ਬਸਤੀਵਾਦੀ ਦੌਰ ਵਿੱਚ ਪਨਪੀ ਆਧੁਨਿਕ ਪੰਜਾਬੀ ਕਹਾਣੀ ਨੇ ਆਪਣੇ ਪਹਿਲੇ ਪੜਾਅ ਵਿੱਚ ਪੰਜਾਬੀ ਸਮਾਜ ਦੇ ਚਲੰਤ ਮੁੱਦਿਆਂ ਤੇ ਮਸਲਿਆਂ ਨੂੰ ਸੁਧਾਰ ਤੇ ਆਦਰਸ਼ ਦੀ ਕੁੰਜ ਵਿੱਚ ਲਪੇਟ ਕੇ ਪੇਸ਼ ਕੀਤਾ ਹੈ। ਦੂਜੇ ਪੜਾਅ ਦੀ ਕਹਾਣੀ ਦਾ ਕੇਂਦਰ ਵਰਗੀ ਸਮਾਜ ਦੀਆਂ ਵਿਸੰਗਤੀਆਂ ਸਨ ਜਿਨ੍ਹਾਂ ਨੂੰ ਆਰਥਿਕ ਵੰਡੀਆਂ ਵਾਲੀ ਫਾਰਮੂਲੇਸ਼ਨ ਵਿੱਚ ਸਮਝਣ ਦੇ ਰੁਝਾਨ ਕਹਾਣੀ ਦੇ ਹੁਨਰੀ ਸ਼ਿਲਪ ਵਿੱਚ ਭਾਰੂ ਰਹੇ ਹਨ। ਤੀਜੇ ਪੜਾਅ ਦੀ ਕਹਾਣੀ ਨੇ ਪੀਡੀ ਸਮਾਜਿਕ ਵਿਵਸਥਾ ਦੇ ਮਨੋਵਿਗਿਆਨਕ ਤੇ ਸੰਸਕ੍ਰਿਤਕ ਅਵਚੇਤਨ ਨੂੰ ਤਲਾਸ਼ਣ ਦੇ ਉੱਦਮ ਕੀਤੇ ਅਤੇ ਕਹਾਣੀ ਦਾ ਰਚਨਾਤਮਿਕ ਦਾਇਰਾ ਵਸੀਹ ਕੀਤਾ। ਚੌਥੇ ਪੜਾਅ ਦੀ ਕਹਾਣੀ ਨੇ ਦਿਸਦੇ ਵਰਤਾਰਿਆਂ ਦੀ ਤਹਿ ਹੇਠ ਸੁਲਘਦੇ ਸਵਾਲਾਂ ਨੂੰ ਜਟਿਲ ਬਿਰਤਾਂਤਕ ਜੁਗਤਾਂ ਨਾਲ ਪੇਸ਼ ਕੀਤਾ। ਵਿਸ਼ਵੀਕਰਨ ਤੇ ਕਾਰਪੋਰੇਟ ਸੱਤਾ ਦੇ ਦਾਬੇ ਵਾਲਾ ਇਹ ਦੌਰ ਕਈ ਕਿਸਮ ਦੀਆਂ ਸਮਾਜਿਕ ਤੇ ਸਭਿਆਚਾਰਕ ਤਬਦੀਲੀਆਂ ਵਾਲਾ ਰਿਹਾ ਜਿਸ ਦੌਰ ਦੀ ਵਿਚਲਿਤ ਪੰਜਾਬੀ ਸੰਵੇਦਨਾ ਦੇ ਅਨੇਕਾਂ ਪਾਸਾਰ ਇਸ ਪੜਾਅ ਦੀ ਕਹਾਣੀ ਦਾ ਹਿੱਸਾ ਬਣੇ। ਇਸ ਪੜਾਅ ਦੇ ਕਹਾਣੀਕਾਰਾਂ ਨੇ ਇਕ ਪਾਸੇ ਉਪਭੋਗੀ ਸੰਸਕ੍ਰਿਤੀ ਦੇ ਵਹਿਣ ਵਿੱਚ ਰੁੜ੍ਹੇ ਜਾਂਦੇ ਸਬਰ, ਸੰਤੋਖ ਤੇ ਸਹਿਜ ਜ਼ਿੰਦਗੀ ਵਾਲੇ ਪੰਜਾਬੀ ਸੁਭਾਅ ਦੀ ਟੁੱਟ ਭੱਜ ਤੇ ਤਣਾਅ ਨੂੰ ਫੜਿਆ ਦੂਜੇ ਪਾਸੇ ਵਰਗੀ ਵਿਵਸਥਾ ਵਾਲੇ 'ਵਿਕਸਤ' ਸਮਾਜ ਦੇ ਤਹਿਖਾਨੇ ਵਿੱਚ ਲੁਕੇ ਰਹਿੰਦੇ ਜਗੀਰੂ ਅਵਚੇਤਨ ਵਾਲੇ ਜਾਤੀ, ਨਸਲੀ, ਲਿੰਗਕ ਵਰਤਾਰਿਆਂ ਤੋਂ ਉਤਪੰਨ ਵਿਸ਼ਾਦ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ਨੂੰ ਨੌਜਵਾਨ ਕਹਾਣੀਕਾਰਾਂ ਦੇ ਵਿਕਲੋਤਰੇ ਅਨੁਭਵਾਂ ਨੇ ਇਕੋ ਵਾਰੀ ਕਿਸਾਨੀ, ਨਾਰੀ, ਦਲਿਤ, ਨਵ-ਪਰਵਾਸ, ਮੂਲੋਂ ਹਾਸ਼ੀਅਤ ਧਿਰਾਂ ਦੇ ਸੰਤਾਪ ਸਮੇਤ ਅਨੇਕਾਂ ਵਿਸ਼ਿਆਂ ਦੇ ਰੂ-ਬ-ਰੂ ਕੀਤਾ। ਜਿਹੜੇ ਕਹਾਣੀਕਾਰ ਚੌਥੇ ਪੜਾਅ ਦੀ ਕਹਾਣੀ ਦੇ ਸੁਤੰਤਰ ਸਰੂਪ ਨੂੰ ਸਥਾਪਿਤ ਕਰਨ ਵਿੱਚ ਸਰਗਰਮ ਰਹੇ ਉਨ੍ਹਾਂ ਵਿੱਚ ਗੁਰਮੀਤ ਕੜਿਆਲਵੀ ਦਾ ਨਾਮ ਵਿਸ਼ੇਸ਼ ਹੈ। ਗੁਰਮੀਤ ਕੜਿਆਲਵੀ ਉਨ੍ਹਾਂ ਕਹਾਣੀਕਾਰਾਂ ਦੀ ਕਤਾਰ ਵਿੱਚ ਹੈ ਜਿਨ੍ਹਾਂ ਦੇ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਵਿੱਚ ਹਾਸ਼ੀਆਗ੍ਰਸਤ ਧਿਰਾਂ ਦੀ ਵੇਦਨਾ ਤਿੱਖੇ ਅਤੇ ਉਗਰ ਰੂਪ ਵਿੱਚ ਪ੍ਰਗਟ ਹੁੰਦੀ ਹੈ। ਪੰਜਾਬੀ ਕਹਾਣੀ ਵਿੱਚ ਦਲਿਤ ਪਾਤਰ ਦੇ ਵਸਤੂ ਵੇਰਵੇ ਆਰੰਭ ਤੋਂ ਹੀ ਇਸਦੀ ਵਸਤੂ ਰਹੇ ਹਨ ਪਰ ਦਲਿਤ ਮਨੁੱਖ ਦੀ ਸਾਲਮ ਹੋਂਦ 'ਤੇ ਪਸਰੇ ਪਛਾਣ ਸੰਕਟਾਂ ਨੂੰ ਇਤਿਹਾਸਕ/ਮਿਥਿਹਾਸਕ ਪ੍ਰਸੰਗਾਂ ਵਿੱਚ ਪੇਸ਼ ਕਰਦਿਆਂ ਇਸ ਮਨੁੱਖ ਦੇ ਚੇਤਨ/ਅਵਚੇਤਨ ਦਵੰਦ ਨੂੰ ਚੌਥੇ ਪੜਾਅ ਦੀ ਕਹਾਣੀ ਨੇ ਸਾਂਭਿਆ



ਸੰਚਾਰਿਆ ਹੈ। ਭਾਰਤੀ ਸਮਾਜਿਕ ਵਿਵਸਥਾ ਦੇ ਚੀੜ੍ਹੇ ਸੁਭਾਅ ਵਿੱਚ ਜਾਤ ਤੋਂ ਬੰਦੇ ਦੀ ਪਛਾਣ ਅਤੇ ਉਸ ਪਛਾਣ ਦੁਆਲੇ ਘੜੀਆਂ ਮਿੱਥਾਂ ਦਾ ਮੱਕੜਜਾਲ ਅਣਮਨੁੱਖੀ ਹੈ। ਕੜਿਆਲਵੀ ਆਪਣੀਆਂ ਕਹਾਣੀਆਂ ਵਿੱਚ ਭਾਰਤੀ ਸਮਾਜਿਕ ਵਿਵਸਥਾ ਦੇ ਇਸੇ ਕਰੂਰ ਚਿਹਰੇ ਨੂੰ ਚਿਤਰਦਾ ਹੈ। ਉਸਨੇ ਭਾਰਤ ਦੀ ਸਮਾਜਿਕ ਤੇ ਸਭਿਆਚਾਰਕ ਸੰਰਚਨਾ ਵਿੱਚ ਜਾਤੀ ਭੇਦਭਾਵ ਨਾਲ ਮੌਨ ਕੀਤੀਆਂ ਧਿਰਾਂ ਦੇ ਸੰਤਾਪ ਨੂੰ ਪੇਸ਼ ਕਰਦਿਆਂ ਸੰਵਾਦੀ ਰਚਨਾਵਾਂ ਸਿਰਜੀਆਂ ਹਨ। ਉਸਦੀ ਕਹਾਣੀ ਦਾ ਪਾਤਰ ਜਾਤੀ/ਜਮਾਤੀ ਪ੍ਰਬੰਧ ਦੀਆਂ ਵਿਸੰਗਤੀਆਂ ਦਾ ਭੰਨਿਆਂ ਤੇ ਦਰੜਿਆ ਮਨੁੱਖ ਹੈ ਜਿਹੜਾ ਆਪਣੀ ਮੌਲਿਕ ਪਛਾਣ ਦੇ ਸੰਕਟ ਨਾਲ ਜੂਝਦਾ ਹੈ। ਲੇਖਕ ਅਜਿਹੇ ਪਾਤਰ ਨੂੰ ਰੁਦਨ ਤੋਂ ਵਿਦਰੋਹ ਤੱਕ ਦੀ ਯਾਤਰਾ ਦੇ ਬਿਰਤਾਂਤਕ ਪੈਟਰਨ ਵਿੱਚ ਪੇਸ਼ ਕਰਦਾ ਹੈ। ਇਸ ਨਾਲ ਉਸਦੀ ਕਹਾਣੀ ਉੱਚੀ ਸੁਰ ਅਖਤਿਆਰ ਕਰਦੀ ਹੋਈ ਦਲਿਤ ਬੰਦੇ ਦੀ ਸਦੀਆਂ ਤੋਂ ਜਬਰ ਤੇ ਸਬਰ ਨਾਲ ਘੁੱਟੀ ਆਵਾਜ਼ ਨੂੰ ਇਕ ਮੜਕ ਤੇ ਰੋਹਬ ਦਿੰਦੀ ਹੈ। ਇਹ ਮੜਕ ਕਈ ਵਾਰ ਆਪਣੇ ਤੀਬਰ ਵੇਗ ਕਰਕੇ ਬਿਰਤਾਂਤਕ ਸਾਹਿਤ ਦੇ ਮੂਲ ਪ੍ਰਤਿਮਾਨਾਂ ਨੂੰ ਉਲੰਘ ਜਾਂਦੀ ਹੈ ਪਰ ਸਮਾਜਿਕ ਚਿੱਤਰਪੱਟ 'ਤੇ ਧੁੰਦਲੀ ਰਹਿੰਦੀ ਇਹ ਹਾਸ਼ੀਅਤ ਆਵਾਜ਼ ਅਜਿਹੀ ਊਰਜਾ ਹਾਸਿਲ ਕਰਕੇ ਸੱਤਾ ਨੂੰ ਸਮਝਣ ਅਤੇ ਇਸਦੇ ਗਲਿਆਰਿਆਂ ਨੂੰ ਵੰਗਾਰਨ ਦੀ ਸੋਝੀ ਦਾ ਸੰਚਾਰ ਕਰਨ ਵਿੱਚ ਜ਼ਰੂਰ ਸਫ਼ਲ ਰਹਿੰਦੀ ਹੈ। ਕੜਿਆਲਵੀ ਇਸ ਸੋਝੀ ਨੂੰ ਬਿਰਤਾਂਤ ਦੀ ਦ੍ਰਿਸ਼ਟੀ ਬਣਾ ਕੇ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਲੇਖਕ ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਦੀ ਬਦਲੀ ਸਮਾਜਿਕ-ਆਰਥਿਕ ਤੋਰ ਦਾ ਜਾਣੂੰ ਹੈ ਜਿਸ ਵਿੱਚ ਅਸਾਵੇਂ ਪਦਾਰਥਕ ਵਿਕਾਸ ਦੀ ਅੱਖਾਂ ਨੂੰ ਚੁੰਧਿਆਂਦੀ ਰੌਸ਼ਨੀ ਨੇ ਪੰਜਾਬ ਦੇ ਸਹਿਜ ਤੇ ਸੰਤੋਖੀ ਜੀਵਨ ਨੂੰ ਉਲੱਦ ਦਿੱਤਾ ਹੈ। ਵਿਸ਼ਵੀਕਰਨ ਦੀਆਂ 'ਬਰਕਤਾਂ' ਨੇ ਜਿਸ ਤਰ੍ਹਾਂ ਦੀ ਉਪਭੋਗੀ ਸੰਸਕ੍ਰਿਤੀ ਦਾ ਫੈਲਾਅ ਕਰਕੇ ਅਨੇਕਾਂ ਸਮਾਜਿਕ,ਆਰਥਿਕ ਅਤੇ ਸਭਿਆਚਾਰਕ ਸੰਕਟਾਂ ਨੂੰ ਜਨਮ ਦਿੱਤਾ ਹੈ ਉਸਦੇ ਬਿਰਤਾਂਤਕ ਵੇਰਵੇ ਲੇਖਕ ਦੇ ਕਥਾ ਸੰਸਾਰ ਦਾ ਹਿੱਸਾ ਬਣਦੇ ਆਏ ਹਨ। ਗੁਰਮੀਤ ਕੜਿਆਲਵੀ ਹੁਣ ਤੱਕ 'ਅੱਕ ਦਾ ਬੂਟਾ', 'ਊਣੇ', ਆਤੂ ਖੋਜੀ' ਅਤੇ 'ਢਾਲ' ਕਹਾਣੀ ਸੰਗ੍ਰਿਹ ਲਿਖ ਚੁੱਕਾ ਹੈ। ਇਨ੍ਹਾਂ ਕਥਾ ਪੁਸਤਕਾਂ ਦੁਆਰਾ ਉਸਨੇ ਵਿਸ਼ਵੀਕਰਨ ਤੋਂ ਬਾਅਦ ਦੇ ਪੰਜਾਬੀ ਸਮਾਜ ਦੀਆਂ ਜਾਤੀ/ਜਮਾਤੀ ਵਿਸੰਗਤੀਆਂ ਨੂੰ ਪੇਸ਼ ਕਰਦਿਆਂ ਹਾਸ਼ੀਆਗ੍ਰਸਤ ਲੋਕਾਂ ਦੀ ਸੰਵੇਦਨਾ ਨੂੰ ਤਿੱਖੀ ਤੇ ਉਗਰ ਸੁਰ ਦਿੱਤੀ ਹੈ।

**'ਹਾਰੀਂ ਨਾ ਬਚਨਿਆਂ'** (**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ: 250 ਰੁਪਏ, ਪੰਨੇ :173, ਸਾਲ: 2020**) ਲੇਖਕ ਦਾ ਪੰਜਵਾਂ ਕਹਾਣੀ ਸੰਗ੍ਰਿਹ ਹੈ, ਜਿਸ ਵਿੱਚ ਦਰਜ ਸੱਤ ਕਹਾਣੀਆਂ ਦੁਆਰਾ ਲੇਖਕ ਨੇ ਪੰਜਾਬ ਦੇ ਵਰਤਮਾਨ ਸਮਾਜਿਕ ਯਥਾਰਥ ਦੀ ਕਰੂਰਤਾ ਦੇ ਫਾਥੇ ਵਿੱਚ ਫਸੀ ਮਨੁੱਖਤਾ ਦੀ ਮਹਿਜ਼ ਤਸਵੀਰਕਸ਼ੀ ਹੀ ਨਹੀਂ ਕੀਤੀ ਸਗੋਂ ਇਸ ਪ੍ਰਬੰਧ ਦੇ ਕਿੰਗਰੇ ਢਾਹੁਣ ਵਾਲੀ ਬਿਰਤਾਂਤਕ ਦ੍ਰਿਸ਼ਟੀ ਦਾ ਸੰਚਾਰ ਵੀ ਕੀਤਾ ਹੈ। ਇਨ੍ਹਾਂ ਕਹਾਣੀਆਂ ਦੀ ਪੜਤ ਦੁਆਰਾ ਕੜਿਆਲਵੀ ਦੀ ਕਥਾ ਦ੍ਰਿਸ਼ਟੀ ਚੌਥੇ ਪੜਾਅ ਦੇ ਕੁਝ ਹੋਰ ਕਹਾਣੀਕਾਰਾਂ ਵਾਂਗ ਉੱਤਰ ਪ੍ਰਗਤੀਵਾਦ ਦੇ ਮੁਹਾਂਦਰੇ ਵਿੱਚ ਆਉਂਦੀ ਦਿਸਦੀ ਹੈ। ਬੇਸ਼ੱਕ ਪ੍ਰਗਤੀਵਾਦੀ ਸ਼ਬਦ ਮਾਰਕਸੀ ਵਿਸ਼ਵ ਦ੍ਰਿਸ਼ਟੀ ਨਾਲ ਨੱਥੀ ਹੋਣ ਕਰਕੇ ਪ੍ਰਗਤੀਵਾਦੀ ਚੇਤਨਾ ਦੇ ਹੋਰ ਸਥਾਨਕ ਦਾਅਵਿਆਂ ਨੂੰ ਉਲੰਘਦਾ ਰਿਹਾ ਹੈ ਪਰ ਚੌਥੇ ਪੜਾਅ ਦੇ ਕਹਾਣੀਕਾਰਾਂ ਨੇ ਮਾਰਕਸੀ ਜੀਵਨ ਦ੍ਰਿਸ਼ਟੀ ਨਾਲ ਵਿਰੋਧ, ਸੰਵਾਦ ਅਤੇ ਸਮਨਵੈ ਤਿੰਨਾਂ ਤਰ੍ਹਾਂ ਦਾ ਰਿਸ਼ਤਾ ਰੱਖ ਕੇ ਪ੍ਰਗਤੀਵਾਦੀ ਚੇਤਨਾ ਦਾ ਹੋਰ ਵਿਸਥਾਰ ਕੀਤਾ ਹੈ। ਇਹ ਰਿਸ਼ਤਾ ਕਹਾਣੀ ਦੇ ਕੇਂਦਰੀ ਪਾਤਰ ਦੀ ਸਥਿਤੀ ਤੇ ਮਨੋ ਸਥਿਤੀ ਦੁਆਰਾ ਜ਼ਿਆਦਾ ਉਭਰਿਆ ਹੈ।

ਗੁਰਮੀਤ ਕੜਿਆਲਵੀ ਦੇ ਇਸ ਕਥਾ ਸੰਗ੍ਰਿਹ ਦੇ ਪਾਤਰ ਪ੍ਰਤੀਕੂਲ ਸਥਿਤੀਆਂ ਅਤੇ ਕੋਝੇ ਜੀਵਨ ਹਾਲਾਤ ਨਾਲ ਗਹਿ ਗੱਚ ਹਨ ਪਰ ਜੀਣ-ਥੀਣ ਦੀ ਮੜਕ ਗੁਆਚਣ ਨਹੀਂ ਦਿੰਦੇ। ਦਲਿਤ

ਵਰਗ ਦੇ ਪਾਤਰ ਆਤਮ ਗਿਲਾਨੀ, ਅਪਰਾਧ ਬੋਧ, ਸ਼ਿਕਾਇਤੀ ਤੇ ਰੋਦੂ ਮਾਨਸਿਕਤਾ ਵਾਲੀ ਤਾਲ ਵਿੱਚ ਨਹੀਂ ਸਗੋਂ ਆਪਣੀ ਸੁਤੰਤਰ ਹੋਂਦ ਦੀ ਲੜਾਈ ਲੜਦੇ ਸੰਘਰਸ਼ ਰੱਤੇ ਰਹਿੰਦੇ ਹਨ। ਸੰਘਰਸ਼ ਦੀ ਇਸ ਰੂੜੀ ਦੇ ਨਾਲ-ਨਾਲ ਉਸਦਾ ਕਥਾ ਸੰਗਠਨ ਪਿੱਛਲਝਾਤ ਤਕਨੀਕ, ਚੇਤੰਨ ਵਾਰਤਾਲਾਪ, ਨੇਕ ਤੇ ਬੁਰੇ ਪਾਤਰਾਂ ਦੇ ਵਿਰੋਧੀ ਸੁਭਾਅ, ਨਾਟਕੀਅਤਾ ਅਤੇ ਭਾਸ਼ਾ ਦੀ ਕੁਸ਼ਲ ਵਰਤੋਂ ਦੁਆਰਾ ਹਰ ਮਾਨਸਿਕ ਪੱਧਰ ਦੇ ਪਾਠਕਾਂ ਲਈ ਪੜ੍ਹਨਯੋਗ ਟੈਕਸਟ ਦੇ ਰੂਪ ਵਿੱਚ ਉਸਰਦਾ ਹੈ।

ਗੁਰਮੀਤ ਕੜਿਆਲਵੀ ਦੀ ਕਹਾਣੀ ਦੇ ਬਿਰਤਾਂਤਕ ਥੀਮ ਵਿੱਚ ਰਾਜਸੀ ਬੁਰਛਾਗਰਦੀ, ਦਫ਼ਤਰੀ ਭ੍ਰਿਸ਼ਟਾਚਾਰ, ਨੈਤਿਕ ਸੰਕਟ, ਉਪਭੋਗਤਾਵਾਦ, ਮੱਧਵਰਗੀ ਜੀਵ ਦੀਆਂ ਵਿਸੰਗਤੀਆਂ ਸਮੇਤ ਹਾਸ਼ੀਅਤ ਧਿਰਾਂ ਦੇ ਦਮਨ ਦਾ ਸਰੂਪ ਕਈ ਸ਼ੇਡਜ਼ ਵਿੱਚ ਪ੍ਰਗਟ ਹੁੰਦਾ ਹੈ। ਮਨੁੱਖ ਅੰਦਰਲੀ ਜਗੀਰੂ ਮਾਨਸਿਕਤਾ ਇਸ ਪ੍ਰਬੰਧ ਨੂੰ ਹਵਾ ਦਿੰਦੀ ਉਸ ਸਥਾਪਤੀ ਦਾ ਸਿੱਧਾ ਪੱਖ ਪੂਰਦੀ ਹੈ, ਜਿਸਦੀ ਚਲਦੀ ਚੱਕੀ ਵਿੱਚ ਨਿੱਕੇ-ਨਿੱਕੇ ਅੰਤਰ ਵਿਰੋਧ ਵਾਲੀਆਂ ਧਿਰਾਂ ਇਕਸਾਰ ਪੀਸੀਆਂ ਜਾਂਦੀਆਂ ਹਨ। ਲੇਖਕ ਇਨ੍ਹਾਂ ਅੰਤਰ ਵਿਰੋਧਾਂ ਵਿੱਚ ਘਿਰੀਆਂ ਧਿਰਾਂ ਨੂੰ ਸੰਘਰਸ਼ ਦੇ ਸਾਂਝੇ ਮੁਹਾਜ਼ ਲਈ ਲਾਮਵੰਦ ਕਰਦਾ ਹੈ। **'ਛਿਲਤਰਾਂ'** ਕਹਾਣੀ ਵਿੱਚ ਬੇਜ਼ਮੀਨਾ ਦਲਿਤ ਵਰਗ ਸ਼ਾਮਲਾਟ ਵਿੱਚ ਤੀਜੇ ਹਿੱਸੇ ਦੀ ਰਾਖਵੀਂ ਜ਼ਮੀਨ ਦੀ ਘੱਟ ਰੇਟਾਂ 'ਤੇ ਬੋਲੀ ਲਈ ਸੰਘਰਸ਼ ਕਰਦਾ ਹੈ। ਇਹ ਸੰਘਰਸ਼ ਦਲਿਤਾਂ ਤੇ ਕਿਸਾਨਾਂ ਦੇ ਟਕਰਾਅ ਵਿੱਚ ਖ਼ੂਨੀ ਰੂਪ ਅਖਤਿਆਰ ਕਰ ਜਾਂਦਾ ਹੈ ਜਿਸ ਤਹਿਤ ਦਲਿਤ ਔਰਤ ਮਹਿੰਦਰੋ ਦੀ ਮੌਤ ਹੋ ਜਾਂਦੀ ਹੈ। ਇਸ ਦੋਪਾਸੜ ਲੜਾਈ ਤੋਂ ਬਾਅਦ ਦੋਵੇਂ ਧਿਰਾਂ ਜ਼ੇਲ੍ਹ ਪੁੱਜਦੀਆਂ ਹਨ ਤੇ ਜ਼ੇਲ੍ਹ ਤੋਂ ਬਾਹਰ ਆ ਕੇ ਵੀ ਦੇਵ, ਨਿਰੰਜਣ, ਕਿਰਨਦੀਪ, ਮੇਹਰ ਸਿੰਘ ਤੇ ਗੁਰਦੀਪ ਵਰਗੇ ਲੋਕ ਸੰਘਰਸ਼ ਦੀ ਲੋਅ ਜਗਦੀ ਰੱਖਦੇ ਹਨ। ਕਹਾਣੀ ਵਿੱਚ ਦਲਿਤ ਧਿਰਾਂ ਅਤੇ ਕਮਿਊਨਿਸਟਾਂ ਦੇ ਅੰਤਰ ਵਿਰੋਧ ਦੀ ਲੜੀ ਉਸਰਦੀ ਹੈ ਬਿਰਤਾਂਤ ਨੂੰ ਸੰਵਾਦੀ ਤੇ ਭਾਸ਼ਣੀ ਸੁਰ ਪ੍ਰਦਾਨ ਕਰਦੀ ਹੈ। ਕਥਾ ਬਿਰਤਾਂਤ ਵਿੱਚ ਸਿੱਖ ਧਰਮ ਦਾ ਭੇਸ ਰੱਖ ਕੇ ਧਰਮ ਦੀ ਵਿਹਾਰਤਾ ਤੋਂ ਸੱਖਣੇ ਲੋਕਾਂ ਖੱਬਲ ਸਿਰੀਏ ਰੰਘੜਾਂ ਦੀ ਬ੍ਰਾਹਮਣਵਾਦੀ ਸੋਚ ਦਲਿਤਾਂ ਨਾਲ 'ਸੁੱਚ ਭਿੱਟ ਨੂੰ ਗੁਰੂ ਮਾਰ੍ਹਾਜ ਵੱਲੋਂ ਕੁਛ ਸੋਚ ਕੇ ਹੀ ਬਣਾਈ ਹੋਣੀ ਐ'[1] ਵਾਲੀ ਜਗੀਰੂ ਚੇਤਨਾ ਨਾਲ ਭਰੀ ਹੈ। ਕਹਾਣੀਕਾਰ ਕਮਿਊਨਿਸਟਾਂ ਵੱਲੋਂ ਚਲਾਈ ਮੁਜ਼ਾਰਾ ਲਹਿਰ ਵਿੱਚ ਮੁਜ਼ਾਰਿਆਂ ਦੇ ਜ਼ਮੀਨਾਂ ਦੇ ਮਾਲਕ ਬਣਨ ਪਿੱਛੋਂ ਖੇਤ ਮਜ਼ਦੂਰਾਂ ਦੀ ਯਥਾ ਸਥਿਤੀ ਰਹਿਣ ਨੂੰ ਦਲਿਤਾਂ ਪ੍ਰਤੀ ਕਮਿਊਨਿਸਟ ਲਹਿਰ ਦੀ ਉਦਾਸੀਨਤਾ 'ਤੇ ਵੀ ਉਂਗਲ ਰੱਖਦਾ ਹੈ। ਅਜਿਹੇ ਸੰਵਾਦੀ ਬਿਰਤਾਂਤ ਦੇ ਨਾਲ-ਨਾਲ ਦਲਿਤਾਂ ਦੇ ਉੱਥਾਨ ਲਈ ਉੱਠੀਆਂ ਲਹਿਰਾਂ ਨੂੰ ਅਖੌਤੀ ਉੱਚ ਜਾਤੀ ਮਾਨਸਿਕਤਾ ਕਿਵੇਂ 'ਕਾਵਾਂ ਦੀ ਪੰਚਾਇਤ'[2] ਦੇ ਤਖੱਲਸ ਨਾਲ ਸੰਬੋਧਿਤ ਹੁੰਦੀ ਹੈ, ਕਹਾਣੀ ਇਸ ਪਿੱਛੇ ਖੜ੍ਹੇ ਰਜਵਾੜਾਸ਼ਾਹੀ ਮਾਨਸਿਕਤਾ ਦਾ ਵੀ ਪਰਦਾ ਚਾਕ ਕਰਦੀ ਹੈ। ਲੇਖਕ ਇਸ ਵਰਤਾਰੇ ਵਿੱਚ ਦਮਿਤ ਧਿਰਾਂ ਦੀ ਧਿਰ ਬਣਨ ਦੇ ਨਾਲ-ਨਾਲ ਇਸ ਸ਼੍ਰੇਣੀ ਨੂੰ ਸਵੈ ਮੰਥਨ ਲਈ ਵੀ ਝੰਜੋੜਦਾ ਹੈ ਜਿੱਥੇ ਤੀਜੇ ਹਿੱਸੇ ਦੀ ਜ਼ਮੀਨ ਦੀ ਮੰਗ ਕਰਦੀ ਦਲਿਤ ਸ਼੍ਰੇਣੀ ਦਾ ਤੀਜਾ ਹਿੱਸਾ ਡੇਰਿਆਂ ਤੇ ਮੜ੍ਹੀਆਂ ਵਿੱਚੋਂ ਆਪਣਾ 'ਸਕੂਨ' ਤਲਾਸ਼ਦਾ ਫਿਰਦਾ ਹੈ-

"ਸਹੀ ਆਖਿਆ ਬਾਈ ਸਿਆਂ। ਸਾਨੂੰ ਤਾਂ ਸਾਲੇ ਰੱਬ ਦੇ ਯੱਬ ਨੇ ਹੀ ਮਾਰ ਲਿਆ। ਸਾਡੀ ਤਿੰਨ ਹਿੱਸੇ ਜਨਤਾ ਤਾਂ ਡੇਰਿਆਂ 'ਚੋ ਈ ਰੱਬ ਭਾਲਦੀ ਫਿਰਦੀ ਐ, ਆਵਦੇ ਹੱਕਾਂ ਦੀ ਗੱਲ ਇਹਨਾਂ ਸੁਆਹ ਤੇ ਖੇਹ ਕਰਨੀ ਹੋਈ।" 3.

ਪੰਜਾਬ ਦੀ ਕਮਿਊਨਿਸਟ ਲਹਿਰ ਵਿੱਚ ਦਲਿਤ ਮੁਕਤੀ ਦੇ ਸਵਾਲ ਪ੍ਰਤੀ ਸੰਕੋਚਵਾ ਅਤੇ ਉਦਾਸੀਨਤਾ ਭਰਿਆ ਕਾਮਰੇਡੀ ਵਿਹਾਰ ਲਗਾਤਾਰ ਬਣਿਆ ਰਿਹਾ ਹੈ। ਇਸਦੇ ਅਨੇਕਾਂ ਕਾਰਨ ਰਹੇ ਹਨ ਜਿਸ ਵਿੱਚੋਂ ਇਕ ਮਾਰਕਸੀ ਚਿੰਤਨ ਨੂੰ ਭਾਰਤ (ਪੰਜਾਬ) ਦੇ ਜਾਤ ਤੇ ਧਰਮ ਕੇਂਦਰਿਤ ਜੀਵਨ



ਪ੍ਰਬੰਧ ਦੇ ਪ੍ਰਸੰਗ ਵਿੱਚ ਨਾ ਸਮਝਣਾ ਵੀ ਹੈ। ਇਸ ਤੋਂ ਇਲਾਵਾ ਕਮਿਊਨਿਸਟ ਲਹਿਰ ਵਿੱਚ ਪਾਰਟੀ ਕੇਡਰ ਦੀ ਹੋਂਦ ਦੀ ਬੇਗਾਨਗੀ ਕਰਕੇ ਉਸਦੀ ਮਹੱਤਵਹੀਣਤਾ ਦਾ ਸਵਾਲ ਵੀ ਭਾਰੂ ਰਿਹਾ ਜਿਸਦੇ ਕੁੱਝ ਪਾਸਾਰ ਸਮਕਾਲੀ ਕਹਾਣੀ ਪਰੰਪਰਾ ਨੇ ਵੀ ਫੜੇ ਹਨ। ਗੁਰਮੀਤ ਦੀ ਕਹਾਣੀ **'ਅਲਵਿਦਾ ਬਿੱਕਰ ਸਿੰਘ'** ਪਾਰਟੀ ਦੇ ਪ੍ਰਤੀਬੱਧ ਆਗੂ ਬਿੱਕਰ ਸਿੰਘ ਦੀ ਕਮਿਊਨਿਸਟ ਲਹਿਰ ਨੂੰ ਬੇਗਰਜ਼ ਕੁਰਬਾਨੀ ਦੇ ਬਾਵਜੂਦ ਉਸ ਪ੍ਰਤੀ ਪਾਰਟੀ ਆਗੂਆਂ ਦੀ ਅਵਸਰਵਾਦੀ ਤੇ ਖੁਦਗਰਜ਼ ਸੋਚ ਦਾ ਬਿਰਤਾਂਤ ਹੈ। ਕਹਾਣੀ ਦਾ ਆਰੰਭ ਕਾਮਰੇਡ ਬਿੱਕਰ ਸਿੰਘ ਦੀ ਮੌਤ ਪਿੱਛੋਂ ਅੰਤਿਮ ਸੰਸਕਾਰ ਦੀ ਤਿਆਰੀ ਕਰਦੇ ਲੋਕਾਂ ਦੀ ਗੱਲਬਾਤ ਤੋਂ ਹੁੰਦਾ ਹੈ। ਉਸਦੀ ਪਤਨੀ ਨਸੀਬ ਕੌਰ ਮ੍ਰਿਤਕ ਦੇਹ ਦੇ ਦਾਹ ਸੰਸਕਾਰ ਤੋਂ ਪਹਿਲਾਂ ਪਾਰਟੀ ਝੰਡੇ ਦੀ ਉਡੀਕ ਵਿੱਚ ਹੈ ਪਰ ਬਿਰਤਾਂਤਕ ਸਥਿਤੀਆਂ ਦਾ ਸੱਚ ਪਿੱਛਲ ਝਾਤ ਦੀ ਕਥਾ ਜੁਗਤ ਦੁਆਰਾ ਹੌਲੀ-ਹੌਲੀ ਖੁੱਲ੍ਹਦਾ ਹੈ। ਪਾਠਕ ਬਿੱਕਰ ਸਿੰਘ ਦੇ ਅਧਿਆਪਕ ਯੂਨੀਅਨ ਵਿੱਚ ਅਤੇ ਕਮਿਊਨਿਸਟ ਲਹਿਰ ਵਿੱਚ ਲੱਕ ਬੰਨ੍ਹ ਕੇ ਕੰਮ ਕਰਨ ਅਤੇ ਸੱਤਾ ਨਾਲ ਕਿਸੇ ਤਰ੍ਹਾਂ ਦੇ ਸਮਝੌਤਾਵਾਦੀ ਰੁਝਾਨਾਂ ਤੇ ਨੂਰਾਂ ਕੁਸ਼ਤੀ ਤੋਂ ਰਹਿਤ ਜੀਵਨ ਸ਼ੈਲੀ ਤੋਂ ਵਾਕਫ ਹੁੰਦਾ ਹੈ। ਪਰ ਲਹਿਰ ਵਿੱਚਲੀ ਧੜੇਬੰਦੀ, ਪਾਰਟੀ ਅਹੁਦੇਦਾਰੀਆਂ ਦੀ ਗੱਦੀ 'ਤੇ ਕਾਬਜ਼ ਰਹਿਣ ਵਾਲੀ ਮਾਨਸਿਕਤਾ ਅਤੇ ਸੱਤਾ ਨਾਲ ਸਾਂਝ ਭਿਆਲੀ ਵਾਲੇ ਆਗੂਆਂ ਦੇ ਦੋਗਲੇ ਕਿਰਦਾਰ ਬਿੱਕਰ ਸਿੰਘ ਦੀ ਪੇਸ਼ ਨਹੀਂ ਜਾਣ ਦਿੰਦੇ। ਉਹ ਬਲਾਤਕਾਰ ਦਾ ਸ਼ਿਕਾਰ ਹੋਈ ਦਲਿਤ ਪਾਤਰ ਹਰੀਏ ਦੀ ਧੀ ਦੇ ਹੱਕ ਵਿੱਚ ਥਾਣੇ ਅੱਗੇ ਧਰਨਾ ਦੇ ਦਿੰਦਾ ਹੈ, ਬਲਾਤਕਾਰ ਦਾ ਦੋਸ਼ੀ ਭੱਠੇ ਵਾਲੇ ਸਰਦਾਰਾਂ ਦਾ ਪੁੱਤਰ ਸੀ। ਉਹ ਸਰਦਾਰ ਪਾਰਟੀ ਦੇ ਜ਼ਿਲ੍ਹਾ ਦਫ਼ਤਰ ਦੀ ਉਸਾਰੀ ਵਿੱਚ ਸਹਾਇਤਾ ਫੰਡ ਦਿੰਦੇ ਹਨ ਤੇ ਬਿੱਕਰ ਸਿੰਘ ਨੂੰ ਇਸ ਧਰਨੇ ਵਿੱਚ ਇਕੱਲਤਾ ਤੇ ਨਮੋਸ਼ੀ ਝੱਲਣੀ ਪੈਂਦੀ ਹੈ। ਪਾਰਟੀ ਆਗੂ ਬਿੱਕਰ ਸਿੰਘ ਨੂੰ ਕੁਝ ਜ਼ਿਆਦਾ ਹੀ 'ਆਦਰਸ਼ਵਾਦੀ' ਹੋਣ ਦਾ ਉਲਾਂਭਾ ਦਿੰਦੇ ਹਨ ਤੇ ਸਮਾਜਿਕ ਭੇਦਭਾਵ ਦੀਆਂ ਸ਼ਿਕਾਰ ਧਿਰਾਂ ਨੂੰ 'ਥਾਂ ਸਿਰ' ਰੱਖਣ ਦੀ ਨਸੀਹਤ ਦਿੰਦੇ ਹਨ-

"ਮਾਸਟਰ ਜੀ, ਗੁੱਸਾ ਨਾ ਕਰਿਓ। ਤੁਸੀਂ ਕੁੱਝ ਜ਼ਿਆਦਾ ਈ ਆਦਰਸ਼ਵਾਦੀ ਹੋ ਜਾਨੈ ਓ। ਭਾਵੁਕਤਾ ਮਾੜੀ ਹੁੰਦੀ ਐ। ਭਾਵੁਕ ਨ੍ਹੀ ਹੋਈਦਾ। ਐਵੇਂ ਨਾ ਬਹੁਤਾ ਸਿਰ ਚੜ੍ਹਾਇਆ ਕਰੋ ਜਾਤਾਂ ਨੂੰ। ਇਹ ਵੱਡੀਆਂ -ਟੁੱਕੀਆਂ ਜਾਤਾਂ ਕੇਰਾਂ ਸਿਰ ਚੜ੍ਹਨਗੀਆਂ, ਫੇਰ ਲਾਹੁਣੀਆਂ ਔਖੀਆਂ ਹੋ ਜਾਣਗੀਆਂ।"[4]

ਕਹਾਣੀ ਦੇ ਅੰਤ ਵਿੱਚ ਨਸੀਬ ਕੌਰ ਵੱਲੋਂ ਹਰੀਏ ਨੂੰ ਬਿੱਕਰ ਸਿੰਘ ਦੀ ਦੇਹ 'ਤੇ ਪਾਰਟੀ ਝੰਡਾ ਪਾਉਣ ਲਈ ਕਹਿਣਾ ਕਿਸਾਨਾਂ ਤੇ ਦਲਿਤਾਂ ਦੀ ਸਾਂਝ ਕਾਇਮ ਰੱਖਣ ਦਾ ਘਟਨਾਵੀਂ ਵਰਤਾਰਾ ਹੈ। ਕਹਾਣੀ ਕਮਿਊਨਿਸਟ ਧਿਰਾਂ ਦੇ ਧੜੇਬੰਦਕ ਸੰਸਾਰ ਵਿੱਚ ਪ੍ਰਤੀਬੱਧ ਵਰਕਰਾਂ ਦੀ ਜਾਣ ਬੁੱਝ ਕੇ ਕੀਤੀ ਅਣਦੇਖੀ ਤੇ ਅਖੌਤੀ ਕਾਮਰੇਡਾਂ ਦੀ ਸੱਤਾ ਨਾਲ ਸਾਂਝ ਭਿਆਲੀ ਦਾ ਸੰਵਾਦੀ ਬਿਰਤਾਂਤ ਹੈ। ਕਮਿਊਨਿਸਟ ਲਹਿਰ ਲਈ ਆਪਾ ਵਾਰਨ ਵਾਲੇ ਬਿੱਕਰ ਸਿੰਘ ਵਾਂਗ **'ਤੂੰ ਜਾਹ ਡੈਡੀ'** ਕਹਾਣੀ ਦਾ ਕਾਮਰੇਡ ਪਾਤਰ ਧਰਮ ਸਿੰਘ ਪਾਰਟੀ ਵਿਚਾਰਧਾਰਾ ਦੇ ਫੈਲਾਅ ਲਈ ਅਤੇ ਸੱਤਾ ਨਾਲ ਸੰਘਰਸ਼ ਲਈ ਜੂਝਦਾ ਹੈ ਪਰ ਉਸਦਾ ਪੁੱਤਰ ਪ੍ਰਕਾਸ਼ ਨਸ਼ਿਆਂ ਦੀ ਦਲ ਦਲ ਵਿੱਚ ਫਸ ਜਾਂਦਾ ਹੈ। ਕਹਾਣੀ ਦੀ ਇਕ ਤੰਦ ਪ੍ਰਕਾਸ਼ ਦੇ ਨਸ਼ੇੜੀ ਦੋਸਤਾਂ ਭਿੰਦਾ, ਬੀਰਾ ਤੇ ਜਸਪ੍ਰੀਤ ਦੁਆਰਾ ਕਿਸਾਨੀ ਦੇ ਉਪਭੋਗੀ ਜੀਵਨ ਵਿਹਾਰ 'ਤੇ ਕੇਂਦਰਿਤ ਹੈ ਜਿਸ ਤਹਿਤ ਮਹਿੰਗੀਆਂ ਜ਼ਮੀਨਾਂ ਵੇਚ ਕੇ ਅਤੇ ਅਖੌਤੀ ਉੱਚ ਜਾਤੀ ਮਾਨਸਿਕਤਾ ਦੀ ਗ੍ਰਸੀ ਕਿਰਤੀ ਸ਼੍ਰੇਣੀ ਦੀ ਨਵੀਂ ਪੀੜ੍ਹੀ ਮਹਿੰਗੇ ਨਸ਼ਿਆਂ ਦੀ ਲਾਗ 'ਤੇ ਲੱਗ ਜਾਂਦੀ ਹੈ। ਦੂਜੀ ਤੰਦ ਕਮਿਊਨਿਸਟ ਧਿਰਾਂ ਦੀ ਸੱਤਾ ਨਾਲ ਭਿੜਤ ਦੇ ਸਮਾਂਨਅੰਤਰ ਨਸ਼ਿਆਂ ਤੇ ਹੋਰ ਸਮਾਜਿਕ ਅਲਾਮਤਾਂ ਦੇ 'ਕਮਿਊਨਿਸਟ ਘਰਾਂ' ਤੱਕ ਦਾਖਿਲ ਹੋਣ ਦਾ ਬਿਰਤਾਂਤ ਬਣ ਕੇ ਪੇਸ਼ ਹੋਈ ਹੈ। ਕਹਾਣੀ ਵਿੱਚ ਕਮਿਊਨਿਸਟਾਂ ਦੇ ਨਾਸਤਿਕ ਹੋਣ ਦੀ ਮਿੱਥ ਅਤੇ ਜਾਤੀ ਪ੍ਰਬੰਧ ਦੇ ਖਾਤਮੇ ਪ੍ਰਤੀ ਉਦਾਸੀਨਤਾ ਰੱਖਣ

ਦੇ ਵੇਰਵੇ ਵੀ ਪੇਸ਼ ਹੋਏ ਹਨ ਪਰ ਕਹਾਣੀ ਦਾ ਕਾਮਰੇਡ ਪਾਤਰ ਇਨ੍ਹਾਂ ਦੋਸ਼ਾਂ ਤੋਂ ਬੇਲਾਗ ਰਹਿੰਦਾ ਹੋਇਆ ਦਲਿਤਾਂ ਲਈ ਲੜਦਾ ਆਪਣੀ ਜਾਤ ਦੇ ਬੰਦਿਆਂ ਦੇ ਤਾਹਨੇ "ਧਰਮ ਸਿਹੁੰ ਤਾਂ ਬਈ ਪੱਕਾ ਮਜ਼੍ਹਬੀ ਬਣ ਗਿਆ।"[5] ਸੁਣਦਾ ਹੈ। ਕਹਾਣੀ ਦਾ ਸਮੁੱਚਾ ਚਲਨ ਨਸ਼ੇੜੀ ਪੁੱਤਰ ਪ੍ਰਕਾਸ਼ ਦੀ ਮਨੋਬਚਨੀ 'ਤੇ ਹੈ ਜਿਸ ਤਹਿਤ ਉਹ ਨਸ਼ੇ ਦੀ ਸਪਲਾਈ ਫੋਰਸਾਂ, ਰਾਜਸੀ ਧਿਰਾਂ ਦੀ ਪੁਸ਼ਤਪਨਾਹੀ, ਕਮਿਊਨਿਸਟਾਂ ਆਗੂਆਂ ਦੇ ਅਵਸਰਵਾਦੀ ਰੁਝਾਨਾਂ ਤੇ ਪ੍ਰਤੀਬੱਧ ਕੇਡਰ ਦੀ ਨਿਰਾਸ਼ਤਾ ਸਮੇਤ ਨੌਜਵਾਨ ਪੀੜ੍ਹੀ ਦੇ ਲੋਕ ਸੰਘਰਸ਼ ਨਾਲ ਤੁਰਨ/ਤੋਰਨ ਦੀ ਥਾਂ ਉਪਭੋਗੀ ਸੰਸਕ੍ਰਿਤੀ ਵਿੱਚ ਗਲਤਾਨ ਹੋਣ ਦੇ ਜ਼ਿੰਮੇਵਾਰ ਕਾਰਨਾਂ 'ਤੇ ਚਿੰਤਨ ਕਰਦਾ ਹੈ-ਤੂੰ ਸਹੀ ਆਖਦਾ ਹੁੰਨੈ "ਅਸੀਂ ਲੜਨਾ ਭੁੱਲ ਗਏ ਹਾਂ, ਏਸੇ ਕਰਕੇ ਸਾਡੇ ਖੇਤਾਂ 'ਚ ਹੁਣ ਖੁਦਕੁਸ਼ੀਆਂ ਦੀ ਫ਼ਸਲ ਉੱਗਣ ਲੱਗ ਪਈ ਹੈ।"[6]

ਇਹ ਕਹਾਣੀ ਆਪਣੇ ਉਤੇਜਿਤ ਵਿਚਾਰਾਂ ਨਾਲ ਸਮਾਜਿਕ, ਰਾਜਸੀ ਤੇ ਬਦਲਦੇ ਸਭਿਆਚਾਰਕ ਰੁਝਾਨਾਂ ਦੀ ਨੈਗਟੀਵਿਟੀ 'ਤੇ ਗਹਿਰੀ ਚੋਟ ਕਰਦੀ ਹੈ ਪਰ ਨੌਜਵਾਨਾਂ ਨੂੰ ਚਿੰਗਾੜੀ ਦੱਸਣ ਵਾਲੇ[7] ਕਹਾਣੀ ਦੇ ਕਾਮਰੇਡ ਪਾਤਰ ਧਰਮ ਸਿੰਘ ਦੀ ਪਾਕ ਦਾਮਨ ਸ਼ਖ਼ਸੀਅਤ ਦਾ ਵੀ ਭਰਵਾਂ ਬਿੰਬ ਉਸਾਰਦੀ ਹੈ। ਕਮਿਊਨਿਸਟਾਂ ਦੀ ਅਗਲੀ ਪੀੜ੍ਹੀ ਦੇ ਇਸ ਲਹਿਰ ਨੂੰ ਸਮਰਥਨ ਦੇਣ ਦੀ ਥਾਂ ਪੂੰਜੀਵਾਦੀ ਦੇਸ਼ਾਂ ਨੂੰ ਪਰਵਾਸ ਵਰਗੇ ਮੁੱਦੇ ਵੀ ਕਮਿਊਨਿਸਟ ਚਿੰਤਨ ਵਿੱਚ ਗੂੰਜਦੇ ਰਹਿੰਦੇ ਹਨ ਜਿਸਦੀ ਇਕ ਪਰਤ ਕਾਮਰੇਡ ਪਰਿਵਾਰਾਂ ਵਿੱਚ ਉਪਭੋਗੀ ਜੀਵਨ ਦੀਆਂ ਸਾਰੀਆਂ ਅਲਾਮਤਾਂ ਸ਼ਾਮਿਲ ਹੋਣ ਨਾਲ ਵੀ ਜੁੜਦੀ ਹੈ। ਇਸ ਕਹਾਣੀ ਦੇ ਅੰਤ ਵਿੱਚ ਨਸ਼ੇੜੀ ਪੁੱਤਰ ਆਪਣੇ ਕਾਮਰੇਡ ਪਿਤਾ ਦੀ ਇਨਕਲਾਬੀ ਵਿਰਾਸਤ 'ਤੇ ਮਾਣ ਕਰਦਾ ਉਸਨੂੰ ਸੰਘਰਸ਼ ਦੇ ਰਾਹ 'ਤੇ ਤੁਰਦੇ ਰਹਿਣ ਦੀ ਪ੍ਰੇਰਨਾ ਦਿੰਦਾ ਆਸ਼ਾਵਾਦੀ ਤੇ ਚਿੰਤਨੀ ਮਾਹੌਲ ਸਿਰਜਦਾ ਹੈ। "ਸੱਚੀਂ ਡੈਡੀ, ਤੁਸੀਂ ਸਹਾਰੇ ਦੇਈ ਰੱਖਿਆ, ਦਿਓ ਕੇਰਾਂ। ਹੁਣ ਨ੍ਹੀਂ ਡਿਗਦਾ। ਨਾਲੇ ਹਾਅ ਝੰਡੀ ਜਹੀ ਫੜਾਈਂ ਕੇਰਾਂ ਮੈਨੂੰ ਵੀ। ਹੂੰ, ਹਾਅ। ਘਬਰਾ ਨਾ ਡੈਡੀ। ਉੱਕਾ ਨਾ ਘਬਰਾ। ਕੁੱਝ ਨ੍ਹੀ ਹੁੰਦਾ ਮੈਨੂੰ। ਅਹੁ ਸੂਰਜ ਵੱਲੀਂ ਵੇਖ। ਦਗਦਾ ਪਿਆ ਏ ਕਿ ਨਹੀਂ? ਤੂੰ ਵੀ ਸੂਰਜ ਏ ਡੈਡੀ। ਹੁਣ ਤੂੰ ਹੀ ਦੱਸ ਸੂਰਜ ਦੇ ਹੁੰਦਿਆਂ ਸੁੰਦਿਆਂ ਪ੍ਰਕਾਸ਼ ਨੂੰ ਕੀ ਹੋ ਜੂ।"[7]

**'ਅਲਵਿਦਾ ਬਿੱਕਰ ਸਿੰਘ'** ਦੇ ਬਿੱਕਰ ਸਿੰਘ, **'ਤੂੰ ਜਾਹ ਡੈਡੀ'** ਦੇ ਧਰਮ ਸਿੰਘ ਵਰਗੇ ਜੁਝਾਰੂ ਪਾਤਰ ਦਾ ਇਕ ਪਾਸਾਰ ਪੁਸਤਕ ਦੇ ਸਿਰਲੇਖ ਵਾਲੀ ਕਹਾਣੀ **'ਹਾਰੀਂ ਨਾ ਬਚਨਿਆਂ'** ਵਿੱਚ ਹੈ। ਬਾਜ਼ੀਗਰ ਬਰਾਦਰੀ ਦੇ ਪਾਤਰ ਬਚਨੇ ਦੇ ਮਾਧਿਅਮ ਦੁਆਰਾ ਲੇਖਕ ਮਿਹਨਤਕਸ਼ ਜਮਾਤਾਂ ਦੇ ਜਤ ਸਤ ਵਾਲੇ ਪ੍ਰਤਾਪੀ ਜੀਵਨ ਨੂੰ ਪੇਸ਼ ਕਰਦਿਆਂ ਲੇਖਕ ਇਨ੍ਹਾਂ ਵਰਗਾਂ ਦੇ ਸ਼ੋਸ਼ਣ ਦੀ ਗਾਥਾ ਬਿਆਨ ਕਰਦਾ ਹੈ। ਬਚਨਾ ਬਾਜ਼ੀਗਰ ਜਿਸਦੇ ਅਖਾੜੇ ਦੀ ਮਿੱਟੀ ਚੁੱਕ ਕੇ ਸਾਂਭਣ 'ਤੇ ਔਰਤਾਂ ਦੀਆਂ ਬੰਨ੍ਹੀਆਂ ਕੁੱਖਾਂ ਹਰੀਆਂ ਹੋਣ ਦੀ ਮਿੱਥ ਬਣੀ ਹੋਈ ਹੈ ਉਹ ਬਚਨਾ ਆਪਣੀ ਪੋਤੀ ਨਾਲ ਹੋਏ ਬਲਾਤਕਾਰ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਲਈ ਥਾਣੇ ਵਿੱਚ ਧੱਕੇ ਖਾ ਰਿਹਾ ਹੈ। ਬਚਨੇ ਲਈ ਬਾਜ਼ੀ ਪਾਉਣੀ ਮਹਿਜ਼ ਲੋਕ ਮਨੋਰੰਜਨ ਨਹੀਂ ਸਗੋਂ ਧਰਮ ਦਾ ਕਾਰਜ ਹੈ। ਉਹ ਆਪਣੇ ਭਰਾ ਸੁਰਜਨ ਨੂੰ ਕਿਸੇ ਔਰਤ ਨਾਲ ਨਜਾਇਜ਼ ਸਬੰਧ ਰੱਖਣ 'ਤੇ ਬੇਹਤਾਸ਼ਾ ਕੁੱਟਦਾ ਹੈ ਤੇ ਇਸਨੂੰ ਬਾਜ਼ੀਗਰ ਦੇ ਧਰਮ ਨੂੰ ਲਾਜ਼ ਤੇ ਆਪਣੇ ਅਕੀਦੇ ਤੋਂ ਡਿਗਣਾ[8]. ਦੱਸਦਾ ਹੈ। ਅਜਿਹੇ ਸੰਸਕਾਰਾਂ ਦੀ ਜਕੜ ਵਿੱਚਲਾ ਬੰਦਾ ਜਦੋਂ ਆਪਣੀ ਪੋਤੀ ਦੇ ਬਲਾਤਕਾਰੀਆਂ ਨੂੰ ਸਜ਼ਾ ਦੇਣ ਲਈ ਉੱਠਦਾ ਹੈ ਤਾਂ ਕੋਈ ਉਸਦਾ ਸਾਥ ਨਹੀਂ ਦਿੰਦਾ ਤੇ ਉਹ ਭ੍ਰਿਸ਼ਟਾਚਾਰ ਨਾਲ ਗੜੁੱਚ ਪੁਲੀਸ ਅਧਿਕਾਰੀਆਂ ਦੇ ਤਿੱਖੇ ਬੋਲਾਂ ਵਿੱਚ ਹਲਾਲ ਹੁੰਦਾ ਹੈ। ਕਹਾਣੀ ਦੇ ਅੰਤ ਵਿੱਚ ਉਹ ਦੂਜੇ ਸੂਬੇ ਦੀ ਅਕੀਦਾ ਦੇ ਬਲਾਤਕਾਰੀ ਪੁਜਾਰੀ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੀ ਮੰਗ ਕਰਦੇ ਪ੍ਰਦਰਸ਼ਨਕਾਰੀਆਂ ਦੇ ਮੋਮਬੱਤੀ ਮਾਰਚ ਵਿੱਚ ਰਲ ਜਾਂਦਾ ਹੈ। ਬਿਰਤਾਂਤ ਦੀ ਇਹ ਘਟਨਾ ਲੜੀ ਜ਼ਬਰ ਜ਼ੁਲਮ ਦੇ ਵਿਰੁੱਧ ਉੱਠਦੀ ਹਰ ਆਵਾਜ਼ ਦਾ ਸਾਥ ਦੇਣ ਦੀ ਰਚਨਾ ਦ੍ਰਿਸ਼ਟੀ ਨੂੰ ਪੇਸ਼ ਕਰਦੀ ਹੈ।



ਕੜਿਆਲਵੀ ਦੀਆਂ ਕਹਾਣੀਆਂ ਦੇ ਰਚਨਾ ਸਰੋਕਾਰਾਂ ਵਿੱਚ ਜਿੱਥੇ ਸਮਾਜਿਕ ਭੇਦਭਾਵ ਦੀ ਜਿੱਲਤ ਹੰਢਾਉਂਦੇ ਲੋਕਾਂ ਦੀ ਪੀੜਾ ਪੇਸ਼ ਹੈ ਉੱਥੇ ਹੀ ਸਿਸਟਮ ਦੀ ਰਗ-ਰਗ ਵਿੱਚ ਦੌੜਦੇ ਭ੍ਰਿਸ਼ਟਾਚਾਰ, ਨੌਜਵਾਨਾਂ ਵਿੱਚ ਨਸ਼ਿਆਂ ਦੇ ਰੁਝਾਨ, ਡੇਰਾ ਸਿਆਸਤ ਤੋਂ ਪੈਦਾ ਹੁੰਦੇ ਅਨੈਤਿਕ ਵਿਹਾਰ ਆਦਿ ਦੇ ਵਸਤੂ ਵੇਰਵੇ ਭਾਰੂ ਹਨ। **'ਜੰਗ'** ਕਹਾਣੀ ਦੇਸ਼ ਦੀ ਖਾਤਿਰ ਸ਼ਹੀਦ ਹੋਏ ਫੌਜੀ ਜਗਜੀਤ ਸਿੰਘ ਦੇ ਨਾਂ 'ਤੇ ਹੁੰਦੀ ਸਿਆਸਤ ਨੂੰ ਪੇਸ਼ ਕਰਦੀ ਹੈ। ਦੇਸ਼ ਲਈ ਸ਼ਹੀਦ ਹੋਣ ਵਾਲੇ ਜਗਜੀਤ ਸਿੰਘ ਵਰਗੇ ਫੌਜੀਆਂ ਦੇ ਨਾਮ 'ਤੇ ਅਖੌਤੀ ਸਭਿਆਚਾਰਕ ਮੇਲੇ ਲਗਾਉਣ ਵਾਲੇ ਤੇ ਸਿਆਸਤੀ ਰੋਟੀਆਂ ਸੇਕਣ ਵਾਲੇ ਲੀਡਰ ਦੇਸ਼ ਭਗਤੀ ਦੇ ਲਾਲੀਪੌਪ ਨਾਲ ਲੋਕਾਂ ਨੂੰ ਗੁੰਮਰਾਹ ਕਰਦੇ ਹਨ, ਜਗਜੀਤ ਦੀ ਪਤਨੀ ਕਰਮਜੀਤ ਆਪਣੀ ਧੀ ਨਾਲ ਬੇਗਾਨਗੇ ਭਰੇ ਅਹਿਸਾਸਾਂ ਵਿੱਚੋਂ ਗੁਜ਼ਰਦੀ ਹੈ ਜਦਕਿ ਉਸਦਾ ਸਹੁਰਾ ਤੇ ਦਿਉਰ ਸ਼ਹੀਦ ਦੇ ਨਾਮ 'ਤੇ ਮਿਲਦੇ ਸਰਕਾਰੀ ਲਾਭ ਲੈ ਕੇ ਉਸਦੀ ਕੁਰਬਾਨੀ ਦਾ ਮੁੱਲ ਵੱਟਦੇ ਹਨ। ਕਹਾਣੀ ਵਿੱਚ ਹਵਾਲਦਾਰ ਨੈਬ ਸਿੰਘ, ਮੀਤਾ ਮੈਂਟਲ, ਓਮ ਪ੍ਰਕਾਸ਼ ਆਦਿ ਪਾਤਰ ਸੇਵਾ ਮੁਕਤੀ ਪਿੱਛੋਂ ਸਮਾਜ ਵਿੱਚ ਆਪਣੀ ਸਨਮਾਨਜਨਕ ਸਪੇਸ ਲਈ ਤੜਫਦੇ ਹਨ। ਸੱਤਾ ਹਮੇਸ਼ਾ ਦੇਸ਼ ਪ੍ਰੇਮ ਦਾ ਸੰਕਲਪ ਦੇ ਕੇ ਅਵਾਮ ਨੂੰ ਸੱਤਾ ਤੋਂ ਨਾਬਰ ਹੋਣ ਤੋਂ ਮੋੜਦੀ ਹੀ ਨਹੀਂ ਸਗੋਂ ਕੰਟਰੋਲ ਵੀ ਕਰਦੀ ਹੈ। ਇਸ ਸੱਤਾ ਦੇ ਭ੍ਰਿਸ਼ਟ ਪ੍ਰਬੰਧ ਵਿਰੁੱਧ ਅਤੇ 'ਦੇਸ਼ ਪ੍ਰੇਮ' ਦੇ ਅਸਲ ਹਿੱਤ ਵਿੱਚ ਜਦੋਂ ਮੀਤਾ ਮੈਂਟਲ ਵਰਗੇ ਫੌਜੀ ਉੱਠ ਜਾਂਦੇ ਹਨ ਤਾਂ ਉਹ 'ਦੇਸ਼ ਦੇ ਅੰਦਰਲੇ ਪੰਜ ਸੱਤ ਘੁਸਪੈਠੀਏ ਬੁੜਕਾਤੇ ਸਰਹੱਦਾਂ 'ਤੇ ਵੀ ਘੁਸਪੈਠ ਖਤਮ ਹੋਜੂ'[9] ਵਰਗੀ ਸੋਚ ਦੇ ਧਾਰਨੀ ਬਣ ਜਾਂਦੇ ਹਨ। ਹਵਾਲਦਾਰ ਨੈਬ ਸਿੰਘ ਇਸਨੂੰ ਅਜਿਹੀ ਜੰਗ ਨਾਲ ਤੁਲਨਾ ਦਿੰਦਾ ਹੈ ਜਿਹੜੀ 'ਇਕੱਲੀ ਜੰਗ ਦੇ ਮੈਦਾਨ ਵਿੱਚ ਨਹੀਂ ਲੜੀ ਜਾਂਦੀ। ਜੰਗਾਂ ਤਾਂ ਫੌਜੀਆਂ ਨੂੰ ਹੋਰ ਵੀ ਬਥੇਰੀਆਂ ਲੜਨੀਆਂ ਪੈਣੀਆਂ ਹਨ। ਆ ਜਿਹੜੀਆਂ ਜੋਕਾਂ ਚਿੰਬੜੀਆਂ ਦੇਸ਼ ਨੂੰ, ਇਹਨਾਂ ਦੇ ਖਿਲਾਫ਼ ਵੀ ਲੜਨਾ ਪੈਣਾ।"[10]

ਲੇਖਕ ਦੀਆਂ ਕਹਾਣੀਆਂ ਵਿੱਚ ਭ੍ਰਿਸ਼ਟਾਚਾਰ ਦਾ ਇਕ ਪਾਸਾਰ ਜਿੱਥੇ ਮਾਨਵੀ ਵਿਹਾਰ ਵਿੱਚਲੇ ਦੋਗਲੇ, ਅਵਸਰਵਾਦੀ ਅਤੇ ਸਵੈ ਕੇਂਦਰਿਤ ਜੀਵਨ ਸ਼ੈਲੀ ਵਿੱਚ ਪੇਸ਼ ਹੋਇਆ ਹੈ ਉੱਥੇ ਹੀ ਇਸ ਕੋਝੇ ਪ੍ਰਬੰਧ ਦਾ ਇਕ ਦਿਸਦਾ ਪਾਸਾਰ ਦਫ਼ਤਰੀ ਭ੍ਰਿਸ਼ਟਾਚਾਰ ਦੇ ਰੂਪ ਵਿੱਚ ਉਜਾਗਰ ਹੋਇਆ ਹੈ। **'ਵਾਇਰਸ'** ਕਹਾਣੀ ਵਿੱਚ ਇਕ ਦਫ਼ਤਰ ਦਾ ਰੰਗਮੰਚੀ ਦ੍ਰਿਸ਼ ਭਾਰੂ ਹੈ ਜਿੱਥੇ ਬਲ ਬਹਾਦਰ ਨਾਂ ਦਾ ਇਮਾਨਦਾਰ ਅਧਿਕਾਰੀ ਆਪਣੇ ਆਲੇ ਦੁਆਲੇ ਗੈਂਗ ਵਾਂਗ ਕੰਮ ਕਰਦੇ ਭ੍ਰਿਸ਼ਟ ਅਧਿਕਾਰੀਆਂ ਵਿੱਚ ਘਿਰਿਆ ਅਜਨਬੀ ਤੇ ਬੇਗਾਨੇ ਅਹਿਸਾਸ ਹੰਢਾਉਂਦਾ ਹੈ। ਕਹਾਣੀ ਦੇ ਦਫ਼ਤਰੀ ਪ੍ਰਬੰਧ ਨੂੰ ਵਿਸ਼ਵ ਰਾਜਨੀਤੀ ਦੇ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਅਮਰੀਕਾ, ਰੂਸ, ਭਾਰਤ ਆਦਿ ਦੇ ਪ੍ਰਸੰਗ ਵਿੱਚ ਉਭਾਰਿਆ ਗਿਆ ਹੈ। ਬਲ ਬਹਾਦਰ ਪਾਤਰ ਰਿਸ਼ਵਤਖੋਰੀ ਦੇ ਵਿਰੁੱਧ ਹੈ, ਅਫ਼ਸਰਾਂ ਦਾ ਝੰਡਾਬਰਦਾਰ ਨਹੀਂ ਜਿਸ ਕਰਕੇ ਤਰੱਕੀ ਨਹੀਂ ਕਰ ਪਾਉਂਦਾ। ਉਹ ਸੰਵੇਦਨਸ਼ੀਲ ਮਨੁੱਖ ਹੈ ਜਿਸਦੀ ਮਾਨਸਿਕਤਾ ਵਿੱਚ ਸਮਾਜਵਾਦੀ, ਰਾਸ਼ਟਰਵਾਦੀ ਅਤੇ ਅਧਿਆਤਮਕ ਵਿਚਾਰਧਾਰਾ ਦਾ ਵਹਿਣ ਹੈ। ਉਹ ਇਸ਼ਤਿਹਾਰ ਬਾਜ਼ੀ ਦੀ ਬੰਬਾਰਮੈਂਟ ਅਤੇ ਉਪਭੋਗਤਾਵਾਦ ਦੇ ਦਾਬੇ ਵਿੱਚ ਘਰਾਂ ਅੰਦਰ ਦਾਖਿਲ ਹੋਈ ਪੂੰਜੀਵਾਦੀ ਧੌਂਸ ਨੂੰ ਹਰ ਭ੍ਰਿਸ਼ਟ ਅਧਿਕਾਰੀ ਬੰਦੇ ਅੰਦਰ ਬੈਠੇ ਅਮਰੀਕੀ ਪ੍ਰਬੰਧ ਨਾਲ ਤੁਲਨਾ ਦੇ ਕੇ ਬੁੜ ਬੁੜਾਂਦਾ ਹੈ "ਅਮਰੀਕਾ ਕਿਵੇਂ ਘੁਸ ਆਇਆ ਹੈ ਸਾਡੇ ਬੈੱਡਰੂਮਾਂ 'ਚ। ਬੌਸ ਵੀ ਇਉਂ ਹੀ ਕਰਦਾ। ਆਪਣੇ ਕਮਰੇ ਵਿੱਚ ਬੈਠਾ ਹੀ ਸੀਸੀਟੀਵੀ ਕੈਮਰਿਆਂ ਨਾਲ ਸਾਰਿਆਂ 'ਤੇ ਨਜ਼ਰ ਰੱਖਦਾ।"[11] ਇਸ ਉਪਭੋਗਤਾਵਾਦ, ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਦੇ ਇਸ ਵਾਇਰਸ ਨਾਲ ਘੋਲ ਘੁਲਦਿਆਂ ਬਲ ਬਹਾਦਰ ਇਕੱਲਾ ਰਹਿੰਦਾ ਹੈ ਪਰ ਨਿਸੱਤਾ ਤੇ ਬਲਹੀਣ ਨਹੀਂ ਹੁੰਦਾ।

ਪੰਜਾਬੀ ਸਮਾਜ ਵਿੱਚ ਅਖੌਤੀ ਡੇਰਾਵਾਦ ਦੇ ਵੱਧਦੇ ਪ੍ਰਭਾਵ ਨਾਲ ਉਪਜਦੇ ਸਮਾਜਿਕ, ਮਾਨਸਿਕ

ਸੰਤਾਪ ਚੌਥੇ ਪੜਾਅ ਦੀ ਕਹਾਣੀ ਵਿੱਚ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਰੂਪਮਾਨ ਹੋਏ ਹਨ। ਕੜਿਆਲਵੀ ਇਸ ਵਰਤਾਰੇ ਨੂੰ **'ਕੀ ਕਰਾਂ'** ਕਹਾਣੀ ਵਿੱਚ ਫੜਦਾ ਹੈ ਜਿਸ ਵਿੱਚ ਇਕ ਅਖੌਤੀ ਡੇਰਾ ਸੰਸਥਾ ਲੋੜਵੰਦ ਵਿਦਿਆਰਥਣਾਂ ਨੂੰ ਮੁਫ਼ਤ ਸਿੱਖਿਆ ਦੇਣ ਦੇ ਮਨਸ਼ੇ ਹੇਠਾਂ ਨੌਜਵਾਨ ਲੜਕੀਆਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਦੀ ਹੈ। ਗਰੀਬ ਪਰਿਵਾਰ ਦੀ ਧੀ ਕਿਰਨਦੀਪ ਅਖੌਤੀ ਬਾਬਿਆਂ ਦੀ ਅਕੈਡਮੀ ਵਿੱਚ ਦਾਖਿਲਾ ਲੈਂਦੀ ਜ਼ੇਲ੍ਹ ਵਰਗੀਆਂ ਕੰਧਾਂ ਦਾ ਅਹਿਸਾਸ ਕਰਦੀ ਹੈ। ਉਹ ਇਸ ਸਾਮਰਾਜੀ ਜਿੱਲਤ ਵਿੱਚੋਂ ਨਿਕਲ ਕੇ ਆਪਣੇ ਮਨਪਸੰਦ ਵਰ ਸਤਿੰਦਰ ਨਾਲ ਵਿਆਹ ਕਰਾਉਣ ਦੀ ਇੱਛਾ ਦਾ ਦਮਨ ਕਰਦੀ ਹੈ। ਕਹਾਣੀ ਦੀ ਬਿਰਤਾਂਤਕ ਲੜੀ ਦਾ ਇਕ ਸਿਰਾ ਸਿੱਖ ਧਰਮ ਦੇ ਸਿਧਾਂਤ ਤੇ ਵਿਹਾਰ ਦੇ ਖੱਪੇ ਨੂੰ ਪੇਸ਼ ਕਰਨ ਨਾਲ ਜੁੜਿਆ ਹੈ ਦੂਜਾ ਸਿਰਾ ਧਰਮ ਦੀ ਮੁੱਖ ਧਾਰਾ ਤੋਂ ਦਰਕਿਨਾਰ ਕੀਤੇ ਮੇਹਰ ਸਿੰਘ ਵਰਗੇ ਮਜ਼ਹਬੀ ਸਿੱਖਾਂ ਦੀ ਪਛਾਣ ਦੇ ਸੰਕਟ ਨਾਲ ਵੀ ਸਬੰਧਤ ਹੈ। ਲੇਖਕ ਦੀਆਂ ਵਿਚਾਰ ਕੇਂਦਰਿਤ ਕਹਾਣੀਆਂ ਦੀ ਉੱਚੀ ਸੁਰ ਕਈ ਥਾਵੀਂ ਆਪਣੇ ਮੂਲ ਤੋਂ ਥਿੜਕਦੀ ਵੀ ਹੈ ਤੇ ਧਰਮ ਨੂੰ ਇਕ ਮਹਿਜ਼ ਇਕ ਸੰਸਥਾ ਤੇ ਇਸਦੇ ਸੰਚਾਲਕਾਂ ਦੇ ਰੂਪ ਵਿੱਚ ਵੇਖਣ ਦੀ ਕਾਣ ਦੀ ਸ਼ਿਕਾਰ ਵੀ ਹੁੰਦੀ ਹੈ। ਇਹ ਕਲਾ ਦੋਸ਼ ਇਸ ਕਹਾਣੀ ਵਿੱਚ ਵੀ ਹੈ ਜਿਸ ਤਹਿਤ "ਮੇਹਰ ਸਿੰਘ ਦੀ ਪੱਕੀ ਸਿੱਖੀ ਉਸਦਾ ਕੱਚਾ ਢਾਰਾ ਵੀ ਪੱਕਾ ਨਹੀਂ ਕਰਵਾ ਸਕੀ।"[12] ਵਰਗੀਆਂ ਲੇਖਕੀ ਦਖਲ ਵਾਲੀਆਂ ਉਲਾਰ ਧਾਰਨਾਵਾਂ ਕਥਾ ਬਿਰਤਾਂਤ ਨੂੰ ਬੋਝਲ ਕਰਦੀਆਂ ਹਨ। ਅਜਿਹਾ ਵਰਤਾਰਾ ਲੇਖਕ ਦੀਆਂ ਹੋਰ ਕਹਾਣੀਆਂ ਵਿੱਚ ਵੀ ਉਭਰਦਾ ਹੈ ਜਿੱਥੇ ਦਲਿਤ ਪਾਤਰ ਅਤੇ ਅਖੌਤੀ ਉੱਚ ਜਾਤੀ ਪਾਤਰਾਂ ਦੇ ਵਿਰੋਧੀ ਵਿਹਾਰ ਪੱਕੇ ਪੀਡੇ ਰੂਪ ਵਿੱਚ ਪੇਸ਼ ਹੁੰਦੇ ਹਨ। ਭਾਈ ਵੀਰ ਸਿੰਘ ਦੇ ਨਾਵਲੀ ਪਾਤਰਾਂ ਵਾਂਗ ਹਰ ਸਿੱਖ ਬਹਾਦਰ, ਹਰ ਹਿੰਦੂ ਨਿਤਾਣਾ ਅਤੇ ਹਰ ਮੁਸਲਮਾਨ ਜ਼ਾਲਮ ਵਰਗੀਆਂ ਬਣੀਆਂ ਧਾਰਨਾਵਾਂ ਨੂੰ ਬਦਲਵੇਂ ਰੂਪ ਵਿੱਚ ਦੁਹਰਾਉਣਾ ਕਲਾ ਦੇ ਧਰਮੀ ਸਰੂਪ ਨੂੰ ਖੰਡਿਤ ਕਰਦਾ ਹੈ। ਅਲਪ ਅਪਵਾਦਾਂ ਦੇ ਬਾਵਜੂਦ ਕੜਿਆਲਵੀ ਦੀਆਂ ਕਈ ਕਹਾਣੀਆਂ ਦੇ ਬਿਰਤਾਂਥਕ ਪ੍ਰਸੰਗ ਇਸੇ ਪੈੜ ਵਿੱਚ ਘੁੰਮਣ ਕਰਕੇ ਸਟੀਰੀਓਟਾਇਪ ਪੇਸ਼ਕਾਰੀ ਵੱਲ ਮੁੜ ਜਾਂਦੇ ਹਨ। ਜਾਤੀ ਜਮਾਤੀ ਅੰਤਰ ਵਿਰੋਧ ਫੜਦਿਆਂ ਪਾਤਰਾਂ ਦੀ ਖੁਦਮੁਖਤਿਆਰੀ ਦੇ ਨਾਲ-ਨਾਲ ਉਨ੍ਹਾਂ ਦੇ ਸੁਭਾਅ ਤੇ ਵਿਹਾਰ ਦੀ ਵਿਭਿੰਨਤਾ ਪੇਸ਼ ਕਰਨੀ ਚਾਹੀਦੀ ਹੈ। ਇਸੇ ਦੋਸ਼ ਕਰਕੇ ਦਲਿਤ ਚਿੰਤਨ ਦੀ ਕਹਾਣੀ ਨੂੰ ਦਲਿਤ ਰਾਜਨੀਤੀ ਦੇ ਪ੍ਰਵਚਨ ਬਣਨ ਤੋਂ ਬਚਾਉਣ ਦੀ ਲੋੜ ਹੈ। ਗੁਰਮੀਤ ਕੜਿਆਲਵੀ ਦੇ ਕਥਾ ਪ੍ਰਸੰਗ ਬੇਸ਼ੱਕ ਆਪਣੀ ਰਵਾਨਗੀ, ਵੇਗ ਅਤੇ ਵਿਚਾਰ ਉਤੇਜਿਤ ਵਾਰਤਾਲਾਪੀ ਚਿੰਤਨ ਕਰਕੇ ਉਕਤ ਕਲਾ ਦੋਸ਼ਾਂ ਨੂੰ ਢੱਕ ਲੈਂਦੇ ਹੈ। ਪਰ ਕਹਾਣੀਕਾਰ ਨੂੰ ਆਪਣੀ ਪਾਤਰ ਪ੍ਰਧਾਨ ਤੇ ਵਿਚਾਰ ਕੇਂਦਰਿਤ ਬਿਰਤਾਂਤਕਾਰੀ ਤੋਂ ਅੱਗੇ ਜਾਣ ਦੀ ਲੋੜ ਹੈ।

ਇਸ ਸੰਗ੍ਰਿਹ ਦੀਆਂ ਦੋ ਕਹਾਣੀਆਂ ਲੇਖਕ ਦੇ ਦਲਿਤ ਕਥਾਕਾਰ ਵਾਲੇ ਰਵਾਇਤੀ ਬਿੰਬ ਤੋਂ ਪਾਰ ਜਾਂਦੀਆਂ ਹਨ। ਇਸ ਵਿੱਚੋਂ ਇਕ **'ਤੂੰ ਜਾਹ ਡੈਡੀ'** ਅਤੇ ਦੂਜੀ **'ਕਮੀਨਾ'** ਹੈ। **'ਕਮੀਨਾ'** ਕਹਾਣੀ ਮੱਧਵਰਗੀ ਦੰਪਤੀ ਜੀਵਨ ਵਿੱਚ ਪਤੀ ਪਤਨੀ ਸਬੰਧਾਂ 'ਤੇ ਮਰਦਾਵੇਂ ਕਬਜ਼ੇ ਵਾਲੀ ਪਤੀ ਮਾਨਸਿਕਤਾ ਦਾ ਡੋਲਦਾ ਜਰਕਦਾ ਬਿਰਤਾਂਤ ਹੈ। ਕਹਾਣੀ ਵਿੱਚਲਾ ਡਾ. ਅਰੀਤ ਇਕ ਵਿਦਵਾਨ ਪਾਤਰ ਹੈ ਜਿਹੜਾ ਸੈਮੀਨਾਰਾਂ, ਕਾਨਫਰੰਸਾਂ 'ਤੇ ਤੁਰਿਆ ਰਹਿੰਦਾ ਅਕਾਦਮਿਕ ਜਗਤ ਵਿੱਚ ਆਪਣੀ ਵਿਦਵਤਾ ਭਰੀ ਹੋਂਦ ਕਾਇਮ ਰੱਖਣਾ ਚਾਹੁੰਦਾ ਹੈ। ਪਰ ਉਸਨੂੰ ਘਰ ਵਿੱਚੋਂ ਆਪਣੀ ਸਰੀਰਕ ਗੈਰ ਹਾਜ਼ਰੀ ਰੜਕਦੀ ਹੈ ਤੇ ਇਹ ਰੜਕ ਪਤਨੀ ਨੀਲੂ 'ਤੇ ਉਸਦੀ ਸ਼ੱਕੀ ਬਿਰਤੀ ਕਾਰਨ ਉਸਦੇ ਮਾਨਸਿਕ ਰੋਗੀ ਹੋਣ ਤੱਕ ਜਾ ਪੁੱਜਦੀ ਹੈ। ਲੇਖਕ ਦੀ ਕਹਾਣੀ 'ਸ਼ੱਕੀ ਪਲਾਂ' ਦੀ ਇਸ ਮਰਦਾਵੀਂ ਮਾਨਸਿਕਤਾ ਨੂੰ ਫੜਨ ਦੇ ਨਾਲ-ਨਾਲ ਵਿਆਹ ਦੀ ਸੰਸਥਾ ਵਿੱਚ ਪਿੱਤਰੀ ਸੱਤਾ ਦੇ ਦਾਬੇ ਨੂੰ ਬੜੀ ਸਹਿਜਤਾ ਨਾਲ ਪੇਸ਼ ਕਰਦੀ ਹੈ। ਘਰੋਂ ਬਾਹਰ ਹੁੰਦਿਆਂ ਉਹ ਘਰ ਦੇ ਲੈਂਡ ਲਾਇਨ ਫ਼ੋਨ 'ਤੇ ਪਤਨੀ ਨਾਲ ਗੱਲ ਕਰਕੇ ਉਸਦੀ 'ਘਰ' ਵਿੱਚ



ਮੌਜੂਦਗੀ[13] ਕਨਫਰਮ ਕਰਦਾ ਹੈ। ਅਚਾਨਕ ਬਿਨਾਂ ਦੱਸਿਆਂ ਘਰ ਪਰਤ ਕੇ ਡੋਰ ਬੈੱਲ ਵਜਾ ਕੇ ਕੁਝ ਖਤਰਨਾਕ ਵਾਪਰਨ[14] ਦੀ ਉਮੀਦ ਰੱਖਦਾ ਹੈ ਪਰ ਆਪਣੇ ਬੱਚੇ ਨਾਲ ਇਕੱਲਤਾ ਹੰਢਾਉਂਦੀ ਨੀਲੂ ਸਹਿਜ ਤੇ ਸਬਰ ਭਰਿਆ ਜੀਵਨ ਜੀਉਂਦੀ ਹੈ। ਪਤਨੀ ਦੀ ਇਹ ਸਹਿਜਤਾ ਤੇ ਹਸਮੁੱਖ ਸੁਭਾਅ ਵੀ ਪਤੀ ਦੇ ਪੁਰਸ਼ਤਵ ਲਈ ਇਕ ਵੰਗਾਰ ਬਣਿਆ ਰਹਿੰਦਾ ਹੈ। ਕਹਾਣੀ ਦਾ ਬਿਰਤਾਂਤ ਅਸਿੱਧੇ ਰੂਪ ਵਿੱਚ ਮਰਦ ਦੀ ਅਖੌਤੀ ਮਰਦਾਨਗੀ ਵਾਲੀ ਸੱਤਾ ਨੂੰ ਆਪਣੀ ਚੁੱਪ ਨਾਲ ਵੰਗਾਰਦਾ ਹੈ। ਇਸ ਵੰਗਾਰ ਦੀ ਮਾਰ ਹੇਠਾਂ ਡਾ. ਅਰੀਤ ਨੂੰ ਆਪਣੇ ਅੰਦਰੋਂ ਪੱਛਮੀ ਵਿਦਵਾਨ ਬੋਲਦੇ ਸੁਣਦੇ ਹਨ। ਜਿਨ੍ਹਾਂ ਵਿਦਵਾਨਾਂ ਦੀ ਬਹੁਲਤਾ ਉਸਦੀ ਮੌਲਿਕ ਸੋਚ ਨੂੰ ਵਿਕਸਤ ਨਹੀਂ ਹੋਣ ਦਿੰਦੀ-

"ਆਦਮੀ ਆਪਣੇ ਨਾਲ ਹੋਈ ਵਧੀਕੀ ਭੁੱਲ ਜਾਂਦਾ ਹੈ ਪਰ ਮੁਆਫ ਨਹੀਂ ਕਰਦਾ। ਔਰਤ ਮੁਆਫ ਕਰ ਦਿੰਦੀ ਹੈ ਪਰ ਭੁੱਲਦੀ ਨਹੀਂ।" ਪਤਾ ਨਹੀਂ ਕਿਹੜਾ ਵਿਦਵਾਨ ਮੇਰੇ ਅੰਦਰੋਂ ਬੋਲਦਾ ਹੈ। ਸ਼ਾਇਰ ਰਾਬਰਟ ਜੋਹਨ ਹੈ ਜਾਂ ਕੋਈ ਹੋਰ। ਕਿੰਨੇ ਹੀ ਵਿਦਵਾਨ ਤਾਂ ਮੇਰੇ ਅੰਦਰ ਆ ਬੈਠੇ ਨੇ। ਸਿੰਗਮੰਡ ਫਰਾਇਡ, ਵਾਲਟੇਅਰ, ਵਾਰਸ਼ ਸ਼ਾਹ ਤੋਂ ਲੈ ਕੇ ਨਰਿੰਦਰ ਸਿੰਘ ਕਪੂਰ ਤੱਕ।[15]

ਕਹਾਣੀ ਦੀ ਖ਼ੂਬੀ ਪਤੀ ਅਰੀਤ ਦੇ ਕਬਜ਼ੇ ਤੇ ਸ਼ੱਕ ਵਾਲੀ ਭਾਵਨਾ ਦੀ ਕਮੀਨਗੀ ਦੇ ਪ੍ਰਤਿਉੱਤਰ ਵਿੱਚ ਪਤਨੀ ਨੀਲੂ ਦੇ ਖੁੱਲ੍ਹੇ, ਸਹਿਯੋਗੀ ਅਤੇ ਪ੍ਰਵਾਨਗੀ ਵਾਲੇ ਸੁਭਾਅ ਨੂੰ ਪੇਸ਼ ਕਰਕੇ ਨਾਰੀ ਨਜ਼ਰੀਏ ਨੂੰ ਨਵਾਂ ਜ਼ਾਵੀਆ ਦੇਣ ਵਿੱਚ ਹੈ-

"ਸ਼ੱਕੀ ਹੋਇਆ ਤਾਂ ਤੂੰ ਮੈਨੂੰ ਬੜਾ ਈ ਚੰਗਾ-ਚੰਗਾ ਲੱਗਨੈ। ਪਿਆਰਾ ਪਿਆਰਾ ਜਿਹਾ। ਮਨੁੱਖ ਜਿਸਨੂੰ ਸਭ ਤੋਂ ਜ਼ਿਆਦਾ ਪਿਆਰ ਕਰਦਾ ਹੋਵੇ ਉਸ ਬਾਰੇ ਹੀ ਸ਼ੱਕੀ ਹੁੰਦਾ ਹੈ। . . .।

ਮੈਂ ਨੀਲੂ ਤੋਂ ਅੱਖ ਬਚਾ ਕੇ ਆਪਣੀਆਂ ਅੱਖਾਂ ਵਿੱਚ ਉੱਤਰ ਆਏ ਪਾਣੀ ਨੂੰ ਸਾਫ਼ ਕੀਤਾ। ਪਤਾ ਹੀ ਨਹੀਂ ਚੱਲਦਾ ਕਦੋਂ ਉਸਦੇ ਹੱਥਾਂ ਨੂੰ ਆਪਣੇ ਹੱਥਾਂ 'ਚ ਲੈ ਕੇ ਚੁੰਮਣ ਲੱਗਦਾ ਹਾਂ।"[16]

ਕੁੱਲ ਮਿਲਾ ਕੇ ਕਹਿਣਾ ਬਣਦਾ ਹੈ ਕਿ ਗੁਰਮੀਤ ਕੜਿਆਲਵੀ ਦੀ ਦਲਿਤ ਚਿੰਤਨ/ਚੇਤਨਾ ਵਾਲੀ ਕਹਾਣੀ ਨਵੇਂ ਦਿਸਹੱਦਿਆਂ ਵੱਲ ਜਾਣੀ ਲੋੜੀਂਦੀ ਹੈ ਜਿਸਨੂੰ ਆਪਣੀਆਂ ਪੈੜਾਂ 'ਤੇ ਮੁੜ-ਮੁੜ ਪੈਰ ਰੱਖਣ ਦੀ ਥਾਂ ਨਵੀਆਂ ਪੈੜਾਂ ਉੱਕਰਨ ਦੀ ਲੋੜ ਹੈ। ਇਹ ਪੈੜਾਂ ਦਲਿਤ ਵਸਤੂ ਦੇ ਨਾਲ ਨਾਲ ਪਾਤਰ ਪ੍ਰਣਾਲੀ, ਪੇਸ਼ਕਾਰੀ ਜੁਗਤਾਂ ਅਤੇ ਭਾਸ਼ਾ ਦੀ ਪੱਧਰ 'ਤੇ ਉਘਾੜਨੀਆਂ ਬਣਦੀਆਂ ਹਨ।


ਲੇਖਕ ਦਾ ਇਹ ਕਹਾਣੀ ਸੰਗ੍ਰਿਹ **'ਹਾਰੀਂ ਨਾ ਬਚਨਿਆ'** ਦੀ ਕਥਾ ਦ੍ਰਿਸ਼ਟੀ ਦਾ ਸੰਚਾਰ ਕਰਕੇ ਪ੍ਰਤੀਕੂਲ ਅਤੇ ਵਿਰੋਧਾਭਾਸਕ ਸਥਿਤੀਆਂ ਵਿੱਚ ਮਨੁੱਖ ਨੂੰ ਆਪਣੇ ਜੀਣ ਥੀਣ ਲਈ ਸੰਘਰਸ਼ ਕਰਦੇ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਲੇਖਕ ਕੋਲ ਬਿਰਤਾਂਤ ਦੇ ਗੁੱਝੇ ਭੇਦ ਰੱਖ ਕੇ ਕਹਾਣੀ ਨੂੰ ਬੀੜਨ ਵਾਲਾ ਰਚਨਾ ਸ਼ਿਲਪ ਹੈ ਜਿਸਦੇ ਬਲਬੂਤੇ ਉਸਦੀ ਕਹਾਣੀ ਵਿਚਾਰਾਂ ਦੇ ਸੰਚਾਰ-ਸੰਕਟ ਤੋਂ ਮੁਕਤ ਹੈ। ਵਰਤਮਾਨ ਕਹਾਣੀ ਸੰਚਾਰ ਦੇ ਪੱਖੋਂ ਸੌਖੀ ਹੋ ਰਹੀ ਹੈ, ਜਟਿਲ ਰਚਨਾ-ਜੁਗਤਾਂ ਤੋਂ ਮੁਕਤ ਹੋ ਰਹੀ ਹੈ ਅਤੇ ਪੰਜਾਬੀ ਬੰਦੇ ਦੇ ਉਪਭੋਗੀ ਬਿੰਬ ਦੇ ਸਮਾਨਅੰਤਰ ਜਾਗਦੇ ਤੇ ਜੂਝਦੇ ਬਿੰਬ ਦੀ ਉਸਾਰੀ ਵੱਲ ਰੁਚਿਤ ਹੋ ਰਹੀ ਹੈ। **'ਹਾਰੀਂ ਨਾ ਬਚਨਿਆਂ'** ਕਹਾਣੀ ਸੰਗ੍ਰਿਹ ਵਿੱਚ ਇਹ ਵਰਤਾਰਾ ਕਿਸੇ ਨਾ ਕਿਸੇ ਰੂਪ ਵਿੱਚ ਹਾਜ਼ਰ ਹੈ।

**ਹਵਾਲੇ ਅਤੇ ਟਿੱਪਣੀਆਂ-**

1. ਹਾਰੀਂ ਨਾ ਬਚਨਿਆ, ਗੁਰਮੀਤ ਕੜਿਆਲਵੀ, ਪੰਨਾ 29, 2. ਉਹੀ, ਪੰਨਾ 42, 3. ਉਹੀ, ਪੰਨਾ 34, 4. ਉਹੀ, ਪੰਨਾ 153, 5. ਉਹੀ, ਪੰਨਾ 60, 6. ਉਹੀ, ਪੰਨਾ 67, 7. ਉਹੀ, ਪੰਨਾ 77, 8. ਉਹੀ, ਪੰਨਾ128, 9. ਉਹੀ, ਪੰਨਾ111-112, 10. ਉਹੀ, ਪੰਨਾ 112, 11. ਉਹੀ ਪੰਨਾ159, 12. ਉਹੀ, ਪੰਨਾ16, 13. ਉਹੀ, ਪੰਨਾ82, 14 ਉਹੀ, ਪੰਨਾ84, 15. ਉਹੀ, ਪੰਨਾ 93, 16. ਉਹੀ, ਪੰਨਾ 93

***(ਮੁੱਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ, (ਹੁਸ਼ਿਆਰਪੁਰ) ਫੋਨ ; 84370-89769)***

# ਆਪਣੇ ਆਪਣੇ ਮਰਸੀਏ : ਦਮਨਕਾਰੀ ਮਾਨਸਿਕਤਾ ਵਿਰੁੱਧ ਜਵਾਬੀ-ਬਿਰਤਾਂਤਕਾਰੀ/ - ਡਾ. ਸਤਿੰਦਰ ਸਿੰਘ ਰੈਬੀ




ਪੰਜਾਬੀ ਕਹਾਣੀ ਵਿਚ ਨਾਰੀ ਕਹਾਣੀਕਾਰਾਂ ਦਾ ਅਹਿਮ ਸਥਾਨ ਹੈ। ਪੰਜਾਬੀ ਸਮਾਜ-ਸਭਿਆਚਾਰ ਵਿਚ ਔਰਤ ਦੀ ਦਮਿਤ, ਦੂਜੈਲੀ ਸਥਿਤੀ, ਉਸ ਉਪਰ ਮਰਦ ਪ੍ਰਧਾਨ ਸਮਾਜ ਵੱਲੋਂ ਆਰੋਪਿਤ ਇਕ ਪਾਸੜ ਨੈਤਿਕ-ਸਾਂਸਕ੍ਰਿਤਕ ਮਰਿਆਦਾਵਾਂ ਤੇ ਸਵਾਲ ਉਠਾਉਂਦਿਆਂ ਸਮਾਨਤਾ, ਸੁਤੰਤਰਤਾ ਦੇ ਨਾਲ-ਨਾਲ ਔਰਤ ਦੀ ਮਾਨਵੀ ਹੋਂਦ ਬਾਰੇ ਗੰਭੀਰਤਾ ਨਾਲ ਗੱਲ ਤੋਰਨੀ ਹੋਰਨਾਂ ਸਾਹਿਤਕ ਵਿਧਾਵਾਂ ਦੇ ਨਾਲ-ਨਾਲ ਪੰਜਾਬੀ ਕਹਾਣੀ ਦੇ ਹਿੱਸੇ ਵੀ ਆਇਆ ਹੈ। ਪੰਜਾਬੀ ਨਾਰੀ ਕਹਾਣੀਕਾਰਾਂ ਦਾ ਕੇਂਦਰੀ ਮਸਲਾ ਸਮਾਜ ਪ੍ਰਵਾਨਿਤ ਰਿਸ਼ਤਿਆਂ ਤੋਂ ਪਾਰ ਪ੍ਰੇਮ ਮਈ ਸੰਬੰਧਾਂ ਵਿਚ ਮਰਦ ਦੀ ਬੇਵਫਾਈ, ਉਸਦੀ ਸਰੀਰਕ ਸੰਬੰਧਾਂ ਤੱਕ ਮਹਿਦੂਦੀਅਤ ਤੋਂ ਪ੍ਰਾਪਤ ਪੀੜਾ ਦੀ ਅਭਿਵਿਅਕਤੀ ਤੋਂ ਅਗਾਜ ਭਰਦਾ ਸਮੇਂ ਨਾਲ ਵਿਸਥਾਰ ਲੈਂਦਾ ਜਾਂਦਾ ਹੈ। ਅਜੀਤ ਕੌਰ ਸਮਾਜ ਵਲੋਂ ਅਪ੍ਰਵਾਨਿਤ ਮਰਦ-ਔਰਤ ਰਿਸ਼ਤੇ ਵਿਚ ਔਰਤ ਦੀ ਦੇਹਮੂਲਕਤਾ ਤੱਕ ਸੀਮਤ 'ਫਾਲਤੂ' ਹੋਂਦ ਦੀ ਵੇਦਨਾ ਨੂੰ ਸਿੱਦਤਮਈ, ਸੰਵੇਦਨਸ਼ੀਲ ਤੇ ਬੇਬਾਕ ਲਹਿਜ਼ੇ ਵਿਚ ਸਿਰਜਦੀ ਹੈ। ਵੀਨਾ ਵਰਮਾ ਆਪਣੀ ਵਿਦੇਸ਼ੀ ਰਹਿਤਲ ਦੇ ਵਸਤੂ ਮੂਲਕ ਅਨੁਭਵ ਅਤੇ ਸਮਕਾਲੀ ਵਿਸ਼ਵੀ ਨਾਰੀ ਚੇਤਨਾ ਤੋਂ ਪ੍ਰਾਪਤ ਨੀਝ ਸਦਕਾ ਨਾਰੀਵਾਦੀ ਕਥਾ ਨੈਰੇਟਿਵ ਨੂੰ ਮੁਕੰਮਲ ਰੂਪ ਵਿਚ ਉਲਟਾ ਦਿੰਦੀ ਹੈ। ਇਹ ਨਾਰੀਵਾਦੀ ਪਹੁੰਚ ਮਰਦ ਦੇ ਕਿਰਦਾਰ ਤੇ ਵਿਹਾਰ ਨੂੰ ਹੀ ਆਤਮਸਾਤ ਕਰਦੀ ਹੋਈ ਮੋੜਵੇਂ ਰੂਪ ਵਿਚ ਉਹੀ ਕੁਝ ਉਸਨੂੰ ਵਾਪਸ ਕਰਦੀ ਹੈ। ਰਿਸ਼ਤੇ ਭਾਵਨਾਤਮਕ ਗਹਿਰਾਈ, ਅਪਣੱਤ ਤੋਂ ਨਿਰੋਲ ਦੇਹ ਦੇ ਜ਼ਾਇਕੇ ਤੱਕ ਉੱਭਰ ਆਉਂਦੇ ਹਨ। ਹੁਣ ਉਸ ਕੋਲ ਖ਼ੁਦ ਨੂੰ ਦੇਹੀ ਰੂਪ ਵਿਚ ਭੋਗੇ ਜਾਣ ਦੀ ਪੀੜਾ ਨਹੀਂ ਬਲਕਿ ਦੇਹ ਦੀ ਚੇਤਨਾ ਹੈ।

"ਜੇ ਤੂੰ ਮੈਨੂੰ ਭੋਗ ਰਿਹਾ ਹੈਂ ਤਾਂ ਮੈਂ ਵੀ ਤੈਨੂੰ ਭੋਗ ਰਹੀ ਹਾਂ।" (ਤੂੰ ਕੌਣ ਹੈਂ)

ਸਮਕਾਲ ਵਿਚ ਔਰਤ ਦੀ ਬਦਲੀ ਸਮਾਜਕ-ਆਰਥਿਕ ਹੈਸੀਅਤ ਅਤੇ ਰਿਸ਼ਤਿਆਂ ਪ੍ਰਤਿ ਬਣੀ ਨਵੀਂ ਸੋਚ ਪੰਜਾਬੀ ਦੀ ਨਵੀਂ ਕਹਾਣੀਕਾਰਾ ਸਰਘੀ ਦੀ ਚੇਤਨਾ ਦਾ ਅੰਗ ਵੀ ਬਣਦੀ ਹੈ। ਆਪਣੇ ਸੱਜਰੇ ਕਹਾਣੀ ਸੰਗ੍ਰਹਿ **"ਆਪਣੇ ਆਪਣੇ ਮਰਸੀਏ"** (**ਪ੍ਰਕਾਸ਼ਕ : ਚੇਤਨਾ ਪ੍ਰਕਸ਼ਨ, ਲੁਧਿਆਣਾ, ਮੁੱਲ** : 200 **ਰੁਪਏ, ਪੰਨੇ** : 120, **ਸਾਲ** : 2020) ਰਾਹੀਂ ਸਰਘੀ ਨੇ ਪੰਜਾਬੀ ਕਹਾਣੀ ਜਗਤ ਵਿਚ ਹਾਜ਼ਰੀ ਭਰੀ ਹੈ, ਬੇਸ਼ੱਕ ਪੁਸਤਕ ਤੋਂ ਪਹਿਲਾਂ ਹੀ ਉਸਦੀਆਂ ਕਈ ਕਹਾਣੀਆਂ ਜਿਵੇਂ ਰਾਡ, ਹੋਲੀਡੇ ਵਾਈਫ, ਰਬਾਬੀ ਆਦਿ ਪੰਜਾਬੀ ਸਾਹਿਤ ਜਗਤ ਵਿਚ ਮਕਬੂਲੀਅਤ ਪਾ ਚੁੱਕੀਆਂ ਹਨ। ਸਰਘੀ ਦੇ ਨਾਰੀ ਪਾਤਰ



ਪਰੰਪਰਾਗਤ ਸੋਚ-ਵਿਧਾਨ ਵਾਲੇ ਨਾ ਹੋ ਕੇ ਵਿਦਰੋਹੀ / ਪ੍ਰਤਿਰੋਧੀ ਤਬੀਅਤ ਵਾਲੇ ਹਨ, ਬਲਕਿ ਇੰਝ ਕਹਿ ਲਈਏ ਕਿ ਉਹ ਆਪਣੇ ਪਰੰਪਰਾਗਤ ਸਥਾਨਕ ਸਮਾਜ ਸਾਂਸਕ੍ਰਿਤਕ ਦਬਾਵਾਂ ਤੋਂ ਪ੍ਰਾਪਤ ਦੂਜੈਲੇ ਤੇ ਦਮਿਤ ਅਸੁਰੱਖਿਅਤ ਭਾਵ ਵਾਲੇ ਸੁਭਾਅ ਤੋਂ ਤੁਰਕੇ ਪ੍ਰਸਥਿਤੀਆਂ ਦੀ ਰਗੜ ਵਿਚ ਪੈ ਆਤਮ-ਚਿੰਤਨ, ਮੰਥਨ, ਸੰਵਾਦ ਤੇ ਪ੍ਰਸਥਿਤੀਆਂ ਦੀ ਸਮਝ ਰਾਹੀਂ ਉਨ੍ਹਾਂ ਦਾ ਕਾਇਆ-ਕਲਪ ਹੁੰਦਾ ਹੈ, ਨਾਟਕੀ ਢੰਗ ਨਾਲ ਕਥਾ ਬਿਰਤਾਂਤ ਕੂਹਣੀ ਮੋੜ ਕੱਟਦਾ ਹੈ ਅਤੇ ਇਹ ਪਾਤਰ ਆਪਣਾ ਸਾਊ, ਸੰਜਮੀ ਸੁਭਾਅ ਤਿਆਗ ਕੇ ਦਬੰਗ, ਪ੍ਰਤਿਰੋਧੀ ਤੇ ਬਾਗੀ ਤਬੀਅਤ ਦੇ ਬਣ ਜਾਂਦੇ ਹਨ।

ਸੰਗ੍ਰਹਿ ਵਿਚਲੀ ਪਹਿਲੀ ਕਹਾਣੀ '**ਹੋਲੀਡੇ ਵਾਈਫ**' ਵਿਚਲਾ 'ਹੋਲੀਡੇ ਵਾਈਫ' ਦਾ ਸੰਕਲਪ ਆਂਸ਼ਿਕ ਰੂਪ ਵਿਚ ਅਜੀਤ ਕੌਰ ਦੇ '**ਫਾਲਤੂ ਔਰਤ**' ਦੇ ਸੰਕਲਪ ਨਾਲ ਮਿਲਦਾ-ਜੁਲਦਾ ਹੈ। ਫ਼ਰਕ ਇਹ ਹੈ ਕਿ ਅਜੀਤ ਕੌਰ ਦੀਆਂ ਕਹਾਣੀਆਂ ਵਿਚ ਅਵੈਧ ਸੰਬੰਧਾਂ ਵਿਚ ਪਈ ਔਰਤ ਨੂੰ ਆਪਣੀ 'ਫਾਲਤੂ' ਹੋਂਦ ਦਾ ਅਹਿਸਾਸ ਹੁੰਦਾ ਹੈ ਜਦਕਿ '**ਹੋਲੀਡੇ ਵਾਈਫ**' ਤੱਕ ਪੁੱਜਦਿਆਂ ਇਕ ਸਮਾਜ ਪ੍ਰਵਾਨਿਤ ਰੁਤਬੇ ਵਾਲੀ ਪਤਨੀ ਨੂੰ ਹੀ ਪਰਵਾਸੀ ਪਤੀ ਵਲੋਂ ਹੀਣੇ, ਫਾਲਤੂ ਹੋਣ ਦਾ ਅਹਿਸਾਸ ਕਰਵਾਇਆ ਜਾਣ ਲਗਦਾ ਹੈ। ਪਰਵਾਸ ਹੰਢਾ ਰਹੇ ਪਤੀ ਲਈ ਪਿੱਛੇ ਪੰਜਾਬ ਵਿਚ ਘਰ ਬੈਠੀ ਪਤਨੀ ਉਸਦੀ ਹਯਾਤੀ ਦੀ ਹਮਸਫ਼ਰ, ਹਮਰੁਤਬਾ, ਸਤਿਕਾਰਤ ਤੇ ਜੀਵੰਤ ਮਾਨਵੀ ਹੋਂਦ ਨਾ ਹੋ ਕੇ ਮਹਿਜ਼ ਕੁਝ ਦਿਨਾਂ ਭਾਵ ਪੰਜਾਬ ਆਇਆਂ 'ਤੇ ਛੁੱਟੀਆਂ ਦੇ ਦਿਨਾਂ ਲਈ ਮਨਪ੍ਰਚਾਵੇ ਦਾ ਸਾਧਨ ਮਾਤਰ ਹੈ। ਅੰਮ੍ਰਿਤਾ ਪ੍ਰੀਤਮ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਮਹਿਜ਼ 'ਚੰਮ ਦੀ ਗੁੱਡੀ'। ਇਥੇ ਵੀ ਮਿਹਣਾ ਇਹ ਹੈ ਕਿ ਉਸ ਵਿਚ 'ਗੋਰੀਆਂ ਵਾਲਾ ਡੰਗ' ਨਹੀਂ। ਕਹਾਣੀ ਸਥਾਨਕ ਸਮਾਜ-ਸਭਿਆਚਾਰ ਵਿਚਲੇ ਪਿਤਰਕੀ ਭਾਵ ਵਾਲੇ ਘਰ, ਪਰਿਵਾਰ, ਪਿਆਰ, ਪਤੀ ਦੇ ਸੰਕਲਪਾਂ ਤੇ ਪ੍ਰਸ਼ਨ-ਚਿੰਨ੍ਹ ਲਗਾ ਦਿੰਦੀ ਹੈ। ਬਲਕਿ ਇਸ ਸਭ ਨੂੰ ਰੱਦ ਕਰਨ ਤੱਕ ਜਾਂਦੀ ਹੈ। ਇਹ ਰੱਦ ਕਰਨਾ ਕਹਾਣੀ ਵਿਚ ਸੰਕੇਤਕ ਤੇ ਵਿਹਾਰਕ ਦੋਹਾਂ ਪੱਧਰਾਂ ਤੇ ਮਿਲਦਾ ਹੈ, ਮਸਲਨ ਸੁਪਨੇ ਵਿਚ ਚੌਥੀ ਲਾਵ 'ਤੇ ਪਤੀ ਦਾ ਪੱਲਾ ਛੱਡ ਦੇਣਾ, ਜਿਊਂਦੇ ਪਤੀ ਦਾ ਸ਼ਰਾਧ ਕਰਵਾਉਣਾ ਅਤੇ ਸਾਂਸਕ੍ਰਿਤਕ ਮਰਿਆਦਾ ਦੀ ਚੁੰਨੀ ਲਾਹ ਕੇ ਛੜੇ ਜੇਠ ਨਾਲ ਅਵੈਧ ਸੰਬੰਧਾਂ ਵਿਚ ਆਉਣਾ। ਪਾਤਰ ਆਪਣੀ ਸਾਊਪੁਣੇ, ਸੰਜਮਤਾ, ਮਰਿਆਦਾ ਪੂਰਨਤਾ ਵਾਲੀ ਕਾਇਆ ਪਲਟ ਕੇ ਵਿਦਰੋਹੀ ਤਬੀਅਤ ਵਾਲੀ ਬਦਲਾਖੋਰ ਹੋ ਜਾਂਦੀ ਹੈ। ਇਸ ਬਦਲਾਖੋਰੀ ਦੀ ਭਾਵਨਾ ਤਹਿਤ ਉਹ ਹੀਣੇ, ਫਾਲਤੂ ਹੋਣ ਦੀ ਨਮੋਸੀ ਵਾਲੇ ਭਾਵ ਅਤੇ ਸਥਿਤੀ ਨੂੰ ਉਲਟਾ ਪਤੀ ਤੇ ਉਲੱਦਣ ਲਈ ਸਾਂਸਕ੍ਰਿਤਕ ਮਰਿਆਦਾ ਦੀ ਚੁੰਨੀ ਲਾਹ ਕੇ ਛੜੇ ਜੇਠ ਨਾਲ ਸੰਬੰਧ ਬਣਾਉਂਦੀ ਹੈ। ਹੁਣ ਵਿਦੇਸੋਂ ਪਰਤਿਆ ਪਤੀ ਉਸ ਲਈ ਮਹਿਜ਼ 'ਹੋਲੀਡੇ ਹਸਬੈਂਡ' ਰਹਿ ਜਾਂਦਾ ਹੈ।

ਬਦਲਾਖੋਰੀ ਦੀ ਇਹ ਆਦਿ ਮਾਨਵੀ ਜਾਂਗਲੀ ਸਮਾਜ ਵਿਚਲੀ ਭਾਵਨਾ ਕਬਾਇਲੀ ਸਮਾਜ, ਜਗੀਰਦਾਰੀ ਤੋਂ ਅੱਗੇ ਵਧਦੀ ਆਧੁਨਿਕ ਪੂੰਜੀਵਾਦੀ ਪ੍ਰਬੰਧ ਵਿਚ ਨਾਰੀਵਾਦੀ ਵਿਚਾਰਧਾਰਾ ਵਿਚ ਵੀ ਬਣੀ ਰਹਿੰਦੀ ਹੈ। ਰੈਡੀਕਲ ਨਾਰੀਵਾਦ ਵਲੋਂ ਸਿਰਜਿਆ ਜਾ ਰਿਹਾ ਅਜ਼ਾਦ ਨਾਰੀ ਦਾ ਇਹ ਬਿੰਬ ਉਸ ਮਰਦ ਦਾ ਹੀ ਪ੍ਰਤਿਰੂਪ ਹੈ ਜਿਸਨੂੰ ਨਕਾਰਾਤਮਕ ਅਰਥਾਂ ਵਿਚ ਜਗੀਰੂ ਤੇ ਪਿਤਰਕੀ-ਵਿਧਾਨ ਵਾਲਾ ਮੰਨਿਆ ਜਾਂਦਾ ਹੈ। ਇਥੇ ਵੀ ਪਤਨੀ ਪ੍ਰਤਿਰੋਧੀ ਭਾਵ ਵਿਚ 'ਪਤੀ' ਦਾ ਹੀ ਪ੍ਰਤਿਬੰਬ ਹੋ ਜਾਂਦੀ ਹੈ। ਹੌਲੀਡੇ ਵਾਈਫ ਦੇ ਸਮਰੂਪ, ਸਮਵਿੱਥ 'ਹੌਲੀਡੇ ਹਸਬੈਂਡ'। ਅਸੀਂ ਜਿਸ ਦੇ ਸਤਾਏ ਹੁੰਦੇ ਹਾਂ, ਉਸੇ ਰੂਪ ਵਿਚ ਢਲ ਜਾਂਦੇ ਹਾਂ, ਜਾਂ ਢਾਲ ਦਿੱਤੇ ਜਾਂਦੇ ਹਾਂ। ਇਸ ਵਰਤਾਰੇ ਤੇ ਵਿਹਾਰ ਨੂੰ ਸੁਖਜੀਤ ਨੇ ਆਪਣੀ ਕਹਾਣੀ 'ਮੈਂ ਰੇਪ ਨੂੰ ਇੰਜੁਆਇ ਕਰਦੀ ਹਾਂ' ਵਿਚ ਵਧੇਰੇ ਤਿੱਖੇ ਰੂਪ ਵਿਚ ਪੇਸ਼ ਕੀਤਾ ਹੈ,

"ਮੈਂ ਕਦੋਂ ਕੈਹਨੀਆਂ ਸਾਲਿਆ ਕਿ ਜੀਹਦੇ ਨਾਲ ਰੇਪ ਹੁੰਦੈ ਉਹ ਇੰਜੁਆਏ ਕਰਦੈ, ਮੈਂ ਕੈਹਨੀਆਂ

ਕਿ ਜਿਹੜਾ ਰੇਪ ਕਰਦੈ ਉਹ ਇੰਜੁਆਏ ਕਰਦੈ... ਤੇ ਮੈਂ ਅੱਜ ਕੱਲ੍ਹ ਰੇਪ ਨੂੰ ਇੰਜੁਆਏ ਕਰਦੀ ਆਂ...।

ਕਹਾਣੀ 'ਹੋਲੀਡੇ ਵਾਇਫ' ਵਿਚ ਵੀ ਪਤਨੀ 'ਇੰਜੁਆਏ' ਕਰਨ ਵਾਲੀ ਧਿਰ ਦਾ ਰੂਪ ਹੋ ਜਾਂਦੀ ਹੈ। ਪੰਜਾਬੀ ਕਥਾ-ਬੋਧ ਅਖੀਰ ਸਮਾਜਕ ਯਥਾਰਥ ਦੇ ਇਸ ਲੁਕਵੇਂ ਪਹਿਲੂ ਨੂੰ ਪ੍ਰਵਾਨ ਕਰਨ ਲੱਗਾ ਹੈ ਕਿ ਔਰਤ ਵੀ ਰੇਪ ਕਰ ਸਕਦੀ ਹੈ। ਖਪਤਵਾਦੀ ਸਭਿਆਚਾਰ ਸਾਨੂੰ ਅਜ਼ਾਦੀ ਦੇ ਭੁਲਾਵੇ ਵਿਚ ਖਬਤੀ ਮਾਨਸਿਕਤਾ ਦੇ ਕੇ ਅਜ਼ਾਦ ਤੇ ਜੇਤੂ ਹੋਣ ਦਾ ਅਹਿਸਾਸ ਦਿੰਦਾ ਹੈ। ਇਹੀ ਮਾਇਆ ਹੈ, ਅਸੀਂ ਜਿਸਦੇ ਸਤਾਏ ਹੁੰਦੇ ਹਾਂ, ਜਿਸਦੇ ਵਿਰੋਧ ਵਿਚ ਹੁੰਦੇ ਹਾਂ, ਉਸੇ ਦਾ ਰੂਪ ਹੋ ਜਾਂਦੇ ਹਾਂ, ਬਦਲ ਨਹੀਂ ਬਣ ਪਾਉਂਦੇ। ਉਸੇ ਦਾ ਵਿਸਥਾਰ ਹੋ ਜਾਂਦੇ ਹਾਂ, ਫਿਰ ਵੀ ਭੁਲਾਵਾ ਬਣਿਆ ਰਹਿੰਦਾ ਹੈ ਕਿ ਅਸੀਂ ਵਿਰੋਧ ਵਿਚ ਹਾਂ, ਅਜ਼ਾਦ ਹਾਂ।

ਕਹਾਣੀ '**ਰਾਡ**' ਭਾਰਤੀ ਸਮਾਜ ਵਿਚ ਔਰਤ ਉਪਰ ਹੋ ਰਹੀ ਲਿੰਗਕ ਹਿੰਸਾ-ਬਲਾਤਕਾਰ ਅਤੇ ਕਤਲ ਰੂਪੀ ਅਮਾਨਵੀ ਵਿਹਾਰ, ਇਸ ਘਿਨਾਉਣੇ ਸਮਾਜਕ ਯਥਾਰਥ ਨੂੰ ਮੀਡੀਆ ਵੱਲੋਂ 'ਹਾਈਪ' ਦੇਣ ਅਤੇ ਇਸ ਅਸੁਰਖਿਅਤ ਮਾਹੌਲ ਵਿਚ ਆਪਣੇ ਆਪ ਤੇ ਆਪਣੀ ਧੀ ਦੀ ਸੁਰੱਖਿਆ ਦੀ ਚਿੰਤਾ ਕਰਦੀ ਮਾਂ ਦੀ ਉੱਖੜੀ ਮਾਨਸਿਕਤ ਨੂੰ ਪੇਸ਼ ਕਰਦੀ ਹੈ। ਰੇਪ ਅਤੇ ਕਤਲ ਸਾਡੇ ਸਮਾਜਕ ਪਰਿਵਾਰਕ ਜੀਵਨ ਦੇ ਨਾਲ-ਨਾਲ ਸਾਡੀ ਮਾਨਸਿਕਤਾ ਨੂੰ ਵੀ ਅਸਥਿਰ ਕਰ ਰਹੇ ਹਨ। ਇਸ ਨਾਲ ਸੰਬੰਧਿਤ ਡਰ, ਸਹਿਮ, ਦਹਿਸ਼ਤ, ਮਨੁੱਖ ਨੂੰ, ਖਾਸਕਰ ਨਾਰੀ ਨੂੰ ਮਾਨਸਿਕ ਤੌਰ ਤੇ ਹਿਲਾ ਕੇ ਰੱਖ ਦਿੰਦੇ ਹਨ, ਅਸੁਰਖਿਅਤ ਭਾਵ ਲਗਾਤਾਰ ਬਣਿਆ ਰਹਿੰਦਾ ਹੈ ਜੋ ਉਨ੍ਹਾਂ ਜੀਵਨ ਦੇ ਹਰੇਕ ਪਹਿਲੂ ਤੇ ਅਸਰ ਅੰਦਾਜ਼ ਹੁੰਦਾ ਹੈ। ਅਸੀਂ ਉਸ ਦੌਰ ਵਿਚੋਂ ਗੁਜ਼ਰ ਰਹੇ ਹਾਂ ਜਦ ਰਾਜਸੀ ਤੇ ਸੰਪ੍ਰਦਾਇਕ ਧਰੁਵੀਕਰਨ ਦੇ ਨਜ਼ਰੀਏ ਤੋਂ 'ਪੀੜਤ ਨੂੰ ਹੀ ਦੋਸ਼ੀ' ਕਰਾਰ ਦੇ ਦਿੱਤਾ ਜਾਂਦਾ ਹੈ। ਮਰਦ ਮਾਨਸਿਕਤਾ ਆਪਣੇ ਮੂੰਹ ਜੋਰ ਵਿਗੜੈਲ ਵਹਿਸ਼ੀ ਕਾਮੁਕ ਵਿਹਾਰ ਦੀ ਬਜਾਇ ਔਰਤ ਦੇ ਪਹਿਰਾਵੇ, ਘਰੋਂ ਬਾਹਰ ਜਾਣ ਜਹੇ ਕਾਰਣ ਦੱਸ ਅਜਿਹੇ ਅਮਾਨਵੀ ਵਿਹਾਰ ਨੂੰ ਪੀੜਤ ਧਿਰ ਹੀ ਉਲੱਦ ਦਿੰਦੀ ਹੈ। ਅਜਿਹੇ ਵਿਚ ਇਹ ਕਹਾਣੀ ਬਲਾਤਕਾਰ ਦੇ ਮਾਰੂ ਅਸਰਾਂ ਨੂੰ ਦਰਸਾਉਂਦੀ ਸਾਨੂੰ ਮਾਨਵੀ ਧਰਾਤਲ 'ਤੇ ਇਨ੍ਹਾਂ ਪ੍ਰਤਿ ਵਧੇਰੇ ਗੰਭੀਰ, ਸੰਵੇਦਨਸ਼ੀਲ ਹੋਣ ਅਤੇ ਇਸ ਹਿੰਸਕ ਵਿਹਾਰ ਨੂੰ ਨਕਾਰਨ ਪ੍ਰਤਿ ਸੁਚੇਤ ਕਰਦੀ ਨਾਲ ਹੀ ਇਸਦਾ ਹੱਲ ਨਾਰੀ ਮਨੋ-ਬਲ ਵਿਚ ਵੇਖਦੀ ਹੈ।

ਸਰਘੀ ਇਥੇ ਵੀ ਕਹਾਣੀ ਨੂੰ ਇੱਛਿਤ ਯਥਾਰਥ ਤਹਿਤ ਸਕਾਰਾਤਮਕ ਨੋਟ ਤੇ ਖਤਮ ਕਰਨ ਹਿੱਤ ਆਪਣੀ ਪਾਤਰ ਦਾ ਕਾਇਆ ਕਲਮ ਕਰਦੀ ਹੈ। ਬਿਰਤਾਂਤ ਘਟਨਾ ਨਾਲੋਂ ਵੱਧ ਘਟਨਾ ਦੇ ਮਨੋ-ਪ੍ਰਭਾਵਾਂ ਤੇ ਕੇਂਦਰਿਤ ਹੈ। ਘਟਨਾਵਾਂ ਤੇ ਦਹਿਲ ਵਿਚ ਆਈ ਪਾਤਰ 'ਦੀਪ' ਸਥਿਤੀਆਂ ਦੇ ਮਾਨਸਿਕ ਦਬਾਅ ਅਧੀਨ ਖੰਡਿਤ ਹੁੰਦੀ ਡਰ, ਸਹਿਮ, ਦਹਿਲ ਵਿਚ ਵਿਗੜਦੀ-ਮਾਨਸਿਕਤਾ ਵਿਚ ਆਪਣੀ ਡਾਕਟਰ ਦੋਸਤ ਨਾਲ ਸੰਵਾਦ, ਆਤਮ-ਚਿੰਤਨ ਅਤੇ ਸਥਿਤੀਆਂ ਦੀ ਸਮਝ ਵਿਚੋਂ ਅਖੀਰ ਆਪਣੇ ਤੇ ਹਾਵੀ ਦਹਿਲ ਨੂੰ ਵਗਾਹ ਮਾਰਦੀ ਹੈ। ਪਾਤਰ ਦੇ ਇਸ 'ਕਾਇਆ ਕਲਮ' ਨੂੰ ਮੁਕੰਮਲ ਰੂਪ ਵਿਚ ਕਹਾਣੀਕਾਰਾ ਦੀ ਪਾਤਰ ਤੇ 'ਅਥਾਰਟੀ' ਦੇ ਰੂਪ ਵਿਚ ਨਹੀਂ, ਬਲਕਿ ਬਿਖਮ ਮਨੋ-ਸਮਾਜਕ ਪ੍ਰਸਥਿਤੀਆਂ ਵਿਚੋਂ ਰਗੜ ਕੇ ਲੰਘਦੇ, ਟੁੱਟਦੇ-ਭੱਜਦੇ ਹੋਂਦ ਦੇ ਸੰਘਰਸ਼ ਵਿਚ ਪਏ ਪਾਤਰ ਦੇ ਆਤਮ-ਚਿੰਤਨ, ਸੰਵਾਦ ਅਤੇ ਅਨੁਭਵ ਵਿਚੋਂ ਪ੍ਰਾਪਤ ਸੂਝ ਰੂਪੀ ਅਰਕ ਦਾ ਨਤੀਜਾ ਵੀ ਹੈ।

ਕਹਾਣੀ ਵਿਚ ਰਾਡ ਆਪਣੀ ਵਸਤੂਮਲਕ ਪਛਾਣ ਤੋਂ ਵਿਸਥਾਰ ਲੈ ਮਰਦ ਲਿੰਗ, ਔਰਤ ਉਪਰ ਹੁੰਦੀ ਲਿੰਗਕ ਹਿੰਸਾ ਦੇ ਮੈਟਾਫਰ ਵਜੋਂ ਪੇਸ਼ ਹੈ। ਫਰਾਇਡਵਾਦੀ ਨਜ਼ਰੀਏ ਤੋਂ ਕਥਾ-ਬਿਰਤਾਂਤ ਵਿਚ ਲਾਜਵੰਤੀ ਦੇ ਫੁੱਲ ਨਾਰੀ ਅਥਵਾ ਨਾਰੀ-ਲਿੰਗ ਅਤੇ ਰਾਡ ਪੁਰਸ਼ ਲਿੰਗ ਦੇ ਚਿਹਨ ਹਨ। "ਇਕ ਭਾਰੀ



ਰਾਡ ਵੱਲੋਂ ਲਾਜਵੰਤੀ ਨੂੰ ਮਿੱਧਣਾ ਲਿੰਗਕ ਦਾਬੇ ਦੇ ਰੂਪ ਵਿਚ ਕਥਾ ਦੇ ਕੇਂਦਰੀ ਸਰੋਕਾਰ ਦਾ ਹੀ ਦ੍ਰਿਸ਼ਟਾਂਤ ਸਿਰਜਣ ਹੈ। ਰਾਡ ਵੇਲ ਦਾ ਆਸਰਾ ਬਣਨ ਲਈ ਲਗਾਈ ਸੀ, ਜਿਸਨੇ ਸਮੇਂ ਦੀ ਹਨੇਰੀ ਨਾਲ ਵੇਲ ਨੂੰ ਦੱਬ ਲਿਆ। ਸਿਹਤਮੰਦ ਸਮਾਜ ਅਤੇ ਮਾਨਵੀ ਭਲਾਈ ਹਿੱਤ ਲੋੜ ਚੋਹਾਂ ਧਿਰਾਂ ਦੀ ਆਪਸੀ ਸਹਿਹੋਂਦ, ਸਹਿਯੋਗ, ਸਮਾਨਤਾ ਦੀ ਹੈ। ਰਾਡ ਨੂੰ ਪੁੱਟ ਕੇ ਘਰੋਂ ਬਾਹਰ ਵਗਾਹ ਮਾਰਨ ਨੂੰ ਜੇਕਰ ਕਥਾ ਦੇ ਕੇਂਦਰੀ ਨੁਕਤੇ ਅਤੇ ਕਹਾਣੀਕਾਰਾ ਦੇ ਮਨੋਰਥ ਮੁਤਾਬਕ ਲਿਆ ਜਾਵੇ ਤਾਂ ਇਹ ਲਿੰਗਕ ਦਾਬੇ, ਲਿੰਗਕ ਹਿੰਸਾ, ਜਬਰਦਸਤੀ ਵਾਲੀ ਮਾਨਸਿਕਤਾ ਅਤੇ ਉਸ ਵਰਤਾਰੇ ਦੇ ਡਰ ਨੂੰ ਮਨ ਅਤੇ ਸਮਾਜਕ ਚੌਗਿਰਦੇ ਵਿਚੋਂ ਬਾਹਰ ਕੱਢ ਸੁੱਟਣਾ ਹੈ। ਜੇਕਰ ਅਸੀਂ ਇਸ ਹਿੰਸਾ ਤੇ ਡਰ ਦੇ ਦਾਬੇ ਵਿਚੋਂ ਨਿਕਲਣ ਦੇ ਫੌਰੀ ਪ੍ਰਤਿਕਰਮ ਵਿਚ ਸਮੁੱਚੀ ਮਰਦ ਹੋਂਦ ਨੂੰ ਨਕਾਰ ਰਹੇ ਹਾਂ ਤਾਂ ਮਗਰ ਪ੍ਰੇਮ ਦੀ ਨਦੀ ਨਹੀਂ, ਲੈਸਬੀਅਨਤਾ ਦਾ ਬਰੇਤਾ ਹੀ ਬਚੇਗਾ

ਕਹਾਣੀ '**ਰਬਾਬੀ**' ਰਾਹੀਂ ਸਿੱਖ ਧਰਮ ਦੇ ਸੰਸਥਾਗਤ ਵਿਹਾਰਕ ਪ੍ਰਚਲਣ ਨੂੰ 'ਮਰਦਾਨਾ' ਪਾਤਰ ਦੀ ਜੁਗਤ ਰਾਹੀਂ ਗੁਰਮਤਿ ਵਿਚਾਰਧਾਰਾ ਦੇ ਸਨਮੁਖ ਟਿਕਾ ਕੇ ਇਸ ਵਿਚ ਆਈਆਂ ਊਣਤਾਵਾਂ ਤੇ ਦੰਭੀ ਰੂਪ ਨੂੰ ਨਿਗੇਟ ਕੀਤਾ ਹੈ। ਜਾਤ ਦਾ ਸਵਾਲ ਅਜੇ ਉਵੇਂ ਕਾਇਮ ਹੈ। ਗੁਰੂ ਦੀ ਗੋਲਕ ਜਿਸਨੂੰ ਗਰੀਬ ਦਾ ਮੂੰਹ ਕਹਿ ਕੇ ਲੋੜਵੰਦਾਂ ਦੀ ਭਲਾਈ ਹਿੱਤ ਵਰਤੇ ਜਾਣ ਦੀ ਤਾਕੀਦ ਹੈ, ਉਸਦੀ ਵਰਤੋਂ ਗੁਰਮਤਿ ਵਿਚਾਰਧਾਰਾ ਦੇ ਉਲਟ ਸਤਾਬਦੀ ਸਮਾਗਮਾਂ ਦੇ ਅਡੰਬਰਾਂ, ਵੀ. ਆਈ. ਪੀ. ਸਟੇਜਾਂ ਤੇ ਵੀ. ਆਈ. ਪੀ. ਲੰਗਰਾਂ ਲਈ ਕੀਤੀ ਜਾ ਰਹੀ ਹੈ। ਮਰਦਾਨੇ ਵਾਲੀ ਸਿੱਖੀ ਭਾਵਨਾ ਹਾਸ਼ੀਏ ਤੇ ਹੈ, ਭਾਈ ਲਾਲੋ ਦੀ ਦਸਾ ਨਹੁੰਆਂ ਦੀ ਹੱਕ ਹਲਾਲ ਵਾਲੀ ਰੁੱਖੀ ਮਿੱਸੀ ਦੀ ਥਾਂ ਮਲਕ ਭਾਗੋਆਂ ਵਾਲੇ ਵਿਅੰਜਨਾਂ ਨੂੰ ਅਤੇ ਮਲਿਕ ਭਾਗੋ ਜਿਹੇ ਕਿਰਦਾਰਾਂ ਨੂੰ ਪਹਿਲ ਤੇ ਵਡਿਆਈ ਹੈ। ਸਮੇਂ ਦੀ ਰਜਨੀਤੀ ਫ਼ਿਰਕਾਪ੍ਰਸਤੀ ਤੇ ਖੜੀ ਹੈ, 'ਸਾਂਝ ਦੀ ਪਾਈ ਇਕ ਜੱਫੀ' ਨਾਲ ਇਨ੍ਹਾਂ ਦਾ ਸਿੰਘਾਸਣ ਡੋਲਣ ਲਗਦਾ ਹੈ। ਮੇਰੇ ਨਾਨਕ ! ਤੇਰੀ ਨਗਰੀ ਵਸਦੀ ਰਹੇ।" 'ਵੱਸਦੇ ਰਹਿਣ' ਦੇ ਇਸ ਸਰਾਪ ਵਿਚ ਹੀ ਇਸ ਦੰਭੀ, ਅਡੰਬਰੀ ਤੇ ਪੈਸਾ ਮੂਲਕ ਕੀਮਤਾਂ ਵਾਲੇ ਵਰਤਾਰੇ ਨੂੰ ਗੁਰਮਤਿ ਨਜ਼ਰੀਏ ਤੋਂ ਨਿਗੇਟ ਕਰਨ ਦਾ ਅੰਤਰ-ਪਾਠ ਪਿਆ ਹੈ।

ਕਹਾਣੀ '**ਆਪਣੇ ਆਪਣੇ ਮਰਸੀਏ**' ਚੰਨੀ ਦੇ ਨੰਦੀ ਨਾਂ ਦੇ ਦੋ ਵਿਧਵਾ ਪਾਤਰਾਂ ਰਾਹੀਂ ਸਾਂਸਕ੍ਰਿਤਕ ਬੰਧੇਜਾਂ ਤੇ ਨਾਰੀ ਅਜ਼ਾਦੀ ਵਿਚਾਲੇ ਟਕਰਾਅ ਨੂੰ ਪੇਸ਼ ਕਰਦੀ ਹੈ। ਸਮਕਾਲੀ ਪੰਜਾਬੀ ਕਥਾ-ਬੋਧ ਤਰਜੀਹੀ ਅਧਾਰ ਤੇ ਅਜਿਹੇ ਪਾਤਰਾਂ ਦੀ ਸਿਰਜਣਾ / ਚੋਣ ਕਰ ਰਿਹਾ ਹੈ ਜੋ ਆਪਣੇ ਸਮਾਜ-ਸਾਂਸਕ੍ਰਿਤਕ ਆਪੇ ਨੂੰ ਹਾਸ਼ੀਏ ਤੇ ਕਰ ਆਪਣੇ ਕੁਦਰਤੀ ਆਪੇ ਵੱਲ ਅਗ੍ਰਸਰ ਹੁੰਦੇ ਹਨ। ਇਸ ਕਹਾਣੀ ਵਿਚਲੀ ਨਾਰੀ ਆਪਣੇ ਨਾਰੀ ਅਜ਼ਾਦੀ ਹਿੱਤ ਆਪਣੇ ਔਰਤਤਵ ਨੂੰ ਆਪਣੇ ਜਿਸ ਰੂਪ ਤੋਂ ਤਰਜੀਹ ਦੇ ਰਹੀ ਹੈ, ਉਸਦਾ ਉਹ ਰੂਪ ਸਮਾਜ ਵਿਚ ਪ੍ਰਵਾਨਿਤ ਅਤੇ ਸਤਿਕਾਰਤ ਰੂਪ ਹੈ, ਮਾਂ ਦਾ ਰੂਪ। 'ਮਾਂ' ਜਿਸਨੂੰ ਪੂਰਬੀ ਸੰਸਕ੍ਰਿਤੀ 'ਰੱਬ ਦਾ ਰੂਪ' ਮੰਨਦੀ ਹੈ, ਜਿਥੇ ਔਰਤ ਨੂੰ 'ਸੰਪੂਰਨ' ਮੰਨਿਆ ਜਾਂਦਾ ਹੈ। ਕਹਾਣੀ ਵਿਚਲੀ ਪਾਤਰ ਨੰਦੀ ਪ੍ਰਤੱਖ ਰੂਪ ਵਿਚ ਅਤੇ ਚੰਨੀ ਪ੍ਰੋਖ ਰੂਪ ਵਿਚ ਆਪਣੇ ਮਾਤ੍ਰਤਵ ਤੋਂ ਔਰਤਤਵ ਨੂੰ ਤਰਜੀਹ ਦਿੰਦੀਆਂ ਹਨ।

ਕਹਾਣੀ '**ਹੌਂਟਡ ਹਾਊਸ**' ਆਧੁਨਿਕ ਖਪਤਵਾਦੀ, ਵਿਅਕਤੀਵਾਦੀ, ਮੌਕਾਪ੍ਰਸਤ ਮਨੁੱਖ ਦੀ ਰਿਸ਼ਤਿਆਂ ਨੂੰ 'ਵਰਤੋ ਤੇ ਸੁੱਟੋ' ਵਾਲੀ ਪਹੁੰਚ ਤੋਂ ਉਪਜੇ ਪਰਿਵਾਰਕ ਸੰਕਟ ਦਾ ਦੁਖਾਂਤ ਹੈ। ਰੌਣਕ ਸਿੰਘ ਇੰਗਲੈਂਡ ਵਿਚ ਪੱਕੇ ਹੋਣ ਲਈ 'ਅੱਧੀ ਅਧੂਰੀ ਸ਼ਰਨ' ਨਾਲ ਵਿਆਹ ਕਰਵਾਉਂਦਾ ਹੈ, ਪਰ ਪੱਕੇ ਹੋ ਕੇ ਦੋ ਧੀਆਂ ਦਾ ਬਾਪ ਬਣ ਕੇ ਵੀ ਪਤਨੀ ਨੂੰ ਐਸਾ ਦੁਖੀ ਕਰਦਾ ਹੈ ਕਿ ਉਹ ਬਿਮਾਰ ਪੈ ਕੇ ਮਰ ਜਾਂਦੀ ਹੈ। ਰੌਣਕ ਫਿਰ ਵਿਆਹ ਕਰਵਾ ਲੈਂਦਾ ਹੈ ਪਰ ਧੀਆਂ ਲਈ ਇਹ ਘਰ ਮਾਂ ਤੋਂ ਬਿਨਾਂ '**ਹੌਂਟਡ ਹਾਊਸ**' ਬਣ

ਜਾਂਦਾ ਹੈ। ਮੌਕਾਪ੍ਰਸਤ, ਵਿਅਕਤੀਵਾਦੀ ਮਾਨਸਿਕਤਾ ਕਰਕੇ ਘਰ ਟੁੱਟ ਰਹੇ ਹਨ ਅਤੇ ਜੀਵਨ ਬਰਬਾਦ ਹੋ ਰਹੇ ਹਨ।

ਸਰਘੀ ਦੀਆਂ ਕਹਾਣੀਆਂ ਵਿਚ 'ਘਰ' ਦਾ ਸੰਕਲਪ ਚੇਤਨ-ਅਚੇਤਨ ਰੂਪ ਵਿਚ ਹਾਜ਼ਰ ਰਹਿੰਦਾ ਹੈ। ਮਨੁੱਖ ਦੀ ਸਮਾਜਕ ਤੇ ਮਾਨਸਿਕ ਜ਼ਰੂਰਤ ਵਜੋਂ। **'ਹੋਲੀਡੇ ਵਾਈਫ'** ਦੀ ਪਾਤਰ ਆਪਣੇ ਲਈ **'ਘਰ'** ਦੇ ਅਰਥ ਤਲਾਸ਼ਦੀ ਹੈ। **'ਰਾਡ'** ਦੀ ਪਾਤਰ ਆਪਣੇ ਘਰ ਦੀ ਸੁਰੱਖਿਆ ਲਈ ਫ਼ਿਕਰਮੰਦ ਹੈ। **'ਹੌਂਟਡ ਹਾਊਸ'** ਦੀ ਧੀ ਨੂੰ ਮਾਂ ਬਿਨਾਂ ਘਰ ਡਰਾਉਣਾ ਲਗਦਾ ਹੈ। **'ਆਪਣੇ ਆਪਣੇ ਮਰਸੀਏ'** ਦੀ ਮੂੰਹ ਜੋਰ ਪਾਤਰ ਨੰਦੀ ਦੇ ਪੈਰ ਮੁੜ ਉਸ ਘਰ ਵੱਲ ਪਰਤਦੇ ਹਨ, ਇਹ ਜਾਣਦੇ ਹੋਏ ਵੀ ਕਿ ਹੁਣ ਉਸ ਘਰ ਨਾਲ ਉਸਦਾ ਕੋਈ ਵਾਸਤਾ ਨਹੀਂ, ਜਿਸ ਘਰ ਦੇ ਦਰਵਾਜੇ ਹੁਣ ਉਸ ਲਈ ਬੰਦ ਹੋ ਚੁੱਕੇ ਹਨ। ਇੰਝ ਹੀ ਕਹਾਣੀ **'ਸਭ ਦੇਸ ਪਰਇਆ'** ਵਿਚਲੇ ਪਿਤਾ ਨੂੰ ਹੁੰਦਿਆਂ ਸੁੰਦਿਆਂ ਆਪਣਾ ਪਿਓ ਨਾਲੋਂ ਖ਼ੁਦ ਨੂੰ ਅਲੱਗ ਕਰ ਲੈਣ ਪਿਛੋਂ ਬੁੱਢੇ ਮਾਂ-ਪਿਓ ਖੁਦ ਨੂੰ ਆਪਣੇ ਹੀ ਘਰ ਵਿਚ ਬੇਵੱਸ ਇਕੱਲੇ ਤੇ ਲੁੱਟੇ ਹੋਏ ਮਹਿਸੂਸ ਕਰਦੇ ਹਨ। ਸਮਾਜਕ ਯਥਰਥ ਦੀ ਵਰਤਮਾਨ ਸਥਿਤੀ ਇਹ ਹੈ ਕਿ 'ਘਰਵਾਲੀ ਦੇ ਘਰ' ਵਿਚ ਮਾਪਿਆਂ ਲਈ ਇਕ ਕਮਰਾ ਰੱਖਣਾ ਵੀ ਪੁੱਤਰ ਲਈ 'ਇੰਮਪੌਸੀਬਲ' ਹੋ ਗਿਆ ਹੈ। ਪੈਸਾ ਕੀਮਤਾਂ ਦੇ ਸਿਰ ਚੜ੍ਹ ਬੋਲਣ ਕਰਕੇ ਸੰਵੇਦਨਹੀਣ ਹੋਏ ਨੂੰਹ-ਪੁੱਤਰ ਨੂੰ ਮਾਪਿਆਂ ਲਈ ਸਰਵੈਂਟ ਅਰੇਂਜ ਕਰਕੇ ਦੇਣਾ ਵਧੇਰੇ 'ਇਕਨਾਮਿਕਲ' ਲਗਦਾ ਹੈ। ਕਹਾਣੀ ਵਰਤਮਾਨ ਪੰਜਾਬ ਦੇ ਵਿੰਨਵੇਂ ਸਮਾਜਕ ਯਥਾਰਥ ਦੀ ਸੰਵੇਦਨਸ਼ੀਲ ਸਿਰਜਣਾ ਹੈ।

ਸਮਕਾਲੀ ਪੰਜਾਬੀ ਕਥਾ ਬੋਧ ਵਿਚ 'ਮਰਦਾਨਗੀ' ਦਾ ਸੰਕਲਪ ਕਿਹੋ ਜਿਹਾ ਹੈ? ਕੀ ਉਵੇਂ ਦਾ ਹੀ ਹੈ ਜਿਵੇਂ ਦਾ ਪਰੰਪਰਾਗਤ ਰੂਪ ਵਿਚ ਜਗੀਰਦਾਰੀ ਨਜ਼ਰੀਏ ਤੋਂ ਸਮੂਹਿਕ ਪੰਜਾਬੀ ਅਵਚੇਤਨ ਵਿਚ ਪਿਆ ਹੈ? ਜਾਂ ਫਿਰ ਕੁਝ ਭਿੰਨ? ਤਲਵਿੰਦਰ ਦੀ ਕਹਾਣੀ **'ਤਾੜੀ'** ਵਿਚਲਾ ਘਰੇਲੂ ਜਿੰਮੇਵਾਰੀਆਂ ਨਿਭਾਉਂਦੇ, ਘਰ ਦੀ ਆਰਥਿਕਤਾ ਦੇ ਜੂਲੇ 'ਚ ਮਤਾੜਿਆ, ਸਾਂਸਕ੍ਰਿਤਕ ਮਰਿਆਦਾ ਵਿਚ ਬੱਝਾ ਸਧਾਰਨ ਮਰਦ, ਜੇ ਬੇਗਾਨੀ ਜਨਾਨੀ ਤੋਂ ਹਿਚਕਿਚਾ ਜਾਂਦਾ ਹੈ ਤਾਂ ਬਿਰਤਾਂਤਕਾਰ, ਪਾਤਰਾਂ ਅਤੇ ਪਾਠਕ ਸਭ ਦੀ ਨਜ਼ਰ ਵਿਚ ਇਕ ਬਾਲ-ਬੱਚੇਦਾਰ ਆਦਮੀ 'ਮਰਦ' ਹੋਣ ਦੀ ਪ੍ਰਮਾਣਿਕਤਾ ਗਵਾ ਬੈਠਦਾ ਹੈ, ਨਕਾਰਾਤਮਕ ਰੂਪ ਵਿਚ ਉਸਦੇ 'ਹਿਜੜਾ' ਹੋਣ ਦੇ ਅਰਥ ਉਤਪਾਦਿਤ ਹੁੰਦੇ ਹਨ। ਮਤਲਬ ਪੂਰਨ ਮਰਦ ਹੋਣ ਲਈ ਤੁਹਾਨੂੰ ਬੇਗਾਨੀ ਜਨਾਨੀ ਨੂੰ ਹੰਢਾਉਣ ਦੇ ਉਸਦੀ ਕਾਮੁਕ ਸੰਤੁਸ਼ਟੀ ਦੀ 'ਕਸਵੱਟੀ' 'ਤੇ ਪੂਰਾ ਉਤਰਨਾ ਹੋਵੇਗਾ। ਵੀਨਾ ਵਰਮਾ ਦੀ ਕਹਾਣੀ **'ਚਾਰ ਰਾਤਾਂ'** ਦੀ ਪਾਤਰ ਆਖਦੀ ਹੈ,

"ਚੰਗੀ ਭਲੀ ਆਂ... ਕੋਈ ਬਮਾਰੀ ਨਹੀਂ... ਚਾਰ ਰਾਤਾਂ ਕਿਸੇ ਚੱਜ ਦੇ ਬੰਦੇ ਨਾਲ ਸੌਂ ਲਵਾਂ ਠੀਕ ਹੋ ਜਾਵਾਂ।"

ਅਜਿਹੇ ਹੀ 'ਚੱਜ ਦੇ ਬੰਦੇ' ਵਰਗੇ **'ਹਾਣੀ ਅੰਬਰ'** ਦੀ ਤਲਾਸ਼ ਸਰਘੀ ਦੀ ਕਹਾਣੀ **'ਬਰਸੇ ਮੇਘ'** ਦੀ ਪਾਤਰ ਖੋਜ ਵਿਦਿਆਰਥਣ ਰੂਹਮੀਤ ਨੂੰ ਵੀ ਹੈ। ਕਹਾਣੀ ਅਕਾਦਮਿਕ ਖੇਤਰ ਵਿਚ 'ਅਹੁਦੇ ਤੇ ਜਿਸਮਾਂ' ਵਲੋਂ ਇਕ ਦੂਜੇ ਦੀ 'ਵਰਤੋਂ' ਤੇ ਬਣੀ ਸਹਿਮਤੀ, ਬੌਧਿਕ ਔਰਤ ਪ੍ਰਤਿ ਮਰਦ ਦੀ ਸੀਮਾ, ਪਿਆਰ, ਜਿਸਮਾਨੀ ਆਕਰਸ਼ਣ ਪਿਛੇ ਭੱਜਦਿਆਂ ਦੀ ਮ੍ਰਿਗ-ਜਲੀ ਭਟਕਣ, ਮਰਦ-ਔਰਤ ਦੇ ਹਾਣ ਸੰਬੰਧੀ ਗਿਆਨ ਉਕਸਾਊ ਸੰਵਾਦ ਸਿਰਜਦੀ ਹੈ, ਪਰ ਕਿਸੇ ਰੂਹਮੀਤ ਦਾ 'ਹਾਣੀ ਅੰਬਰ' ਬਣ ਪਾਉਣ ਦੀ ਨਿਰਣਾਇਕ ਕਸਵੱਟੀ ਕੋਈ ਵਿਚਾਰਧਾਰਕ ਸਮਾਨਤਾ, ਬੌਧਿਕ ਪੱਧਰ, ਸੁਹਜਾਤਮਕ ਰੁਚੀਆਂ, ਸਮਾਨਤਾ, ਮਾਨਵੀ ਗੁਣ ਅਥਵਾ ਨੈਤਿਕ ਅਧਾਰ ਨਹੀਂ ਬਲਕਿ ਜਿਸਮਾਨੀ ਤੇਹ ਦੀ ਤ੍ਰਿਪਤੀ-ਅਤ੍ਰਿਪਤੀ ਬਣਦੀ ਹੈ। 'ਕਾਮ' ਬੇਸ਼ੱਕ ਮਨੁੱਖਾ ਜੀਵਨ ਅਤੇ ਰਿਸ਼ਤਿਆਂ ਦਾ ਅਹਿਮ ਪਹਿਲੂ ਹੈ, ਪੂੰਜੀਵਾਦੀ ਖਪਤਵਾਦੀ ਮਾਨਸਿਕਤਾ ਢਿੱਡ ਦੀ ਭੁੱਖ ਪੂਰੀ ਹੋਣ ਤੇ ਇਸਨੂੰ ਹੀ ਅੰਤਿਮ ਤੇ ਨਿਰਣਾਇਕ ਰੂਪ ਵਿਚ ਲੈਂਦੀ ਹੈ।



ਵਰਤਮਾਨ ਵਸਤੂ ਜਗਤ ਦੀ ਵਸਤਵਿਕਤਾ ਵੀ ਇਹੀ ਹੈ ਕਿ ਖਪਤਵਾਦ ਮਨੁੱਖ ਨੂੰ 'ਕਾਮੁਕ ਅਨਾਤਮ' ਅਥਵਾ ਨਿਰੋਲ ਪਾਸ਼ਵਿਕ ਰੁਚੀਆਂ 'ਚ ਗਲਤਾਨ ਸੋਚ ਹੀਣ ਮਨੁੱਖ ਵਿਚ ਢਾਲ ਰਿਹਾ ਹੈ। 'ਅਜ਼ਾਦੀ' ਖਾਸਕਰ ਨਾਰੀ ਅਜ਼ਾਦੀ ਦੀ ਗੱਲ ਵੀ ਵਧੇਰੇ ਕਰਕੇ ਦੇਹ ਨਾਲ ਜੁੜੀਆਂ ਨੈਤਿਕਤਾਵਾਂ, ਮਰਿਆਦਾਵਾਂ ਤੋਂ ਮੁਕਤ 'ਖੁੱਲ੍ਹੇ ਕਾਮ ਸੰਬੰਧਾਂ' ਦੁਆਲੇ ਹੀ ਵਲ਼ ਖਾਂਦੀ ਰਹਿੰਦੀ ਹੈ। ਪੰਜਾਬੀ ਕਥਾ-ਬੋਧ ਵੀ ਇਸ ਕਿਸਮ ਦੀ ਆਜ਼ਾਦੀ ਦੇ ਹੀ ਦਾਰਸ਼ਨਿਕ ਤੇ ਵਿਚਾਰਧਾਰਕ ਅਧਾਰ ਟੋਲਦਾ ਫਿਰਦਾ ਹੈ। ਇਸ ਤੋਂ ਅੱਗੇ ਗੱਲ ਨਹੀਂ ਤੁਰਦੀ, ਜੇਕਰ ਤੁਰਦੀ ਵੀ ਹੈ ਤਾਂ ਪੇਮੀ ਦੇ ਨਿਆਣਿਆਂ ਵਾਂਗ ਫਿਰ ਕਿਤੇ ਤ੍ਰਹਿ ਕੇ ਰੁਕ ਜਾਂਦੀ ਹੈ। ਇਸ ਕਹਾਣੀ ਵਿਚ ਵੀ ਜਦ 'ਹਾਣ' ਦਾ ਨਿਬੇੜਾ ਜਿਸਮਾਂ ਦੇ ਤਲ ਤੇ ਹੁੰਦਾ ਹੈ ਤਾਂ ਬਿਰਤਾਂਤ ਵਿਚ ਬੌਧਿਕਤਾ, ਸਮਾਨਤਾ, ਜਿਸਮਾਂ ਦੀ ਮ੍ਰਿਗ-ਜਲੀ ਭਟਕਣ, ਕਲਾ, ਸੁਹਜ ਦੀਆਂ ਗੱਲਾਂ ਬੌਧਿਕ ਜੁਗਾਲੀ ਹੋ ਕੇ ਰਹਿ ਜਾਂਦੀਆਂ ਹਨ। ਜਿਸਮਾਂ ਦੀ ਖੇਡ ਦਾ ਹੰਢਿਆ ਹੋਇਆ ਖਿਡਾਰੀ ਪ੍ਰੋਫੈਸਰ ਸ਼ਿਵਦੇਵ ਸੰਧੂ ਇਸ ਵਾਰ ਆਪਣੀ ਨੌਜਵਾਨ ਖੋਜ ਵਿਦਿਆਰਥਣ ਦੀ ਜਿਸਮਾਨੀ ਤਾਬ ਨਾ ਸਹਾਰਦਾ ਬਰਸਣ ਦੀ ਥਾਂ ਬੱਦਲ ਵਾਂਗ ਫਟ ਕੇ ਰਹਿ ਜਾਂਦਾ ਹੈ। ਸਰਘੀ ਨੇ ਸੱਜਰਾ ਮੈਟਾਫਰ ਸਿਰਜਿਆ ਹੈ।

**'ਕੁੜੀਆਂ'** ਕਹਾਣੀ ਵੀ ਪਿਤਰਕੀ ਸੱਤਾ ਵਾਲੇ ਸਮਾਜ-ਸਭਿਆਚਾਰ ਵਿਚ ਦਮਿਤ ਔਰਤ ਦੇ ਪ੍ਰਤਿਰੋਧ ਨੂੰ ਪੇਸ਼ ਕਰਦੀ ਇਸ ਦਮਨ ਵਿਰੁੱਧ ਨਾਰੀ ਪ੍ਰਵਚਨ ਸਿਰਜਦੀ ਹੈ। **'ਜਿਸ ਦਿਹਾੜੇ ਮੇਰਾ ਹਰਿਆ ਨੀ...'** ਕਹਾਣੀ ਸ਼ਹੀਦ ਹੋਏ ਆਰਮੀ ਅਫ਼ਸਰ ਦੀ ਮਾਂ ਦੇ ਸਦਮੇਂ ਦਾ ਦ੍ਰਿਸ਼ਟਾਂਤ ਸਿਰਜਦੀ ਮੌਤ ਦੇ ਸਦਮੇਂ ਤੋਂ 'ਖੱਬਲ' ਕਹਾਣੀ ਵਾਂਗ ਮੁੜ ਨਵ-ਜੀਵਨ ਦੀ ਖੁਸ਼ੀ ਤਲਾਸ਼ ਲੈਂਦੀ ਹੈ। ਸਕਾਰਾਤਮਕ ਨਿਬੇੜਾ ਸਰਘੀ ਦੀ ਬਿਰਤਾਂਤਕਾਰੀ ਦਾ ਮੀਰੀ ਗੁਣ ਹੈ।

ਇਨ੍ਹਾਂ ਕਹਾਣੀਆਂ ਵਿਚ ਸਰਘੀ ਦੀ ਜੋ ਨਾਰੀਵਾਦੀ ਨੀਝ ਸਮਝ ਪੈਂਦੀ ਹੈ। ਉਹ ਪਿਤਰਕੀ ਸੰਰਚਨਾ ਵਾਲੇ ਮਰਦ ਪ੍ਰਧਾਨ ਸਮਾਜ ਨੂੰ ਚੁਣੌਤੀ ਦੇਣ ਵਾਲੀ ਹੈ। ਉਹ ਨਾਰੀ ਦੀ ਹਾਸ਼ੀਆਗਤ, ਦਮਿਤ, ਦੂਜੈਲੀ ਸਥਿਤੀ ਦਾ ਉਪਭਾਵੁਕ ਪ੍ਰਗੀਤਕ ਬਿਰਤਾਂਤ ਸਿਰਜਣ ਵਾਲੀ ਕਹਾਣੀਕਾਰ ਨਹੀਂ, ਬਲਕਿ ਉਸਦੇ ਨਾਰੀ ਪਾਤਰ ਪ੍ਰਸਥਿਤੀਆਂ ਨਾਲ ਰਗੜ ਵਿਚੋਂ ਪ੍ਰਾਪਤ ਪੀੜਾ ਵਿਚੋਂ ਹੀ ਉੱਠਦੇ ਆਪਣਾ ਮੁਕਤੀ ਮਾਰਗ ਤਲਾਸ਼ਦੇ ਆਪਣੀ ਹੋਂਦ ਦੀ ਲੜਾਈ ਲੜਦੇ ਜੂਝਦੇ ਹੋਏ ਆਪਣਾ ਕਾਇਆ ਕਲਪ ਕਰਦੇ ਹਨ। ਸਾਨੂੰ ਇਹ ਜ਼ਰੂਰ ਸਮਝਣਾ ਹੋਵੇਗਾ ਕਿ ਕੋਈ ਵੀ ਵਰਤਾਰਾ ਸਤਹੀ, ਇਕਪਾਸੜ, ਇਕਹਿਰਾ, ਸਰਲ ਨਹੀਂ ਹੁੰਦਾ, ਅਤੇ ਇਹ ਵੀ ਕਿ ਤੰਦਰੁਸਤ ਸਮਾਜ ਲਈ ਔਰਤ-ਮਰਦ ਦਾ ਸਹਿਯੋਗ, ਸਹਿਹੋਂਦ, ਸਮਾਨਤਾ ਵੀ ਸੁਤੰਤਰਤਾ ਦੇ ਨਾਲ ਹੀ ਲਾਜ਼ਮੀ ਹਨ। ਲੋਕਧਾਰਾ ਦੀ ਸਮਝ ਸਰਘੀ ਦੀ ਬਿਰਤਾਂਤਕਾਰੀ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਕਥਾ-ਸੰਗ੍ਰਹਿ ਦੇ ਰੂਪ ਵਿਚ ਉਸਦੀ ਆਮਦ ਦਾ ਸਵਾਗਤ ਕਰਦਿਆਂ ਉਸਤੋਂ ਭਵਿੱਖ ਵਿਚ ਹੋਰ ਬਿਹਤਰ ਦੀ ਉਮੀਦ ਕਰਦੇ ਹਾਂ। (**ਸੰਪਰਕ-99147-57779**)


***'ਕਹਾਣੀ ਧਾਰਾ' ਦੇ ਪੁਰਾਣੇ ਅੰਕ ਬਸ ਇਕ ਕਲਿੱਕ ਕਰਕੇ ਪੜ੍ਹੋ***

***'ਕਹਾਣੀ ਧਾਰਾ' ਨੂੰ ਛਪਦਿਆਂ ਪੰਦਰਾਂ ਸਾਲ ਹੋ ਗਏ ਹਨ। ਅਸੀਂ ਹੁਣ ਤੱਕ ਕਹਾਣੀ ਧਾਰਾ ਦੇ 58 ਅੰਕ ਪਾਠਕਾਂ ਲਈ ਪ੍ਰਕਾਸ਼ਤ ਕਰ ਚੁੱਕੇ ਹਾਂ। ਇਸ ਦੇ ਸਾਰੇ ਅੰਕਾਂ ਦੀਆਂ PDF ਤਿਆਰ ਕਰਕੇ ਅਸੀਂ ਇਸ ਦੀ ਵੈਬਸਾਇਟ 'ਤੇ ਪਾ ਦਿੱਤੀਆਂ ਹਨ। ਤੁਸੀਂ ਗੁਗਲ ਸਰਚ ਇੰਜਨ 'ਤੇ ਜਾ ਕੇ : kahani Dhara ਕਲਿੱਕ ਕਰੋ। Parwaz Parkashan ਦੀ ਵੈਬਸਾਇਟ ਨਾਲ 'ਕਹਾਣੀ ਧਾਰਾ' ਦਾ ਵੈਬ ਪੇਜ਼ ਵੀ ਜੁੜਿਆ ਹੋਇਆ ਹੈ। ਤੁਸੀਂ ਪ੍ਰਵਾਜ਼ ਪ੍ਰਕਾਸ਼ਨ ਦੀ ਵੈਬਸਾਇਟ ਖੋਲ੍ਹ ਕੇ ਵੀ 'ਕਹਾਣੀ ਧਾਰਾ' ਦੇ ਪੁਰਾਣੇ ਅੰਕ ਨੰ. 1- 60 ਤੱਕ ਡਾਊਨਲੋਡ ਕਰ ਸਕਦੇ ਹੋ। ਇਸ ਵੈਬਸਾਈਟ 'ਚ ਗਲਪ ਨੂੰ ਸਮਰਪਤ 'ਸੁਰ ਸਾਂਝ' ਦੇ ਪੰਜ ਅੰਕ ਵੀ ਪੜ੍ਹਨ ਨੂੰ ਮਿਲਣਗੇ।***

***-ਸੰਪਾਦਕ***

# ਪਰਵਾਸੀਆਂ ਦੇ ਹਨੇਰੇ ਰਾਹਾਂ ਦਾ ਬਿਰਤਾਂਤ:ਹਨੇਰੇ ਰਾਹ

## - ਡਾ. ਰਮਨਪ੍ਰੀਤ ਕੌਰ




ਵਿਦੇਸ਼ਾਂ 'ਚ ਰਚਿਆ ਜਾ ਰਿਹਾ ਪਰਵਾਸੀ ਪੰਜਾਬੀ ਸਾਹਿਤ ਆਪਣੀ ਨਿਵੇਕਲੀ ਪਛਾਣ ਕਾਇਮ ਕਰ ਚੁੱਕਿਆ ਹੈ। ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਇਸ ਸਾਹਿਤ ਦੀ ਪ੍ਰਾਪਤੀ ਕਾਫੀ ਗੌਲਣਯੋਗ ਹੈ, ਜਿਸ ਕਾਰਨ ਪਾਠਕਾਂ ਅਤੇ ਆਲੋਚਕਾਂ ਦਾ ਇਸ ਨੇ ਧਿਆਨ ਖਿੱਚਿਆ ਹੈ। ਪਿਛਲੇ ਕੁਝ ਸਾਲਾਂ ਤੋਂ ਪੰਜਾਬੀਆਂ ਵਿਚ ਪਰਵਾਸ ਦਾ ਰੁਝਾਨ ਵਧੇਰੇ ਪ੍ਰਬਲ ਹੋਇਆ ਜਿਸ ਕਰਕੇ ਪਰਵਾਸੀ ਪੰਜਾਬੀ ਸਾਹਿਤ ਦੀ ਰਚਨਾਤਮਕ ਸਰਗਰਮੀ ਵੀ ਵਧੇਰੇ ਪ੍ਰਬਲ ਤੇ ਨਿਖੜਵੇਂ ਰੂਪ ਵਿੱਚ ਸਾਹਮਣੇ ਆਈ ਹੈ। ਪੰਜਾਬੀ ਵਿਚ ਪਰਵਾਸੀ ਅਨੁਭਵ ਵਾਲੀ ਰਚਨਾ ਸਾਹਿਤ ਦੀਆਂ ਸਾਰੀਆਂ ਵਿਧਾਵਾਂ 'ਚ ਹੋ ਰਹੀ ਹੈ ਪਰ ਨਾਵਲ ਇਸ ਦੇ ਪ੍ਰਗਟਾਅ ਲਈ ਸਭ ਤੋਂ ਵੱਧ ਢੁਕਵੀਂ ਵਿਧਾ ਹੈ ਕਿਉਂਕਿ ਪੂੰਜੀਵਾਦ ਦੇ ਇਸ ਦੌਰ 'ਚ ਜਿਸ ਕਦਰ ਮਨੁੱਖੀ ਜੀਵਨ ਬਦਲਿਆ ਹੈ ਉਸ ਦੀਆਂ ਜਟਿਲਤਾਵਾਂ ਅਤੇ ਬਹੁ-ਪਾਸਾਰਾ ਨੂੰ ਕੇਵਲ ਨਾਵਲ ਹੀ ਆਪਣੇ ਕਲੇਵਰ ਵਿਚ ਸਮੇਟ ਲੈਣ ਦੇ ਸਮਰਥ ਇਕ ਸਾਹਿਤਕ ਵਿਧਾ ਹੈ। ਕੈਨੇਡਾ 'ਚ ਬਹੁਤ ਸਾਰੇ ਪੰਜਾਬੀ ਨਾਵਲਕਾਰਾਂ ਨੇ ਪਰਵਾਸੀ ਪੰਜਾਬੀਆਂ ਦੇ ਜੀਵਨ ਯਥਾਰਥ ਦੀਆਂ ਵੱਖ-ਵੱਖ ਪਰਤਾਂ ਨੂੰ ਆਪਣੇ ਨਾਵਲਾਂ ਵਿਚ ਸਮੋਇਆ ਹੈ ਇਹਨਾਂ ਨਾਵਲਕਾਰਾਂ 'ਚ ਸ਼ੁਮਾਰ ਹੋਣ ਵਾਲਾ ਇਕ ਨਾਂ **ਹਰਪ੍ਰੀਤ ਸੇਖਾ** ਦਾ ਹੈ ਜੋ ਪਰਵਾਸ ਦੀਆਂ ਦਰਪੇਸ਼ ਚਣੌਤੀਆਂ ਨੂੰ ਸਿਰਜਣ ਦਾ ਧਾਰਨੀ ਹੈ। ਪਰਵਾਸੀ ਪੰਜਾਬੀ ਨਾਵਲ ਨੂੰ ਰੂਪ ਅਤੇ ਵਿਸ਼ੇ ਪੱਖੋਂ ਨਵੀਆਂ ਲੀਹਾਂ 'ਤੇ ਆਉਣ ਅਤੇ ਉਸ ਦੀ ਗੁਣਤਾ 'ਚ ਵਾਧਾ ਕਰਨ ਵਿਚ ਸੇਖਾ ਦਾ ਬਹੁਤ ਵੱਡਾ ਅਤੇ ਅਹਿਮ ਯੋਗਦਾਨ ਹੈ। ਸੇਖਾ ਅਜਿਹਾ ਨਾਵਲਕਾਰ ਹੈ ਜੋ ਕਿਸੇ ਖਾਸ ਵਿਚਾਰਧਾਰਾ ਵਿਚ ਬੱਝ ਕੇ ਪਹਿਲਾਂ ਤੋਂ ਚੱਲੇ ਆ ਰਹੇ ਨਾਵਲੀ ਪਰਵਾਹ ਨਾਲ ਜੁੜ ਕੇ ਨਾਵਲ ਰਚਨਾ ਨਹੀਂ ਕਰਦਾ। ਪਰਵਾਸ ਦੇ ਵੱਖ-ਵੱਖ ਪੱਖਾਂ ਅਤੇ ਮਸਲਿਆਂ ਪ੍ਰਤੀ ਉਸ ਦੀ ਪਹੁੰਚ ਬਾਕੀ ਲੇਖਕਾਂ ਵਾਂਗ ਭਾਵੁਕ ਹੋਣ ਦੀ ਥਾਂ ਯਥਾਰਥ ਵਧੇਰੇ ਹੈ।

ਹਰਪ੍ਰੀਤ ਸੇਖਾ ਨੇ ਹੁਣ ਤੱਕ ਕਈ ਸਾਹਿਤਕ ਰਚਨਾਵਾਂ ਰਚੀਆਂ ਹਨ ਤੇ ਉਸ ਦਾ ਹਥਲਾ ਨਾਵਲ **'ਹਨੇਰੇ ਰਾਹ'** (**ਪ੍ਰਕਾਸ਼ਕ: ਗਰੇਸ਼ੀਅਸ਼ ਬੁੱਕਸ, ਪਟਿਆਲਾ, ਮੁੱਲ:** 350, **ਪੰਨੇ:** 198, **ਸਾਲ:** 2020) ਪਾਠਕਾਂ ਦੇ ਸਨਮੁਖ ਹੈ ਇਸ ਨਾਵਲ ਵਿਚ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਨਾਲ ਸੰਬੰਧਿਤ ਕਈ ਵਿਕੋਲਿਤਰੀਆਂ ਸਮੱਸਿਆਵਾਂ ਦੇ ਨਾਲ-ਨਾਲ ਪਰਵਾਸੀ ਟਰੱਕ ਡਰਾਈਵਰੀ ਦੇ ਕਿੱਤੇ ਦੀਆਂ ਦਰਪੇਸ਼ ਮੁਸ਼ਕਲਾਂ ਤੇ ਚਣੌਤੀਆਂ ਨੂੰ ਵੀ ਪੇਸ਼ ਕੀਤਾ ਹੈ। ਟਰੱਕ ਦਾ ਲਾਈਸੈਂਸ (ਟਰੱਕ ਡਰਾਈਵਿੰਗ ਦਾ ਲਾਈਸੈਂਸ



ਲੈਣ ਲਈ ਘੱਟੋ-ਘੱਟ ਸੌ ਘੰਟੇ ਕਿਸੇ ਟਰੱਕ ਡਰਾਈਵਿੰਗ ਸਕੂਲ ਵਿਚੋਂ ਟ੍ਰੇਨਿੰਗ ਲਈ ਹੋਵੇ), ਵਰਕ ਪਰਮਿਟ, ਪਰੋਵੇਸ਼ੀਅਲ ਨੌਮਨੀ ਅਤੇ ਐਲ.ਐਮ.ਆਈ.ਏ. (ਲੇਬਲ ਮਾਰਕੀਟ ਇੰਪੈਕਟ ਅਸੈਸਮੈਂਟ) ਆਦਿ ਸਮੱਸਿਆਵਾਂ ਦਾ ਜ਼ਿਕਰ ਮਾਤਰ ਨਹੀਂ ਕੀਤਾ ਸਗੋਂ ਇਸ ਲਈ ਹੁੰਦੀ ਖਜੱਲ-ਖੁਆਰੀ ਦੇ ਕਾਰਨਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ।

*ਪਰਵਾਸ ਵੱਲ ਰੁੱਖ ਕਰਨ ਵਾਲੇ ਹਰ ਇਕ ਪੰਜਾਬੀ ਦੇ ਅਚੇਤ ਮਨ ਵਿਚ ਅਨੇਕਾਂ ਇਛਾਵਾਂ, ਸੁਪਨੇ ਤੇ ਸਿਮਰਤੀਆਂ ਹੁੰਦੀਆਂ ਹਨ ਜਿਹਨਾਂ ਦੀ ਪੂਰਤੀ ਲਈ ਉਹ ਆਪਣੀ ਨਿੱਜੀ ਸੁਤੰਤਰਤਾ, ਰਿਸ਼ਤਿਆਂ ਦਾ ਦਮਨ ਅਤੇ ਫੈਕਟਰੀ ਦੀ ਮਸ਼ੀਨ ਵਰਗੀ ਜ਼ਿੰਦਗੀ ਨੂੰ ਆਪਣਾ ਆਧਾਰ ਬਣਾ ਲੈਂਦਾ ਹੈ ਇਸੇ ਲਈ ਪਰਵਾਸ ਹੰਡਾ ਰਹੇ ਲੋਕਾਂ ਦੀ ਸਭ ਤੋਂ ਪਹਿਲੀ ਸਮੱਸਿਆ ਆਰਥਿਕਤਾ ਦੀ ਹੈ। ਇਹ ਲੋਕ ਆਰਥਿਕ ਸੰਕਟ 'ਤੇ ਕਾਬੂ ਪਾਉਣ ਹਿਤ ਮਿਹਨਤ ਅਤੇ ਮੁਸ਼ੱਕਤ ਦੁਆਰਾ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਅਤੇ ਸਮਾਜਿਕ ਚੌਗਿਰਦੇ ਵਿਚ ਆਪਣੀ ਪਛਾਣ ਲਈ ਜਦੋ ਜਹਿਦ ਕਰਦੇ ਹਨ।*[1] **'ਹਨੇਰੇ ਰਾਹ'** ਨਾਵਲ ਵਿਚ ਗੁਰਸ਼ੀਰ ਦੀ ਮਨਬਚਨੀ ਰਾਹੀਂ ਆਰਥਿਕਤਾ ਦਾ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਸਾਕਾਰ ਹੁੰਦਾ ਹੈ।

*'ਉਸ ਨੂੰ ਕੱਛਾਂ ਵਿਚੋਂ ਬਦਬੂ ਆਈ। ਅੱਜ ਸ਼ਾਵਰ ਲੈ ਹੀ ਲਵਾਂ। ਉਸ ਦੇ ਚਿੱਤ 'ਚ ਆਈ। ਪਰ ਅਗਲੇ ਹੀ ਪਲ ਉਸ ਨੇ ਸੋਚਿਆ ਕਿੱਥੇ ਦਸ ਡਾਲਰ ਖਰਾਬ ਕਰੂੰ। ਕੱਲ ਵਾਂਗ ਹੀ ਡੰਗ ਸਾਰ ਲੈਨੇ ਹਾਂ। ਕੱਲ ਉਸ ਨੇ ਤੌਲੀਆ ਗਿੱਲਾ ਕਰਕੇ ਆਪਣੇ ਪਿੰਡੇ 'ਤੇ ਫੇਰ ਲਿਆ ਸੀ। ਤਿੰਨ ਦਿਨ ਪਹਿਲਾਂ, ਟਰੱਕ ਵਿਚ ਡਿਜ਼ਲ ਭਰਵਾਉਣ ਮੌਕੇ ਮਿਲਿਆ ਕੂਪਨ ਵਰਤ ਕੇ ਉਹ ਨਹਾਤਾ ਸੀ। ਫਿਰ ਉਸ ਨੇ ਆਪਣੇ ਖਾਣੇ ਵਾਲਾ ਬੈਗ ਫਰੋਲਿਆ। ਉਸ ਵਿਚ ਦੋ ਪਿੰਨੀਆਂ ਹਾਲੇ ਪਈਆਂ ਸਨ। ਚੱਲ ਅੱਜ ਦੇ ਬ੍ਰੇਕਫਾਸਟ ਦਾ ਸਰ ਜਾਵੇਗਾ।'*[2]

ਆਰਥਿਕਤਾ ਦੇ ਵਿਭਿੰਨ ਪਹਿਲੂਆਂ ਸਰੋਕਾਰਾਂ ਅਤੇ ਲੋੜਾਂ ਦੀ ਅਹਿਮੀਅਤ ਨੂੰ ਮੁੱਖ ਰਖਦਿਆਂ ਅਸੀਂ ਆਪਣੇ ਜੀਵਨ ਦਾ ਇਕ ਭਵਿੱਖੀ ਸੁਪਨਾ ਸਿਰਜਦੇ ਹਾਂ। ਆਰਥਿਕਤਾ ਦੀ ਲੋੜ ਨੂੰ ਪੂਰੀ ਕਰਨ ਵਾਸਤੇ ਹੀ ਰੁਜ਼ਗਾਰ ਦੀ ਤਲਾਸ਼ ਵਿਚ ਪੰਜਾਬੀਆਂ ਨੂੰ ਪਰਵਾਸ ਵੱਲ ਰੁੱਖ ਕਰਨਾ ਪਿਆ। *'ਭਾਵੇਂ ਪਰਵਾਸ ਦੇ ਹੋਰ ਕਾਰਨ ਵੀ ਹੋ ਸਕਦੇ ਹਨ ਪਰ ਮੁਖ ਕਾਰਨ ਮਨੁੱਖ ਦਾ ਆਰਥਿਕ ਸੰਕਟ ਹੀ ਹੈ। ਇਸ ਲਈ ਜੀਵਨ ਦੀਆਂ ਇਹਨਾਂ ਆਰਥਿਕ ਮੁਸ਼ਕਲਾਂ ਨੂੰ ਹੱਲ ਕਰਨ ਤੇ ਵਧੇਰੇ ਸੁੱਖਾਂ ਦੀ ਪ੍ਰਾਪਤੀ ਲਈ ਪਰਵਾਸ ਵਿਚ ਵਸਦੇ ਪਰਵਾਸੀਆਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਪ੍ਰਸਥਿਤੀਆਂ ਵਿਚੋਂ ਲੰਘਣਾ ਪਿਆ, ਦੁੱਖ ਸਹਿਣੇ ਪਏ, ਜਿਸਮਾਂ ਦੇ ਨਾਲ ਰੂਹਾਂ ਵੀ ਜ਼ਖ਼ਮੀ ਹੋਈਆਂ ਆਪਣੇ ਦੇਸ਼ ਵਿਚ ਭਾਵੇਂ ਉਹਨਾਂ ਦਾ ਜੀਵਨ ਆਰਥਿਕ ਤੌਰ 'ਤੇ ਸੁਖਾਵਾਂ ਨਹੀਂ ਸੀ ਤੇ ਉਥੇ ਜਾ ਕੇ ਉਹਨਾਂ ਨੇ ਹੱਡ- ਤੋੜ ਮਿਹਨਤ ਕਰਕੇ ਰਜਵੇਂ ਪੌਂਡ ਵੀ ਕਮਾਏ ਪਰ ਉਸ ਪਰਾਏ ਦੇਸ਼ ਵਿਚ ਰਹਿੰਦਿਆਂ ਹੋਇਆਂ ਅੱਜ ਵੀ ਆਪਣੀ ਜਨਮ ਭੂਮੀ ਤੋਂ ਵਿਛੜਨ ਦਾ ਦੁੱਖ ਉਹਨਾਂ ਦੀਆਂ ਰੂਹਾਂ ਨੂੰ ਜ਼ਖ਼ਮੀ ਕਰ ਦਿੰਦਾ ਹੈ।'*[3]

ਪਰਵਾਸ ਗਿਆ ਵਿਅਕਤੀ ਭਵਿੱਖ ਵਿਚ ਰੰਗੀਨ ਸੁਪਨਿਆਂ ਬਾਰੇ ਸੋਚਦਾ ਹੈ ਪਰੰਤੂ ਜਦੋਂ ਉਸ ਦੇ ਇਹ ਸੁਪਨੇ ਟੁੱਟਦੇ ਹਨ ਤਾਂ ਉਹ ਮਾਨਸਿਕ ਤੌਰ 'ਤੇ ਬਹੁਤ ਪਰੇਸ਼ਾਨ ਹੁੰਦਾ ਹੈ ਅਤੇ ਉਹ ਇਕ ਅਜਿਹੀ ਦੁਚਿੱਤੀ ਵਿਚ ਫਸ ਜਾਂਦਾ ਹੈ ਜਿਸ ਵਿਚ ਉਸ ਨੂੰ ਕੋਈ ਸਿਰਾ ਨਹੀਂ ਲੱਭਦਾ। 'ਹਨੇਰੇ ਰਾਹ' ਦੇ ਨਾਵਲੀ ਬਿਰਤਾਂਤ ਵਿਚ ਔਰਤਾਂ ਦੀ ਆਰਥਿਕ ਤ੍ਰਾਸਦੀ ਨੂੰ ਵੀ ਪੇਸ਼ ਕੀਤਾ ਗਿਆ ਹੈ ਜਿਥੇ ਫੈਕਟਰੀਆਂ ਵਿਚ, ਰੈਸਟੋਰੈਂਟਾਂ ਵਿਚ ਪੂਰਾ ਕੰਮ ਕਰਦੀਆਂ ਔਰਤਾਂ ਤੋਂ ਪੂਰੀ ਤਨਖਾਹ ਉਪਰ ਸਾਈਨ ਕਰਵਾ ਕੇ ਅੱਧੀ ਤਨਖਾਹ ਹੀ ਦਿੱਤੀ ਜਾਂਦੀ ਹੈ।

*'ਚੱਲ ਛੱਡ ਜੀਤੀ, ਤੂੰ ਤਾਂ ਕਹਿੰਦੀ ਸੀ ਕਿ ਪਾਰਟੀ ਦਾ ਸੋ ਡਾਲਰ ਦੇਣਗੇ ਪਰ ਉਹਨਾਂ ਨੇ ਤਾਂ*

*ਪੰਜਾਹ ਹੀ ਦਿੱਤੇ ਨੇ ਤੇਰਾ ਪਹਿਲਾ ਦਿਨ ਸੀ ਸ਼ੁਕਰ ਕਰ ਪੰਜਾਹ ਦੇ ਦਿੱਤੇ। ਮੈਨੂੰ ਤਾਂ ਪਹਿਲੇ ਦਿਨ ਕੁਝ ਵੀ ਨਹੀਂ ਸੀ ਮਿਲਿਆ। ਕਹਿੰਦੇ ਪਹਿਲਾ ਦਿਨ ਟ੍ਰੇਨਿੰਗ ਦਾ ਹੁੰਦੈ।'*[4]

ਹਰੇਕ ਬਿਰਤਾਂਤਕ ਰਚਨਾ ਆਪਣੀਆਂ ਸੀਮਾਵਾਂ ਦੇ ਅਧੀਨ ਵਸਤੂ ਯਥਾਰਥ ਦਾ ਗਲਪ ਬਿੰਬ ਪੇਸ਼ ਕਰਨ ਦੇ ਸਮਰੱਥ ਹੁੰਦੀ ਹੈ ਤੇ ਹਰ ਬਿਰਤਾਂਤਕ ਰਚਨਾ ਆਪਣੀ ਇਕ ਵੱਖਰੀ ਤੇ ਸੁਤੰਤਰ ਪਹਿਚਾਣ ਰੱਖਦੀ ਹੈ ਨਾਵਲ ਵਿਚ ਪਾਤਰ ਅਤੇ ਘਟਨਾਵਾਂ ਨਾਲ ਸੰਬੰਧਿਤ ਵੇਰਵੇ ਅਤੇ ਤੱਥਾਂ ਨੂੰ ਹਰੇਕ ਗਲਪਕਾਰ ਆਪਣੇ ਢੰਗ ਨਾਲ ਪੇਸ਼ ਕਰਦਾ ਹੈ। ਇਸ ਲਈ ਕਥਾ ਰਚਨਾ ਵਿਚ ਬਿਰਤਾਂਤਕਾਰ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ। ਬਿਰਤਾਂਤਕਾਰ ਜਾਂ ਵਕਤੇ ਦੇ ਦੋ ਰੂਪ ਹੋ ਸਕਦੇ ਹਨਃ ਇਕ ਹੈ ਸਰਬਗਿਆਤਾ ਅਤੇ ਦੂਸਰਾ ਚਰਿੱਤਰ ਰੂਪ ਵਕਤਾ।

ਡਾ. ਬਲਦੇਵ ਸਿੰਘ ਧਾਲੀਵਾਲ ਨੇ ਇਹਨਾਂ ਦੋ ਰੂਪਾਂ ਨੂੰ ਇਸ ਤਰ੍ਹਾਂ ਬਿਆਨਿਆ ਹੈ,

*'ਸਰਬਗਿਆਤਾ ਵਕਤਾ ਕਿਸੇ ਅਨਯ ਪੁਰਖੀ ਪਾਤਰ ਦਾ ਬਿਰਤਾਂਤ ਪੇਸ਼ ਕਰਦਾ ਹੈ ਅਤੇ ਪਾਤਰ ਅਤੇ ਘਟਨਾਵਾਂ ਸੰਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਦਾ ਮਾਲਕ ਹੁੰਦਾ ਹੈ ਸਰਬਗਿਆਤਾ ਵਕਤਾ ਅਸਲ ਵਿਚ ਕਹਾਣੀਕਾਰ ਦਾ ਪ੍ਰਤੀਰੂਪ ਹੁੰਦਾ ਹੈ। ਚਰਿੱਤਰ ਵਿਚ ਰੂਪ ਵਕਤਾ ਕਿਸੇ ਇਕ ਪਾਤਰ ਜਾਂ ਇਕ ਤੋਂ ਵੱਧ ਪਾਤਰਾਂ ਦੇ ਰੂਪ ਵਿਚ ਬਿਰਤਾਂਤ ਸਿਰਜਦਾ ਹੈ ਇਥੇ ਵੀ ਜੇ ਕਹਾਣੀਕਾਰ ਕਿਸੇ ਪਾਤਰ ਨੂੰ ਆਪਣੇ ਵਿਚਾਰਾਂ ਦਾ ਬੁਲਾਰਾ ਬਣਾ ਲੈਂਦਾ ਹੈ ਤਾਂ ਪਾਤਰ ਦਾ ਨਿਜੀ ਅਸਤਿਤਵ ਭੰਗ ਹੋ ਜਾਂਦਾ ਹੈ। ਜੇ ਕਹਾਣੀਕਾਰ ਦੀ ਰਚਨਾ ਦ੍ਰਿਸ਼ਟੀ ਵਸਤੂ ਮੁਖੀ ਹੈ ਤਾਂ ਉਹ ਪਾਤਰ ਦੇ ਸੁਤੰਤਰ ਵਿਅਕਤੀਤਵ ਨੂੰ ਭੰਗ ਵੀ ਨਹੀਂ ਕਰੇਗਾ ਅਤੇ ਉਸ ਰਾਹੀਂ ਅਛੋਪਲੇ ਹੀ ਆਪਣੀ ਜੀਵਨ ਦ੍ਰਿਸ਼ਟੀ ਦਾ ਤਤਸਾਰ ਵੀ ਪੇਸ਼ ਕਰ ਜਾਵੇਗਾ।'*[5]

**'ਹਨੇਰੇ ਰਾਹ'** ਨਾਵਲ ਵਿਚ ਵਧੇਰੇ ਥਾਂ ਅਜਿਹੇ ਬਿਰਤਾਂਤ ਮਿਲ ਜਾਂਦੇ ਹਨ ਜਿਥੇ ਹਰਪ੍ਰੀਤ ਸੇਖਾ ਨੇ ਖੁਦ ਨੂੰ ਸੂਤਰਧਾਰ ਦੇ ਰੂਪ ਵਿਚ ਲਿਆ ਕੇ ਕਥਾ ਬਿਰਤਾਂਤ ਨੂੰ ਅੱਗੇ ਤੋਰਿਆ ਹੈ ਜਿਵੇਂ,

*'ਸਸਕਾਰ 'ਤੇ ਵਿਨੀਪੈਗ ਆਏ ਗੁਰਸ਼ੀਰ ਨੇ ਟਰੱਕ ਦਾ ਲਾਈਸੈਂਸ ਲੈ ਲਿਆ ਸੀ। ਗੁਰਸੀਰ ਕੋਲ ਡੁਬਈ 'ਚ ਦੋ ਸਾਲ ਦਾ ਟਰੱਕ ਚਲਾਉਣ ਦਾ ਤਜ਼ਰਬਾ ਸੀ। ਇਸ ਲਈ ਉਸ ਨੂੰ ਅਸਾਨੀ ਨਾਲ ਹੀ ਲਾਇਸੈਂਸ ਮਿਲ ਗਿਆ ਸੀ। ਡੁਬਈ ਤੋਂ ਇੰਡੀਆ ਉਹ ਵਿਆਹ ਕਰਵਾਉਣ ਗਿਆ ਸੀ ਜਦੋਂ ਉਸ ਦੇ ਜੀਜੇ ਦੀ ਮੌਤ ਦੀ ਖ਼ਬਰ ਪਹੁੰਚ ਗਈ। ਸਸਕਾਰ ਤੇ ਵਿਨੀਪੈਗ ਆਏ ਨੂੰ ਐਲ.ਐਮ.ਆਈ.ਏ. ਨਹੀਂ ਮਿਲੀ ਤਾਂ ਇੰਡੀਆ ਮੁੜ ਗਿਆ ਸੀ।'*[6]

ਹਰਪ੍ਰੀਤ ਸੇਖਾ ਨੇ ਬਿਰਤਾਂਤ ਸਿਰਜਨ ਵਿਚ ਆਪਣੀ ਕਲਾ ਦਾ ਉਤਮ ਪ੍ਰਦਰਸ਼ਨ ਕੀਤਾ ਹੈ। 'ਹਨੇਰੇ ਰਾਹ' ਨਾਵਲ ਵਿਚ ਕੁਝ ਕੁ ਬਿਰਤਾਂਤ ਤਾਂ ਅਜਿਹੇ ਹਨ ਜੋ ਅਚਾਨਕ ਹੀ ਪਾਠਕਾਂ ਸਾਹਮਣੇ ਦ੍ਰਿਸ਼ਾਂ ਨੂੰ ਸਾਕਾਰ ਕਰ ਦਿੰਦੇ ਹਨ। 'ਹਨੇਰੇ ਰਾਹ' ਨਾਵਲ ਵਿਚ ਜੀਵਨੀ ਵਾਲੇ ਅੰਸ਼ ਵੀ ਮਿਲਦੇ ਹਨ। ਨਾਵਲ ਵਿਚ ਕਈ ਘਟਨਾਵਾਂ ਅਤੇ ਪਾਤਰ ਕਾਲਪਨਿਕ ਨਹੀਂ ਬਲਕਿ ਸਾਡੇ ਨਾਲ ਮਿਲਦੇ ਜੁਲਦੇ ਹੀ ਪ੍ਰਤੀਤ ਹੁੰਦੇ ਹਨ।

*'ਮੱਖਣ ਦੇ ਪਿੱਛੇ ਪੌੜੀਆਂ ਚੜ੍ਹਾਉਂਦਿਆਂ ਧੂੜ ਕਾਰਨ ਗੁਰਸ਼ੀਰ ਨੂੰ ਆਪਣਾ ਸਾਹ ਘੁਟ ਹੁੰਦਾ ਲੱਗਾ। ਮੱਖਣ ਇਕ ਕਮਰੇ ਮੂਹਰੇ ਖੜ ਗਿਆ ਅਤੇ ਬੋਲਿਆ, "ਆਹ ਕੰਮ ਹਮੈ। ਗੁਰਸੀਰ ਤੇ ਬਲਬੀਰ ਨੇ ਕਮਰੇ ਅੰਦਰ ਕੰਮ ਕਰ ਰਹੇ ਬੰਦੇ ਵਲ ਦੇਖਿਆ ਉਹ ਇਕ ਡੰਡੇ, ਜਿਸ ਦੇ ਸਿਰ ' ਤੇ ਨੌਂ ਬਾਈ ਤਿੰਨ ਇੰਚ ਦਾ ਸੈਂਡਰ ਜੁੜਿਆ ਹੋਇਆ ਸੀ ਨੂੰ ਕੰਧ ਉਪਰ ਫੇਰ ਰਿਹਾ ਸੀ। ਰੇਗਮਾਰ ਫੇਰ ਰਿਹਾ ਬੰਦਾ ਸਫੈਦ ਧੂੜ ਨਾਲ ਅੱਟਿਆ ਪਿਆ ਸੀ।'*[7]



ਪਰਵਾਸੀ ਪੰਜਾਬੀ ਸਾਹਿਤ ਦਾ ਵਿਸ਼ਾ ਪੱਖ ਤੋਂ ਤੇ ਪਾਤਰ ਕੁਝ ਵੱਖਰੇ ਸਭਿਆਚਾਰਕ ਦਾਇਰਿਆਂ ਵਿਚ ਪਲਦੇ ਤੇ ਵਿਚਰਦੇ ਹਨ ਉਸੇ ਤਰ੍ਹਾਂ ਪੰਜਾਬੀ ਪਰਵਾਸੀ ਪੰਜਾਬੀ ਗਲਪਕਾਰਾਂ ਦਾ ਪ੍ਰਗਟਾਅ ਵੀ ਕੁਝ ਅੰਤਰ ਰੱਖਦਾ ਹੈ। 'ਹਨੇਰੇ ਰਾਹ' ਨਾਵਲ ਵਿਚ ਹਰਪ੍ਰੀਤ ਸੇਖਾ ਨੇ ਵਿਸ਼ੇ ਮੁਤਾਬਕ ਕੁਝ ਅਜਿਹੇ ਭਾਵੁਕ ਕਿਸਮ ਦੇ ਦ੍ਰਿਸ਼ਾਂ ਦੀ ਬੜੀ ਕਲਾਮਈ ਢੰਗ ਨਾਲ ਉਸਾਰੀ ਕੀਤੀ ਹੈ।

ਅਜੋਕੀ ਜ਼ਿੰਦਗੀ ਵਿਚ ਹਰ ਰੋਜ ਨਵੇ ਰੁਝਾਨ, ਸੰਕਟ ਤੇ ਚਣੌਤੀਆਂ ਅਧੁਨਿਕ ਮਨੁੱਖ ਲਈ ਇਕ ਵਖਰਾ ਸੰਸਾਰ ਸਿਰਜ ਰਹੇ ਹਨ ਜਿਹਨਾਂ ਵਿਚ ਘਿਰਿਆ ਮਨੁੱਖ ਆਪਣੀ ਪਰੰਪਰਕ ਵਿਚਾਰਧਾਰਾ ਨਾਲੋਂ ਟੁੱਟ ਰਿਹਾ ਹੈ ਜਿਸ ਕਾਰਨ ਰੋਜਾਨਾ ਜੀਵਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਉਸ ਦੇ ਸਮੁੱਚੇ ਮੂਲ ਵਿਧਾਨ ਪ੍ਰਤੀ ਮਾਨਸਿਕ ਅਤੇ ਪਦਾਰਥਕ ਪੱਧਰ ਉਤੇ ਬੜੀ ਤੇਜੀ ਨਾਲ ਨਵੀਆਂ ਸਥਿਤੀਆਂ ਨੂੰ ਪ੍ਰਤੀਮਾਨਾ ਅਤੇ ਦੁਚਿੱਤੀਆਂ ਰਾਹੀਂ ਪ੍ਰਗਟ ਕਰ ਰਹੀ ਹੈ। 'ਹਨੇਰੇ ਰਾਹ' ਨਾਵਲ ਪੰਜਾਬੀ ਮਨੁੱਖ ਦੀਆਂ ਇਹਨਾਂ ਮਾਨਸਿਕ ਪਦਾਰਥਕ ਤਬਦੀਲੀਆਂ ਨੂੰ ਨਵੀਆਂ ਚੁਣੌਤੀਆਂ ਦੇ ਸੰਦਰਭ ਵਿਚ ਚਿਤਰਦਾ ਹੈ। ਹਰਪ੍ਰੀਤ ਸੇਖਾ ਨੇ ਪੰਜਾਬੀ ਮਨੁੱਖ ਦੇ ਇਸ ਸੰਤਾਪ ਤੇ ਉਸ ਉਪਰ ਹੋ ਰਹੇ ਸਰੀਰਕ ਤੇ ਮਾਨਸਿਕ ਦਮਨ ਨੂੰ ਬੜੀ ਸੂਖਮਤਾ ਤੇ ਵਰਤਮਾਨ ਪਰਵਾਸੀ ਪ੍ਰਸਥਿਤੀਆਂ ਦੇ ਸੰਦਰਭ ਵਿਚ ਪੇਸ਼ ਕੀਤਾ ਹੈ। ਸਮੁੱਚੇ ਨਾਵਲ ਵਿਚ ਇਹ ਸਮੱਸਿਆ ਸਭਿਆਚਾਰਕ ਸੰਕਟਾਂ ਦੇ ਵਿਭਿੰਨ ਪਹਿਲੂਆਂ ਤੇ ਸਰੋਕਾਰਾਂ ਦੇ ਇਕ ਪ੍ਰਵਚਨ ਨੂੰ ਇਕ ਪ੍ਰਤੀਕਰਮ ਅਤੇ ਸਮਕਾਲੀ ਯਥਾਰਥ ਦੇ ਦਾਇਰੇ ਵਿਚ ਚਿਤਰਿਆ ਹੈ। ਪਰਵਾਸ ਦੀ ਮਸ਼ੀਨੀ ਜ਼ਿੰਦਗੀ ਨੂੰ ਹੰਢਾਉਂਦਾ ਮਨੁੱਖ ਸਰੀਰਕ ਅਤੇ ਮਾਨਸਿਕ ਪੱਧਰ ਉਪਰ ਆਪਣਾ ਸੰਤੁਲਨ ਖੋ ਰਿਹਾ ਹੈ। ਅਨੇਕਾਂ ਦੁਬਿਦਾਵਾਂ ਦਾ ਸ਼ਿਕਾਰ ਉਹ ਆਪਣੀ ਹੀ ਜ਼ਿੰਦਗੀ ਤੋਂ ਉਦਾਸ ਤੇ ਬੇਵੱਸ ਹੋਇਆ ਪ੍ਰਤੀਤ ਹੁੰਦਾ ਹੈ। ਪਦਾਰਥਕ ਸੁੱਖਾਂ ਦੀ ਪ੍ਰਾਪਤੀ ਲਈ ਪਰਵਾਸ ਗਿਆ ਮਨੁੱਖ ਅਣਕਿਆਸੀਆਂ ਅਤੇ ਅਣਸੁਖਾਵੀਆਂ ਘਟਨਾਵਾਂ ਦਾ ਸ਼ਿਕਾਰ ਹੁੰਦਾ ਹੈ ਜਿਹਨਾਂ ਦਾ ਦਰਦ ਉਸ ਦੀ ਰੂਹ ਨੂੰ ਬੇਚੈਨ ਕਰ ਦਿੰਦਾ ਹੈ। ਨਾਵਲੀ ਬਿਰਤਾਂਤ ਅਸੁਰੱਖਿਆ ਅਤੇ ਮਾਨਸਿਕ ਤ੍ਰਾਸ਼ਦੀ ਨੂੰ ਭੋਗਦਾ ਹੋਇਆ ਆਪਣੀਆਂ ਉਲਝਣਾਂ ਵਿਚ ਫਸੇ ਹੋਏ ਮਨੁੱਖ ਨੂੰ ਇਹ ਪੈਂਡਾ ਅਮੁੱਕ ਤੇ ਹਨੇਰੇ ਵਾਲਾ ਪ੍ਰਤੀਤ ਹੁੰਦਾ ਹੈ ਜਿਸ ਦੇ ਇਕ ਪਾਸੇ ਦੈਂਤ ਵਰਗਾ ਪਹਾੜ ਦੂਜੇ ਪਾਸੇ ਡੂੰਘੀ ਖੱਡ ਹੈ। ਨਾਵਲੀ ਬਿਰਤਾਂਤ ਵਿਚ ਪਰਵਾਸ ਦੇ ਹਨੇਰੇ ਰਾਹਾਂ ਦਾ ਬਿਰਤਾਂਤ ਹਰਪ੍ਰੀਤ ਸੇਖਾ ਨੇ ਬਾਖੂਬੀ ਪ੍ਰਗਟ ਕੀਤਾ ਹੈ।


*'ਕੋਕਾਹਾਲਾ ਪਹਾੜ ਦੀ ਚੜ੍ਹਾਈ ਚੜ੍ਹਦਿਆਂ ਟਰੱਕ ਦਾ ਜ਼ੋਰ ਲੱਗ ਰਿਹਾ ਸੀ। ਇਹ ਮੁੱਕਣ ਵਿਚ ਨਹੀਂ ਸੀ ਆ ਰਿਹਾ, ਜਿਵੇਂ ਪਹਾੜ ਨੇ ਅਸਮਾਨ ਨੂੰ ਛੋਹਣਾ ਹੋਵੇ। ਟਰੱਕ ਦੇ ਗੇਅਰ ਘਟਾਉਂਦਾ ਗੁਰਸੀਰ ਇਸ ਨੂੰ ਪੰਜਵੇਂ ਗੇਅਰ ਵਿਚ ਲੈ ਆਇਆ। ਟਰੱਕ ਦੀ ਸਪੀਡ 30 ਕਿਲੋਮੀਟਰ ਪ੍ਰਤੀ ਘੰਟਾ 'ਤੇ ਆ ਗਈ। ਸਾਹਮਣੇ ਮੋੜ ਸੀ। ਅੱਗੇ ਸੜਕ ਨਹੀਂ ਸੀ ਦਿਸਦੀ ਇਕ ਪਾਸੇ ਦੈਂਤ ਵਰਗਾ ਪਹਾੜ ਸੀ ਤੇ ਦੂਜੇ ਪਾਸੇ ਡੂੰਘੀ ਖਾਈ। ਗੁਰਸੀਰ ਨੂੰ ਲੱਗਿਆ ਜਿਵੇਂ ਮੂਹਰੇ ਸੜਕ ਮੁੱਕ ਗਈ ਹੋਵੇ ਤੇ ਉਸ ਦਾ ਟਰੱਕ ਸੜਕ ਦੇ ਸਿਰੇ 'ਤੇ ਪਹੁੰਚ ਕੇ ਸਿੱਧਾ ਖਾਈ ਵਿਚ ਡਿਗੇਗਾ।'*[8] ***(ਸੰਪਰਕ-98765-87726)***

**ਹਵਾਲੇ ਤੇ ਟਿਪਣੀਆਂ:**


1. ਡਾ. ਸੁਰਿੰਦਰਪਾਲ (ਸੰਪਾ.), ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ , ਪੰਨਾ 6.
2. ਹਰਪ੍ਰੀਤ ਸੇਖਾ, ਹਨੇਰੇ ਰਾਹ, ਪੰਨਾ 140.
3. ਡਾ. ਸੁਰਿੰਦਰਪਾਲ (ਸੰਪਾ.) ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ, ਪੰਨਾ 147.
4. ਹਰਪ੍ਰੀਤ ਸੇਖਾ ਹਨੇਰੇ ਰਾਹ, ਪੰਨਾ 93., 5. ਡਾ. ਬਲਦੇਵ ਸਿੰਘ ਧਾਲੀਵਾਲ
6. ਹਰਪ੍ਰੀਤ ਸੇਖਾ, ਹਨੇਰੇ ਰਾਹ, ਪੰਨਾ 40., 7. ਉਹੀ, ਪੰਨਾ 108., 8. ਉਹੀ, ਪੰਨਾ 20.

# ਸਾਧਨ ਵਿਹੂਣੇ ਲੋਕਾਂ ਦਾ ਦੁਖਾਂਤ:ਅਸੀਂ ਨੀ ਜਾਣਾ ਪਤਾਲ ਲੋਕ

**- ਡਾ. ਅਮਨਦੀਪ ਸਿੰਘ**




ਹਰਮੇਸ਼ ਮਾਲੜੀ ਮਿਹਨਤਕਸ਼ ਅਤੇ ਸਾਧਨ-ਵਿਹੂਣੇ ਲੋਕਾਂ ਦੇ ਦੁਖਾਂਤ ਦਾ ਬਹੁ-ਪਾਸਾਰੀ ਸੰਘਣਾ ਗਲਪ-ਬਿੰਬ ਘੜਨ ਵਾਲਾ ਗਲਪਕਾਰ ਹੈ ਉਸਨੇ ਆਪਣੀਆਂ ਰਚਨਾਵਾਂ ਰਾਹੀਂ ਦੋਹਰੀ ਸੰਰਚਨਾ ਵਾਲੇ (ਜਾਤ-ਪਾਤੀ ਅਤੇ ਜਮਾਤੀ) ਭਾਰਤੀ ਸਮਾਜ-ਸਭਿਆਚਾਰ ਵਿੱਚ ਆਰਥਿਕ-ਸਮਾਜਿਕ ਪੱਖੋਂ ਵਾਂਝੇ ਹੋਣ ਕਰਕੇ ਅਮਾਨਵੀ ਸੰਤਾਪ ਭੋਗਦੇ ਦਲਿਤ ਵਰਗ ਨੂੰ ਸਫ਼ਲਤਾ ਨਾਲ ਚਿਤਰਿਆ ਹੈ ਉਸਨੇ ਮਜ਼ਦੂਰਾਂ ਦੇ ਭੱਖਦੇ ਮਸਲਿਆਂ ਜਿਵੇਂ ਦਲਿਤਾਂ 'ਤੇ ਵੱਧ ਰਹੇ ਅੱਤਿਆਚਾਰਾਂ, ਖੇਤ ਮਜ਼ਦੂਰਾਂ ਸਿਰ ਚੜ੍ਹੇ ਕਰਜ਼ਿਆਂ ਦੀ ਮੁਆਫ਼ੀ, ਰੁਜ਼ਗਾਰ ਦੀ ਗਰੰਟੀ, ਸਰਕਾਰ ਦੀਆਂ ਕਾਰਪੋਰੇਟ ਪੱਖੀ ਅਤੇ ਮਜ਼ਦੂਰ ਮਾਰੂ ਨੀਤੀਆਂ ਦਾ ਵਿਰੋਧ ਕਰਨਾ ਆਦਿ ਨੂੰ ਵੀ ਭਰਵੇਂ ਰੂਪ ਵਿੱਚ ਉਠਾਇਆ ਹੈ।

**'ਅਸੀਂ ਨੀ ਜਾਣਾ ਪਤਾਲ ਲੋਕ'** (**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ, ਜਲੰਧਰ, ਮੁੱਲ** : 130, **ਪੰਨੇ** :136, **ਸਾਲ** : 2020) ਇਸ ਨਾਵਲ ਰਾਹੀਂ ਨਾਵਲਕਾਰ ਨੇ ਪੰਜਾਬ ਦੇ ਪਿੰਡਾਂ ਵਿਚਲੇ ਵਿਹੜੇ ਵਾਲਿਆਂ ਦੇ ਦੁੱਖਾਂ-ਦਰਦਾਂ, ਫ਼ਿਕਰਾਂ ਅਤੇ ਮੁਸ਼ਕਲਾਂ ਨੂੰ ਭਰਵੇਂ ਰੂਪ ਵਿੱਚ ਚਿਤਰਿਆ ਹੈ। ਇਹ ਸਾਧਨ ਵਿਹੂਣੇ ਲੋਕ ਸਦੀਆਂ ਤੋਂ ਵਿੱਤੋਂ ਬਾਹਰੀ ਮੁਸ਼ਕਤ ਕਰਨ ਦੇ ਬਾਵਜੂਦ ਭੁੱਖਮਰੀ ਦਾ ਸ਼ਿਕਾਰ ਰਹਿੰਦੇ, ਤੰਗ ਗਲੀਆਂ ਅਤੇ ਖੁੱਡਿਆਂ ਵਰਗੇ ਹਨੇਰੇ ਮਕਾਨਾਂ ਵਿੱਚ ਜੀਵਨ ਬਤੀਤ ਕਰਨ ਲਈ ਮਜ਼ਬੂਰ, ਦਿਨ-ਬ-ਦਿਨ ਕਰਜ਼ੇ ਦੀ ਪੰਡ ਥੱਲੇ ਦੱਬਦੇ ਜਾਂਦੇ, ਸਰੀਰਕ ਹੱਵਸ ਅਤੇ ਹਿੰਸਾ ਦਾ ਸ਼ਿਕਾਰ ਹੁੰਦੇ, ਪੰਚਾਇਤ ਅਤੇ ਥਾਣਿਆਂ ਵਿੱਚ ਜ਼ਲੀਲ ਹੁੰਦੇ ਆਦਿ। ਇਹਨਾਂ ਲੋਕਾਂ ਦੇ ਜੀਵਨ ਨਾਲ ਸੰਬੰਧਿਤ ਅਨੇਕ ਅਣਗੌਲੇ ਵੇਰਵੇ ਇਸ ਨਾਵਲ ਦਾ ਵਸਤੂ ਬਣਦੇ ਹਨ। ਇਸ ਪੱਖੋਂ ਨਾਵਲਕਾਰ ਦਾ ਮੂਲ ਫੋਕਸ ਆਰਥਿਕ ਮੰਦਹਾਲੀ 'ਚ ਫਸੇ ਜੋਗੇ, ਮਿੰਦੋ, ਫੀਰੇ, ਅਮਰੂ, ਲਾਲੂ, ਸੋਹਣੇ ਆਦਿ ਦੀ ਬੇਵਸੀ ਰਾਹੀਂ ਰਾਜਸੀ-ਸਮਾਜਿਕ ਪਛਾਣ ਦੇ ਮਸਲੇ ਅਤੇ ਮਨੁੱਖੀ ਸਵੈਮਾਨ ਤੋਂ ਸੱਖਣੇ ਬੇਵੱਸ ਮਨੁੱਖ ਦੀ ਹੋਣੀ ਨੂੰ ਪ੍ਰਸਤੁਤ ਕੀਤਾ ਗਿਆ ਹੈ। ਦੂਸਰਾ ਪਹਿਲੂ ਨਾਵਲਕਾਰ ਨੇ ਕਮਲੇਸ਼ਵਰ ਮੱਠ ਵਿੱਚ ਵੀ ਬਾਹਰੀ ਸਮਾਜ ਵਾਂਗ ਜਾਤ-ਪਾਤੀ ਤ੍ਰਿਸਕਾਰ ਅਤੇ ਭਿੱਟ ਆਧਾਰਿਤ ਰਵੱਈਏ ਦੀ ਗੱਲ ਕਰਦਿਆਂ ਮੱਠ ਦੀ ਗੱਦੀ ਲਈ ਸਾਜ਼ਿਸ਼ਾਂ ਅਤੇ ਪਰਿਵਾਰਵਾਦ ਦੀ ਭਾਰੂ ਰਾਜਨੀਤੀ ਨੂੰ ਉਲੀਕਿਆ ਹੈ। ਤੀਸਰੇ ਪਹਿਲੂ ਰਾਹੀਂ ਪਿੰਡ ਦੀ ਧਨਾਢ ਮਾਲਕ ਜੱਟ ਕਿਸਾਨੀ ਦੀਆਂ ਵਧੀਕੀਆਂ, ਜਿਵੇਂ ਕੰਮੀ ਸ਼ੇਣੀ ਦਾ ਪੀੜ੍ਹੀਓ-ਪੀੜ੍ਹੀ ਖ਼ੂਨ ਚੂਸਣਾ, ਸਿਆਸੀ ਅਤੇ ਪ੍ਰਸ਼ਾਸ਼ਨਿਕ ਪਹੁੰਚ ਦੇ ਆਸਰੇ ਇਸ ਲੁੱਟ ਨੂੰ ਜਾਇਜ਼ ਬਣਾਈ ਰੱਖਣਾ, ਸਾਂਝੇ ਮੁਫਾਦਾਂ ਲਈ ਰੱਖੀ ਜ਼ਮੀਨ ਨੂੰ ਹਥਿਆ ਕੇ ਆਪਣੇ ਸਵਾਰਥ ਲਈ ਵਰਤਣਾ, ਆਦਿ। ਦਰਅਸਲ ਮੁਗਲ ਅਰਥਚਾਰੇ ਦਾ ਪਤਨ ਹੋਣ ਪਿੱਛੋਂ ਇਹ ਕਿਸਾਨੀ ਸੁਮਦਾਏ ਅਰਥਚਾਰੇ ਦੇ ਕੇਂਦਰ ਵਿਚ ਆ ਰਿਹਾ ਸੀ। ਇਨ੍ਹਾਂ ਨਵੇਂ



ਹਾਲਾਤ ਵਿੱਚ ਜੱਟ ਭਾਈਚਾਰਾ ਸਮਾਜ ਤੇ ਸੱਤਾ ਵਿੱਚ ਆਪਣੇ ਲਈ ਉਚੇਰੀ ਥਾਂ ਭਾਲ ਰਿਹਾ ਸੀ। ਸਿੱਖ ਧਰਮ ਦੇ ਅੰਤਰਗਤ ਹੋ ਰਹੀ ਸਮਾਜਕ, ਧਾਰਮਿਕ ਤੇ ਸਿਆਸੀ ਸਰਗਰਮੀ ਇਸ ਭਾਈਚਾਰੇ ਲਈ ਐਨ ਢੁਕਵੀਂ ਸੀ। ਕਿਸਾਨੀ ਦੇ ਮੁੜ ਕੇਂਦਰ ਵਿੱਚ ਆਉਣ ਪਿੱਛੋਂ, ਨਗਰੀਕਰਨ ਦੇ ਸਮੇਂ ਵਿੱਚ ਢਿੱਲੇ ਪੈ ਗਏ ਜਜਮਾਨੀ ਸੰਬੰਧ ਫਿਰ ਤੋਂ ਸਥਾਪਤ ਹੋ ਗਏ। ਸੰਪਤੀ ਦੀ ਮਾਲਕ ਤੇ ਇਹਨਾਂ ਜਜਮਾਨੀ ਸੰਬੰਧਾਂ ਨੇ ਪੰਜਾਬ ਦੇ ਵਿਸ਼ੇਸ਼ ਹਾਲਾਤ ਵਿੱਚ ਜੱਟ (ਵੈਸ਼) ਨੂੰ ਸਵਰਨ ਜਾਤੀ ਬਣਾ ਦਿੱਤਾ। ਪ੍ਰੰਤੂ ਦਲਿਤਾਂ ਲਈ ਸਮਾਜਕ ਸਮਾਨਤਾ ਸੁਪਨਾ ਹੀ ਬਣੀ ਰਹੀ। (ਹਰਵਿੰਦਰ ਭੰਡਾਲ, ਸਮਕਾਲੀ ਪੰਜਾਬੀ ਕਵਿਤਾ ਪੰਨਾ- 81) ਨਾਵਲ ਵਿੱਚ ਹਰਮੇਲ, ਕਰਨੈਲ, ਮਿੰਦਰ ਅਤੇ ਜੈਲ ਵਰਗੇ ਕਿਸਾਨ ਪੇਂਡੂ ਸਮਾਜ ਦੇ ਇਸੇ ਜਾਤੀਗਤ ਪ੍ਰਬੰਧ ਵਿੱਚ ਆਪਣੀ ਉੱਚੀ ਸਮਾਜ-ਸਭਿਆਚਾਰਕ ਹੈਸੀਅਤ ਦੀ ਧੌਂਸ ਜਮਾਉਂਦੇ ਹਨ ਅਤੇ ਆਪਸੀ ਖਹਿੜਬਾਜ਼ੀ ਵਿੱਚ ਫੀਰੇ ਵਰਗੇ ਦਲਿਤ ਨੂੰ ਬਲੀ ਦਾ ਬੱਕਰਾ ਬਣਾਉਂਦੇ ਹਨ ।

ਨਾਵਲ ਵਿੱਚ ਅਸੀਂ ਦੇਖਦੇ ਹਾਂ ਕਿ ਪਿੰਡ ਮੱਲਾਂਵਾਲੀ ਵਿਚਲੇ ਜ਼ਿੰਮੀਦਾਰਾਂ ਦੇ ਵੱਡੇ-ਵਡੇਰਿਆਂ ਨੇ ਆਪਣਾ ਪਿੰਡ ਬੰਨ੍ਹਣ ਵੇਲੇ ਕੰਮੀਆਂ ਲਈ ਨੀਵੀਂ ਥਾਂ ਰਾਖਵੀਂ ਰੱਖੀ ਜਿਹੜੀ ਅੱਜ ਮਜ਼ਦੂਰਾਂ ਦਾ ਵੱਡਾ ਵਿਹੜਾ ਬਣ ਗਿਆ ਸੀ ਨਾਵਲ ਦੇ ਮੁੱਖ ਪਾਤਰ ਜੋਗੇ ਦਾ ਪਿਓ ਲਾਲੂ ਪਿੰਡ ਦੇ ਸਭ ਤੋਂ ਵੱਡੇ ਅਤੇ ਅੜਬ ਕਿਸਾਨ ਗੁਰਬਖਸ਼ ਸਿੰਘ ਨਾਲ ਸਾਰੀ ਉਮਰ ਸੀਰਪੁਣਾ ਨਿਭਾਉਂਦਾ ਹੈ ਅਤੇ ਮਾਂ ਪ੍ਰੀਤੋ ਨੇ ਮਰਨ ਤੱਕ ਉਹਨਾਂ ਦਾ ਗੋਹਾ-ਕੂੜਾ ਕੀਤਾ ਪਰ ਜੋਗਾ ਜਦੋਂ ਜਵਾਨ ਹੋਇਆ ਤਾਂ ਆਪਣੇ ਖੁੱਲ੍ਹੇ-ਡੁੱਲ੍ਹੇ ਸੁਭਾਅ ਅਤੇ ਸਿੱਖੀ ਵੇਸ ਧਾਰਨ ਕਰਕੇ ਅਤੇ ਸਵਰਣੀ-ਸ਼ੋਸ਼ਣੀ ਇਤਿਹਾਸ ਵੱਸ ਗੁਰਬਖਸ਼ ਸਿੰਘ ਅੰਦਰ ਨਫ਼ਰਤ ਪੈਦਾ ਕਰ ਦਿੰਦਾ ਹੈ। ਸਗੋਂ ਗੁਰਬਖਸ਼ ਸਿੰਘ ਗੁੱਝੀ ਈਰਖਾ ਵੱਸ ਜੋਗੇ ਦੇ ਸਿਰ 'ਤੇ ਕੇਸ ਰੱਖਣ ਨੂੰ ਵੀ ਜੱਟਾਂ ਦੀਆਂ ਰੀਸਾਂ ਕਰਨੀਆਂ ਆਖਦਾ, "ਸਾਲਿਆ ਰਹਿਣਾ ਤਾਂ ਲਾਲੂ ਦਾ ਮੁੰਡਾ ਈ ਆ... ਕੇਸ ਰੱਖ ਕੇ ਜੱਟ ਤਾਂ ਨਹੀਂ ਬਣ ਜਾਣਾ...।(ਅਸੀਂ ਨੀ ਜਾਣਾ ਪਤਾਲ ਲੋਕ, ਪੰਨੇ 15-16)

ਅਜਿਹੀ ਜੱਟਕੀ ਹੈਂਕੜ ਦਾ ਸਾਹਮਣਾ ਜੋਗੇ ਨੂੰ ਸੁਰਜਨ ਨਾਲ ਸੀਰੀਂ ਰੱਲਣ ਵੇਲੇ ਕਿਸਾਨ ਜੈਲ ਨਾਲ ਹੋਏ ਝਗੜੇ ਸਮੇਂ ਵੀ ਕਰਨਾ ਪੈਂਦਾ ਹੈ। ਇਸੇ ਕਰਕੇ ਉਹ ਪਿੰਡ ਦੀ ਥਾਂ ਗੁਆਂਢੀ ਪਿੰਡ ਚਮਿਆਰੀ ਦੇ ਜੱਟ ਕਰਮ ਸਿਹੁੰ ਨਾਲ ਸੀਰੀ ਲੱਗ ਜਾਂਦਾ ਹੈ। ਇਸ ਖਹਿਬਾਜ਼ੀ ਕਾਰਨ ਜੋਗੇ ਨੂੰ ਪੈਸੇ ਅਤੇ ਪਹੁੰਚ ਨਾਲ ਨੰਦ ਸਿਹੁੰ ਦੇ ਘਰ ਹੋਈ ਚੋਰੀ ਦੇ ਝੂਠੇ ਕੇਸ ਵਿੱਚ ਫਸਾ ਦਿੱਤਾ ਜਾਂਦਾ ਹੈ। ਜੋਗੇ ਦੇ ਜੇਲ੍ਹ ਜਾਣ ਕਾਰਨ ਘਰ ਦੀ ਪੇਤਲੀ ਆਰਥਿਕ ਸਥਿਤੀ ਹੋਰ ਨਿੱਗਰ ਜਾਂਦੀ ਹੈ। ਉਸਦੇ ਪਿਓ ਲਾਲੂ ਦੇ ਚੜਾਈ ਕਰਨ ਤੋਂ ਬਾਅਦ ਜੋਗੇ ਦੀ ਘਰਵਾਲੀ ਮਿੰਦੋ ਆਪਣੀ ਵੱਡੀ ਕੁੜੀ ਬੀਰ੍ਹੀ ਨਾਲ ਰਲਕੇ ਲੋਕਾਂ ਦੇ ਘਰ ਗੋਹਾ-ਕੂੜਾ ਜਾਂ ਦਿਹਾੜੀ ਕਰਕੇ ਗੁਜ਼ਾਰਾ ਕਰਦੀ ਹੈ ਅਤੇ ਆਪਣੇ ਛੋਟੇ ਦੋਵੇਂ ਨਿਆਣਿਆਂ ਬੁੱਧ ਅਤੇ ਰੱਜੋ ਨੂੰ ਪੜ੍ਹਾਈ ਵੀ ਕਰਵਾਉਂਦੀ ਹੈ। ਮਰਦ ਖੇਤ ਮਜ਼ਦੂਰ ਦੇ ਮੁਕਾਬਲੇ ਔਰਤ ਖੇਤ ਮਜ਼ਦੂਰ ਨੂੰ ਵਧੇਰੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ ਕਿਉਂਕਿ ਦਲਿਤ ਅਤੇ ਅਲਪ ਸੰਖਿਅਕ ਔਰਤਾਂ ਦਾ ਤਿਹਰਾ ਸ਼ੋਸ਼ਣ ਹੁੰਦਾ ਹੈ। ਇੱਕ ਔਰਤ ਦੇ ਰੂਪ ਵਿੱਚ, ਦੂਸਰਾ ਮਜ਼ਦੂਰ ਦੇ ਰੂਪ ਵਿੱਚ ਅਤੇ ਤੀਸਰਾ ਕਿਸੇ ਜਾਤੀ ਜਾਂ ਸੰਪ੍ਰਦਾਇਕ ਦਾ ਮੈਂਬਰ ਦੇ ਰੂਪ ਵਿੱਚ (ਰਮੇਸ਼ ਉਪਾਧਿਆਏ ਔਰ ਸੰਗਿਆ ਉਪਾਧਿਆਏ (ਸੰਪਾ.), ਆਜ ਦਾ ਇਸਤਰੀ ਅੰਦੋਲਨ, ਪੰਨਾ 38) ਨਾਵਲ ਵਿੱਚ ਹਰਮੇਲ ਵਰਗਾ ਜੱਟ-ਕਿਸਾਨ ਆਲੂ ਪੁੱਟਦੀਆਂ ਔਰਤਾਂ ਨੂੰ ਮਜ਼ਦੂਰੀ ਸਮੇਂ ਸਿਰ ਨਹੀਂ ਦਿੰਦਾ ਤਾਂ ਦੂਸਰੇ ਪਾਸੇ ਕਰਨੈਲ ਵਰਗਾ ਬੰਦਾ ਬੈਂਕ ਵਿੱਚੋਂ ਲਏ ਕਰਜ਼ੇ ਦਾ ਗਰੰਟੀਕਾਰ ਬਣ ਕੇ ਮਿੰਦੋ ਦਾ ਸਰੀਰ ਨੋਚਣਾ ਚਾਹੁੰਦਾ ਹੈ। ਪਰ ਮਿੰਦੋ ਆਪਣੇ ਸਾਹਸ ਅਤੇ ਦਲੇਰੀ ਨਾਲ ਅਜਿਹੀਆਂ ਅਮਾਨਵੀ ਵਧੀਕੀਆਂ ਦਾ ਜੁਆਬ ਦਿੰਦੀ ਨਜ਼ਰ ਆਉਂਦੀ ਹੈ। ਖਾਸ ਕਰਕੇ ਹਮੇਲ ਦੁਆਰਾ ਜੋਗੇ ਬਾਰੇ ਮਾਰੀਆਂ ਚੋਭਾਂ ਪ੍ਰਤੀ ਉਸਦਾ ਅੰਦਰਲਾ ਆਕ੍ਰੋਸ਼ ਫੁੱਟਦਾ ਹੈ ਅਤੇ ਉਹ ਸੋਚਦੀ ਹੈ: 'ਮਿੰਦੋ ਦੇ ਸੀਨੇ ਅੱਗ ਮੱਚਣ ਲੱਗ ਪਈ, ਉਹਦੇ ਚਿੱਤ

'ਚ ਆਇਆ ਵੀ ਢੇਰੀ 'ਤੋਂ ਵੱਡਾ ਸਾਰਾ ਆਲੂ ਚੱਕ ਕੇ ਇਹਦੇ ਮੂੰਹ 'ਤੇ ਮਾਰਾ, ਬੇੜੀ ਡੁੱਬਿਓ ਕਿਹੜੀ ਗਲਤੀ?... ਤੁਸੀਂ ਫੜਾਇਆ ਜਵਾਈ ਨੂੰ? (ਪੰਨਾ-44)

ਦੂਸਰੇ ਪੇਸੇ ਵਿਹੜੇ ਵਿੱਚੋਂ ਹੀ ਅਮਰੂ ਦਾ ਮੁੰਡਾ ਫੀਰਾ ਗੁਰਬਖਸ਼ ਸਿੰਘ ਦੇ ਮੁੰਡੇ ਹਰਮੇਲ ਨਾਲ ਸੀਰੀ ਰੱਲਦਾ ਹੈ। ਫੀਰਾ, ਹਰਮੇਲ ਦੀ ਖੇਤੀਬਾੜੀ ਦੇ ਨਾਲ-ਨਾਲ ਹੋਰ ਘਰੇਲੂ ਕੰਮਾਂ ਵਿੱਚ ਵੀ ਮਦਦ ਕਰਦਾ ਹੈ। ਇਸੇ ਵਫ਼ਾਦਾਰੀ ਕਰਕੇ ਹੀ ਹਰਮੇਲ ਨੇ ਉਸਨੂੰ ਵਿਹੜੇ ਵਿੱਚੋਂ 'ਪੰਚ' ਖੜ੍ਹਾ ਕਰਕੇ ਜਤਾਇਆ ਸੀ। ਏਥੋਂ ਤੱਕ ਕਿ ਸਰਪੰਚ ਵੀ ਬਣਾ ਦਿੱਤਾ ਕਿਉਂਕਿ ਮੌਜੂਦਾ ਸਰਪੰਚ ਸੰਤੋਖ ਸਿੰਘ ਖਾਲਿਸਤਾਨੀ ਅੱਤਵਾਦੀਆਂ ਤੋਂ ਡਰਦਾ ਇੰਗਲੈਂਡ ਭੱਜ ਜਾਂਦਾ ਹੈ। ਹਰਮੇਲ, ਸੰਤੋਖ ਦੇ ਜਾਣ ਤੋਂ ਬਾਅਦ ਫੀਰੇ ਦੋਂ ਵੀ ਪੁੱਠੇ-ਸਿੱਧੇ ਪੰਚਾਇਤੀ ਕੰਮ ਲੈਣ ਦੀ ਮਨਸ਼ਾ ਰੱਖਦਾ ਹੈ। ਸੀਰੀ ਫੀਰੇ ਨੂੰ ਸਰਪੰਚ ਬਣਾਉਣ ਬਾਰੇ ਉਹ ਸੋਚਦਾ ਹੈ ਕਿ... ਇਉਂ ਮੋਹਰ ਘਰੇ ਹੀ ਰਹਿਣੀ ਸੀ... (ਪੰਨਾ-56) ਨਾਵਲਕਾਰ ਨੇ ਅਜਿਹੀ ਪੇਂਡੂ ਸਿਆਸਤ ਰਾਹੀ ਦਲਿਤ ਸਮਾਜ ਦੀ ਸਿਆਸੀ ਪੁਜ਼ੀਸ਼ਨ ਦੀ ਅਸਲੀਅਤ ਨੂੰ ਸਪਸ਼ੱਟ ਕੀਤਾ ਹੈ ਪਰ ਸਿੰਘਾਪੁਰ ਘੁੰਮ ਕੇ ਆਇਆ ਬਾਲਮੀਕਿਆ ਸੁਰੈਣਾ ਫੀਰੇ ਨੂੰ ਸਰਪੰਚੀ ਦੀ ਤਾਕਤ ਦਾ ਅਹਿਸਾਸ ਕਰਵਾਉਂਦਾ ਹੈ।

"ਗੱਲ ਸੁਣ ਲੈ ਮੇਰੀ ਫੀਰਿਆ... ਮੋਹਰ ਹੁਣ ਤੇਰੇ ਕੋਲ ਆ... ਆਪਣੇ 'ਡਮਾਕ ਤੋਂ ਕੰਮ ਲਈ ਇਹ ਨਾ ਹੋਵੇ ਵੀ ਤੈਥੋਂ ਗ਼ਲਤ ਕੰਮ ਕਰਾ ਲੈਣ... ਮੁੜਕੇ ਭੁਗਣੀਆਂ ਤੈਨੂੰ ਈ ਪੈਣੀਆਂ।" (ਪੰਨਾ-60)

ਭਾਵੇਂ ਫੀਰਾ ਸਰਪੰਚ ਆਪਣੇ ਲੋਕਾਂ ਨੂੰ ਆਰਥਿਕ ਮੰਦਹਾਲੀ ਵਿੱਚੋਂ ਕੱਢਣ ਲਈ ਬੈਂਕਾਂ ਦੁਆਰਾ ਮੱਝਾਂ ਦੇ ਕਰਜ਼ੇ ਵਰਗੀਆਂ ਲੋਕ- ਭਲਾਈ ਸਕੀਮਾਂ ਤੋਂ ਜਾਣੂ ਕਰਵਾਉਂਦਾ ਹੈ ਪਰ ਕਰਜ਼ਾ ਲੈਣ ਦੀ ਸਮੁੱਚੀ ਪ੍ਰਕਿਰਿਆ ਇੰਨੀ ਕੁ ਗੁੰਝਲਦਾਰ ਅਤੇ ਜਟਿਲ ਹੁੰਦੀ ਹੈ ਜਿਸ ਵਿੱਚ ਫਿਰ ਵਿਹੜੇ ਵਾਲਿਆਂ ਨੂੰ ਸੰਪੰਨ ਜਾਤੀਆਂ ਦੇ ਮੂੰਹ ਵੱਲ ਦੇਖਣਾ ਪੈਂਦਾ ਹੈ। ਇਸੇ ਤਰ੍ਹਾਂ ਫੀਰੇ ਨੂੰ ਪਿੰਡ ਦੇ ਖਾਂਦੇ-ਪੀਂਦੇ ਜੱਟ ਕਿਸਾਨਾਂ ਦੀ ਆਪਸੀ ਖਹਿਬਾਜ਼ੀ ਅਤੇ ਦਲਿਤ ਸਮਾਜ ਦੇ ਹੱਕਾਂ ਲਈ ਲੜਨ ਕਰਕੇ ਆਪਣੀ ਜਾਨ ਗੁਆਉਣੀ ਪੈਂਦੀ ਹੈ ਕਿਉਂਕਿ ਹਰਮੇਲ ਦਾ ਪਰਿਵਾਰ ਪਿਛਲੇ ਲੰਮੇ ਸਮੇਂ ਤੋਂ ਆਪਣੀ ਜ਼ਮੀਨ ਨਾਲ ਲੱਗਦੀ ਪਾਣੀ ਦੇ ਟਿਊਬਵੈੱਲ ਤੋਂ ਰਹਿਤ ਪੰਚਾਇਤੀ ਜ਼ਮੀਨ ਨੂੰ ਕੌਡੀਆਂ ਦੇ ਭਾਅ ਬੋਲੀ ਲਗਾ ਕੇ ਵਾਹੀ ਕਰਦਾ ਆ ਰਿਹਾ ਸੀ। ਜਿਸ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵੀਂ ਪੰਜ ਏਕੜ ਭੋਇੰ ਵੀ ਸੀ। ਹਰਮੇਲ ਦੇ ਵਿਰੋਧੀ ਜ਼ਿਮੀਦਾਰ ਫੀਰੇ ਰਾਹੀਂ ਪੰਚਾਇਤੀ ਜ਼ਮੀਨ ਵਿੱਚ ਬੋਰ ਕਰਵਾਉਣਾ ਚਾਹੁੰਦੇ ਹਨ ਤਾਂ ਜੋ ਪਾਣੀ ਦੇ ਪ੍ਰਬੰਧ ਹੋਣ ਨਾਲ ਪੰਚਾਇਤੀ ਜ਼ਮੀਨ ਦੀ ਹਰ ਕੋਈ ਬੋਲੀ ਲਗਾ ਸਕੇ ਪਰ ਹਰਮੇਲ ਆਪਣੀ ਪਹੁੰਚ ਸਦਕਾ ਫੀਰੇ ਨੂੰ ਸਿਵਿਆਂ ਵਿੱਚੋਂ ਪੱਟੀ ਟਾਹਲੀ ਵੇਚਣ ਦੇ ਮੁੱਦੇ 'ਤੇ ਪੰਚਾਇਤੀ ਵਿਭਾਗ ਵਿੱਚ ਦਰਖ਼ਾਸਤ ਦੇ ਕੇ ਫਸਾਉਣਾ ਚਾਹੁੰਦਾ ਹੈ। ਇਸ ਚਾਲ ਕਰਕੇ ਹੀ ਫੀਰੇ ਦਾ ਕਤਲ ਹੋ ਜਾਂਦਾ ਹੈ।

ਨਾਵਲ ਵਿੱਚ ਦੂਸਰਾ ਬਿਰਤਾਂਤ ਜੋਗੇ ਦੇ ਫਿਰੋਜ਼ਪੁਰ ਜੇਲ੍ਹ ਵਿੱਚ ਸੁਆਮੀ ਸ਼ਾਮ ਜੀ ਨਾਲ ਹੋਈ ਮੁਲਾਕਾਤ ਨਾਲ ਆਰੰਭ ਹੁੰਦਾ ਹੈ। ਸੁਆਮੀ ਸ਼ਾਮ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਜੋਗਾ ਜੇਲ੍ਹ ਤੋਂ ਰਿਹਾ ਹੋ ਕੇ ਸਿੱਧਾ ਹਰਿਦੁਆਰ ਵਿਖੇ ਕਮਲੇਸ਼ਵਰ ਮੱਠ ਵਿੱਚ ਪਹੁੰਚ ਜਾਂਦਾ ਹੈ। ਸੁਆਮੀ ਸ਼ਾਮ ਜੀ ਦੀ ਸੰਗਤ ਮਾਣਦਿਆਂ ਜੋਗਾ ਦੂਸਰੇ ਸਾਧੂਆਂ ਦੀ ਤਰ੍ਹਾਂ ਦੀਕਸ਼ਾ ਪ੍ਰਾਪਤ ਕਰਨਾ ਚਾਹੁੰਦਾ ਹੈ। ਪਰ ਉਸਨੂੰ ਸਾਧੂ-ਸੰਨਿਆਸੀਆਂ ਦੀ ਸੰਗਤ ਵਿੱਚ ਬੈਠਣ ਦੀ ਆਗਿਆ ਨਹੀਂ ਹੈ। ਜੋਗਾ ਦਿਨ-ਰਾਤ ਸਾਧੂਆਂ ਦੀ ਸੇਵਾ ਕਰਦਾ, ਜੂਠੇ ਬਰਤਨ ਮਾਂਜਦਾ, ਫੁੱਲਾਂ ਦੀਆਂ ਕਿਆਰੀਆਂ ਗੁੱਡਦਾ ਅਤੇ ਸਾਫ਼-ਸਫ਼ਾਈ ਦਾ ਕੰਮ ਕਰਦਾ ਰਹਿੰਦਾ ਹੈ। ਪਰ ਸੁਆਮੀ ਸ਼ਾਮ ਜੀ ਦੀ ਮੌਤ ਤੋਂ ਬਾਅਦ ਜਦੋਂ ਜੋਗਾ ਸੁਆਮੀ ਦੀਨ ਦਿਆਲ ਕੋਲੋਂ ਦੀਕਸ਼ਾ ਦੀ ਮੰਗ ਕਰਦਾ ਹੈ ਤਾਂ ਮਠ ਦੀ ਚਾਰਦਵਾਰੀ ਵਿੱਚ ਪਨਪਦੀ ਜਾਤ-ਪਾਤੀ ਤ੍ਰਿਸਕਾਰ ਦੀ ਭਾਵਨਾ ਸਾਹਮਣੇ ਆ ਜਾਂਦੀ ਹੈ,



ਨੀਚ ਭੰਗੀ ਚੋਰ... ਜੇਲ੍ਹ ਸੇ ਸੀਧਾ ਜਹਾਂ ਆ ਕਰ ਦੀਕਸ਼ਾ ਮਾਂਗਤਾ ਹੈ ਇਤਨੇ ਸਾਲੋਂ ਸੇ ਜਹਾ ਰੋਟੀਆਂ ਤੋੜਤਾ ਹੈ... ਤੁਮ੍ਹੇ ਮਾਲੂਮ ਨਹੀਂ ਨੀਚੀ ਜਾਤੀ ਕੋ ...।" (ਪੰਨਾ-90)

ਜੋਗਾ ਆਪਣੇ ਮਾਲੀ ਦੋਸਤ ਰਾਮ ਪ੍ਰਸ਼ਾਦ ਦੇ ਕਹਿਣ 'ਤੇ ਪਿੰਡ ਵਾਪਸ ਆ ਜਾਂਦਾ ਹੈ।

ਇਸ ਨਾਵਲ ਦਾ ਤੀਸਰਾ ਪਹਿਲੂ ਸਾਧਨ ਸੰਪੰਨ ਸਵਰਨ ਜਾਤੀਆਂ ਦੇ ਰਵੱਈਏ ਨਾਲ ਸਮਝਿਆ ਜਾ ਸਕਦਾ ਹੈ। ਅਸਲ ਵਿੱਚ ਜ਼ਮੀਨ ਦੀ ਮਾਲਕੀ ਕਾਰਨ ਜੱਟ ਜਾਤੀ ਪੰਜਾਬ ਵਿੱਚ ਸ੍ਰੇਸ਼ਟਤਾ ਦਾ ਦਰਜਾ ਪ੍ਰਾਪਤ ਕਰ ਲੈਂਦੀ ਹੈ। ਸਿੱਖ ਧਰਮ ਦੀ ਅਗਵਾਈ ਕਰਨ ਦੇ ਨਾਲ-ਨਾਲ ਰਾਜਨੀਤਿਕ ਤੌਰ 'ਤੇ ਵੀ ਇਸ ਨੂੰ ਸ਼ਕਤੀਸ਼ਾਲੀ ਰੁਤਬਾ ਹਾਸਿਲ ਹੈ। ਦੂਸਰੇ ਪਾਸੇ ਨੀਵੀਂ ਆਰਥਿਕ ਸਥਿਤੀ ਨੂੰ ਭੋਗਦੀਆਂ ਵਿਪੰਨ ਜਾਤੀਆਂ ਨੂੰ ਖੇਤੀ ਧੰਦੇ ਅਤੇ ਇਸਦਾ ਮਾਲਕੀ ਜੱਟ ਜਾਤੀ 'ਤੇ ਨਿਰਭਰ ਰਹਿਣਾ ਪੈਂਦਾ ਹੈ। ਸੁਭਾਵਿਕ ਹੀ ਜੱਟਾਂ ਵੱਲੋਂ ਕੀਤੇ ਅਪਮਾਨ ਅਤੇ ਲੁੱਟ-ਖਸੁੱਟ ਦਾ ਸੰਤਾਪ ਨਿਮਨ ਜਾਤੀਆਂ ਨੂੰ ਭੋਗਣੇ ਪੈਂਦੇ ਹਨ। ਨਾਵਲ ਵਿੱਚੋਂ ਹਰਮੇਲ ਵੱਲੋਂ ਪੰਚਾਇਤੀ ਜ਼ਮੀਨ ਨੂੰ ਨਾ-ਮਾਤਰ ਬੋਲੀ ਲਗਾ ਕੇ ਵਾਹੁਣਾ, ਈਸਰ ਦੇ ਮਿੰਦਰ ਦੁਆਰਾ ਵਕਫ਼ ਬੋਰਡ ਦੀ ਜ਼ਮੀਨ ਨੜਿੰਨਵੇਂ ਸਾਲਾਂ ਦੇ ਪਟੇ 'ਤੇ ਲੈ ਲੈਣਾ ਆਦਿ ਅਜਿਹੀਆਂ ਮਿਸਾਲਾਂ ਹਨ ਜੋ ਸਾਂਝੇ ਮੁਫਾਦਾਂ ਲਈ ਰੱਖੀ ਜ਼ਮੀਨ ਨੂੰ ਆਪਣੀ ਸਿਆਸੀ ਤਾਕਤ ਅਤੇ ਪੈਸੇ ਦੇ ਜ਼ੋਰ 'ਤੇ ਹੜੱਪ ਜਾਂਦੀਆਂ ਹਨ ਜੋਗੇ ਵਰਗੇ ਲੋਕਾਂ ਨੂੰ ਝੂਠੇ ਕੇਸਾਂ ਵਿੱਚ ਕੈਦ ਕਰਵਾਉਣਾ,ਫੀਰੇ ਦੇ ਕਤਲ ਤੋਂ ਬਾਅਦ ਪੁਲੀਸ ਦੀ ਢਿੱਲੀ-ਮੱਠੀ ਕਾਰਵਾਈ ਹੋਣਾ ਅਸਲ ਵਿੱਚ ਨੀਵੀਆਂ ਜਾਤੀਆਂ ਦੀ ਸਮਾਜਿਕ-ਆਰਥਿਕ ਸਥਿਤੀ ਦੇ ਸੱਚ ਨੂੰ ਹੀ ਪ੍ਰਸਤੁਤ ਕਰਦੀਆਂ ਹਨ।


'...ਜੇ ਮਰਿਆ ਹੁੰਦਾ ਨਾ ਕੋਈ ਤਕੜਾ ਬੰਦਾ ਤਾਂ ਇਥੇ ਛਾਉਣੀਆਂ ਪੈ ਜਾਣੀਆਂ ਸੀ।'(ਪੰਨਾ-118)

ਨਾਵਲ ਦਾ ਸਿਰਲੇਖ ਸੁਆਸੀ ਸ਼ਾਮ ਜੀ ਦੁਆਰਾ ਜੋਗੇ ਨੂੰ ਸੁਣਾਈ ਉਸ ਮਿੱਥ ਦਾ ਭੰਜਨ ਕਰਦਾ ਹੈ। ਜਿਸ ਵਿੱਚ ਜਦੋਂ ਵੱਜ਼ਰਬਾਹੂ ਨੇ ਸਭ ਕਾਲੀਆਂ ਸ਼ਕਤੀਆਂ ਇੱਕਠੀਆਂ ਕਰਕੇ ਸੂਰਯਿਆ ਵੰਸ਼ੀਆ ਦਾ ਸਰਵਨਾਸ਼ ਕਰਨਾ ਸ਼ੁਰੂ ਕੀਤਾ ਤਾਂ ਸੂਰਯਿਆ ਵੰਸ਼ੀਆ ਦੀ ਘੱਟਦੀ ਗਿਣਤੀ ਨੂੰ ਦੇਖਦੇ ਹੋਏ ਮਹਾਂਗੁਰੂ ਦੀ ਆਤਮਾ ਨੇ ਆਖਿਆ ਕਿ ਜੇਕਰ ਤੁਸੀਂ ਆਪਣੀ ਕੁੱਲ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਪਤਾਲ ਲੋਕ ਚਲੇ ਜਾਓ ਪਰ ਨਾਵਲਕਾਰ ਇਸ ਮਿੱਥ ਦਾ ਭੰਜਨ ਕਰਦਾ ਹੋਇਆ ਆਪਣੇ ਪਾਤਰਾਂ ਜੋਗੇ ਅਤੇ ਮਿੰਦੋ ਤੋਂ ਪਤਾਲ ਲੋਕ ਨਾ ਜਾਣ ਦੀ ਗੱਲ ਕਰਦਾ ਹੈ ਸਗੋਂ ਉਹ ਇਹਨਾਂ ਸਵਰਨ ਜਾਤੀਆਂ ਰੂਪੀ ਵੱਜ਼ਰਬਾਹੂ ਨਾਲ ਇਥੇ ਹੀ ਲੜਨ ਦਾ ਪ੍ਰਣ ਕਰਦੇ ਹਨ :

"ਛੱਡੋ ਮੈਨੂੰ... ਅਸੀਂ ਇਥੇ ਈ ਲੜਕੇ ਮਰਾਂਗੇ... ਇਥੇ ਈ... ਅਸੀਂ ਨੀ ਜਾਣਾ ਪਤਾਲ ਲੋਕ ...ਤੇ ਬੇਸੁੱਧ ਹੋ ਕੇ ਉਹ ਧੜੱਮ ਦੇਣੇ ਡਿੱਗ ਪਈ। (ਪੰਨੇ- 135-136)

ਬਣਤਰ ਦੇ ਪੱਖੋ ਨਾਵਲ ਪਿੰਡ ਮੱਲਾਵਾਲੀ ਦੀਆਂ ਜੱਟ ਜਾਤੀਆਂ ਅਤੇ ਦਲਿਤ ਸ਼੍ਰੇਣੀਆਂ ਨਾਲ ਸੰਬੰਧਤ ਅਤੇ ਦੂਸਰੀ ਕਮਲੇਸ਼ਵਰ ਮੱਠ ਵਿੱਚਲੀ ਜੋਗੇ ਦੀ ਜ਼ਿੰਦਗੀ ਸੰਬੰਧੀ ਦੋ ਕਥਾਵਾਂ ਨੂੰ ਸਮਾਂਨਤਰ ਤੋਰਦਾ ਹੈ। ਕਥਾਨਕ ਨੂੰ ਪਿੱਛਲਝਾਤ, ਸੁਪਨੇ ਵਰਗੀਆਂ, ਜੁਗਤਾਂ ਨਾਲ ਅੱਗੇ ਵਧਾਇਆ ਹੈ। ਭਾਸ਼ਾਈ ਪੱਖ ਤੋਂ ਪੰਜਾਬ ਦੇ ਪਿੰਡਾਂ ਦੀ ਠੇਠ ਭਾਸ਼ਾ ਦੇ ਨਾਲ-ਨਾਲ ਹਰਿਦੁਆਰ ਵਿਚਲੇ ਸਾਧੂਆਂ ਸੰਤਾਂ ਦੁਆਰਾ ਬੋਲੀ ਜਾਂਦੀ ਹਿੰਦੀ ਭਾਸ਼ਾ ਨੂੰ ਬਾਖ਼ੂਬ ਨਿਭਾਇਆ ਗਿਆ ਹੈ। ਭਾਵੇ ਕਿ ਨਾਵਲ ਵਿੱਚ ਜੋਗੇ ਦਾ ਆਪਣੇ ਪਰਿਵਾਰ ਦੀ ਨਿੱਗਰੀ ਅਤੇ ਸੰਕਟਗ੍ਰਸਤ ਸਥਿਤੀ ਨੂੰ ਅਣਗੌਲਿਆਂ ਕਰਕੇ ਸੁਆਮੀ ਸ਼ਾਮ ਜੀ ਨਾਲ ਕਮਲੇਸ਼ਵਰ ਮੱਠ ਚਲੇ ਜਾਣਾ ਕੁਝ ਉਪਰਾ ਲਗਦਾ ਹੈ। ਪਰ ਨਾਵਲਕਾਰ ਨੇ ਪੇਂਡੂ ਸਮਾਜ ਵਿਚਲੀਆਂ ਦਲਿਤ ਸ਼੍ਰੇਣੀਆਂ ਦੇ ਮਸੌਲਿਆਂ ਨੂੰ ਬਹੁਤ ਨੇੜਿਓ ਜਾਣਨ ਦਾ ਸ਼ਲਾਘਾਯੋਗ ਯਤਨ ਕੀਤਾ ਹੈ।

# ਪਿਤਰੀ ਸੱਤਾ ਤੇ ਦਮਨਕਾਰੀ ਨਿਜ਼ਾਮ ਨੂੰ ਵੰਗਾਰ: ਇੰਟਰਵਲ ਤੋਂ ਬਾਅਦ/ - ਡਾ. ਸੁਖਪਾਲ ਕੌਰ ਸਮਰਾਲਾ




ਸਰਬਜੀਤ ਕੌਰ ਸੋਹਲ ਦੇ ਕਾਵਿਕ ਮੁਹਾਂਦਰੇ ਦੀ ਨਿਵੇਕਲੀ ਪਛਾਣ ਹੈ।ਉਸਨੇ ਕਵਿਤਾ ਦੇ ਦੇ ਖੇਤਰ ਵਿੱਚ ਆਪਣੀ ਪਹਿਚਾਣ ਬਣਾਉਣ ਤੋਂ ਬਾਅਦ ਕਹਾਣੀ ਦੇ ਖੇਤਰ ਵਿੱਚ ਆਪਣੀ ਕਲਮ ਅਜ਼ਮਾਈ ਹੈ। ਇਸ ਕਹਾਣੀ ਸੰਗ੍ਰਹਿ **'ਇੰਟਰਵਲ ਤੋਂ ਬਾਅਦ'** (**ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਮੁਹਾਲੀ, ਮੁੱਲ: 295, ਪੰਨੇ: 96, ਸਾਲ: 2021**) ਦੀ ਖੂਬਸੂਰਤੀ ਇਸ ਗੱਲ ਵਿੱਚ ਹੈ ਕਿ ਇਹ ਕਹਾਣੀਆ ਵਿੱਚ ਵੀ ਸਹਿਜੇ ਹੀ ਕਾਵਿਕ ਮੁਹਾਂਦਰਾ ਵੇਖਿਆ ਜਾ ਸਕਦਾ ਹੈ। ਕਵਿਤਾ, ਕਾਵਿ ਆਲੋਚਨਾ ਅਤੇ ਕਹਾਣੀ ਲੇਖਕਾ ਨੇ ਇਹਨਾਂ ਸਾਹਿਤ ਵਿਧਾਵਾਂ ਸਦਕਾ ਸਾਹਿਤ ਜਗਤ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਇਸ ਕਹਾਣੀ ਸੰਗ੍ਰਹਿ ਦੀਆ ਕਹਾਣੀਆਂ ਅਚੇਤ ਮਨ ਦੀਆਂ ਅਕਾਂਖਿਆਵਾਂ ਅਤੇ ਲਾਲਸਾਵਾਂ ਦੇ ਨਾਲ ਨਾਲ ਵਰਜਨਾਵਾਂ ਅਤੇ ਸਮਾਜਕ ਹੱਦਬੰਦੀਆਂ ਨੂੰ ਵੀ ਬੇਹੱਦ ਖੂਬਸੂਰਤੀ ਨਾਲ ਪ੍ਰਗਟਾਉਂਦੀਆਂ ਹਨ। ਤਲਖੀਆਂ, ਪੀੜਾ, ਨਾਬਰੀ ਉਤੇ ਅਸਿਸਤਵੀਂ ਹੋਂਦ ਦੀ ਲੜਾਈ ਵੀ ਇਹਨਾਂ ਕਹਾਣੀਆਂ ਦਾ ਵਿਸ਼ਾ ਹੈ।ਜਿਸਦੇ ਤਹਿਤ ਲੇਖਕਾ ਸੱਚ ਨੂੰ ਬੇਬਾਕੀ ਨਾਲ ਕਹਿਣ ਲਈ ਯਤਨਸ਼ੀਲ ਹੈ ਪਰ ਹੱਦਬੰਦੀਆਂ ਦੀ ਉਲੰਘਣਾ ਨਹੀ।

ਸੰਗ੍ਰਹਿ ਦੀ ਪਹਿਲੀ ਕਹਾਣੀ **'ਪੁੱਠ ਕੰਡਾ'** ਬਹੁਤ ਹੀ ਸਨਸਨੀ ਭਰੀ ਕਹਾਣੀ ਹੈ ਜਿਸਦਾ ਅੰਤ ਪਾਠਕ ਦੀਆਂ ਕਿਆਸਰਾਈਆਂ ਦੇ ਬਿਲਕੁਲ ਉਲਟ ਹੁੰਦਾ ਹੈ।ਪੁੱਠ ਕੰਡਾ ਇੱਕ ਵਾਰ ਕੱਪੜੇ ਨੂੰ ਚਿੰਬੜ ਜਾਵੇ ਤਾਂ ਉਸਦਾ ਅਹਿਸਾਸ, ਉਸ ਦੁਆਰਾ ਪੈਦਾ ਕੀਤੀ ਖਾਰਿਸ਼ ਇਨਸਾਨ ਨੂੰ ਕਾਫੀ ਦੇਰ ਤੱਕ ਪਰੇਸਾਨ ਕਰੀ ਰੱਖਦੀ ਹੈ। ਅਜਿਹਾ ਹੀ ਕੁਝ ਕਹਾਣੀ ਦੀ ਨਾਇਕਾ ਚਾਂਦ ਨਾਲ ਵਾਪਰਦਾ ਹੈ। ਬਚਪਨ ਵਿੱਚ ਆਪਣੇ ਚਾਚੇ ਹੱਥੋਂ ਸਰੀਰਕ ਸ਼ੋਸਣ ਦਾ ਸ਼ਿਕਾਰ ਚਾਂਦ ਵਿਆਹੇ ਜਾਣ ਤੋਂ ਬਾਅਦ ਵੀ ਉਸ ਗਲੀਜ਼ ਅਹਿਸਾਸ ਤੋਂ ਮੁਕਤ ਨਹੀ ਹੋ ਪਾਉਂਦੀ।ਆਪਣੇ ਸ਼ੋਹਰ ਦੇ ਪਸ਼ੂਆਂ ਵਰਗੇ ਵਿਹਾਰ ਸਦਕਾ ਉਸ ਅੰਦਰ ਇਹ ਅਹਿਸਾਸ ਹੋਰ ਵੀ ਡੂੰਘਾ ਹੋ ਜਾਂਦਾ ਹੈ। ਇਸ ਲਈ ਇਹ ਸਭ ਉਸ ਨੂੰ ਕੰਜਰਖਾਨਾ ਜਾਪਦਾ ਹੈ,



*"ਮੈਨੂੰ ਤਾਂ ਉਝ ਹੀ... ਘਿੰਨ ਆਉਂਦੀ ਸੀ ਮੈਨੂੰ ਉਸ ਤੋਂ, ਨਫਰਤ ਹੋ ਗਈ ਸੀ ਸੈਕਸ ਤੋਂ।'(ਪੰਨਾ-5)*

ਪੁਲਿਸ ਵਿੱਚ ਕੰਮ ਕਰਦੀ ਚਾਂਦ ਨੂੰ ਇਸ ਸਭ ਦਾ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਉਸ ਨੂੰ ਇੱਕ ਖਤਰਨਾਕ ਅਪਰਾਧੀ ਨੂੰ ਫੜਨ ਲਈ ਇੱਕ ਮਿਸ਼ਨ ਤੇ ਭੇਜਿਆ ਜਾਂਦਾ ਹੈ। ਸ਼ਬੀਰ ਇੱਕ ਖਤਰਨਾਕ ਗੈਗਸਟਰ ਹੈ, ਜਿਸ ਨੂੰ ਚਾਂਦ ਨੇ ਆਪਣੀ ਕਾਮੁਕਤਾ ਨਾਲ ਰਿਝਾਉਣਾ ਅਤੇ ਫਸਾਉਣਾ ਹੁੰਦਾ ਹੈ ਅਤੇ ਪੁਲਿਸ ਹਵਾਲੇ ਕਰਨਾ ਹੁੰਦਾ ਹੈ ਇਸ ਸਭ ਦੌਰਾਨ ਸ਼ਬੀਰ ਦੀ ਛੋਹ ਉਸ ਅੰਦਰ ਦੱਬੀ ਪਈ ਦੇਹੀ ਸੁੱਖ ਦੀ ਇੱਛਾ ਫਿਰ ਤੋਂ ਜਾਗਰਤ ਕਰ ਦਿੰਦੀ ਹੈ। ਸ਼ਬੀਰ ਦੀ ਮਰਦਾਵੀ ਛੋਹ ਉਸ ਦੇ ਕਾਮੁਕ ਅਹਿਸਾਸਾਂ ਨੂੰ ਪੂਰਨਤਾ ਵੱਲ ਲੈ ਜਾਣ ਦੀ ਕੋਸ਼ਿਸ਼ ਜਾਪਦੀ ਹੈ ਜਿਸ ਤੋਂ ਉਹ ਹਮੇਸ਼ਾ ਹੀ ਭੱਜਦੀ ਰਹੀ ਹੈ,

*"ਤਨ ਅਤੇ ਮਨ ਦੀ ਧਰਾਤਲ ਤੇ ਹੋ ਰਹੇ ਦਵੰਦ ਨੂੰ ਮੈਂ ਅੱਖਾਂ ਮੀਟ ਕੇ ਲਾਂਭੇ ਕਰ ਦੇਣਾ ਚਾਹੁੰਦੀ ਸਾਂ। ਜ਼ਿੰਦਗੀ ਦੀ ਇਸ ਘੜੀ, ਇਸ ਪਲ, ਇਸ ਛਿਣ ਨੂੰ ਮਾਨਣ ਦੀ ਪ੍ਰਬਲ ਇੱਛਾ ਨੇ ਮੈਨੂੰ ਉਤੇਜਿਤ ਕਰ ਦਿੱਤਾ ਸੀ।'(ਪੰਨਾ 7)*

ਅਪਰਾਧੀ ਅਤੇ ਪੁਲਿਸ ਦੇ ਰਿਸ਼ਤੇ ਤੋਂ ਪਰੇ ਸਿਰਫ ਮਰਦ ਔਰਤ ਦੇ ਰਿਸ਼ਤੇ ਦੇ ਇਹਨਾਂ ਪਿਘਲੇ ਪਲਾਂ ਵਿੱਚ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਸ਼ਬੀਰ ਨਾਲ ਸ਼ਾਇਦ ਧੋਖਾ ਕਰ ਰਹੀ ਹੈ ਅਤੇ ਇਸ ਲਈ ਉਹ ਉਸਨੂੰ ਸਭ ਦੱਸ ਭੱਜ ਜਾਣ ਲਈ ਕਹਿੰਦੀ ਹੈ। ਸ਼ਬੀਰ ਉਸਨੂੰ ਫਿਰ ਮਿਲਣ ਦਾ ਵਾਅਦਾ ਕਰਕੇ ਚਲਾ ਜਾਂਦਾ ਹੈ ਪਰ ਇਕ ਵਾਰ ਫਿਰ ਪੁੱਠ ਕੰਡੇ ਦੀ ਤਰਾਂ ਉਸ ਦੀ ਛੋਹ ਉਸਦੇ ਤਨ- ਮਨ ਦੋਵਾਂ ਤੇ ਰਹਿ ਜਾਂਦੀ ਹੈ,

*"ਅੱਧ ਪਚੱਧ ਕੱਪੜਿਆਂ ਨਾਲ ਚਾਦਰ ਵਿੱਚ ਲਿਪਟੀ ਮੇਰੀ ਦੇਹ ਅਜੇ ਵੀ ਸ਼ਬੀਰ ਦੇ ਸਾਹਾਂ ਦੀ ਗਰਮਾਇਸ਼ ਨਾਲ ਮਘ ਰਹੀ ਸੀ।'(ਪੰਨਾ-8)*

ਕਹਾਣੀ ਔਰਤ ਅਚੇਤਨ ਨੂੰ ਪਰਤ ਦਰ ਪਰਤ ਫਰੋਲਦੀ ਹੈ। ਚਾਂਦ ਬਾਹਰੋਂ ਭਰੀ ਪੂਰੀ ਔਰਤ ਹੈ ਪਰ ਔਰਤ ਹੋਣ ਦੇ ਅਹਿਸਾਸ ਤੋਂ ਵਿਰਵੀ ਹੈ ਇਸ ਲਈ ਸ਼ਬੀਰ ਦੀ ਛੋਹ ਅਤੇ ਉਸਦੇ ਅਹਿਸਾਸ ਉਸਨੂੰ ਔਰਤ ਹੋਣ ਦੇ ਅਹਿਸਾਸ ਨਾਲ ਭਰਦੇ ਹਨ । ਭਾਂਵੇ ਕਿ ਇਸ ਕਹਾਣੀ ਦਾ ਵਿਸ਼ਾ ਵੈਬ ਸੀਰੀਜ ਸ਼ੀ ਨਾਲ ਕਾਫੀ ਮਿਲਦਾ ਹੈ ਪਰ ਕਹਾਣੀ ਦਾ ਅੰਤ ਉਸਦੇ ਬਿਲਕੁਲ ਉਲਟ ਹੈ।

**'ਮੱਸਿਆ ਦਾ ਚੰਨ'** ਮਾਨਸਿਕ ਦਵੰਦ ਦੀ ਕਹਾਣੀ ਹੈ ਜਿਸ ਵਿੱਚ ਇੱਕ ਪਾਸੇ ਪਰਿਵਾਰਕ ਕਦਰਾਂ ਕੀਮਤਾਂ ਹਨ ਅਤੇ ਦੂਸਰੇ ਪਾਸੇ ਮਾਨਸਿਕ ਉਤੇ ਸਰੀਰਕ ਤ੍ਰਿਪਤੀ ਦੇ ਅਹਿਸਾਸ। ਕਹਾਣੀ ਵਿੱਚ ਨੰਦਿਤਾ ਦਾ ਪਤੀ ਚੰਨ ਤਾਂ ਹੈ ਪਰ ਉਸਦੇ ਜੀਵਨ ਦਾ ਉਹ ਚਾਨਣ ਨਹੀ ਬਣ ਪਾਉਂਦਾ ਜਿਹੜਾ ਕਿ ਵਿਆਹੁਤਾ ਜੀਵਨ ਨੂੰ ਰੌਸ਼ਨੀ ਨਾਲ ਭਰਦਾ ਹੋਵੇ। ਕਹਾਣੀ ਵਿੱਚ ਸੱਪ ਦਾ ਚਿਹਨ ਉਸਦੀਆਂ ਉਹਨਾਂ ਅਤ੍ਰਿਪਤ ਖਾਹਿਸ਼ਾ ਦਾ ਪ੍ਰਗਟਾਵਾ ਹੈ ਜਿਹੜੀਆਂ ਕਿ ਉਸ ਦੇ ਪਤੀ ਦੀ ਕਮਜ਼ੋਰੀ ਕਾਰਨ ਪੂਰੀਆਂ ਨਹੀ ਹੁੰਦੀਆਂ ਅਤੇ ਉਸ ਦੀ ਤਰਬੀਅਤ ਅਜਿਹੀ ਹੈ ਕਿ ਉਹ ਉਹਨਾਂ ਨੂੰ ਕਿਸੇ ਵੀ ਨਜ਼ਾਇਜ਼ ਤਰੀਕੇ ਪੂਰਾ ਨਹੀ ਕਰਨਾ ਚਾਹੰਦੀ,

*"ਨੰਦਿਤਾ ਘੜੀ ਮੁੜੀ ਆਪਣੇ ਅੰਦਰਲੀ ਔਰਤ ਨੂੰ ਸਮਝਾਉਂਦੀ ਸਰੀਰਕ ਰਿਸ਼ਤੇ ਹੀ ਤਾਂ ਸਭ ਕੁਝ ਨਹੀ ਹੁੰਦੇ... ਰਿਸ਼ਤੇ ਤਾਂ ਮਨ ਦੀ ਧਰਾਤਲ ਤੇ ਵੀ ਉਗਮਦੇ, ਫਲਦੇ ਹਨ...।ਪਰ ਪਤਾ ਨਹੀ ਕਦੋਂ ਗਗਨ ਉਸ ਦੇ ਮਨ ਦੀਆਂ ਵਿਰਲਾ ਵਿੱਚ ਆ ਬਹਿੰਦਾ ਤੇ ਸੁਪਨੇ ਵਿਚਲਾ ਸੱਪ ਦੀ ਸੁਰਲ ਸੁਰਲ ਉਸ ਨੂੰ ਬੇਚੈਨ ਕਰ ਦਿੰਦੀ।(ਪੰਨਾ-19)*

ਗਗਨ ਉਸ ਦੀਆਂ ਖਾਹਿਸ਼ਾ,ਉਸ ਦੇ ਸੁਪਨਿਆ ਦਾ ਰੂਪ ਹੈ ਪਰ ਉਹ ਆਪਣੇ ਪਤੀ ਨਾਲ ਆਪਣੇ

ਜਿਸਮਾਨੀ ਰਿਸ਼ਤਿਆਂ ਦੀ ਅਸ਼ੰਤੁਸ਼ਟੀ ਨੂੰ ਸਮਾਜਿਕ ਰਿਸ਼ਤਿਆਂ ਦੀ ਪੂਰਤੀ ਨਾਲ ਪੂਰਾ ਕਰਨਾ ਲੋਚਦੀ ਹੈ ਪਰ ਉਸਦੀਆਂ ਅਤ੍ਰਿਪਤ ਖਾਹਿਸ਼ਾ ਦਾ ਸੱਪ ਉਸ ਦੀ ਬੈਚੇਨੀ ਦਾ ਕਾਰਨ ਬਣਦਾ ਹੈ।

ਕਈ ਵਾਰ ਸੋਚ ਅਤੇ ਨਜ਼ਰੀਆਂ ਇਸ ਕਦਰ ਭਟਕ ਜਾਂਦੇ ਹਨ ਕਿ ਕਈ ਖ਼ੂਬਸੂਰਤ ਰਿਸ਼ਤੇ ਇਸ ਦੀ ਭੇਟ ਚੜ ਜਾਂਦੇ ਹਨ। ਇਹ ਗੰਧਲਾਪਣ ਰਿਸ਼ਤਿਆ ਵਿੱਚ ਤਰੇੜ ਲੈ ਆਂਉਂਦਾ ਹੈ। ਕਹਾਣੀ **'ਤਿਤਲੀ'** ਦਾ ਵਿਸ਼ਾ ਵੀ ਕੁਝ ਅਜਿਹਾ ਹੀ ਹੈ ਜਿਸ ਵਿੱਚ ਨਜ਼ਰੀਆ ਇੱਕ ਖ਼ੂਬਸ਼ੂਰਤ ਰਿਸ਼ਤੇ ਨੂੰ ਬਦਲ ਕੇ ਰੱਖ ਦਿੰਦਾ ਹੈ ਜਿਸ ਕਰਕੇ ਇੱਕ ਵਿਦਿਆਰਥਣ ਆਪਣੇ ਪ੍ਰੋਫੈਸਰ ਤੋਂ ਉਸਦੇ ਨਜ਼ਰੀਏ ਦੀ ਵਜਾ ਸਦਕਾ ਦੂਰ ਹੋ ਜਾਂਦੀ ਹੈ।

**'ਇੰਟਰਵਲ ਤੋਂ ਬਾਅਦ'** ਇਸ ਸੰਗ੍ਰਹਿ ਦੀ ਸਭ ਤੋਂ ਖ਼ੂਬਸੂਰਤ ਕਹਾਣੀ ਕਹੀ ਜਾ ਸਕਦੀ ਹੈ ਜਿਸ ਦਾ ਪਾਸਾਰ ਬਹੁਤ ਵਿਸ਼ਾਲ ਹੈ। ਕਹਾਣੀ ਦਾ ਵਿਸ਼ਾ ਮੀ ਟੂ ਨਾਲ ਕਿਤੇ ਨਾ ਕਿਤੇ ਜੁੜਦਾ ਹੈ ਜਿੱਥੇ ਮੀਟੂ ਰਾਹੀ ਬਹੁਤ ਔਰਤਾਂ ਨੂੰ ਆਪਣੀ ਵੇਦਨਾ ਕਹਿਣ ਦਾ ਮੌਕਾ ਮਿਲਿਆ ਉਥੇ ਕਹਾਣੀ ਅਜਿਹੀਆਂ ਅਨੇਕਾਂ ਔਰਤਾਂ ਦੀ ਵੇਦਨਾ ਦੀ ਪੇਸ਼ਕਾਰੀ ਹੈ, ਜਿਹੜੀਆਂ ਕਿ ਆਪਣੀ ਪੀੜ ਨੂੰ ਅੰਦਰ ਹੀ ਜ਼ਜ਼ਬ ਕਰਦੀਆਂ ਹਨ ਅਤੇ ਜ਼ਿਉਂਦਿਆ ਵਿੱਚ ਹਨ। ਕਹਾਣੀ ਦੀ ਸ਼ੁਰੂਆਤ ਔਰਤਾਂ ਦੇ ਬੋਲਣ ਨਾਲ ਹੁੰਦੀ ਹੈ ਕਿਉਂਕਿ ਔਰਤ ਹੁਣ ਬੋਲਣਾ ਚਾਹੁੰਦੀ ਹੈ, ਆਪਣੀ ਪੀੜਾ ਨੂੰ ਕਹਿਣਾ ਚਾਹੁੰਦੀ ਹੈ, ਆਦਮ ਵੇਲੇ ਦੀਆਂ ਰਵਾਇਤਾਂ ਨੂੰ ਬਦਲਣਾ ਚਾਹੁੰਦੀ ਹੈ, ਆਪਣਿਆ ਹੱਥੋਂ ਹੋ ਰਹੀ ਦੁਰਗਤੀ ਖਿਲਾਫ਼ ਲੜਨਾ ਅੜਨਾ ਅਤੇ ਖੜਨਾ ਚਾਹੁੰਦੀ ਹੈ। ਔਰਤ ਦੇ ਮਾਨਸਿਕ ਅਤੇ ਸ਼ਰੀਰਕ ਸ਼ੋਸ਼ਣ ਨੂੰ ਹਰ ਪਲ, ਹਰ ਜਗ੍ਹ ਹਰ ਘਰ ਦੇਖਿਆ ਅਣਦੇਖਿਆਂ ਕਰਨਾ, ਉਸ ਨੂੰ ਸਿਰਫ ਦੇਹੀ ਸਮਝਣਾ, ਉਸ ਦੀ ਅਸਿਸਤਵੀ ਹੋਂਦ ਨੂੰ ਨਕਾਰਨਾ, ਉਸ ਨੂੰ ਪੈਰ ਪੈਰ ਤੇ ਦਰਪੇਸ਼ ਆਉਂਦੀਆਂ ਮੁਸ਼ਕਿਲਾਂ ਇਸ ਸਭ ਨੂੰ ਇਸ ਕਹਾਣੀ ਵਿੱਚ ਬੜੇ ਕਾਵਿਕ ਲਹਿਜ਼ੇ ਵਿੱਚ ਪੇਸ਼ ਕੀਤਾ ਗਿਆ ਹੈ। ਕਹਾਣੀ ਦੀ ਸੂਤਰਧਾਰ ਅਨੁਸਾਰ,

*"ਘਰ, ਬਾਹਰ, ਦਫਤਰਾਂ, ਸਕੂਲਾਂ, ਕਾਲਜਾਂ... ਕਿਤੇ ਨਾ ਕਿਤੇ , ਕਿਸੇ ਨਾ ਕਿਸੇ ਰੂਪ ਵਿੱਚ, ਹਰ ਪਲ, ਪਲ ਪਲ ਹਸਤੀ ਹੀ ਨਹੀ ਹੋਂਦ ਵੀ ਹਾਦਸਾਗ੍ਰਸਤ ਹੋ ਜਾਂਦੀ ਹੈ।" (ਪੰਨਾ 27)*

ਵੇਦਨਾ ਸੰਵੇਦਨਾ ਦੀਆਂ ਪੇਸ਼ਕਾਰੀਆਂ ਕਰਦੀ ਸੂਤਰਧਾਰ ਆਪਣੀ ਗੱਲ ਕਹਿੰਦੀ ਹੋਈ ਸਾਰੀ ਔਰਤ ਜਾਤੀ ਦੀ ਪ੍ਰਤੀਨਿਧਤਾ ਕਰਦੀ ਨਜ਼ਰ ਪੈਂਦੀ ਹੈ ਜਿਹੜੀ ਕਿ ਇਸ ਅਜ਼ਾਬ ਵਿੱਚੋਂ ਗੁਜ਼ਰਦੀ ਹੈ। ਇਹ ਸਿਲਸਿਲਾ ਕਦੋਂ ਤੱਕ ਜਾਰੀ ਰਹੇਗਾ ਇਸ ਦਾ ਕੋਈ ਪਤਾ ਨਹੀ ਇਸ ਲਈ ਸੂਤਰਧਾਰ ਇੰਟਰਵਲ ਤੋਂ ਬਾਅਦ ਫਿਰ ਮਿਲਣ ਦਾ ਵਾਅਦਾ ਕਰਦੀ ਹੈ,

*"ਇਹੀ ਦਾਸਤਾਂ ਸਰਬਕਾਲ ਦੇ ਸਮੇਂ ਤੇ ਕਾਲੇ ਧੱਬਿਆਂ ਜਿਹੀ ਨਜ਼ਰ ਆਉਂਦੀ ਹੈ ... ਤੁਸੀ ਖ਼ਾਮੋਸ਼ ਕਿਉ ਹੋ ਗਏ... ਅਜੇ ਤਾਂ ਮੇਰੀ ਗੱਲ ਨਹੀ ਮੁੱਕੀ... ਅਜੇ ਤਾਂ ਹੋਰ ਬੜਾ ਕੁਝ ਹੈ ਤਹਾਨੂੰ ਦੱਸਣ ਵਾਲਾ... ਜ਼ਿੰਦਗੀ ਦੇ ਰੰਗਮੰਚ ਤੇ ਨਾਟਕ ਅਜੇ ਜਾਰੀ ਹੈ... ਇੰਟਰਵਲ ਤੋਂ ਬਾਅਦ।" (ਪੰਨਾ-35)*

ਕਹਾਣੀ ਦਾ ਵਿਸ਼ਾ ਗੰਭੀਰ ਹੈ ਅਤੇ ਨਿਭਾਅ ਕਾਵਿਕ ਲਹਿਜ਼ੇ ਵਿੱਚ ਵਿਅੰਗ ਭਰਿਆ। ਇਸ ਨੂੰ ਸਭਿਅਕ ਸਮਾਜ ਉਪਰ ਇਕ ਤਿੱਖਾ ਵਿਅੰਗ ਕਿਹਾ ਜਾ ਸਕਦਾ ਹੈ ਜਿਸ ਨੂੰ ਅਕਸਰ ਮਿੱਟੀ ਪਾਉ ਕਹਿ ਕੇ ਦਬਾ ਦਿੱਤਾ ਜਾਂਦਾ ਹੈ।

**'ਹਾਸ਼ੀਏ ਤੇ ਸਿਲਵਟਾਂ'** ਰਿਸ਼ਤਿਆਂ ਵਿੱਚ ਆਏ ਸ਼ੱਕ ਅਤੇ ਤਰੇੜਾ ਦੀ ਕਹਾਣੀ ਹੈ ਉੱਥੇ ਹੀ ਕਮਾਲ ਕਹਾਣੀ ਵਿੱਚ ਆਪਣੇ ਔਰਤ ਹੋਣ ਦੇ ਅਹਿਸਾਸ ਨੂੰ ਕਲਾਤਮਕ ਢੰਗ ਨਾਲ ਵਰਤ ਆਪਣੇ ਕੰਮ ਕਰਵਾਉਣ ਦੀ ਜੁਗਤ ਦਾ ਪ੍ਰਗਟਾਵਾ ਹੈ। **'ਅੱਲਾ ਹੂ'** ਮੁਹੱਬਤੀ ਰੂਹਾਂ ਦੀ ਬਾਤ ਪਾਉਂਦੀ ਕਹਾਣੀ ਹੈ। ਜਿਸ ਵਿੱਚ ਜੋੜੀਆਂ ਜੱਗ ਥੋੜ੍ਹੀਆਂ ਦੀ ਕਹਾਵਤ ਸੱਚ ਹੋਈ ਨਜ਼ਰੀਂ ਪੈਂਦੀ ਹੈ। ਜ਼ਿੰਦਗੀ ਵਿੱਚ ਪਿਆਰ,



ਵਿਸ਼ਵਾਸ਼ ਅਤੇ ਸਹੀ ਸਾਥ ਦਾ ਰੰਗ **'ਸਤਰੰਗੀ ਪੀਂਘ'** ਵਰਗੇ ਹਨ ਜਿਹੜੇ ਕਿ ਇਸ ਨੂੰ ਹੋਰ ਖ਼ੂਬਸ਼ੂਰਤ ਬਣਾ ਦਿੰਦੇ ਹਨ ਪਰ ਇਹਨਾਂ ਦੀ ਕਮੀ ਜ਼ਿੰਦਗੀ ਵਿਚੋਂ ਜ਼ਿੰਦਗੀ ਨੂੰ ਖਤਮ ਕਰ ਦਿੰਦੀ ਹੈ **'ਸਤਰੰਗੀ ਪੀਂਘ'** ਕਹਾਣੀ ਦਾ ਭਾਵ ਕੁਝ ਅਜਿਹਾ ਹੀ ਹੈ। ਆਪਣੀ ਅਸਤਿਤਵੀ ਹੋਂਦ ਨਾਲ ਜ਼ਿੰਦਗੀ ਨੂੰ ਜੀਣ ਉਤੇ ਥੀਣ ਦੇ ਸੁਪਨਿਆਂ ਨਾਲ ਭਰੀ ਕਹਾਣੀ ਹੈ **'ਹਸਰਤ'**, ਜਿਸਦੀ ਨਾਇਕਾ ਆਖਰੀ ਉਮਰੇ ਆਪਣੀਆ ਹਸਰਤਾਂ ਨਾਲ ਆਪਣੀ ਜ਼ਿੰਦਗੀ ਨੂੰ ਜਿਊਣਾ ਚਾਹੁੰਦੀ ਹੈ। ਰਿਸ਼ਤਿਆ ਨੂੰ ਕਲੰਕਿਤ ਅਤੇ ਸ਼ਰਮਸ਼ਾਰ ਹੋਣ ਤੋਂ ਬਚਾਉਣ ਲਈ ਕੀਤਾ ਕੰਮ ਗਲਤ ਨਹੀ ਹੁੰਦਾ ਇਹ ਕਹਾਣੀ **'ਤਫ਼ਤੀਸ਼'** ਦਾ ਵਿਸ਼ਾ ਹੈ ਜਿਸ ਵਿੱਚ ਮਾਰੇ ਗਏ ਆਦਮੀ ਦੇ ਕਾਰੇ ਉਸ ਨੂੰ ਇਨਸਾਨ ਨਹੀ ਸ਼ੈਤਾਨ ਬਣਾਉਂਦੇ ਹਨ ਅਤੇ ਉਸ ਦਾ ਖਾਤਮਾ ਜ਼ਰੂਰੀ ਸੀ ਜਿਸ ਦੀ ਤਫ਼ਤੀਸ਼ ਕਰਦਿਆਂ ਇਨਸਾਫ ਕੀਤਾ ਗਿਆ।

**'ਜਾਨ ਦਾ ਖੌਅ'** ਕਹਾਣੀ ਆਪਣੇ ਆਪੇ ਨਾਲ ਜੀਣ ਦੇ ਯਤਨਾਂ ਵਿੱਚ ਮਸਰੂਫ ਕਮਲ ਦੀ ਕਹਾਣੀ ਹੈ ਜਿਸ ਦਾ ਪਤੀ, ਪਰਿਵਾਰ ਉਸ ਲਈ ਹੋ ਕੇ ਵੀ ਨਾ ਹੋਇਆ ਵਰਗਾ ਸੀ। ਆਪਣੀ ਸੱਸ ਉਤੇ ਪਤੀ ਦੇ ਵਿਹਾਰ ਤੋਂ ਬੇਲਾਗ ਕਮਲ ਨਾਬਰ ਹੋ ਕੇ ਵੀ ਨਾਬਰ ਨਹੀ ਹੈ। ਉਸ ਦੀ ਨਾਬਰੀ ਦਾ ਕਾਰਨ ਉਸ ਦੇ ਪਤੀ ਦਾ ਦੂਸਰਾ ਸੰਬੰਧ ਹੈ ਅਤੇ ਉਸ ਨੂੰ ਮਾਂ ਨਾ ਬਨਣ ਕਾਰਨ ਦੋਸ਼ੀ ਠਹਿਰਾਇਆ ਜਾਣਾ ਵੀ ਹੈ। ਇਸ ਸਭ ਤੋਂ ਆਵਾਜ਼ਾਰ ਉਹ ਆਪਣੇ ਜੀਣ ਦੇ ਢੰਗ ਬਦਲ ਲ਼ੈਂਦੀ ਹੈ ਅਤੇ ਆਪਣੇ ਸਿਰਜੇ ਸੰਸਾਰ ਵਿੱਚ ਹੀ ਸ਼ੰਤੁਸਟੀ ਦਾ ਅਹਿਸਾਸ ਭਾਲਦੀ ਹੈ,


*ਮੈਂ ਤਾਂ ਆਪਣਾ ਵੱਖਰਾ ਹੀ ਸੰਸਾਰ ਸਿਰਜ ਲਿਆ ਹੋਇਆ ਹੈ... । ਜਿਊਂਦੇ ਰਹਿਣ ਲਈ ਆਢਾ ਲਾਉਣ ਨਾਲੋਂ ਆਪਣੇ ਆਪ ਨੂੰ ਬਦਲ ਲੈਣਾ ਹੀ ਚੰਗਾ ਰੂਪ ਹੈ।... ਤੇ ਮੈ ਇੰਝ ਹੀ ਵਿਚਰਨਾ ਸਿੱਖ ਲਿਆ ਹੈ।(ਪੰਨਾ-92)*

ਆਪਣੀ ਬੀਮਾਰ ਸੱਸ ਦੀ ਸੇਵਾ ਕਰਦਿਆਂ, ਆਪਣੇ ਪਤੀ ਦੇ ਨਜ਼ਾਇਜ਼ ਰਿਸਤੇ ਨੂੰ ਜਾਣਦਿਆ ਵੀ ਕਮਲ ਆਪਣੇ ਸੰਸਾਰ ਵਿੱਚ ਖੁਸ਼ ਰਹਿਣ ਦੇ ਭਰਮ ਪਾਲਦੀ ਹੈ। ਅੰਦਰੋਂ ਸ਼ੋਰ ਨਾਲ ਭਰੀ ਉਹ ਬਾਹਰੋਂ ਸ਼ਾਂਤ ਨਜ਼ਰ ਆਉਂਦੀ ਹੈ ਪਰ ਉਸਦੇ ਅੰਦਰ ਕੁਤਰ ਕੁਤਰ ਹੈ ਜਿਹੜੀ ਕਿ ਉਸਦੇ ਅੰਦਰਲੇ ਵਿਰੋਧ ਦਾ ਪ੍ਰਤੀਕ ਹੈ ਜਿਸ ਨੂੰ ਉਹ ਪ੍ਰਗਟਾ ਨਹੀ ਪਾਉਂਦੀ। ਇਹ ਉਸਦੇ ਅੰਦਰਲਾ ਵਿਰੋਧ ਸਿਰਫ ਉਸ ਨੂੰ ਹੀ ਪਤਾ ਹੈ ਤੇ ਇਹ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਖਤਮ ਹੋ ਜਾਂਦਾ ਹੈ। ਕੁਤਰ-ਕੁਤਰ ਉਸਦੇ ਅੰਦਰਲੇ ਦਵੰਦ ਨੂੰ ਪੇਸ਼ ਕਰਦੀ ਹੈ। ਕਹਾਣੀ ਵਿੱਚ ਚੂਹਿਆਂ ਦਾ ਪ੍ਰਤੀਕ ਬੜੀ ਖ਼ੂਬਸੂਰਤੀ ਨਾਲ ਵਰਤਿਆ ਗਿਆ ਹੈ। ਬਾਹਰੋਂ ਸ਼ਾਂਤ ਦਿਸਦੀ ਕਮਲ ਅੰਦਰੋਂ ਹਰ ਘੜੀ ਉਬਲਦੀ ਰਹਿੰਦੀ ਹੈ ਜਿਸ ਕਾਰਨ ਚੂਹਿਆਂ ਦੀ ਕੁਤਰ-ਕੁਤਰ ਤੋਂ ਪਰੇਸ਼ਾਨ ਰਹਿੰਦੀ ਹੈ ਪਰ ਉਸ ਦੇ ਪਤੀ ਮੌਤ ਤੋਂ ਬਆਦ ਸਭ ਖਤਮ ਹੋ ਜਾਂਦਾ ਹੈ ।

ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਪੜ੍ਹਦਿਆਂ ਇਹ ਸ਼ਪੱਸਟ ਨਜ਼ਰ ਆਉਦਾ ਹੈ ਔਰਤ ਮਨ ਦੀ ਪੇਸ਼ਕਾਰੀ ਕਰਦੀਆਂ ਇਨਾਂ ਕਹਾਣੀਆਂ ਵਿੱਚ ਭਾਸ਼ਾਈ ਮੁਹਾਂਦਰੇ ਵਿੱਚ ਨਵੀਨਤਾ ਦੇ ਨਾਲ-ਨਾਲ ਕੁੱਝ ਸਵਾਲ ਵੀ ਹਨ ਜਿਹੜੇ ਕੇ ਪਿਤਰਕੀ ਸੱਤਾ ਅਤੇ ਦਮਨਕਾਰੀ ਨਿਜ਼ਾਮ ਨੂੰ ਵੰਗਾਰਦੇ ਹਨ। ਇਹ ਨਾਬਰੀ ਔਰਤ ਦੇ ਅਚੇਤਨ ਵਿੱਚ ਹੀ ਕਿਧਰੇ ਪਈ ਹੈ ਜਿਸ ਦੀਆਂ ਪਰਤਾਂ ਨੂੰ ਫਰੋਲਦੀਆਂ ਇਹ ਕਹਾਣੀਆਂ ਆਪਣੀਆਂ ਕਲਾਤਮਕ ਜੁਗਤਾਂ ਕਾਰਨ ਵੱਖਰਤਾ ਦਾ ਅਹਿਸਾਸ ਕਰਾਉਂਦੀਆਂ ਹਨ ਭਾਵੇ ਕਿ ਸਾਰੀਆਂ ਕਹਾਣੀਆਂ ਦੀ ਬਣਤਰ ਇੰਨੀ ਗੁੰਦਵੀ ਨਹੀ ਹੈ... ਕਿਤੇ ਕਿਤੇ ਇਹ ਖੁੱਲੀ ਕਵਿਤਾ ਵਰਗਾ ਅਹਿਸਾਸ ਵੀ ਕਰਾਉਂਦੀਆਂ ਹਨ ਪਰ ਫਿਰ ਵੀ ਇਹ ਆਪੇ ਦੇ ਪ੍ਰਗਟਾਵੇ ਦੀ ਖ਼ੂਬਸੂਰਤ ਪੇਸ਼ਕਾਰੀ ਹਨ।

(**ਸੰਪਰਕ** -83606-83823, 97797-18007)

## ‘ਮੁਕਦੀ ਗੱਲ ’ ਦੀ ਕਥਾ ਦਾ ਮਾਨਵਵਾਦ/- *ਡਾ. ਚਰਨਜੀਤ ਕੌਰ*




ਦਰਸ਼ਨ ਜੋਗਾ ਨੂੰ ਪੰਜਾਬੀ ਜਨਜੀਵਨ, ਸਮਾਜ ਤੇ ਸਭਿਆਚਾਰ ਦਾ ਬੜਾ ਡੂੰਘਾ ਗਿਆਨ ਹਾਸਲ ਹੈ। ਉਸ ਦੀਆਂ ਕਹਾਣੀਆਂ ਨੂੰ ਮਾਨਵੀਂ ਜੀਵਨ ਵਿਚ ਫ਼ੈਲੇ ਤਣਾਉ ਮਨੋਸਥਿਤੀਆਂ, ਗੁੰਝਲਾਂ, ਰੁੜ੍ਹੀਆਂ, ਔਰਤ-ਮਰਦ ਦੇ ਅਸਾਵੇਂ ਰਿਸ਼ਤਿਆਂ ਦੀਆਂ ਵਿਸੰਗਤੀਆਂ ਦੇ ਪਰਿਪੇਖ ਵਿਚ ਵਾਚਿਆ ਜਾ ਸਕਦਾ ਹੈ। ਬਿਰਤਾਂਤਕੀ ਵਰਤਾਰੇ ਵਿਚ ਆਰੰਭ ਤੋਂ ਲੈ ਕੇ ਅੰਤ ਤੱਕ ਤਣਾਉ ਦੀ ਸਥਿਤੀ ਫ਼ੈਲੀ ਮਿਲਦੀ ਹੈ। **‘ਮੁੱਕਦੀ ਗੱਲ’** (**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ:** 200, **ਪੰਨੇ** :110, **ਸਾਲ**: 2021) ਦਰਸ਼ਨ ਜੋਗਾ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਕਹਾਣੀ **‘ਕੈਰਮ ਬੋਰਡ’** ’ਚ ਇੱਕ ਬਾਪ ਦੁਆਰਾ ਦੂਜਾ ਵਿਆਹ ਕਰਵਾਉਣ ’ਤੇ ਉਸ ਦੀ ਨਵ ਵਿਆਹੀ ਪਤਨੀ ਵੱਲੋਂ ਪਹਿਲੇ ਵਿਆਹ ਤੋਂ ਪੈਦਾ ਹੋਏ ਬੱਚਿਆਂ ਨਾਲ ਕੀਤੇ ਜਾ ਰਹੇ ਭੈੜੇ ਵਤੀਰੇ ਕਾਰਨ ਮੁੰਡੇ ਆਸਵੰਤ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਇਸ ਵਰਤਾਰੇ ਤੋਂ ਉਸ ਦਾ ਦਾਦਾ ਵੀ ਦੁਖੀ ਹੈ ਪ੍ਰੰਤੂ ਉਹ ਬੇਵੱਸ ਹੈ। ਇਵੇਂ ਹੀ ਦੂਸਰੀ ਕਹਾਣੀ **‘ਉਤਲਾ ਪੱਟ’** ’ਚ ਦੁੱਖਾਂ ਤਕਲੀਫ਼ਾਂ ਭਰੇ ਜੀਵਨ ਨਾਲ ਜੂਝਦੀ ਹੋਈ, ਪੈਸੇ ਤੇ ਰੋਟੀ ਲਈ ਮੁਥਾਜ ਚਰਨੋ ਦੀ ਕਹਾਣੀ ਹੈ। ਉਸ ਦੀ ਤਰਸਯੋਗ ਹਾਲਤ ਦਿਲ ਨੂੰ ਵਲੂੰਧਰ ਸੁੱਟਦੀ ਹੈ। **‘ਸ਼ੁਕਰ ਹੈ’** ਕਹਾਣੀ ਵਿੱਚ ਦ੍ਰਿਸ਼ ਚਿੱਤਰਨ ਬਹੁਤ ਹੀ ਸੋਹਣਾ ਕੀਤਾ ਕੀਤਾ ਗਿਆ ਹੈ। ਕਹਾਣੀ ਪੜ੍ਹਦਿਆਂ ਆਨੰਦ ਹੀ ਆ ਜਾਂਦਾ ਹੈ। **‘ਕੀ ਅੰਤ ਹੈ’** ਕਹਾਣੀ ’ਚ ਮਰ ਚੁੱਕੀ ਪਤਨੀ ਦਾ ਹੇਰਵਾ ਹੈ। ਸੁਰਜੀਤ ਕੌਰ ਦੀਆਂ ਯਾਦਾਂ ਉਸ ਦੇ ਦਿਲੋ-ਦਿਮਾਗ਼ ’ਤੇ ਛਾਈਆਂ ਰਹਿੰਦੀਆਂ ਹਨ, ਜੋ ਉਸ ਨੂੰ ਉਦਾਸ ਕਰ ਦਿੰਦੀਆਂ। ਉਹ ਆਪਣੀ ਪਤਨੀ ਨਾਲ ਬਿਤਾਏ ਪਲ਼ਾਂ ਨੂੰ ਯਾਦ ਕਰ ਕਰ ਦਿਨ ਕੱਟ ਰਿਹੈ, ਪਰ ਉਹਦੇ ਦੋਸਤ ਮਿੱਤਰ ਮਖ਼ੌਲ ਕਰਦੇ ਤੇ ਝੇਡਾਂ ਕਰਦੇ ਹਨ। “ਉਏ ਜੇ ਗੱਡੀ ਦਾ ਇੱਕ ਟਾਇਰ ਫਟ ਜਾਵੇ ਤਾਂ ਸਟਿੱਪਣੀ ਨਾਲ ਵੀ ਕੰਮ ਚਲਾਉਣਾ ਪੈਂਦਾ ਹੈ।”

ਦਰਸ਼ਨ ਜੋਗਾ ਦਾ ਇਹ ਕਹਾਣੀ ਸੰਗ੍ਰਹਿ ਮਾਲਵਾ ਖਿੱਤੇ ਦੇ ਸਮਾਜ ਸਭਿਆਚਾਰ ਨਾਲ ਸੰਬੰਧਿਤ ਹੈ। ਉਹ ਆਪਣੀਆਂ ਕਹਾਣੀਆਂ ਰਾਹੀਂ ਜੋ ਵੀ ਕਹਿ ਰਿਹਾ ਹੈ, ਉਹ ਉਸ ਦੇ ਆਲੇ-ਦੁਆਲੇ ਦੇ ਸਮਾਜ-ਸਭਿਆਚਾਰ ਦੀ ਗਾਥਾ ਹੀ ਨਹੀਂ ਹੈ ਸਗੋਂ ਸਮਕਾਲੀ ਪੰਜਾਬ ਦੀ ਪੇਂਡੂ ਲੋਕਾਈ ਅੰਦਰ ਜੋ ਕੁਝ ਵੀ ਉੱਸਲ ਵੱਟੇ ਲੈ ਰਿਹਾ ਹੈ, ਉਸ ਦੀ ਪੇਸ਼ਕਾਰੀ ਵੀ ਹੈ। ਇਹ ਕਹਾਣੀਆਂ ਭਾਵੁਕ, ਦੁਵਿਧਾਗ੍ਰਸਤ, ਖਾਹਿਸ਼ਾਂ ਦੀ ਵਿੰਗ-ਤੜਿੰਗੀ ਬੁਣਤੀ ਬੁਣਦੇ ਅੰਦਰੇ-ਅੰਦਰ ਘੁਲ ਰਹੇ ਮਰਦਾਂ-ਔਰਤਾਂ ਦੀਆਂ ਕਹਾਣੀਆਂ ਹਨ, ਜਿਨ੍ਹਾਂ ਦੇ ਜ਼ਿੰਦਗੀ ਦਾ ਤਾਣਾ-ਪੇਚਾ ਉਲਝਿਆ ਹੋਇਆ ਹੈ।



ਦਰਸ਼ਨ ਜੋਗਾ ਦੀਆਂ ਕਹਾਣੀਆਂ ਪੜ੍ਹ ਕੇ ਅਸੀਂ ਆਪਣੇ-ਆਪ ਨੂੰ ਕਹਾਣੀ ਵਿਚ ਸ਼ਾਮਿਲ ਮਹਿਸੂਸ ਕਰਦੇ ਹਾਂ ਕਿਉਂਕਿ ਉਸ ਦੀਆਂ ਕਹਾਣੀਆਂ ਸਾਡੇ ਸਮਾਜਕ ਚੌਗਿਰਦੇ ਨਾਲ ਜੁੜੀਆਂ ਹੋਈਆਂ ਹਨ। **‘ਚਰਪਰੀ’** ਕਹਾਣੀ ਵਿਚ ਉਹ ਇਕ ਸੰਗਾਊ ਜਿਹੇ ਪਾਤਰ ਡਾ. ਬਾਝ ਦੀ ਕਹਾਣੀ ਰਾਹੀਂ ਸਾਡੇ ਸਮਾਜ ਵਿਚ ਵਿਚਰ ਰਹੇ ਅਜਿਹੇ ਲੋਕਾਂ ਦੀ ਕਹਾਣੀ ਪੇਸ਼ ਕਰਦੇ ਹਨ ਜੋ ਸਾਰੀ ਜ਼ਿੰਦਗੀ ਖੁੱਲ੍ਹ ਕੇ ਜਿਉਣ ਦੀ ਬਜਾਇ ਸੰਗ-ਸੰਗ ਵਿਚ ਹੀ ਖ਼ੁਸ਼ੀਆਂ ਤੋਂ ਬਾਂਝੇ ਰਹਿ ਜਾਂਦੇ ਹਨ। ਅਜਿਹੇ ਪਾਤਰ ਜੋ ਮਨ ਦੀਆਂ ਸੋਚਾਂ ਮਨ ਵਿਚ ਹੀ ਰੱਖ ਲੈਂਦੇ ਹਨ ਅਤੇ ਕਦੇ ਵੀ ਆਪਣੀ ਪੂਰੀ ਗੱਲ ਖੁੱਲ੍ਹ ਕੇ ਨਹੀਂ ਕਹਿ ਸਕਦੇ। ਅਜਿਹੇ ਪਾਤਰ ਹਨ ਕੰਮ ਕਰਨ ਤੋਂ ਬਾਅਦ ਪਛਤਾਉਂਦੇ ਰਹਿੰਦੇ ਹਨ ਅਤੇ ਪਿੱਛੋਂ ਸੋਚਦੇ ਹਨ ਕਿ ਮੈਂ ਇਹ ਕਰਨਾ ਸੀ, ਮੈਂ ਉਹ ਕਰਨਾ ਸੀ, ਸਾਡੇ ਸਮਾਜ ਵਿਚ ਹਜ਼ਾਰਾਂ ਬਾਠ ਸਾਹਿਬ ਹਨ ਜੋ ਜ਼ਿੰਦਗੀ ਵਿਚ ਸਹੀ ਮੌਕੇ ਸਹੀ ਫ਼ੈਸਲਾ ਨਹੀਂ ਲੈ ਸਕਦੇ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਤੋਂ ਕਦੇ ਤਸੱਲੀ ਨਹੀਂ ਹੁੰਦੀ। ਇਸ ਤਰ੍ਹਾਂ **‘ਚਰਪਰੀ’** ਕਹਾਣੀ ਸਾਨੂੰ ਇਹ ਦੱਸਦੀ ਹੈ ਕਿ ਸਾਨੂੰ ਜ਼ਿੰਦਗੀ ਖੁੱਲ੍ਹ ਕੇ ਜਿਊਣੀ ਚਾਹੀਦੀ ਹੈ ਅਤੇ ਜ਼ਿੰਦਗੀ ਵਿਚ ਕਦੇ ਵੀ ਸ਼ਰਮਾਉਣਾ ਨਹੀਂ ਚਾਹੀਦਾ।


ਇਕ ਹੋਰ ਕਹਾਣੀ **‘ਤਪੀ ਮਿੱਟੀ’** ਵਿਚ ਉਸ ਨੇ ਸਮਾਜ ਵਿਚ ਔਰਤ ਨਾਲ ਹੁੰਦੇ ਗ਼ਲਤ ਵਤੀਰੇ ਅਤੇ ਮਨੁੱਖ ਦੇ ਦੰਭੀ ਚਰਿੱਤਰ ਨੂੰ ਉਜਾਗਰ ਕੀਤਾ ਹੈ। ਇਸ ਕਹਾਣੀ ਰਾਹੀਂ ਦਰਸਸ਼ਨ ਜੋਗਾ ਨੇ ਦੱਸਿਆ ਹੈ ਕਿ ਸਾਡੇ ਸਮਾਜ ਵਿਚ ਹਰ ਥਾਂ ਔਰਤ ਨੂੰ ਲਤਾੜਿਆ ਜਾਂਦਾ ਹੈ ਅਤੇ ਔਰਤ ਤਪੀ ਮਿੱਟੀ ਵਾਂਗ ਸਾਰੀ ਜ਼ਿੰਦਗੀ ਮੁਸ਼ਕਿਲਾਂ ਅਤੇ ਬੰਦੇ ਦੁਆਰਾ ਦਿੱਤੇ ਗਏ ਦੁੱਖਾਂ ਦੀ ਅੱਗ ਵਿਚ ਸੜਦੀ ਰਹਿੰਦੀ ਹੈ। ਸਾਡੇ ਸਮਾਜ ਵਿਚ ਮਨੁੱਖ ਦਾ ਹੀ ਦਬਦਬਾ ਰਹਿੰਦਾ ਹੈ। ਉਹ ਲੋਕਾਂ ਅਤੇ ਦੁਨੀਆਂ ਦੀ ਨਜ਼ਰ ਵਿਚ ਆਪਣੇ-ਆਪ ਨੂੰ ਉੱਚਾ-ਸੁੱਚਾ, ਸੁਘੜ-ਸਿਆਣਾ, ਭਲਾਮਾਣਸ ਅਤੇ ਵਿਦਵਾਨ ਹੋਣ ਦਾ ਵਿਖਾਵਾ ਕਰਦਾ ਹੈ, ਪਰੰਤੂ ਉਸ ਦਾ ਅਸਲੀ ਚਿਹਰਾ ਹੋਰ ਹੀ ਹੁੰਦਾ ਹੈ। ਘਰ ਵਿਚ ਉਹ ਔਰਤ ਦੀ ਬੇਪੱਤੀ ਕਰਦਾ ਹੈ, ਉਸ ਨੂੰ ਆਪਣੇ ਪੈਰਾਂ ਦੀ ਜੁੱਤੀ ਅਤੇ ਸਿਰਫ਼ ਵਰਤਣ ਅਤੇ ਹੰਢਾਉਣ ਦੀ ਸ਼ੈਅ ਹੀ ਸਮਝਦਾ ਹੈ। ਇਸ ਕਹਾਣੀ ਵਿਚ ਜੋਰਾਵਰ ਅਤੇ ਹੈਪੀ ਦੇ ਚਰਿੱਤਰ ਰਾਹੀਂ ਕਹਾਣੀਕਾਰ ਸਾਡੇ ਸਮਾਜ ਵਿਚ ਔਰਤ ਉੱਪਰ ਮਰਦ ਦੁਆਰਾ ਕੀਤੀਆਂ ਜਾ ਰਹੀਆਂ ਵਧੀਕੀਆਂ ਨੂੰ ਨੰਗਿਆਂ ਕਰਦਾ ਹੈ। ਮੰਮੀ ਅਤੇ ਉਸ ਦੀ ਧੀ ਰਣਜੋਧ ਰਾਹੀਂ ਕਹਾਣੀਕਾਰ ਔਰਤ ਦੀਆਂ ਸਮੱਸਿਆਵਾਂ ਅਤੇ ਸਮਾਜਕ ਤਾਣੇ-ਬਾਣੇ ਵਿਚ ਪਿਸ ਰਹੀ ਔਰਤ ਦੀ ਹਾਲਤ ਨੂੰ ਬਿਆਨ ਕਰਦਾ ਹੈ। **‘ਤਪੀ ਮਿੱਟੀ’** ਕਹਾਣੀ ਸਾਡੇ ਸਮਾਜ ਅਤੇ ਪਰਿਵਾਰ ਦੀਆਂ ਉਲਝਣਾਂ ਅਤੇ ਔਰਤਾਂ ਦੇ ਦੁੱਖਾਂ ਅਤੇ ਸੰਘਰਸ਼ ਨੂੰ ਬਿਆਨ ਕਰਦੀ ਹੈ ਅਤੇ ਸਾਡੇ ਸਮਾਜ ਦੀ ਸੱਚੀ ਅਤੇ ਵੇਦਨਾ ਭਰਪੂਰ ਤਸਵੀਰ ਪੇਸ਼ ਕਰਦੀ ਹੈ।

ਦਰਸ਼ਨ ਜੋਗਾ ਦੀਆਂ ਕਹਾਣੀਆਂ ਸਮਕਾਲੀ ਜੀਵਨ ਦੇ ਬੇਤਰਤੀਬੇ ਅਸਾਵੇਂ ਤੇ ਅਸਹਿਜ ਚਰਿੱਤਰ ਨੂੰ ਪਰਿਵਾਰਕ ਰਿਸ਼ਤਿਆਂ ਦੀ ਟੁੱਟ-ਭੱਜ ਪੀੜ੍ਹੀ-ਪਾੜੇ, ਬਦਲਦੇ ਸਮਾਜਕ ਪ੍ਰਤਿਮਾਨਾਂ, ਆਦਰਸ਼ ਤੇ ਹਕੀਕਤ ਦੇ ਖੱਪਿਆਂ ਦੇ ਪ੍ਰਸੰਗ ਵਿਚ ਪੇਸ਼ ਕਰਨ ਦੇ ਨਾਲ-ਨਾਲ ਜਾਤੀ/ਜਮਾਤੀ ਹੀਣ ਬੋਧ, ਕਿਸਾਨੀ ਸੰਕਟਾਂ ਤੇ ਮੱਧਵਰਗੀ ਮਨੁੱਖ ਦੀ ਦੰਭੀ ਜੀਵਨ ਸ਼ੈਲੀ ਦੇ ਸੰਦਰਭ ਵਿਚ ਵੀ ਉਭਾਰਦੇ ਹਨ। ਨਿੱਕੇ-ਨਿੱਕੇ ਪ੍ਰਭਾਵਾਂ ਰਾਹੀਂ ਯਥਾਰਥਵਾਦੀ ਸ਼ੈਲੀ ਦੀਆਂ ਕਹਾਣੀਆਂ ਸਿਰਜਦਿਆਂ ਦਰਸ਼ਨ ਜੋਗਾ ਆਪਣੇ ਸਮਕਾਲੀ ਰਾਜਨੀਤਕ, ਸਮਾਜਕ ਅਤੇ ਆਰਥਿਕ ਸੋਚ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ।

ਦਰਸ਼ਨ ਜੋਗਾ ਦੀਆਂ ਕਹਾਣੀਆਂ ਮਨੋਲਾਗ ਵਿਧੀ ਵਿਚ ਲਿਖੀਆਂ ਗਈਆਂ ਹਨ। ਇਹ ਪਰਿਵਾਰਕ ਸਮੱਸਿਆਵਾਂ ਅਤੇ ਪੀੜ੍ਹੀਆਂ ਦੀ ਸੋਚ ਅੰਤਰ ਨੂੰ ਦਰਸਾਉਂਦੀਆਂ ਨੌਜਵਾਨ ਪੀੜ੍ਹੀ ਵਾਸਤੇ ਨਵੀਆਂ ਲੀਹਾਂ ਪਾਉਂਦੀਆਂ ਹਨ। ਇਹੋ ਹੀ ਕਹਾਣੀਕਾਰ ਦੀ ਪ੍ਰਾਪਤੀ ਹੈ।(**ਸੰਪ. 98784-47758**)

# ਖੁਰ ਰਹੇ ਰਿਸ਼ਤਿਆਂ ਦੀ ਦਾਸਤਾਨ : ਬੰਦਾ ਸਮੁੰਦਰ ਨਹੀਂ ਹੁੰਦਾ

**ਡਾ. ਪਰਗਟ ਸਿੰਘ ਟਿਵਾਣਾ**




ਪੰਜਾਬੀ ਕਹਾਣੀ ਹਮੇਸ਼ਾਂ ਹੀ ਸਮੇਂ ਦੇ ਸਮਵਿੱਥ ਚਲਦੀ ਰਹੀ ਹੈ। ਜਿਵੇਂ-ਜਿਵੇਂ ਸਮਾਜ ਬਦਲਦਾ ਗਿਆ, ਸਮੱਸਿਆਵਾਂ ਜਟਿਲ ਹੁੰਦੀਆਂ ਗਈਆਂ। ਤਿਵੇਂ-ਤਿਵੇਂ ਕਹਾਣੀ ਵੀ ਜਟਿਲ ਤੇ ਗੁੰਝਲਦਾਰ ਹੁੰਦੀ ਗਈ, ਬਿਰਤਾਂਤਕ ਪਹਿਲੂ ਵੀ ਗੁੰਝਲਦਾਰ ਹੁੰਦਾ ਗਿਆ। ਵਿਰਕ ਦੀ ਸਧਾਰਨ ਮਨੁੱਖ ਦੀ ਸਧਾਰਨਤਾ ਵਾਲੀ ਕਹਾਣੀ ਦਾ ਦੌਰ ਖਤਮ ਜਿਹਾ ਹੋ ਗਿਆ। ਪਿਛਲੇ ਦੋ ਤਿੰਨ ਦਹਾਕਿਆਂ ਤੋਂ ਲੰਮੀ ਕਹਾਣੀ ਤੇ ਬਿਰਤਾਂਤਕ ਨਜ਼ਰੀਏ ਤੋਂ ਜਟਿਲ ਕਹਾਣੀ ਦਾ ਇੱਕ ਟਰੈਂਡ ਜਿਹਾ ਹੀ ਚੱਲ ਪਿਆ। ਉਪਰੋਕਤ ਕਥਨ ਦਾ ਮਤਲਬ ਇਹ ਨਹੀਂ ਕਿ ਸਾਰੀ ਕਹਾਣੀ ਕਿਸ ਤਰ੍ਹਾਂ ਦੀ ਹੀ ਰਚੀ ਗਈ। ਇਹਨਾਂ ਦੌਰਾਂ ਚ ਖੋਜ ਤੇ ਤੱਥ ਅਧਾਰਿਤ ਨਵੇਂ ਵਿਸ਼ਿਆਂ ਨੂੰ ਛੂੰਹਦੀਆਂ ਬਾਕਮਾਲ ਕਹਾਣੀਆਂ ਵੀ ਲਿਖੀਆਂ ਗਈਆਂ, ਜੋ ਕਥਾ ਸਹਿਤ 'ਚ ਮੀਲ ਪੱਥਰ ਸਾਬਿਤ ਹੋਈਆਂ। ਇਸ ਸਮੇਂ 'ਚ 'ਜੋਗੇ ਭੰਗਲ' ਨਾਮ ਦਾ ਕਹਾਣੀਕਾਰ ਸਾਹਮਣੇ ਆਉਂਦਾ ਹੈ ਜੋ ਛੋਟੇ ਅਕਾਰ ਦੀਆਂ ਵੱਡੇ ਅਰਥਾਂ ਵਾਲੀਆਂ ਕਹਾਣੀਆਂ ਦੀ ਸਿਰਜਣਾ ਕਰਦਾ ਹੈ। ਜੋਗੇ ਭੰਗਲ ਦਾ ਕਹਾਣੀ ਸੰਗ੍ਰਹਿ **'ਬੰਦਾ ਸਮੁੰਦਰ ਨਹੀਂ ਹੁੰਦਾ' ਪ੍ਰਕਾਸ਼ਕ: ਅਜ਼ੀਜ਼ ਬੁੱਕ ਹਾਊਸ, ਬਠਿੰਡਾ, ਮੁੱਲ:** 175, **ਪੰਨੇ:** 128, **ਸਾਲ:** 2021)

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ **'ਰੇਲ'** ਅਖੌਤੀ ਆਧੁਨਿਕ ਸਮਾਜਕ ਵਿਕਾਸ 'ਚ ਰਿਸ਼ਤਿਆਂ ਵਿਚਲੀ ਸਾਂਝ, ਪਵਿੱਤਰਤਾ, ਪਿਆਰ, ਮਹੁੱਬਤ ਆਦਿ ਦੇ ਖਾਤਮੇ ਨੂੰ ਤਸਦੀਕ ਕਰਦੀ ਕਹਾਣੀ ਹੈ। ਰੇਲ ਵਿਚਲੇ ਸਫ਼ਰ ਦੌਰਾਨ ਇੱਕ ਵੱਡੀ ਉਮਰ/ਸਿਆਣੇ ਵਿਅਕਤੀ ਦੀ ਇੱਕ ਮੁਟਿਆਰ ਕੁੜੀ ਨਾਲ ਸਾਂਝ ਪੈ ਜਾਂਦੀ ਹੈ ਜੋ ਪਿਉ ਧੀ ਦੇ ਰਿਸ਼ਤੇ ਉਪਰ ਉਸਰਦੀ ਹੈ ਪਰ ਉਸ ਕੁੜੀ ਨਾਲ ਉਸ ਦੇ ਸਕੇ ਮਾਸੜ ਦੁਆਰਾ ਗਲ਼ਤ ਹਰਕਤ ਕੀਤੀ ਜਾਂਦੀ ਹੈ। ਇਸ ਤੇ ਉਹ ਕੁੜੀ ਪਿਉ ਸਮਾਨ ਬਜ਼ੁਰਗ ਨਾਲ ਵੀ ਗੱਲਬਾਤ ਕਰਨੋਂ ਹਟ ਜਾਂਦੀ ਹੈ। ਅਸਲ ਵਿੱਚ ਅਜਿਹੇ ਸਮੇਂ 'ਚ ਕੁੜੀ ਦਾ ਸਮਾਜਿਕ ਰਿਸ਼ਤਿਆਂ ਤੋਂ ਯਕੀਨ ਉੱਠ ਜਾਂਦਾ ਹੈ ਜੋ ਸਾਡੇ ਸਮਾਜ ਲਈ ਬਹੁਤ ਖ਼ਤਰਨਾਕ ਹੈ। ਸ਼ਿਵ ਜੀ ਡੋਲ ਗਏ ਕਹਾਣੀ ਰਿਸ਼ਤਾ-ਨਾਤਾ ਪ੍ਰਬੰਧ ਦੀਆਂ ਪ੍ਰੰਪਰਾਗਤ ਲੀਹਾਂ ਤੇ ਕਾਟਾ ਮਾਰਦੀ ਹੈ ਤੇ ਸਾਡੀ ਸਮਾਜਿਕ ਸਰੰਚਨਾ ਦੀ ਪੀੜ੍ਹੀ ਦਰ ਪੀੜ੍ਹੀ ਪੀਡੀ ਸੋਚ ਦੀ ਇੱਕ ਵਿਲੱਖਣ ਕਹਾਣੀ ਹੈ। ਫੌਜੀ ਗੱਜਣ ਸਿੰਘ ਦੁਆਰਾ ਘਰ ਰੱਖਿਆ ਭਈਆ ਛੋਟੂ ਲਾਡਾ ਨਾਲ ਪਾਲ ਕੇ ਸ਼ਿਵ ਤੇ ਫੇਰ ਸ਼ਿਵਜੀ ਪਹਿਲਵਾਨ ਤੇ ਆਪਣੀ ਧੀ ਬਿੱਲੋ ਦਾ ਭਰਾ ਬਣਾਇਆ। ਬਿੱਲੋ ਦੇ ਰਿਸ਼ਤੇ ਦੀ ਉਲਝੀ ਤੰਦ ਤੇ ਸ਼ਿਵਜੀ ਨਾਲ ਉਸ ਦਾ ਪਿਆਰ,ਫੌਜੀ ਨੂੰ ਬਿੱਲੋ ਤੇ ਸ਼ਿਵਜੀ ਦਾ ਵਿਆਹ ਕਰਨ ਲਈ ਮਜਬੂਰ ਕਰ ਦਿੰਦਾ ਹੈ। ਕਹਾਣੀਕਾਰ ਕਹਾਣੀ ਦੇ ਅੰਤ ਉਪਰ ਫੌਜੀ ਦਾ ਵਿਵਹਾਰ,



ਮਨੁੱਖੀ ਈਗੋ / ਹੈਂਕੜ ਦੇ ਇੱਕ ਪਾਸਾਰ ਨੂੰ ਉਭਾਰਦਾ ਹੈ। ਅੱਖ 'ਚ ਡਿੱਗਦਾ ਹੰਝੂ ਕਹਾਣੀ 'ਚ ਨਿਮਨ ਮੱਧ ਵਰਗੀ ਦਲਬੀਰ ਆਰਥਿਕ ਤੌਰ ਤੇ ਸੰਪੰਨ ਮਾਮੇ ਦੇ ਰਹਿਮੋ ਕਰਮ ਤੇ ਚੰਗੀ ਜ਼ਿੰਦਗੀ ਕੱਟਣੀ ਸ਼ੁਰੂ ਕਰ ਦਿੰਦਾ ਹੈ। ਮਾਮੇ ਦੇ ਘਰ ਰੱਖੀ ਯੂ.ਪੀ. ਦੀ ਰਹਿਣ ਵਾਲੀ ਗੁਲਾਬੋਂ ਪ੍ਰਤੀ ਮਾਮੇ ਦੀ ਮਾੜੀ ਨਜ਼ਰ ਤੇ ਨਿਰਦਈ ਵਤੀਰਾ ਉਸ ਨੂੰ ਪ੍ਰੇਸ਼ਾਨ ਕਰਦਾ ਹੈ। ਮੈਂ ਪਾਤਰ ਗੁਲਾਬੋਂ ਨਾਲ ਵਿਆਹ ਕਰਵਾ ਕੇ ਖ਼ੁਸ਼ੀ ਖ਼ੁਸ਼ੀ ਜ਼ਿੰਦਗੀ ਬਤੀਤ ਕਰਨੀ ਸ਼ੁਰੂ ਕਰ ਦਿੰਦਾ ਹੈ। ਕਹਾਣੀ ਦੇ ਅੰਤ ਉਪਰ ਗੁਲਾਬੋਂ ਦਾ ਦਲਬੀਰ ਨੂੰ ਮੁਸਲਮਾਨ ਬਣਨ ਨੂੰ ਕਹਿਣਾ ਤਾਂ ਜੋ ਉਹ ਆਪਣੀਆਂ ਭੈਣਾਂ ਦਾ ਰਿਸ਼ਤਾ ਉਸ ਨਾਲ ਕਰ ਆਪਣੀਆਂ ਭੈਣਾਂ ਨੂੰ ਵੀ ਸੁੱਖ ਆਰਾਮ ਦੀ ਜ਼ਿੰਦਗੀ ਦੇ ਸਕੇ, ਬੜੇ ਸਵਾਲੀਆਂ ਨਿਸ਼ਾਨ ਲਗਵਾਉਂਦਾ ਹੈ ਕਿ ਕਿਸ ਤਰ੍ਹਾਂ ਆਰਥਿਕ ਅਸਾਵਾਂਪਣ ਰਿਸ਼ਤਿਆਂ ਦੀ ਇੱਕ ਨਵੀਂ ਪਰਿਭਾਸ਼ਾ ਸਿਰਜਦਾ ਹੈ।

**'ਖੁਦ ਨੂੰ ਸਮਝੇ ਸਾਨ੍ਹ'** ਕਹਾਣੀ ਮਨੁੱਖੀ ਹਾਉਮੈ ਤੇ ਆਪਣੇ ਸਰੀਰ ਕੱਦ-ਕਾਠ ਤੇ ਬਲ ਉੱਪਰ ਹੰਕਾਰ ਨੂੰ ਤੋੜਦੀ ਬਰੀਕ ਅਹਿਸਾਸ ਦੀ ਕਹਾਣੀ ਹੈ। ਇੱਕ ਦਿਨ ਡਾਕਟਰ ਕੋਲ ਬੇ-ਔਲਾਦ ਇਸਤਰੀ ਆਉਂਦੀ ਹੈ। ਉਸ ਸਮੇਂ ਉੱਥੇ ਬੈਠਿਆਂ ਇੱਕ ਉੱਚਾ ਲੰਮਾ ਰੋਹਬਦਾਰ ਪੁਲਸੀਆਂ ਉਸ ਔਰਤ ਪ੍ਰਤੀ ਇਹ ਨਜ਼ਰੀਆ ਰੱਖਦਾ ਹੈ ਕਿ ਇਸ ਦੇ ਪਤੀ 'ਚ ਦਮ ਨਹੀਂ ਤਾਂ ਕਰਕੇ ਇਸ ਦੇ ਔਲਾਦ ਨਹੀਂ ਹੋ ਰਹੀ। ਕਹਾਣੀ ਦੇ ਅੰਤ ਉੱਪਰ ਪਤਾ ਲਗਦਾ ਹੈ ਕਿ ਪੁਲਿਸ ਵਾਲੇ ਦੀ ਪਤਨੀ ਨੇ ਖੁਦ ਬੇ-ਔਲਾਦ ਹੋਣ ਕਰਕੇ ਬੱਚਾ ਗੋਦ ਲਿਆ ਹੈ। ਕਹਾਣੀਕਾਰ ਪਿਛਾਂਹ-ਖਿੱਚੂ ਜਗੀਰੂ ਰੂੜੀਵਾਦੀ ਸੋਚ ਦੇ ਦਰਸ਼ਨ ਕਰਵਾਉਂਦਾ ਹੈ। ਅਸਲ ਵਿੱਚ ਬਾਂਝਪਣ ਲਈ ਕਿਸੇ ਧਿਰ ਦਾ ਵੀ ਕਸੂਰ ਹੋ ਸਕਦਾ ਹੈ ਪਰ ਅਕਸਰ ਇਸ ਦਾ ਸਾਰਾ ਦੋਸ਼ ਔਰਤ ਜਾਂ ਕਮਜ਼ੋਰ ਮਰਦ ਦੇ ਮੱਥੇ ਮੜ੍ਹ ਦੇਣ ਦੀ ਰੂੜੀਵਾਦੀ ਸੋਚ ਨੂੰ ਪ੍ਰਗਟ ਕਰਦਾ ਹੈ। ਪੰਜਾਬ ਤੋਂ ਪਰਵਾਸ ਕਰ ਗਏ ਵਿਅਕਤੀਆਂ ਦੀ ਪਿਛਾਂਹ ਰਹਿ ਗਈ ਜ਼ਮੀਨ ਜਾਇਦਾਦ ਉੱਪਰ ਕਾਬਜ਼ ਧਿਰਾਂ ਦੀਆਂ ਘਿਨੌਣੀਆਂ ਚਾਲਾਂ, ਪੁਲਿਸ, ਸੱਤਾ, ਸਿਆਸਤ ਨਾਲ ਉਹਨਾਂ ਦਾ ਗੱਠਜੋੜ ਦਾ ਪ੍ਰਵਚਨ ਉਸਾਰਦੀ ਕਹਾਣੀ **'ਸੰਮਾਂ ਵਾਲੀ ਡਾਂਗ'** ਹੈ। ਸਾਡਾ ਸਿਸਟਮ ਪ੍ਰਵਾਸੀਆਂ ਨੂੰ ਉਹਨਾਂ ਦੀ ਖੁਦ ਦੀ ਜ਼ਮੀਨ ਜਾਇਦਾਦ ਉੱਪਰੋਂ ਬੇਦਖਲ ਕਰ ਦਿੰਦਾ ਹੈ। ਉਸ ਦਾ ਬਿਰਤਾਂਤ ਇਸ ਕਹਾਣੀ ਦਾ ਹਾਸਿਲ ਹੈ। ਕਹਾਣੀ ਵਿਚਲੀ ਸੁਰਜੀਤ ਕੌਰ ਵਿਦੇਸ਼ ਬੈਠੀ ਆਪਣੀ ਜ਼ਮੀਨ ਜਗੀਰ ਸਿੰਘ ਨੂੰ ਠੇਕੇ ਉਪਰ ਦੇ ਦਿੰਦੀ ਹੈ ਪਰ ਉਹ ਜ਼ਮੀਨ ਉਪਰ ਕਬਜ਼ਾ ਕਰ ਲੈਂਦਾ ਹੈ। ਸੁਰਜੀਤ ਆਪਣੇ ਭਾਈ ਬਖ਼ਤਾਵਰ ਸਿੰਘ ਰਾਹੀਂ ਜ਼ਮੀਨ ਛਡਵਾਉਣ ਲਈ ਪਿੰਡ ਦੇ ਇੱਕ ਹੋਰ ਰੋਅਬਦਾਰ ਪਰਿਵਾਰ 'ਖੱਖਿਆਂ ਕੇ' ਨੂੰ ਜ਼ਮੀਨ ਠੇਕੇ ਤੇ ਦੇ ਦਿੰਦੀ ਹੈ। ਉਹ ਜਗੀਰ ਤੋਂ ਜ਼ਮੀਨ ਛੁਡਵਾ ਲੈਂਦੇ ਹਨ। ਕਹਾਣੀਕਾਰ ਤਕੜੇ ਦਾ 'ਛੱਤੀ ਵੀਹੀਂ ਸੌ' ਮੁਹਾਵਰੇ ਰਾਹੀਂ ਸਿੱਧ ਕਰਦਾ ਹੈ ਕਿ ਸੱਤਾ, ਸਿਆਸਤ ਤੇ ਪੈਸੇ ਦੇ ਦੌਰ 'ਚ ਆਮ ਆਦਮੀ ਦੀ ਕੋਈ ਸੁਣਵਾਈ ਨਹੀਂ। ਕਹਾਣੀਕਾਰ ਪੁਲਿਸ, ਕੋਰਟ, ਕਚਹਿਰੀ ਦੇ ਕਈ ਨਵੇਂ ਪੱਖਾਂ ਨੂੰ ਬੇ-ਪਰਦ ਕਰਦਾ ਹੈ। **'ਮੱਛਰ'** ਕਹਾਣੀ ਇੱਕ ਪ੍ਰਤੀਕਆਤਮਿਕ ਕਹਾਣੀ ਹੈ। ਜਿਵੇਂ ਮੱਛਰ ਦਾ ਸੁਭਾਅ ਡੰਗ ਮਾਰ ਦੇ ਖ਼ੂਨ ਪੀਣਾ ਹੈ। ਉਸੇ ਤਰ੍ਹਾਂ ਦੇ ਕਈ ਬੰਦੇ ਹੁੰਦੇ ਹਨ ਜੋ ਸਾਂਝਾਂ ਰਿਸ਼ਤਿਆਂ ਤੋਂ ਮੁਨਕਰ ਹੋ ਕੇ ਸਿਰਫ਼ ਆਪਣੇ ਮੁਫ਼ਾਦਾਂ ਕੇਂਦਰਿਤ ਸੋਚ ਦੇ ਧਾਰਨੀ ਹੁੰਦੇ ਹਨ। ਜਿਵੇਂ ਕਹਾਣੀ ਵਿਚਲਾ ਰਮੇਸ਼ ਮੈਂ ਪਾਤਰ ਤੋਂ ਬਹੁਤ ਸਾਰੇ ਫਾਇਦੇ ਤੇ ਸਹੂਲਤਾਂ ਤਾਂ ਮਾਣਦਾ ਹੈ ਪਰ ਆਪਣੇ ਵਿਆਹ ਉੱਪਰ ਉਸ ਨੂੰ ਨਹੀਂ ਸੱਦਦਾ। ਇਥੋਂ ਤੱਕ ਕੇ ਬੈਂਕ ਤੋਂ ਬਦਲੀ ਹੋ ਕੇ ਹੋਰ ਥਾਂ ਜਾਣ ਸਮੇਂ ਵੀ ਰਮੇਸ਼ ਆਪਣੇ ਬਾਰੇ ਨਹੀਂ ਦਸਦਾ। ਇੱਥੇ ਕਹਾਣੀਕਾਰ ਰਮੇਸ਼ ਨੂੰ ਮੱਛਰ ਨਾਲ ਤੁਲਨਾਉਂਦਾ ਹੈ।

**'ਬੰਦਾ, ਕ੍ਰਿਕਟ ਅਤੇ ਦਰਸ਼ਕ'** ਕਹਾਣੀ ਮਨੁੱਖ ਦੀ ਉਸ ਸੋਚ ਨੂੰ ਉਘਾੜਦੀ ਹੈ ਜਿਥੇ ਮਨੁੱਖ ਕੋਲ ਮਨੁੱਖ ਲਈ ਕੋਈ ਸਮਾਂ ਨਹੀਂ ਸਗੋਂ ਕ੍ਰਿਕਟ ਵਰਗੀ ਮਸਨੂਈ ਖੇਡ ਵਿੱਚ ਖੁੱਭੇ ਮਨੁੱਖ ਆਪਣੇ ਆਲੇ-ਦੁਆਲੇ ਨੂੰ ਵੀ ਭੁੱਲ ਜਾਂਦੇ ਹਨ। ਕਹਾਣੀ ਵਿਚਲੇ ਮੈਂ ਪਾਤਰ ਦਾ ਪਿਉ ਲਾਲਾ ਜਗਤ ਨਾਥ ਜਦੋਂ ਰਸਤੇ

ਵਿੱਚ ਆਉਂਦਿਆਂ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ ਨਾ ਤਾਂ ਰਸਤੇ ਵਿੱਚ ਉਸ ਨੂੰ ਕੋਈ ਪੁਛਦਾ ਹੈ ਤੇ ਨਾ ਘਰ ਆਏ ਨੂੰ ਸਗੋਂ ਸਾਰੇ ਪਰਿਵਾਰਕ ਮੈਂਬਰ ਕ੍ਰਿਕਟ ਦੇ ਫਾਈਨਲ ਮੈਚ ਦੇ ਆਖਰੀਂ ਓਵਰ ਨੂੰ ਦੇਖਣ 'ਚ ਵਿਅਸਤ ਰਹਿੰਦੇ ਹਨ। ਕਹਾਣੀ ਮੋਹ ਭੰਗ ਦੇ ਨਵੇਂ ਆਯਾਮ ਸਿਰਜਦੀ ਹੈ।

**'ਮਾਸਟਰ ਜ਼ੈਲਦਾਰ ਉਰਫ਼ ਜ਼ੈਡ'** ਕਹਾਣੀ ਸਾਡੇ ਸਿੱਖਿਆ ਤੰਤਰ ਦੇ ਉਸ ਮਾੜੇ ਕੋਨੇ ਤੇ ਝਾਤ ਪਾਉਂਦੀ ਹੈ ਜਿੱਥੇ ਕੁਝ ਅਨਸਰ ਆਪਣੀ ਰਾਜਨੀਤਿਕ ਪਹੁੰਚ ਜਾਂ ਕੋਝੇ ਹੱਥ ਕੰਡਿਆਂ ਰਾਹੀਂ ਆਪਣੇ ਪੜਾਉਣ ਦੇ ਧਰਮ ਤੋਂ ਮੁਨਕਰ ਹੋ ਕੇ ਕੁਝ ਅਜਿਹੇ ਕਾਰਜ ਕਰਦੇ ਹਨ। ਜਿਸ ਨਾਲ ਪੂਰੇ ਅਧਿਆਪਕ ਵਰਗ ਦੇ ਸਨਮਾਨ ਨੂੰ ਠੇਸ ਲਗਦੀ ਹੈ। ਐਵਾਰਡ ਪ੍ਰਾਪਤ ਕਰਨੇ, ਵਿਦਿਆਰਥੀਆਂ ਤੋਂ ਆਪਣੇ ਨਿੱਜੀ ਕੰਮ ਕਰਵਾਉਣੇ ਆਦਿ ਅਜਿਹੇ ਕਾਰਜ ਹਨ ਜੋ ਕਹਾਣੀ ਵਿੱਚ ਮਾਸਟਰ ਜ਼ੈਡ ਕਰਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਅਜੋਕੇ ਸਿੱਖਿਆ ਪ੍ਰਬੰਧ ਵਿੱਚ ਅਜਿਹੇ ਵਿਅਕਤੀਆਂ ਦੀ ਭਰਮਾਰ ਵੱਧਦੀ ਜਾ ਰਹੀ ਹੈ ਅਤੇ ਚੰਗੇ ਕਾਰਜ ਕਰਨ ਵਾਲੇ ਅਣਗੌਲੇ ਰਹਿ ਰਹੇ ਹਨ।

**'ਖੁਰਦਰੇ ਹੱਥਾਂ ਦੀ ਚੁਭਨ'** ਮਾਂ ਦੀ ਮਮਤਾ ਤੇ ਉਸ ਦੇ ਵੱਡੇ ਦਿਲ ਗੁਰਦੇ ਦੀ ਕਹਾਣੀ ਹੈ। ਜਿੱਥੇ ਉਹ ਆਪਣੇ ਪੁੱਤਰ ਅਮਰੀਕ ਕੋਲ ਅਮਰੀਕਾ ਵਿਜਟਰ ਵੀਜੇ ਤੇ ਜਾਂਦੀ ਹੈ ਪਰ ਉੱਥੇ ਨੂੰਹ ਦੁਆਰਾ ਲਗਾਈਆਂ ਘਰ 'ਚ ਪਾਬੰਦੀਆਂ ਤੇ ਬੱਚੇ ਤੋਂ ਦਾਦੀ ਨੂੰ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਹ ਵਾਪਸ ਪੰਜਾਬ ਆਉਣਾ ਚਾਹੁੰਦੀ ਹੈ। ਉਹ ਆਪਣੇ ਪੋਤੇ ਪ੍ਰਤੀ ਦਿਲ ਦੀਆਂ ਰੀਝਾਂ ਅਤੇ ਮਜਬੂਰੀਆਂ ਆਪਣੇ ਪੁੱਤਰ ਨਾਲ ਸਾਂਝੀਆਂ ਨਹੀਂ ਕਰਦੀ ਕਿਉਂਕਿ ਉਸਨੂੰ ਲਗਦਾ ਹੈ ਕਿ ਬਾਅਦ 'ਚ ਪੁੱਤਰ ਤੇ ਨੂੰਹ ਆਪਸ 'ਚ ਨਾ ਲੜਨ। ਕਹਾਣੀਕਾਰ ਮਾਂ ਦੀ ਮਮਤਾ ਉਸ ਦੀ ਸਿਆਣਪ ਤੇ ਵਡੇਰੇ ਜ਼ਜਬੇ ਨੂੰ ਬਾਖੂਬੀ ਉਘਾੜਦਾ ਹੈ।

**'ਬੰਦਾ ਸਮੁੰਦਰ ਨਹੀਂ ਹੁੰਦਾ'** ਕਹਾਣੀ ਵਿਚਲੇ ਮੋਤੀ/ਮੋਚੀ ਸਰਪੰਚ/ਸੈਸ਼ਨ ਜੱਜ ਇੱਕੋ ਪਾਤਰ ਦੇ ਨਾਂ ਹਨ ਜੋ ਘਰ ਦੀਆਂ ਆਰਥਿਕ ਮੁਸ਼ਕਿਲਾਂ ਤੋਂ ਦੂਰ ਖੁਸ਼ ਰਹਿਣ ਦਾ ਆਦੀ ਪਾਤਰ ਹੈ। ਅੱਜ ਦੇ ਯੁੱਗ ਵਿੱਚ ਬੰਦਾ ਧਨ ਦੌਲਤ, ਸ਼ੌਹਰਤ ਦੇ ਬਾਵਜੂਦ ਖੁਸ਼ ਨਹੀਂ ਪਰ ਜੋ ਖੁਸ਼ ਹੈ ਉਸ ਤੋਂ ਵੱਡਾ ਅਮੀਰ ਨਹੀਂ ਹੋ ਸਕਦਾ ਨੂੰ ਬਿਆਨ ਕਰਦੀ ਕਹਾਣੀ ਹੈ। **'ਟੋਟੇ ਟੋਟੇ ਰੂਸ'** ਕਹਾਣੀ ਕਮਿਊਨਿਯਮ ਦੇ ਰਸਾਤਲ ਵੱਲ ਜਾਂਦੇ ਹਲਾਤਾਂ ਨੂੰ ਬਿਆਨ ਕਰਦੀ ਹੈ। ਭਾਵੇਂ ਸਾਰਾ ਰਾਜਨੀਤਿਕ ਸਿਸਟਮ ਹੀ ਵਿਗਾੜ ਦਾ ਸ਼ਿਕਾਰ ਹੈ ਪਰ ਉਹ ਪਾਰਟੀ ਜਿਸ ਤੋਂ ਆਮ ਆਦਮੀ ਨੂੰ ਉਮੀਦਾਂ ਸਨ। ਸਮੇਂ ਦੇ ਫੇਰ ਨਾਲ ਇਸ ਪਾਰਟੀ ਵਿਚਲੇ ਆਦਮੀ ਵੀ ਗਿਰਾਵਟ ਦਾ ਸ਼ਿਕਾਰ ਹੋ ਆਮ ਲੋਕਾਂ ਨਾਲ ਧੱਕਾ ਕਰਦੇ ਕਾਮਰੇਡੀ ਦੇ ਮੁੱਢਲੇ ਸਿਧਾਤਾਂ ਤੋਂ ਮੁਨਕਰ ਹੁੰਦੇ ਜਾ ਰਹੇ ਹਨ। ਕਹਾਣੀਕਾਰ ਨਵੇਂ ਰਾਜਨੀਤਿਕ ਹਲਾਤਾਂ ਨੂੰ ਨਵੇਂ ਨਜ਼ਰੀਏ ਤੋਂ ਪੇਸ਼ ਕਰਦਾ ਹੈ।

ਉਪਰੋਕਤ ਕਹਾਣੀ ਸੰਗ੍ਰਹਿ ਪੜ੍ਹਨ ਤੋਂ ਇੱਕ ਸਮਝ ਇਹ ਬਣਦੀ ਹੈ ਕਿ ਕਹਾਣੀਕਾਰ ਆਪਣੇ ਨਿੱਜੀ ਤਜਰਬੇ ਤੇ ਅਨੁਭਵ ਨੂੰ ਆਪਣੇ ਕਥਾ ਸਹਿਤ 'ਚ ਬਾਖੂਬੀ ਢਾਲਦਾ ਹੈ। ਜਿਵੇਂ ਸਿੱਖਿਆ ਵਿਭਾਗ ਦਾ ਅਨੁਭਵ ਉਸ ਦੀਆਂ ਦੋ ਕਹਾਣੀਆਂ 'ਚ ਸਿਰ ਚੜ੍ਹਕੇ ਬੋਲਦਾ ਹੈ। ਉੱਥੇ ਵਿਸ਼ਵੀਕਰਨ ਅਧੀਨ ਬਦਲਦੀਆਂ ਸਮਾਜਕ ਆਰਥਕ ਪ੍ਰਸਥਿਤੀਆਂ ਦੇ ਸੰਦਰਭ ਨੂੰ ਬਾਖੂਬੀ ਉਘਾੜਦਾ ਹੈ। ਖਾਸ ਤੌਰ ਤੇ ਰਿਸ਼ਤਾ ਨਾਤਾ ਪ੍ਰਬੰਧ, ਆਪਸੀ ਸਾਂਝ ਦੀਆਂ ਤੰਦਾਂ 'ਚ ਪੈਂਦੀਆਂ ਤਰੇੜਾਂ, ਮੋਹ ਮੁੱਖ ਮੋੜ ਰਹੀ ਲੋਕਾਈ, ਵੱਡਿਆਂ ਦਾ ਘੱਟ ਰਿਹਾ ਸਤਿਕਾਰ ਅਤੇ ਘੱਟ ਰਹੇ ਖੁਸ਼ੀ ਦੇ ਪਲ ਤੇ ਵੱਧ ਰਹੇ ਤਣਾਓ ਨੂੰ ਲੇਖਕ ਬਹੁਤ ਹੀ ਬਾਰੀਕਬੀਨੀ ਨਜ਼ਰੀਏ ਤੋਂ ਤਸਵੀਰਕਸ਼ੀ ਕਰਦਾ ਹੈ। ਲੇਖਕ ਦੀ ਵੱਡੀ ਖੂਬੀ ਇਹ ਹੈ ਕਿ ਉਹ ਕਿਤੇ ਵੀ ਬੋਝਲ ਬਿਰਤਾਂਤ ਨਹੀਂ ਸਿਰਜਦਾ ਸਗੋਂ ਉਸ ਦੀ ਕਹਾਣੀ ਆਮ ਪਾਠਕ ਦੇ ਧੁਰ ਅੰਦਰ ਤੱਕ ਪ੍ਰਵੇਸ਼ ਕਰਦੀ ਚਲੀ ਜਾਂਦੀ ਹੈ, ਛੋਟੇ ਅਕਾਰ ਦੀਆਂ ਚੰਗੀਆਂ ਕਹਾਣੀਆਂ ਲਈ ਲੇਖਕ ਨੂੰ ਮੁਬਾਰਕਬਾਦ।

(**ਸੰਪਰਕ**-94638-74394)




**ਸੰਵਾਦ: 1**

# ਆਜੋਕੀ ਨਾਰੀ ਕਥਾਕਾਰੀ: ਦਸ਼ਾ, ਦਿਸ਼ਾ ਤੇ ਦ੍ਰਿਸ਼ਟੀ

## (ਕਹਾਣੀ ਧਾਰਾ ਦੇ 'ਨਾਰੀ ਕਥਾਕਾਰੀ ਵਿਸ਼ੇਸ਼ ਅੰਕ-60' ਦੇ ਸੰਦਰਭ ਵਿਚ)

## - ਨਿਰੰਜਣ ਬੋਹਾ




ਔਰਤ ਨੂੰ ਕੰਮਜ਼ੋਰ ਸਮਝਣ, ਕੰਮਜ਼ੋਰ ਰੱਖਣ ਤੇ ਕੰਮਜ਼ੋਰ ਸਿੱਧ ਕਰਨ ਦੇ ਸੁਚੇਤ ਯਤਨ ਮਨੁੱਖੀ ਸਭਿਅਤਾ ਦੇ ਵਿਕਾਸ ਦੇ ਮੁੱਢ ਤੋਂ ਹੀ ਜਾਰੀ ਹਨ। ਭਾਵੇਂ ਉਤਰ ਵੈਦਿਕ ਕਾਲ, ਬੀਰ ਕਾਲ, ਪਿੱਛਲੇ ਹਿੰਦੂ ਕਾਲ ਤੇ ਰਾਜਪੂਤ ਕਾਲ ਦੇ ਮੁਕਾਬਲੇ ਵਿਚ ਸਿੰਧੂ ਘਾਟੀ ਸੱਭਿਅਤਾ ਤੇ ਰਿਗਵੈਦਿਕ ਕਾਲ ਵਿਚ ਉਸਦਾ ਸਮਾਜਿਕ ਦਰਜ਼ਾ ਬਹੁਤ ਉੱਚਾ ਸੀ ਪਰ ਉਸ ਕਾਲ ਦੌਰਾਨ ਵੀ ਉਸ ਨੂੰ ਮਰਦ ਦੇ ਬਰਾਬਰ ਦੇ ਪੂਰੇ ਅਧਿਕਾਰ ਪ੍ਰਾਪਤ ਨਹੀਂ ਸਨ। ਔਰਤ ਦੇ ਸਵੈਮਾਨ ਤੇ ਸੱਟ ਮਾਰਨ ਦੇ ਦ੍ਰਿਸ਼ਟੀਕੋਣ ਤੋਂ ਇਸਲਾਮਿਕ ਕਾਲ ਬਹੁਤ ਹੀ ਘਾਤਕ ਸਿੱਧ ਹੋਇਆ। ਬ੍ਰਿਟਸ਼ ਕਾਲ ਵਿਚ ਔਰਤ ਨੂੰ ਕੁਝ ਪੱਛਮੀ ਤਰਜ਼ ਦੇ ਸਮਾਜਿਕ ਅਧਿਕਾਰ ਤਾਂ ਮਿਲੇ ਪਰ ਮਰਦ ਪ੍ਰਧਾਨ ਸਮਾਜ ਨੇ ਇਹਨਾਂ ਨੂੰ ਦਿਲੋਂ ਸਵਕ੍ਰਿਤੀ ਨਾ ਦਿੱਤੀ। ਆਜੋਕੇ ਪੂੰਜੀਵਾਦੀ ਯੁੱਗ ਵਿਚ ਵੀ ਔਰਤ ਦੀ ਸਮਾਜਿਕ ਸਥਿਤੀ ਕਾਫੀ ਗੁੰਝਲਦਾਰ ਬਣੀ ਹੋਈ ਹੈ। ਭਾਵੇਂ ਉਸ ਕੋਲੋਂ ਜਾਗੀਰਦਾਰੀ ਯੁੱਗ ਵੱਲੋ ਖੋਹੇ ਮਨੁੱਖੀ ਅਧਿਕਾਰ ਵਾਪਸ ਕਰਨ ਦਾ ਵਿਖਾਵਾ ਕੀਤਾ ਜਾ ਰਿਹਾ ਹੈ ਪਰ ਔਰਤ ਦੀ ਅਜ਼ਾਦੀ ਦੇ ਨਾਂ 'ਤੇ ਉਸ ਦੀ ਸੁੰਦਰਤਾ ਨੂੰ ਮੰਡੀ ਜਾਂ ਬਜ਼ਾਰ ਦੀ ਉਪ ਭੋਗੀ ਵਸਤੂ ਬਨਾਉਣ ਦੀ ਕੋਸ਼ਿਸ਼ ਵਧੇਰੇ ਹੋ ਰਹੀ ਹੈ। ਮਹਾਂ ਨਗਰਾਂ ਤੇ ਵੱਡੇ ਸ਼ਹਿਰਾਂ ਵਿਚਲੀ ਔਰਤ ਨੇ ਪੜ੍ਹ ਲਿਖ ਕੇ ਪੇਂਡੂ ਖੇਤਰਾਂ ਦੀਆਂ ਔਰਤਾਂ ਦੇ ਮੁਕਾਬਲੇ ਵਿਚ ਸਮਾਜ ਵਿਚ ਵਿਚਰਣ ਦੇ ਵੱਧ ਅਧਿਕਾਰ ਪ੍ਰਾਪਤ ਕਰ ਲਏ ਹਨ ਪਰ ਮਰਦ ਵੱਲੋਂ ਉਹਨਾਂ ਨੂੰ ਆਪਣੇ ਬਰਾਬਰ ਦਾ ਮਨੁੱਖ ਨਾ ਮੰਨਣ ਸਬੰਧੀ ਚਲੀਆਂ ਜਾਣ ਵਾਲੀਆਂ ਚਾਲਾਂ ਅਜੇ ਵੀ ਪੂਰੀ ਤਰਾਂ ਖਤਮ ਨਹੀਂ ਹੋਈਆਂ ਲੇਖਕ ਤੇ ਬੁੱਧੀਜੀਵੀ ਵਰਗ ਔਰਤ ਦੇ ਹੱਕਾਂ ਤੇ ਹਿੱਤਾਂ ਦੀ ਗੱਲ ਉੱਚੀ ਸੁਰ ਵਿੱਚ ਜ਼ਰੂਰ ਕਰ ਰਿਹਾ ਹੈ ਪਰ ਵਿੰਡਬਨਾ ਇਹ ਹੈ ਉਨ੍ਹਾਂ ਦੇ ਘਰਾਂ ਵਿਚਲੀਆਂ ਔਰਤਾਂ ਦੀ ਸਥਿਤੀ ਵੀ ਆਮ ਘਰਾਂ ਨਾਲੋਂ ਵੱਖਰੀ ਨਹੀਂ ਹੈ। ਸਾਹਿਤਕ ਖੇਤਰ ਵਿਚ ਕੁਝ ਲੇਖਿਕਾਵਾਂ ਨੇ ਆਪਣੇ ਅੰਦਰਲੀ ਪ੍ਰਤਿਭਾ ਦੇ ਵਿਕਾਸ ਲਈ ਢੁੱਕਵੇ ਮੌਕੇ ਮਿਲਣ 'ਤੇ ਇਸ ਖੇਤਰ ਵਿਚ ਸਨਮਾਨਯੋਗ ਸਥਾਨ ਜ਼ਰੂਰ ਹਾਸਿਲ ਕੀਤਾ ਹੈ ਪਰ ਇਸ ਤੋਂ

ਵੱਡਾ ਸੱਚ ਇਹ ਹੈ ਕਿ ਹਜਾਰਾਂ ਔਰਤਾਂ ਅੰਦਰਲੀ ਪ੍ਰਤਿਭਾ ਸੁਖਾਵੇਂ ਹਾਲਾਤ ਨਾ ਮਿਲਣ ਕਾਰਨ ਆਪਣੇ ਬਾਹਰਮੁਖੀ ਪ੍ਰਗਟਾਅ ਤੋਂ ਪਹਿਲਾਂ ਹੀ ਦਮ ਤੋੜ ਜਾਂਦੀ ਹੈ।

ਸੁਭਾਵਿਕ ਤੌਰ ਤੇ ਹੀ ਔਰਤ ਲੇਖਿਕਾਵਾਂ ਪੁਰਸ਼ ਲੇਖਕਾਂ ਦੇ ਮੁਕਾਬਲੇ ਆਪਣੇ ਵਰਗ ਨਾਲ ਹੋਣ ਵਾਲੇ ਸਮਾਜਿਕ ਅਨਿਆਂ ਨੂੰ ਵਧੇਰੇ ਸ਼ਿੱਦਤ ਨਾਲ ਮਹਿਸੂਸਦੀਆਂ ਹਨ ਕਿਉਂਕਿ ਆਪਣੇ ਬਚਪਨ ਤੋਂ ਲੈ ਕੇ ਆਪਣੀ ਉਮਰ ਦੇ ਵਰਤਮਾਨ ਪੜਾਅ ਤੱਕ ਪ੍ਰਗਟ ਜਾਂ ਲੁਪਤ ਰੂਪ ਵਿਚ ਇਸ ਅਨਿਆਂ ਦੀਆਂ ਭੁਗਤ ਭੋਗੀ ਵੀ ਰਹੀਆਂ ਹੁੰਦੀਆਂ ਹਨ । 21ਵੀਂ ਸਦੀ ਦੀਆਂ ਨਾਰੀ ਲੇਖਿਕਾਵਾਂ ਸਮਾਜ ਦੀ ਪੁਰਸ਼ ਪ੍ਰਧਾਨਤਾ ਵਾਲੀ ਵਿਵਸਥਾ ਨੂੰ ਸੁਚੇਤ ਤੌਰ ਤੇ ਪਹਿਚਾਣਦੀਆਂ ਵੀ ਹਨ ਤੇ ਇਸ ਦਾ ਮਾਨਵੀ ਦ੍ਰਿਸ਼ਟੀਕੋਣ ਤੋਂ ਪ੍ਰਤੀਉਤਰ ਸਿਰਜਣ ਦੀ ਕੋਸ਼ਿਸ਼ ਵੀ ਕਰ ਰਹੀਆਂ ਹਨ। **'ਪੰਜਾਬੀ ਨਾਰੀ ਕਥਾਕਾਰੀ ਦੀ ਦਸ਼ਾ, ਦਿਸ਼ਾ ਤੇ ਦ੍ਰਿਸ਼ਟੀ'** ਬਾਰੇ ਸੰਵਾਦ ਨੂੰ ਅੱਗੇ ਤੋਰਣ ਲਈ ਮੈਂ **'ਕਹਾਣੀ ਧਾਰਾ'** ਦੇ ਜਨਵਰੀ ਮਾਰਚ ( 2021) **'ਨਾਰੀ ਕਥਾਕਾਰ'** ਅੰਕ ਨੂੰ ਆਪਣੀ ਗੱਲ ਕਹਿਣ ਦਾ ਅਧਾਰ ਬਣਾਇਆ ਹੈ। ਇਸ ਅੰਕ ਵਿਚ ਵਿਚ ਵਰਤਮਾਨ ਦੌਰ ਦੀਆਂ ਬਹੁਤ ਸਾਰੀਆਂ ਪ੍ਰਤੀਨਿੱਧ ਲੇਖਿਕਾਵਾਂ ਦੀਆਂ ਕਹਾਣੀਆਂ ਦੇ ਨਾਲ ਉਹਨਾਂ ਦੀ ਸਮਾਜਿਕ ਚੇਤਨਾ ਨੂੰ ਪ੍ਰਗਟਾਉਂਦੇ ਸਵੈ ਕਥਨ ਵੀ ਸ਼ਾਮਿਲ ਹਨ ।

ਪਰਚੇ ਦਾ ਸੰਪਾਦਕ **ਭਗਵੰਤ ਰਸੂਲਪੁਰੀ** ਅੱਜ ਦੇ ਦੌਰ ਦੀ ਨਾਰੀ ਕਥਾਕਾਰੀ ਦੀ ਦਸ਼ਾ ਨੂੰ ਪ੍ਰਤੀਬਿੰਬਤ ਕਰਨ ਲਈ ਕਥਾਕਾਰਾ ਅਜੀਤ ਕੌਰ ਦੇ ਹਵਾਲੇ ਨਾਲ ਇਸ ਦਾ ਵਰਗੀਕਰਨ **'ਵਰਜਿਤ ਰਿਸ਼ਤੇ'** ਅਤੇ **'ਮਕਾਨ 'ਚੋਂ ਘਰ ਲਈ ਤੜਫ'** ਵਜੋਂ ਕਰਦਾ ਹੈ। ਇਸ ਅੰਕ ਦੇ ਪਾਠ ਤੋਂ ਬਾਅਦ ਮੈਂ ਇਸ ਨਤੀਜੇ ਤੇ ਪੁਜਿਆ ਹਾਂ ਕਿ ਸੰਪਾਦਕ , ਕਹਾਣੀ ਲੇਖਿਕਾਵਾਂ ਤੇ ਪਾਠਕਾਂ ਦੀ ਤਿੰਨ ਧਿਰੀ ਤਿਕੋਣ ਇਹ ਸੰਵਾਦ ਉਤੇਜਕ ਚਰਚਾ ਛੇੜਣ ਦੇ ਪੂਰੀ ਤਰ੍ਹਾਂ ਸਮਰੱਥ ਹੈ ਕੀ ਅੱਜ ਦੀ ਔਰਤ ਅਜੀਤ ਕੌਰ ਦੀ ਕਹਾਣੀ 'ਫਾਲਤੂ ਔਰਤ' ਦੇ ਸਮੇਂ ਵਾਂਗ ਸਮਾਜਿਕ ਦ੍ਰਿਸ਼ਟੀ ਤੋਂ ਅੱਜ ਵੀ ਫਾਲਤੂ ਹੈ ਜਾਂ ਇਸਦੀ ਦਸ਼ਾ ਤੇ ਦਿਸ਼ਾ ਵਿਚ ਕੋਈ ਸਿਫਤੀ ਤਬਦੀਲੀ ਆਈ ਹੈ। ਅਜੀਤ ਕੌਰ ਦੀਆਂ ਕਹਾਣੀਆਂ ਵਿਚਲੀ ਔਰਤ ਆਰਥਿਕ ਸੱਤਾ ਤੇ ਕਾਬਜ਼ ਮਰਦ ਵੱਲੋਂ ਪੀੜਤ ਰਹੀ ਹੈ ਤੇ ਉਸ ਲਈ ਘਰ ਦੇ ਅਰਥ ਮੋਹ ਪਿਆਰੇ ਤੋਂ ਵਿਹੂਣੇ ਮਕਾਨ ਵਜੋਂ ਹੀ ਰਹੇ ਨੇ। ਕੀ ਇਹ ਮਕਾਨ ਅੱਜ ਦੀ ਔਰਤ ਲਈ ਘਰ ਬਣ ਗਿਆ ਹੈ ? ਜੇ ਨਹੀਂ ਤਾਂ ਔਰਤ ਤੇ ਘਰ ਵਿਚਲੀ ਦੂਰੀ ਵਧਾਉਣ ਵਿਚ ਹੋਰ ਨਵੇਂ ਕਾਰਨ ਕਿਹੜੇ ਹਨ ? ਨਾਰੀ ਕਥਾਕਾਰਾਂ ਨੇ ਇਸ ਭੱਖਦੇ ਸੁਆਲ ਦਾ ਜਵਾਬ ਆਪਣੀ ਆਪਣੀ ਸਮਾਜਿਕ ਸੂਝ ਦੀ ਸਮਰੱਥਾ ਅਨੁਸਾਰ ਦਿੱਤਾ ਹੈ, ਤੇ ਇਹ ਜਵਾਬੀ ਸਮਰੱਥਾ ਹੀ ਅੱਜ ਦੀ ਨਾਰੀ ਕਥਾਕਾਰੀ ਦਾ ਵਿਸ਼ੇਸ਼ ਹਾਸਿਲ ਹੈ।

ਜੇ ਨਾਰੀ ਕਥਾਕਾਰੀ ਰਾਹੀਂ ਰੂਪਮਾਨ ਹੁੰਦੇ ਵਰਜਿਤ ਰਿਸ਼ਤਿਆਂ ਦੀ ਗੱਲ ਕਰੀਏ ਤੇ ਇਹਨਾਂ ਦਾ ਸਬੰਧ ਵੀ ਮਕਾਨ ਵਿਚੋਂ ਘਰ ਤਲਾਸ਼ ਕਰਨ ਦੌਰਾਨ ਮਿਲੀ ਨਕਾਮੀ ਨਾਲ ਜਾ ਜੁੜਦਾ ਹੈ। ਨਾਰੀ ਹੋਵੇ ਜਾ ਪੁਰਸ਼, ਜਦੋਂ ਘਰ ਵਿਚਲੇ ਰਿਸ਼ਤੇ ਉਸਨੂੰ ਨਿੱਘ ਤੇ ਰਾਹਤ ਪ੍ਰਦਾਨ ਨਹੀਂ ਕਰਦੇ ਤਾਂ ਆਪਣੇ ਮਾਨਸਿਕ ਖਲਾਅ ਨੂੰ ਭਰਨ ਲਈ ਉਸਦਾ ਬਾਹਰ ਦੇ ਵਰਜਿਤ ਰਿਸ਼ਤਿਆਂ ਵੱਲ ਖਿੱਚਿਆ ਜਾਣਾ ਸੁਭਾਵਿਕ ਹੈ। ਅੱਜ ਦੀ ਨਾਰੀ ਕਥਾਕਾਰੀ ਵਰਜਿਤ ਰਿਸ਼ਤੇ ਪੈਦਾ ਹੋਣ ਦੇ ਮਨੋ- ਸਮਾਜਿਕ ਕਾਰਨ ਵੀ ਤਲਾਸ਼ਦੀ ਹੈ ਤੇ ਇਹਨਾਂ ਵਰਜਨਾਵਾਂ ਬਾਰੇ ਪਾਠਕੀ ਮਨ ਵਿਚ ਪਈਆਂ ਹੋਰ ਬਹੁਤ ਸਾਰੀਆਂ ਦੁਬਿਧਾਵਾਂ ਤੇ ਸ਼ੰਕਾਵਾ ਦਾ ਜਵਾਬ ਵੀ ਦੇਂਦੀ ਹੈ।

ਅੰਕ ਵਿਚਲੀਆਂ ਕਹਾਣੀਆਂ ਮਨੁੱਖ ਦੀਆਂ ਕਾਮ ਲੋੜਾਂ ਤੇ ਭੋਗੀ ਬਿਰਤੀਆਂ ਵਿਚ ਵੀ ਨਿਖੇੜਾ ਕਰਦੀਆਂ ਹਨ। ਪਰਚੇ ਵਿਚਲੀਆਂ ਕੁਝ ਕਹਾਣੀਆਂ ਕਾਮ ਭਾਵਨਾਵਾਂ ਦੇ ਅੰਨ੍ਹੇ ਵੇਗ ਅਧੀਨ ਘਰ ਦੀ ਲਛਮਣ ਰੇਖਾ ਨੂੰ ਉਲੰਘਣ ਦੇ ਸਵੈ ਘਾਤਕ ਨਤੀਜਿਆ ਬਾਰੇ ਨਾਰੀ ਤੇ ਪੁਰਸ਼ ਦੋਹਾਂ ਨੂੰ ਅਗਾਹ



ਕਰਨਾ ਦਾ ਆਪਣਾ ਫਰਜ਼ ਵੀ ਅਦਾ ਕਰਦੀਆਂ ਹਨ।

ਪੂੰਜੀਵਾਦੀ ਜੁੱਗ ਨੇ ਆਪਣੀਆਂ ਅਨੇਕਾ ਖਾਮੀਆਂ ਦੇ ਬਾਵਜੂਦ ਆਰਥਿਕਤਾ ਦੇ ਸੋਮਿਆਂ ਤੇ ਮਰਦ ਦਾ ਏਕਾ ਅਧਿਕਾਰ ਖਤਮ ਕਰਕੇ ਘਰ ਪਰਿਵਾਰ ਵਿਚ ਔਰਤ ਦੀ ਸਥਿਤੀ ਪਹਿਲਾਂ ਨਾਲੋਂ ਮਜਬੂਤ ਕੀਤੀ ਹੈ । ਇਸ ਤਬਦੀਲੀ ਨੇ ਪਰਿਵਾਰ ਵਿਚ ਔਰਤ ਹੋਂਦ ਨੂੰ ਵਿਸਥਾਰਿਆ ਵੀ ਹੈ ਤੇ ਦੈਹਿਕ ਸਬੰਧਾਂ ਦੇ ਵਰਜਿਤ ਹੋਣ ਦੇ ਬਹੁਤ ਸਾਰੇ ਪੁਰਾਣੇ ਮਾਪਦੰਡਾ ਨੂੰ ਵੀ ਤੋੜਿਆ ਹੈ। ਇਸ ਵਿਸ਼ੇਸ਼ ਅੰਕ ਵਿਚ ਸ਼ਾਮਿਲ ਸਾਰੀਆਂ ਕਥਾਕਾਰਾਂ ਇਕ ਸੁਰ ਵਿਚ ਸਵੀਕਾਰਦੀਆਂ ਹਨ ਕਿ ਸਮਾਜ ( ਜੋ ਘਰ ਤੋਂ ਹੀ ਸ਼ੁਰੂ ਹੁੰਦਾ ਹੈ) ਵਿਚ ਔਰਤ ਦੀ ਸਥਿਤੀ ਪਹਿਲਾਂ ਨਾਲੋਂ ਸੁਖਾਵੀਂ ਹੋਈ ਹੈ ਪਰ ਆਪਣੇ ਹਿੱਸੇ ਦੇ ਪੂਰੇ ਮਨੁੱਖੀ ਹੱਕ ਪ੍ਰਾਪਤ ਕਰਨ ਲਈ ਉਸ ਨੂੰ ਅਜੇ ਵੀ ਲੰਮਾ ਸਮਾਂ ਸੰਘਰਸ਼ ਕਰਨਾ ਪਵੇਗਾ । ਜਦੋਂ ਕਥਾਕਾਰਾ **ਸਰਘੀ** ਆਪਣੇ ਸਵੈ ਕਥਨ ਵਿਚ ਇਸ ਸਮੇਂ ਔਰਤ ਦੀ ਸਥਿਤੀ ਨੂੰ ਪਹਿਲਾਂ ਨਾਲੋਂ ਸੁਖਾਵੀਂ, ਖੁਸ਼ਹਾਲ ਤੇ ਸੁਰੱਖਿਅਤ ਕਰਾਰ ਦੇਂਦੀ ਹੈ ਤਾਂ ਇਸ ਦਾ ਅਰਥ ਇਹੀ ਹੈ ਸਥਿਤੀ ਬਿਹਤਰ ਹੋਣ ਦੇ ਬਾਵਜੂਦ ਵੀ ਉਸਨੂੰ ਸਾਬਤ ਸਬੂਤਾ ਘਰ ਹਾਸਿਲ ਨਹੀ ਹੋਇਆ। **ਕੁਲਬੀਰ ਬਡੇਸਰੋਂ** ਆਖਦੀ ਹੈ ਕਿ ਅੱਜ ਦੀ ਔਰਤ ਆਪਣੇ ਫੈਸਲੇ ਜਿਆਦਾ ਦਲੇਰਾਨਾ ਢੰਗ ਨਾਲ ਲੈਂਦੀ ਹੈ ਤਾਂ ਉਸਦੇ ਕਥਨ ਵਿਚਲਾ 'ਬਹੁਤ' ਸ਼ਬਦ ਇਹਨਾਂ ਦਲੇਰਾਨਾ ਫੈਸਲਿਆਂ ਦੀਆਂ ਸੀਮਤਾਈਆਂ ਵੀ ਬਿਆਨ ਜਾਂਦਾ ਹੈ।

**ਨਿਰਮਲ ਜਸਵਾਲ** ਔਰਤ ਦੀ ਸਮਾਜਿਕ ਦਸ਼ਾ ਨੂੰ ਤਬਦੀਲ ਕਰਨ ਦਾ ਨੁਕਤਾ ਉਭਾਰਦਿਆਂ ਆਖਦੀ ਹੈ "ਮੁਕਦੀ ਗੱਲ ਔਰਤ ਨੂੰ ਪੈਸਿਆਂ ਦਾ ਮੋਹਤਾਜ ਨਹੀਂ ਹੋਣਾ ਚਾਹੀਦਾ। ਦੂਸਰਿਆਂ ਤੇ ਨਿਰਭਰ ਹੋਣਾ ਹੀ ਸ਼ੋਸ਼ਿਤ ਹੋਣ ਜਾਂ ਸ਼ੋਸ਼ਿਤ ਕਰਨ ਦਾ ਮੌਕਾ ਦਿੰਦਾ ਹੈ।" **ਵਿਸ਼ਵ ਜੋਤੀ ਧੀਰ** ਅਨੁਸਾਰ ਦੋ ਦਹਾਕੇ ਪਹਿਲੋਂ ਸ਼ੁਰੂ ਹੋਈ ਉਸਦੀ ਕਹਾਣੀ ਸਿਰਜਣਾ ਦੀ ਔਰਤ ਨਾਲੋਂ ਅੱਜ ਦੀ ਔਰਤ ਦੀ ਸਮਾਜਿਕ ਸਥਿਤੀ ਬਿਹਤਰ ਹੈ । **ਤ੍ਰਿਪਤਾ ਕੇ . ਸਿੰਘ** ਬੇਬਾਕੀ ਸੁਰ ਵਿਚ ਆਖਦੀ ਹੈ ਕਿ ਸਾਡੇ ਦੇਸ਼ ਵਿਚ ਅਰਧ ਨਾਰੀਸ਼ਵਰ ਦਾ ਸੰਕਲਪ ਮੌਜੂਦ ਹੋਣ ਦੇ ਬਾਵਜੂਦ ਨਾਰੀ ਨੂੰ ਦੁਜੈਲੇ ਸਥਾਨ ਤੇ ਰੱਖਿਆ ਜਾ ਰਿਹਾ ਹੈ। **ਨਰਿੰਦਰ ਕੌਰ ਭੱਚੂ** ਅਨੁਸਾਰ ਉਸਦੀਆਂ ਕਹਾਣੀ ਵਿਚਲੀ ਔਰਤ ਮਰਦ ਦੇ ਜੁਲਮਾਂ ਦੀ ਸ਼ਿਕਾਰ ਘੱਟ ਹੁੰਦੀ ਹੈ, ਸਤਾਈ ਜ਼ਰੂਰ ਜਾਂਦੀ ਹੈ। **ਗੁਰਮੀਤ ਪਨਾਗ** ਦੀ ਕਹਾਣੀਆ ਦੀਆਂ ਔਰਤ ਪਾਤਰ ਇਕ ਇਨਸਾਨ ਦੇ ਰੂਪ ਵਿਚ ਸਹਿਜ ਜ਼ਿੰਦਗੀ ਜੀਣ ਦੀਆਂ ਇੱਛੁਕ ਹਨ। **ਦੀਪਤੀ ਬਬੂਟਾ** ਦੇ ਸਵੈ ਕਥਨ ਅਨੁਸਾਰ ਉਸਦੀਆਂ ਕਹਾਣੀਆਂ ਦੇ ਪਾਤਰ ਬਗਾਵਤ ਕਰਦਿਆਂ ਵੀ ਆਦਰਸ਼ਕ ਮੋੜਾ ਖਾ ਜਾਂਦੇ ਹਨ। **ਬਲਵੀਰ ਕੌਰ ਰੀਹਲ** ਅਨੁਸਾਰ ਉਸਦੀਆਂ ਕਹਾਣੀਆਂ ਵਿਚਲੀਆਂ ਔਰਤ ਪਾਤਰ ਮਰਦੇ ਦਮ ਤੱਕ ਸੰਘਰਸ਼ ਦਾ ਪੱਲਾ ਨਹੀਂ ਤਿਆਗਦੀਆਂ। ਇਸ ਤਰ੍ਹਾਂ ਨਰਮ ਜਾ ਬੇਬਾਕ ਸੁਰ ਵਿਚ ਕਹਾਣੀਆਂ ਲਿਖਣ ਵਾਲੀਆਂ ਸਾਰੀਆਂ ਲੇਖਿਕਾਵਾਂ ਨੇ ਸਿੱਧੇ ਜਾ ਅਸਿੱਧੇ ਰੂਪ ਵਿਚ ਭਾਰਤੀ ਸਮਾਜ ਵਿਚ ਨਾਰੀ ਦੀ ਵਰਤਮਾਨ ਦਸ਼ਾ ਨੂੰ ਉਸਦੇ ਮਨੁੱਖੀ ਹੱਕਾਂ ਨੂੰ ਯਕੀਨੀ ਬਣਾਉਣ ਵਾਲੀ ਸੰਭਾਵੀ ਦਿਸ਼ਾ ਦਿੱਤੇ ਜਾਣ ਦੀ ਗੱਲ ਉਭਾਰੀ ਹੈ।

ਇਸ ਸੰਦਰਭ ਵਿਚ ਜੇ ਸਮਰੱਥ ਕਹਾਣੀਕਾਰਾ **ਦੀਪਤੀ ਬਬੂਟਾ** ਦੀ ਕਹਾਣੀ **'ਵਸ਼ੀਕਰਣ'** ਦੀ ਗੱਲ ਕਰੀਏ ਤਾਂ ਇਹ ਕਹਾਣੀ ਔਰਤ ਦੀਆਂ ਮਨੋ -ਸਮਾਜਿਕ ਸਮੱਸਿਆਵਾਂ ਵਿਚ ਵਾਧਾ ਹੋਣ ਦਾ ਕਾਰਨ ਪਿਤਰੀ ਸੱਤਾ ਵੱਲੋਂ ਘਰ ਨਾਲ ਜੁੜੇ ਰਿਸ਼ਤਿਆਂ ਵਿਚ ਕੀਤੀ ਦਖਲ ਅੰਦਾਜ਼ੀ ਨੂੰ ਮੰਨਦੀ ਹੈ। ਕਹਾਣੀ ਦੀ ਪਾਤਰ ਸੰਗੀਤਾ ਅਰੋੜਾ ਦੇ ਮਨ ਵਿਚ ਆਪਣੇ ਜੀਵਨ ਸਾਥੀ ਵਜੋਂ ਆਪਣੇ ਕੁਲੀਗ ਅਭਿਜੀਤ ਦੀ ਤਸਵੀਰ ਸਮੋਈ ਹੈ, ਪਰ ਉਸਦਾ ਪਿਤਾ ਉਸ ਲਈ ਨਾਇਬ ਤਹਿਸੀਲਦਾਰ ਵਜੋਂ ਉੱਚੇ ਰੁਤਬੇ ਵਾਲਾ ਵਰ ਤਲਾਸ਼ਦਾ ਹੈ। ਪਿਤਰੀ ਸੱਤਾ ਦੇ ਪ੍ਰਭਾਵ ਵਿਚ ਆ ਕੇ ਉਹ ਆਪਣੀ ਇੱਛਾ ਦੇ ਉਲਟ ਰਜਨੀਸ਼

ਸੇਤੀਆਂ ਨਾਲ ਵਿਆਹ ਤਾਂ ਕਰਵਾ ਲੈਂਦੀ ਹੈ ਪਰ ਸ਼ਹਿਰੀ ਉੱਚ ਵਰਗ ਦੀ ਵਿਅਸਤ ਤੇ ਆਪਣੇ ਆਪ ਵਿਚ ਮਸਤ ਜ਼ਿੰਦਗੀ ਉਸਨੂੰ ਉਸਦੀਆਂ ਇੱਛਾਵਾਂ ਦਾ ਮੋਹ ਨਾਲ ਧੜਕਦਾ ਘਰ ਨਹੀਂ ਦੇ ਸਕਦੀ। ਫੇਸਬੁੱਕ ਦੇ ਮਾਧਿਅਮ ਰਾਹੀਂ ਆਪਣੀ ਪੁਰਾਣੀ ਚਾਹਤ ਰਹੇ ਅਭਿਜੀਤ ਨਾਲ ਰਿਸ਼ਤਾ ਜੋੜ ਕੇ ਉਹ ਆਪਣੇ ਅੰਦਰਲੇ ਖਲਾਅ ਨੂੰ ਭਰਨ ਦੀ ਕੋਸ਼ਿਸ਼ ਕਰਦੀ ਹੈ ਪਰ ਅਭਿਜੀਤ ਵੀ ਉਸਨੂੰ ਸੰਗੀਤਾ ਵਜੋਂ ਨਹੀ ਸਗੋ ਨਵੇਂ ਰੁਤਬੇ ਵਾਲੀ ਤਹਿਸੀਲਦਾਰਨੀ ਵਜੋ ਹੀ ਭੋਗਣਾ ਚਾਹੁੰਦਾ ਹੈ ।ਅੰਤ ਇਹ ਕਹਾਣੀ ਘਰ ਤੋਂ ਬਾਹਰ ਮਾਨਸਿਕ ਸਕੂਨ ਦੀ ਭਾਲ ਵਿਚ ਭਟਕ ਰਹੀ ਨਾਰੀ ਨੂੰ ਫਿਰ ਤੋਂ ਘਰ ਨਾਲ ਜੁੜਣ ਦੇ ਆਦਰਸ਼ਕ ਮੋੜ ਤੇ ਲਿਜਾ ਕੇ ਆਪਣੀ ਸਿਰਜਣਾ ਦੇ ਮੰਤਵੀ ਉਦੇਸ਼ ਨੂੰ ਹਾਸਿਲ ਕਰਦੀ ਹੈ।

**ਨਰਿੰਦਰ ਕੌਰ ਭੱਚੂ** ਦੀ ਕਹਾਣੀ **'ਵੈਲ ਪਾਵਰ'** ਔਰਤ ਲਈ ਪੇਕਾ ਘਰ ਬਿਗਾਨਾ ਹੋਣ ਦੀ ਪਰੰਪਰਾਗਤ ਧਾਰਨਾਂ ਬਾਰੇ ਆਪਣਾ ਨਵਾਂ ਵਿਚਾਰਧਾਰਕ ਪ੍ਰਵਚਨ ਸਿਰਜਦੀ ਹੈ ।ਬੇਟੇ ਤੇ ਪਤੀ ਦੀ ਮੌਤ ਤੋਂ ਬਾਅਦ ਕੁੰਤੀ ਲਈ ਆਪਣਾ ਕਿਹਾ ਜਾਂਦਾ ਸਹੁਰਾ ਘਰ ਬੇਗਾਨਾ ਹੋ ਜਾਂਦਾ ਹੈ ਤੇ ਬਿਗਾਨਾਂ ਹੋਇਆ ਪੇਕਾ ਘਰ ਫਿਰ ਤੋਂ ਆਪਣਾ ਬਣ ਜਾਂਦਾ ਹੈ। ਪਿਤਾ ਦੀ ਮੌਤ ਤੋਂ ਬਾਅਦ ਪੇਕੇ ਘਰ ਵਿਚ ਪੱਕੀ ਰਹਾਇਸ਼ ਰੱਖ ਕੇ ਛੋਟੀਆਂ ਭੈਣਾਂ ਲਈ ਇਸ ਘਰ ਦੇ ਦਰਵਾਜਾਂ ਖੁੱਲ੍ਹਾ ਰੱਖਣ ਦੀ ਸੋਚ ਘਰ ਦੇ ਨਵੇਂ ਅਰਥ ਸਿਰਜਦੀ ਹੈ। ਉਸ ਜੀਵਨ ਵਿਚ ਬਹੁਤ ਦੁੱਖ ਸਹਿਣ ਕੀਤੇ ਹਨ ਤੇ ਹੁਣ ਵੀ ਕਰੋਨਾ ਰੋਗ ਤੋਂ ਪੀੜਤ ਹੈ ਪਰ ਉਸ ਅੰਦਰਲੀ 'ਅਜੇ ਹੋਰ ਜਿਉਣ' ਦੀ ਇੱਛਾ ਸ਼ਕਤੀ ਉਸਦਾ ਸਖਸ਼ੀ ਬਿੰਬ ਕਦੇ ਹਾਰ ਨਾ ਮੰਨਣ ਵਾਲੀ ਔਰਤ ਵਜੋਂ ਉਭਾਰਦੀ ਹੈ ਪਰ ਉਸਦੇ ਪੁੱਤਰ ਦੀ ਮੌਤ ਤੋਂ ਪਹਿਲਾਂ ਧਰਮ ਗੁਰੂ ਵੱਲੋਂ ਕੀਤੀ ਇਹ ਭਵਿੱਖਬਾਣੀ "ਭਗਵਾਨ ਦੀ ਚੀਜ਼ ਭਗਵਾਨ ਕੋਲ ਛੇਤੀ ਚਲੀ ਜਾਂਦੀ ਹੈ।" ਮੈਨੂੰ ਕੁਝ ਬੇਲੋੜੀ ਵੀ ਲੱਗੀ ਹੈ ਤੇ ਉਸ ਦੀ ਇੱਛਾ ਸ਼ਕਤੀ ਨੂੰ ਕੰਮਜ਼ੋਰ ਕਰਨ ਵਾਲੀ ਵੀ ।

**ਬਲਬੀਰ ਕੌਰ ਰੀਹਲ** ਦੀ ਕਹਾਣੀ **'ਮੈ ਆਪ ਨਾਂ ਲਾਈਆਂ ਵੇ'** ਮਨੁੱਖ ਦੀਆਂ ਦੈਹਿਕ ਲੋੜਾਂ ਦੀ ਪੂਰਤੀ ਨਾ ਹੋਣ 'ਤੇ ਟੁੱਟਦੇ ਸਮਾਜਿਕ ਜਾਬਤਿਆਂ ਦੀ ਗੱਲ ਕਰਦੀ ਹੈ। ਜੱਸੀ ਦਾ ਪਰਵਾਸੀ ਪਤੀ ਪੰਜੀ ਦੱਸੀ ਸਾਲੀਂ ਘਰ ਗੇੜਾ ਮਾੜਦਾ ਹੈ, ਇਸ ਲਈ ਉਸਦੀਆ ਦੈਹਿਕ ਲੋੜਾਂ ਉਸਨੂੰ ਧਾਰਮਿਕ ਖੇਤਰ ਦੇ ਆਗੂ ਭਾਗ ਸਿੰਘ ਦੇ ਨੇੜੇ ਲੈ ਜਾਦੀਆਂ ਹਨ। ਉਸ ਵੱਲੋਂ ਸਮਾਜਿਕ ਜਾਬਤੇ ਤੋੜ ਕੇ ਭਾਗ ਸਿੰਘ ਦੇ ਨੇੜੇ ਆਉਣ ਦੀ ਗੱਲ ਨੂੰ ਉਸਦੀ ਮਾਨਸਿਕ ਲੋੜ ਵਜੋਂ ਸਵੀਕਾਰਿਆਂ ਜਾ ਸਕਦਾ ਹੈ ਪਰ ਜੁਆਨ ਧੀਆਂ ਪੁੱਤਰਾਂ ਦੇ ਬਾਪ ਭਾਗ ਸਿੰਘ ਵੱਲੋਂ ਉਸ ਤੇ ਹੋਰ ਔਰਤਾਂ ਨਾਲ ਸਬੰਧ ਪੈਦਾ ਕਰਨ ਦੀ ਗੱਲ ਮਾਨਸਿਕ ਐਯਾਸ਼ੀ ਜਾ ਕੁਕਰਮ ਦਾਇਰੇ ਵਿਚ ਆਉਂਦੀ ਹੈ। ਜੱਸੀ ਦੇ ਉਦਾਸ ਰਹਿਣ ਜਾਂ ਸੁਆਰ ਕੇ ਚੁੰਨੀ ਲੈਣ ਦੀ ਕ੍ਰਿਆਤਮਿਕਤਾ ਵਿਚੋਂ ਉਸ ਅੰਦਰਲੇ ਮਾਨਸਿਕ ਦਵੰਦ ਦੀਆਂ ਲੁਕਵੀਆਂ ਪਰਤਾ ਦੀ ਪੜ੍ਹਤ ਕਹਾਣੀ ਦੇ ਕਾਲਤਮਿਕ ਮੁੱਲ ਵਿਚ ਵਾਧਾ ਕਰਨ ਵਾਲੀ ਹੈ।

**ਅਰਵਿੰਦਰ ਕੌਰ ਧਾਲੀਵਾਲ** ਦੀ ਕਹਾਣੀ **'ਲਿਪ ਗਲੌਸ'** ਦੇ ਸਾਰੇ ਹੀ ਪਾਤਰ ਆਪਣੇ ਆਪਣੇ ਪੱਧਰ ਦੀਆ ਮਾਨਸਿਕ ਅਤ੍ਰਿਪਤੀਆਂ ਤੇ ਭਟਕਨਾਵਾ ਦੇ ਸ਼ਿਕਾਰ ਹਨ ।ਆਪਣੀਆਂ ਦੈਹਿਕ ਲੋੜਾਂ ਦੀ ਪੂਰਤੀ ਕਰਨ ਲਈ ਉਹ ਰਵਾਇਤੀ ਧਰਾਤਲ ਦੀ ਸਮਾਜਿਕ ਨੈਤਿਕਤਾ ਦੇ ਹੱਦ ਬੰਨ੍ਹੇ ਪਾਰ ਕਰਨਾ ਆਪਣਾ ਹੱਕ ਸਮਝਦੇ ਹਨ। ਗੀਨਾ, ਭੋਲੀ ਜਾਂ ਡਿੰਪਲ ਅੰਦਰਲੀ ਕਾਮ ਭੁੱਖ ਜਦੋਂ ਸਮਾਜ ਵੱਲੋਂ ਨਿਰਧਾਰਤ ਸੀਮਾਵਾਂ ਨੂੰ ਪਾਰ ਕਰਦੀ ਹੈ ਤਾਂ ਇਹ ਭੁੱਖ ਪੈਦਾ ਹੋਣ ਦੇ ਬਹੁਤ ਸਾਰੇ ਸਮਾਜਿਕ ਆਰਥਿਕ ਤੇ ਮਨੋ ਵਿਗਿਆਨਕ ਕਾਰਨ ਵੀ ਨਾਲ ਹੀ ਉਭਰਦੇ ਹਨ ।ਪਤਨੀ ਦੀ ਦੇਹ ਤੇ ਸੁੰਦਰਤਾ ਨੂੰ ਆਪਣੀ ਤਰੱਕੀ ਦੀ ਪੌੜੀ ਬਣਾਉਣ ਦਾ ਰੁਝਾਣ ਭਾਵੇ ਮਹਾਂਨਗਰੀ ਚੇਤਨਾ ਲਈ ਉਪਰਾ ਨਹੀਂ ਹੈ ਪਰ ਅਜਿਹਾ ਹੋਣ ਤੇ ਪਤੀ ਨੂੰ ਤਿਆਗਣ ਦਾ ਫੈਸਲਾ ਚੁੱਕੀ ਪ੍ਰੀਤਮਾ ਨੂੰ ਉਸਦੀ ਧੀ ਵੱਲੋਂ ਦਿੱਤੀ ਇਹ ਉਪਭੋਗੀ



ਸਲਾਹ ਨਾਰੀ ਦੇ ਸਨਮਾਨ ਯੋਗ ਭਵਿੱਖ ਦੇ ਬਿਲਕੁਲ ਉਲਟ ਜਾਂਦੀ ਵਿਖਾਈ ਦੇਂਦੀ ਹੈ ਕਿ ਉਹ ਉਸਦੇ ਪਿਤਾ ਤੋਂ ਤਲਾਕ ਲੈਣ ਦੀ ਬਜਾਇ ਬਦਲੇ ਵਿਚ ਉਸਦੇ ਪੈਸੇ ਦੀ ਖੁੱਲ੍ਹ ਕੇ ਵਰਤੋਂ ਕਰੇ।

**ਸਿੰਮੀਪ੍ਰੀਤ ਕੌਰ** ਦੀ ਕਹਾਣੀ **'ਝੱਲੀ'** "ਕਾਮ" ਤੇ "ਹਵਸ" ਵਿਚਲੇ ਫਰਕ ਨੂੰ ਦਰਸਾਉਂਦੀ ਹੈ । ਕਾਮ ਤ੍ਰਿਪਤੀ ਮਨੁੱਖ ਦੀ ਮਾਨਸਿਕ ਲੋੜ ਹੈ ਤਾ ਹਵਸ ਉਸ ਅੰਦਰਲੀ ਪਾਸ਼ਵਿਕ ਬਿਰਤੀ ਦਾ ਪ੍ਰਗਟਾਵਾ ਹੈ। ਹਵਸ ਵਿਚ ਅੰਨ੍ਹੇ ਹੋਏ ਬਿੱਕਰ ਸਿੰਘ ਵਰਗੇ ਲੋਕ ਆਪਣੀ ਪੋਤੀ ਦੀ ਉਮਰ ਦੀ ਦਿਮਾਗੀ ਪੱਧਰ ਤੇ ਸਿੱਧਰੀ ਅਬੋਧ ਕੁੜੀ ਨਾਲ ਸਰੀਰਕ ਸਬੰਧ ਜੋੜਦੇ ਹਨ ਤਾਂ ਕਾਮ ਜ਼ਜ਼ਬਾ ਵਿਨਾਸ਼ਕਾਰੀ ਹਵਸ਼ ਦੇ ਅਰਥਾਂ ਵਿਚ ਬਦਲ ਜਾਂਦਾ ਹੈ। 35 ਸਾਲ ਬਾਅਦ ਉਸਨੂੰ ਆਪਣੀ ਪੋਤੀ ਦੇ ਕਾਲ ਗਰਲ ਦੇ ਰੂਪ ਵਿਚ ਨਜ਼ਾਇਜ ਔਲਾਦ ਨੂੰ ਜਨਮ ਦੇਣ ਦੀ ਜਾਣਕਾਰੀ ਮਿਲਦੀ ਹੈ ਤਾਂ ਉਸਨੂੰ ਤੀਬਰ ਅਹਿਸਾਸ ਹੁੰਦਾ ਹੈ ਕਿ ਉਹ ਮਨੁੱਖੀ ਬਿਰਤੀ ਤੋਂ ਬਹੁਤ ਦੂਰ ਤੇ ਪਸ਼ੂ ਬਿਰਤੀ ਦੇ ਵਧੇਰੇ ਨੇੜੇ ਰਿਹਾ ਹੈ। ਪਛਤਾਵੇ ਦਾ ਇਹ ਆਦਰਸ਼ਕ ਅਹਿਸਾਸ ਭਾਵੇਂ ਕੁਦਰਤੀ ਨਿਆਂ 'ਤੇ ਟੇਕ ਰੱਖਦਾ ਹੈ ਪਰ ਕਾਮ ਤੇ ਹਵਸ ਵਿਚਲੇ ਫਰਕ ਨੂੰ ਸਮਝਣ ਤੋਂ ਅਸਮਰੱਥ ਲੋਕਾਂ ਨੂੰ ਇਹ ਅਹਿਸਾਸ ਕਰਵਾਏ ਜਾਣ ਦੀ ਅੱਜ ਬਹੁਤ ਲੋੜ ਹੈ।

**ਵਿਪਨ ਗਿੱਲ** ਦੀ ਕਹਾਣੀ **'ਮੱਛਲੀ ਜਲ ਕੀ ਰਾਣੀ ਹੈ'** ਵਿਚਲੀ ਕੁੜੀ ਨਵਨੀਤ ਪੇਕੇ ਘਰ ਦੀ ਗੁਰਬੱਤ ਦਾ ਹੱਲ ਮਾਨਸਿਕ ਤੌਰ ਤੇ ਬਿਮਾਰ ਸੰਨੀ ਨਾਲ ਵਿਆਹ ਕਰਾਉਣ ਵਿੱਚੋਂ ਤਲਾਸ਼ਦੀ ਹੈ ਪਰ ਆਪਣੀ ਦੈਹਿਕ ਤ੍ਰਿਪਤੀ ਨਾ ਹੋਣ ਕਾਰਨ ਉਸਦੀ ਹਾਲਤ ਜਲ ਬਿਨ ਤੜਫਦੀ ਮੱਛਲੀ ਵਰਗੀ ਬਣ ਜਾਂਦੀ ਹੈ। ਮਾਨਸਿਕ ਤੌਰ ਤੇ ਅਪੰਗ ਸੰਨੀ ਨਾ ਤਾਂ ਸੈਕਸ ਦੇ ਅਰਥ ਹੀ ਜਾਣਦਾ ਹੈ ਤੇ ਨਾ ਹੀ ਪਰਿਵਾਰ ਨੂੰ ਜਾਇਦਾਦ ਦਾ ਅਗਲਾ ਵਾਰਸ ਦੇ ਸਕਦਾ ਹੈ, ਇਸ ਲਈ 'ਵਾਰਸ' ਦੀ ਪ੍ਰਾਪਤੀ ਲਈ ਉਸਦੇ ਸਹੁਰੇ ਵੱਲੋਂ ਆਪਣੀ ਪਤਨੀ ਦੀ ਸਹਿਮਤੀ ਨਾਲ ਉਸ ਨਾਲ ਜਬਰੀ ਸਰੀਰਕ ਸਬੰਧ ਜੋੜ ਲਏ ਜਾਂਦੇ ਹਨ। ਉਹ ਆਪਣੇ ਤੇ ਹੋਏ ਇਸ ਜ਼ੁਲਮ ਦਾ ਵਿਰੋਧ ਤਾ ਕਰਦੀ ਹੈ ਪਰ ਇਸ ਵਿਰੋਧ ਦੀ ਸੁਰ ਐਨੀ ਉੱਚੀ ਨਹੀਂ ਹੈ ਕਿ ਇਹ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਜਾ ਸਕੇ। ਕਹਾਣੀ ਦੇ ਆਖਿਰ ਵਿਚ ਉਸ ਅੰਦਰ ਪੈਦਾ ਹੋਈ ਇਹ ਸੰਕਲਪੀ ਸੋਚ "ਨਹੀ ਨਹੀਂ ਇਹ ਕੁਕਰਮ ਦੁਬਾਰਾ ਨਹੀਂ ਹੋਣ ਦਿਆਂਗੀ .. ਹੱਥ ਵੱਢ ਕੇ ਰੱਖ ਦਿਆਂਗੀ... ਇਸ ਘਰ ਨੂੰ ਅੱਗ ਲਾ ਦਿਆਂਗੀ" ਉਸ ਅੰਦਰਲੀ ਸੰਘਰਸੀ ਸਮਰੱਥਾਂ ਵਿਚ ਹਾਂ ਪੱਖੀ ਵਾਧਾ ਹੋਣ ਵੱਲ ਤਾਂ ਸੰਕੇਤ ਕਰਦੀ ਹੈ ਪਰ ਪਾਠਕੀ ਚਿੰਤਨ ਵਿਚ ਪੈਦਾ ਹੋਏ ਇਸ ਸੁਆਲ ਦਾ ਜਵਾਬ ਦੇਣ ਤੋਂ ਅਸਮਰੱਥ ਹੈ ਕਿ ਆਪਣੇ ਨਾਲ ਪਹਿਲੀ ਵਾਰ ਰੇਪ ਹੋਣ 'ਤੇ 21ਵੀ ਸਦੀ ਦੀ ਪੜ੍ਹੀ ਲਿਖੀ ਨਾਰੀ ਚੁੱਪ ਕਿਉਂ ਰਹੀ ?

**ਜਸਪਾਲ ਕੌਰ** ਦੀ ਕਹਾਣੀ **'ਬੌਗਨਵਿਲੀਆ'** ਬੀਬੀ ਰਜਨੀ ਤੇ ਪਿੰਗਲੇ ਦੀ ਦੰਦ ਕਥਾ ਦੇ ਹਵਾਲੇ ਨਾਲ ਪਾਠਕੀ ਮਨ ਮਸਤਿਕ ਵਿਚ ਤਿੱਖੇ ਸਵਾਲ ਪੈਦਾ ਕਰਦੀ ਹੈ ਕਿ ਅੱਜ ਦੇ ਜੁੱਗ ਦੀ ਪੜ੍ਹੀ ਲਿਖੀ ਕੁੜੀ ਮਾਪਿਆ ਵੱਲੋਂ ਸਹੇੜੇ ਨਾ ਪਸੰਦ ਪਤੀ ਨਾਲ ਮੁਹੱਬਤ ਕਰਦੇ ਰਹਿਣ ਦਾ ਅਣਚਾਹਿਆਂ ਰਿਸ਼ਤਾ ਕਿਉਂ ਨਿਭਾਵੇ ? ਕਹਾਣੀ ਵਿਚਲੀ ਜੀਤੀ ਵੀ ਆਪਣੇ ਨਸ਼ੇੜੀ ਪਤੀ ਨਾਲ ਵਕਤ ਕੱਟੀ ਕਰਨ ਦਾ ਮਾਪਿਆਂ ਵੱਲੋਂ ਸੌਂਪਿਆ ਫਰਜ਼ ਲੰਮਾ ਸਮਾਂ ਨਿਭਾਉਂਦੀ ਹੈ ਤੇ ਰਜਨੀ ਵਾਂਗ ਬਿਮਾਰੀ ਦੀ ਹਾਲਤ ਵਿਚ ਉਸਦੀ ਸੇਵਾ ਸੰਭਾਲ ਵੀ ਕਰਦੀ ਹੈ ਪਰ ਅਧੇੜ ਉਮਰ ਵਿਚ ਜਦੋਂ ਉਸਨੂੰ ਤੇਜਬੀਰ ਦਾ ਸਾਥ ਮਿਲ ਜਾਂਦਾ ਹੈ ਤਾਂ ਉਹ ਤਨ ਤੋਂ ਪਤੀ ਦੇ ਹੁੰਦਿਆਂ ਵੀ ਮਨ ਤੋਂ ਤੇਜਬੀਰ ਦੀ ਹੋ ਜਾਂਦੀ ਹੈ। ਕਹਾਣੀ ਦੀ ਖੂਬਸੂਰਤੀ ਇਸ ਵਿਚ ਹੈ ਕਿ ਉਹ ਮਨ ਤੇ ਤਨ ਦੇ ਰਿਸ਼ਤੇ ਨੂੰ ਰੱਲਗੱਡ ਨਹੀਂ ਹੋਣ ਦਿੰਦੀ , ਜਿਸ ਕਾਰਨ ਚਰਚਿਤ ਹੀਣਤਾ ਦਾ ਬੋਧ ਵੀ ਉਸਨੂੰ ਪ੍ਰੇਸ਼ਾਨ ਨਹੀਂ ਕਰਦੀ ।

**ਕਮਲ ਸੇਖੋਂ** ਦੀ ਕਹਾਣੀ **'ਸ਼ਤਰੰਜ'** ਭਾਵੇ ਲਕੀਰੀ ਬਿਰਤਾਂਤ ਦੀ ਕਹਾਣੀ ਹੈ ਪਰ ਇਸ ਵਿਚਲੀ

ਚਿਤਾਵਨੀ ਨਾਰੀ ਦੇ ਭਵਿੱਖ ਲਈ ਲਾਹੇਵੰਦ ਹੈ ਕਿ ਘਰ ਤੋਂ ਬਾਹਰ ਦੇ ਦੈਹਿਕ ਸਬੰਧਾਂ ਦੀ ਸ਼ਤਰੰਜੀ ਬਿਸਾਤ ਨਾਰੀ ਦੇ ਮੰਜ਼ਲ ਦੇ ਨੇੜੇ ਪਹੁੰਚਣ ਦਾ ਭੁਲੇਖਾ ਤਾਂ ਸਿਰਜ ਸਕਦੀ ਹੈ ਪਰ ਇਹ ਉਸਨੂੰ ਮੰਜ਼ਲ ਤੱਕ ਪਹੁੰਚਾ ਨਹੀਂ ਸਕਦੀ। ਆਪਣੀ ਫ਼ੌਜੀ ਪਤੀ ਦੀ ਗ਼ੈਰ ਹਾਜ਼ਰੀ ਵਿਚ ਆਪਣੀਆਂ ਦੈਹਿਕ ਲੋੜਾਂ ਲਈ ਘਰ ਤੋਂ ਬਾਹਰ ਜੋੜੇ ਸਰੀਰਕ ਸਬੰਧ ਕਹਾਣੀ ਦੀ ਪਾਤਰ ਸੁਰਜੀਤ ਕੌਰ ਨੂੰ ਕਾਲ ਗਰਲ ਬਨਣ ਦੇ ਮੁਕਾਮ ਤੱਕ ਲੈ ਜਾਂਦੇ ਹਨ। ਉਸਨੂੰ ਭੁਲੇਖਾ ਹੈ ਕਿ ਉਸਨੂੰ ਜੀਅ ਜਾਨ ਨਾਲ ਪਿਆਰ ਕਰਨ ਦਾ ਦਾਅਵਾ ਕਰਨ ਵਾਲਾ ਤਲਾਕਸ਼ੁਦਾ ਕਮਲਦੀਪ ਉਸਨੂੰ ਪਤਨੀ ਵਜੋਂ ਸਵੀਕਾਰ ਕਰ ਲਵੇਗਾ। ਇਹ ਭਰਮ ਟੁੱਟਣ ਤੋਂ ਬਾਅਦ ਹੀ ਉਹ ਮਹਿਸੂਸ ਕਰਦੀ ਹੈ ਕਿ ਜ਼ਿੰਦਗੀ ਦੀ ਸ਼ਤਰੰਜ ਤੇ ਚੱਲੀਆ ਗਲਤ ਚਾਲਾਂ ਨੇ ਉਸ ਤੋਂ ਘਰ ਹੀ ਨਹੀਂ ਖੋਹ ਲਿਆ ਸਗੋਂ ਬਜ਼ਾਰ ਵਿਚ ਵਿੱਕਣ ਵਾਲੀ ਵਸਤੂ ਵੀ ਬਣਾ ਦਿੱਤਾ ਹੈ।

**ਗੁਰਮੀਨ ਕੌਰ** ਦੀ ਕਹਾਣੀ **'ਦੂਰ ਦਸੇਂਦੀ ਰੋਸ਼ਨੀ'** ਸਮਾਜ ਵਿਚ ਔਰਤ ਦੀ ਤ੍ਰਾਸਦਿਕ ਦਸ਼ਾ ਦਾ ਕਾਰਨ ਉਸ ਅੰਦਰਲੀ ਸੰਘਰਸ਼ੀ ਇੱਛਾ ਸ਼ਕਤੀ ਦੀ ਘਾਟ ਨੂੰ ਮੰਨਦੀ ਹੈ, ਜਿਸ ਦੇ ਚਲਦਿਆਂ ਉਹ ਆਪਣੇ ਨਾਲ ਹੁੰਦੇ ਅਨਿਆਂ ਦਾ ਪ੍ਰਤੀਉੱਤਰ ਨਹੀਂ ਸਿਰਜ ਸਕਦੀ। ਪਤੀ ਤੇ ਸੱਸ ਵੱਲੋਂ ਬੇ-ਕਸੂਰ ਹੁੰਦਿਆ ਵੀ ਦੁਰਕਾਰੇ ਜਾਣ 'ਤੇ ਕਹਾਣੀ ਦੀ ਪਾਤਰ ਰੱਜੀ ਆਪਣੇ ਨਾਲ ਕੰਮ ਕਰਦੇ ਸਾਥੀ ਨਾਲ ਮਾਨਸਿਕ ਸਾਂਝ ਤਾਂ ਜੋੜ ਲੈਂਦੀ ਹੈ ਪਰ ਕਮਾਊ ਔਰਤ ਹੋਣ ਦੇ ਬਾਵਜੂਦ ਆਪਣੇ ਨਾਲ ਹੋਣ ਵਾਲੀਆਂ ਵਧੀਕੀਆਂ ਦਾ ਜਵਾਬ ਨਹੀਂ ਦੇਂਦੀ ।'ਲੋਕ ਕੀ ਕਹਿਣਗੇ' ਦੀ ਸੰਸਕਾਰਗਤ ਰੂੜ੍ਹੀ ਉਸਦੇ ਪੈਰਾਂ ਦੀ ਬੇੜੀ ਬਣ ਜਾਂਦੀ ਹੈ ਤਾਂ ਉਸਦੇ ਮਾਮੇ ਦੀ ਨੂੰਹ ਉਸ ਅੰਦਰ ਨਵੇਂ ਅਹਿਸਾਸ ਪੈਦਾ ਕਰਦੀ ਹੈ ਕਿ ਉਸਨੂੰ ਆਪਣੀ ਜ਼ਿੰਦਗੀ ਜਿਉਣ ਤੇ ਇਸ ਬਾਰੇ ਫੈਸਲਾ ਲੈਣ ਦਾ ਪੂਰਾ ਹੱਕ ਹੈ। ਕਹਾਣੀ ਦੇ ਵਿਸ਼ਾ ਦੀ ਚੋਣ ਤੇ ਇਸ ਦੀ ਪੇਸ਼ਕਾਰੀ ਭਾਵੇ ਲਕੀਰੀ ਤਰਜ਼ ਦੀ ਹੈ ਪਰ ਇਸ ਤੋਂ ਇਹ ਨਵੀ ਕਹਾਣੀਕਾਰਾ ਤੋਂ ਭਵਿੱਖ ਵਿਚ ਵੱਡੀਆਂ ਆਸਾਂ ਰੱਖੀਆਂ ਜਾ ਸਕਦੀਆਂ ਹਨ।

'ਨਵੀਨ ਕਹਾਣੀ ਧਾਰਾ' ਕਾਲਮ ਅਧੀਨ ਵੀ ਬਿਲਕੁੱਲ ਨਵੀਂ ਕਹਾਣੀਕਾਰਾ **'ਅਨੁਰਾਧਾ'** ਦੀ ਪਲੇਠੀ ਕਹਾਣੀ **'ਬੇਬਸੀ'** ਵੀ ਨਵੀਂ ਕਲਮ ਨੂੰ ਉਤਸ਼ਾਹ ਦੇਣ ਵਾਲਾ ਕਦਮ ਹੈ। ਜਵਾਨ ਔਰਤ ਦੀ ਸਮਾਜਿਕ ਤਬਦੀਲ ਕਰਨ ਦੀ ਸੋਚ ਨੂੰ ਕਹਾਣੀ ਅਧਾਰ ਬਣਾਉਂਦੀ ਹੈ।

ਇਸ ਤਰਾਂ **'ਕਹਾਣੀ ਧਾਰਾ'** ਦਾ ਇਹ ਵਿਸ਼ੇਸ਼ ਅੰਕ ਬਾਰੇ ਇਹ ਦਾਅਵਾ ਪੁਖਤਾ ਰੂਪ ਵਿਚ ਕੀਤਾ ਜਾ ਸਕਦਾ ਹੈ ਕਿ ਇਹ ਅਜੋਕੀ ਨਾਰੀ ਕਥਾਕਾਰੀ ਦੀ ਦਸ਼ਾ , ਦਿਸ਼ਾ ਤੇ ਦ੍ਰਿਸ਼ਟੀ ਬਾਰੇ ਭਾਵ ਪੂਰਤ ਸੰਵਾਦ ਸਿਰਜਦਾ ਹੈ। ਇਸ ਅੰਕ ਵਿਚ ਸ਼ਾਮਿਲ ਕਹਾਣੀਆਂ ਬਦਲ ਰਹੇ ਸਮੇਂ ਤੇ ਸਥਿਤੀਆ ਅਨੁਸਾਰ ਨਾਰੀ ਜੀਵਨ ਨੂੰ ਅਜਿਹੀ ਦਿਸ਼ਾ ਦੇਣ ਦੀ ਕੋਸ਼ਿਸ਼ ਵਿਚ ਹਨ ਜਿਹੜੀ ਉਸਦੀਆਂ ਸੋਚਾਂ ਤੇ ਸੁਪਨਿਆ ਦੇ ਹਾਣ ਦੀ ਹੋਵੇ। ਕਿਸੇ ਵੀ ਕਹਾਣੀ ਲੇਖਿਕਾ ਦੀ ਵਿਚਾਰਧਾਰਕ ਦ੍ਰਿਸ਼ਟੀ ਉਸਦੀ ਆਪਣੀ ਸਮਾਜਿਕ ਤੇ ਆਰਥਿਕ ਹੋਂਦ ਨਾਲ ਨਾਲ ਅੰਤਰ ਸਬੰਧਤ ਹੁੰਦੀ ਹੈ, ਇਸ ਲਈ ਉਹ ਆਪਣੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਹੀ ਨਾਰੀ ਜੀਵਨ ਦੀ ਦਿਸ਼ਾ ਬਾਰੇ ਆਪਣੇ ਮੌਲਿਕ ਤਰਕ ਵਿਤਰਕ ਸਿਰਜਦੀ ਹੈ। ਇਹਨਾਂ ਕਹਾਣੀਆਂ ਦੇ ਪਾਠ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਹਰੇਕ ਕਹਾਣੀਕਾਰਾ ਨੇ ਸਮਾਜ ਨਾਲ ਆਪਣੇ ਤਣਾਉਸ਼ੀਲ ਜਾਂ ਸੁਖਾਵੇ ਸਬੰਧਾ ਦੇ ਅਧਾਰ 'ਤੇ ਬਣੇ ਆਪਣੇ ਦ੍ਰਿਸ਼ਟੀਕੋਨ ਨੂੰ ਪੂਰਨ ਇਮਾਨਦਾਰੀ ਨਾਲ ਪਾਠਕਾਂ ਤੱਕ ਪੁੱਜਦਾ ਕੀਤਾ ਹੈ ।ਮੈਂ ਵੀ ਇਸ ਅਧਾਰ ਤੇ ਹੀ ਇਸ ਅੰਕ ਵਿਚਲੀਆਂ ਕਹਾਣੀਆਂ ਨੂੰ ਸਮਝਿਆ ਤੇ ਵਿਸਲੇਸ਼ਿਤ ਕੀਤਾ ਹੈ। ਮੇਰੀ ਸਮਝ ਨਾਲ ਸਹਿਮਤ ਹੋਣ ਜਾਂ ਨਾ ਹੋਣ ਦਾ ਹੱਕ ਤੁਹਾਡੇ ਲਈ ਰਾਖਵਾਂ ਹੈ।

(**ਸੰਪਰਕ- 89682-82700**)




## ਸੰਵਾਦ: 2

## ਪੰਜਾਬੀ ਕਹਾਣੀ:ਨਾਰੀ ਕਥਾਕਾਰੀ ਰਚਨਾ ਮੁਲਾਂਕਣ

**('ਕਹਾਣੀ ਧਾਰਾ' ਦੇ ਵਿਸ਼ੇਸ਼ ਅੰਕ-60 'ਨਾਰੀ ਕਥਾਕਾਰੀ' ਦੇ ਸੰਦਰਭ 'ਚ )**

**- ਡਾ. ਨਵਜੋਤ ਕੌਰ**




ਮਨੁੱਖੀ ਵਿਹਾਰ ਦਾ ਰਹੱਸ ਸਮਝਣ/ਸਮਝਾਉਣ ਦਾ ਵਸੀਲਾ ਬਣ ਚੁੱਕੀ ਪੰਜਾਬੀ ਕਹਾਣੀ ਬਹੁ-ਕੇਂਦਰੀਵਾਦ ਦੀ ਧੁਨੀ ਉਸਾਰਦੀ ਹੋਈ, ਮਾਨਵੀ ਜੀਵਨ ਦੇ ਨਿੱਕੇ ਤੋਂ ਨਿੱਕੇ ਛਿਣਾਂ ਨੂੰ ਵੀ ਆਪਣੇ ਕਲੇਵਰ ਵਿਚ ਲੈ ਰਹੀ ਹੈ। ਇਕੱਵੀਂ ਸਦੀ ਦੇ ਆਰੰਭ ਤੋਂ ਪੰਜਾਬੀ ਕਹਾਣੀ ਵਿਚ ਨਾਰੀ ਦੀ ਹਿੱਸੇਦਾਰੀ ਇਕ ਸੰਤੁਲਨ ਕੋਣ ਤੋਂ ਹੋਣ ਲੱਗੀ ਅਤੇ ਨਾਰੀ ਕਹਾਣੀ ਕਾਰਾਂ ਦਾ ਪ੍ਰਤੀਕਿਰਿਆਵੀ ਰੂਪ ਮੱਧਮ ਪੈ ਕੇ ਵਿਸ਼ਲੇਸ਼ਣੀ ਸੁਭਾਅ ਵਾਲਾ ਬਣਨ ਲੱਗ ਪਿਆ।

ਆਧੁਨਿਕ ਦੌਰ ਵਿਚ ਮਨੁੱਖੀ ਜੀਵਨ ਲਾਲਚ ਵੱਸ ਅਨੇਕਾਂ ਵਿਸੰਗਤੀਆਂ ਵਿਚ ਮਸ਼ਰੂਫ ਹੋਇਆ, ਤਮਾਮ ਅਜਿਹੇ ਅਨੈਤਿਕ ਮੁੱਲਾਂ ਨੂੰ ਅੰਗੀਕਾਰ ਕਰ ਚੁੱਕਾ ਹੈ, ਜਿਹਨਾਂ ਨਾਲ ਜਾਇਜ਼ ਨਜਾਇਜ਼ ਵਰਗਾ ਕੁਝ ਨਹੀਂ ਰਹਿ ਜਾਂਦਾ। ਪਤੀ-ਪਤਨੀ ਦੇ ਰੂਪ ਵਿਚ ਇਕ ਜੋਤ ਦੋ ਮੂਰਤੀ ਹੋਣ ਦੀ ਜਿਹੜੀ ਮਰਯਾਦਾ ਸਦੀਆਂ ਦੇ ਤਜਰਬੇ ਨੇ ਸਥਾਪਿਤ ਕੀਤੀ ਸੀ, ਹੁਣ ਉਸਨੂੰ ਤੋੜਨ ਲੱਗਿਆਂ ਮਿੰਟ ਨਹੀਂ ਲੱਗਦਾ। ਔਰਤ-ਮਰਦ ਦੇ ਸੁਭਾਵਿਕ ਕਾਮ ਸੰਬੰਧ ਵਿਕਾਰਗ੍ਰਸਤ ਹੋ ਕੇ ਆਪਣੀ ਸਿਰਜਨਾਤਮਕ ਆਭਾ ਗੁਆ ਬੈਠੇ ਹਨ। ਬਹੁਤੀਆਂ ਕਹਾਣੀਕਾਰਾਂ ਨੇ ਏਸੇ ਵਿਸ਼ੇ ਨੂੰ ਚੁਣੌਤੀ ਵਜੋਂ ਲੈ ਕੇ ਆਪਣੀ ਕਲਾਤਮਿਕ ਸਮਰੱਥਾ ਦਾ ਪ੍ਰਗਟਾਵਾ ਕਰਦਿਆਂ, ਹਸਤਾਖਰ ਦੇ ਨਿਆਰੇਪਣ ਸਿਰਜੇ ਹਨ।

ਨਾਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚੋਂ ਇਹ ਭਾਵ ਉਭਰਦਾ ਹੈ ਕਿ ਗ੍ਰਹਿਸਥੀ ਜੀਵਨ ਗੁਜ਼ਾਰਦਿਆਂ ਹੋਇਆਂ ਵੀ ਕਿਸੇ ਨਾ ਕਿਸੇ ਘਾਟ ਕਾਰਨ "ਘਰ" ਦਾ ਅਹਿਸਾਸ ਨਾ ਕਰ ਪਾਉਂਦੀ ਅੱਜ ਦੀ ਔਰਤ, ਰਿਸ਼ਤਿਆਂ ਨੂੰ ਪਾਲਣ ਦਾ ਦਿਖਾਵਾ ਕਰਦੀ ਹੋਈ, ਪਤੀ ਮਕਾਨ ਨੂੰ ਤਿਲਾਂਜਲੀ ਦੇ ਕੇ ਪ੍ਰੇਮੀ ਨਾਲ ਤੁਰ ਪੈਂਦੀ ਹੈ ਪਰੰਤੂ ਪਤੀ ਸੰਗ ਰਹਿੰਦਿਆਂ, ਪ੍ਰੇਮੀ ਨਾਲ ਵਿਚਰਦੀ ਇਹ ਔਰਤ, ਕਿਸ ਤਰ੍ਹਾਂ ਦੇ ਘਰ ਦੀ ਨੀਂਹ ਰੱਖ ਰਹੀ ਹੈ? ਪਤੀ ਨਾਲ ਰਹਿਣ ਦੀ ਮਜ਼ਬੂਰੀ ਬੱਚੇ ਅਤੇ ਰੁਤਬਾ ਹੈ ਅਤੇ ਪ੍ਰੇਮੀ ਨੂੰ ਮਾਨਣ ਦਾ ਕਾਰਨ ਪਿਆਰ ਮਲਾਲ ਹੈ ਜਿਸ ਦੀ ਸ਼ੁਰੂਆਤ ਸਿੱਧੀ ਜਿਨਸੀ ਸੰਬੰਧਾਂ ਤੋਂ ਹੁੰਦੀ ਹੈ ਅਤੇ ਇਸ ਵਿਚ ਸੋਸ਼ਲ ਮੀਡੀਆ ਸਾਧਨ ਵਜੋਂ ਭੂਮਿਕਾ ਨਿਭਾਉਂਦਾ ਹੈ। ਉਦਾਹਰਨ ਦੇ ਤੌਰ 'ਤੇ **'ਕਹਾਣੀ ਧਾਰਾ'** ਦੇ ਅਕਤੂਬਰ-ਦਸੰਬਰ 2020 ਅੰਕ ਵਿਚ ਭਗਵੰਤ ਰਸੂਲਪੁਰੀ ਦੀ ਛਪੀ ਕਹਾਣੀ **"ਛਣ-ਛਣ"** ਵਿਚ ਉਹਨਾਂ ਸਾਰੇ ਸੱਬਬਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਹਨਾਂ ਕਾਰਨ ਇਕੱਲਤਾ ਭੋਗ ਰਿਹਾ ਅਜੋਕਾ ਮਨੁੱਖ ਸੋਸ਼ਲ ਐਪਸ ਦਾ ਦੀਵਾਨਾ ਹੋ ਕਿ ਰਹਿ ਗਿਆ ਹੈ। ਚਿੱਠੀ ਜੁਗਤ ਵਿਚ ਲਿਖੀ ਇਸ ਕਹਾਣੀ ਵਿਚ ਕਹਾਣੀਕਾਰ ਨੇ ਪਿੱਛਲਝਾਤ ਵਿਧੀ ਰਾਹੀਂ ਫ਼ੌਜੀ ਜੀਵਨ ਅਤੇ ਜੰਗੀ ਮਾਹੌਲ ਦੇ ਵੇਰਵੇ ਦੇ ਕੇ ਕਹਾਣੀ ਦੀ ਵਖੱਰਤਾ ਸਥਾਪਿਤ ਕੀਤੀ ਹੈ ਕਿ ਬੇਸ਼ੱਕ ਮੋਬਾਇਲ ਫੋਨ ਨੇ ਪੂਰੀ ਦੁਨੀਆਂ ਨੂੰ ਬੰਦੇ ਦੇ ਹੱਥਾਂ ਵਿਚ ਲਿਆ ਕੇ ਰੱਖ

ਦਿੱਤਾ ਹੈ ਅਤੇ ਬੁਢਾਪੇ ਵਿਚ ਜਵਾਨੀ ਦਾ ਅਹਿਸਾਸ ਕਰਵਾ ਜਾਂਦੀ ਫੇਕ ਬੁੱਕ ਬਣੀ ਫੇਸ ਬੁੱਕ ਇਕ ਵਾਰ ਸਵਰਗਾਂ ਦੇ ਝੂਟੇ ਵੀ ਦਿਵਾ ਦਿੰਦੀ ਹੈ ਪਰ ਇਸ ਦੇ ਪਾਰਗਾਮੀ ਨਤੀਜੀਆਂ ਵਜੋਂ ਕਈ ਵਸਦੇ ਘਰ ਬਰਬਾਦ ਹੋ ਚੁੱਕੇ ਹਨ। ਕਹਾਣੀ ਬਿਰਤਾਂਤ ਦੇ ਜੰਗ ਦੇ ਮਰਮਿਕ ਵੇਰਵੇ ਕਹਾਣੀ ਦਾ ਹਾਸਲ ਹਨ।

***ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ:***

*ਕਾਮ-ਭਾਵਨਾਵਾਂ ਦੇ ਪ੍ਰਗਟਾਵੇ ਉੱਤੇ ਸਾਮੰਤੀ ਸੰਸਕ੍ਰਿਤੀ ਦੀ ਟੈਬੂ-ਚੇਤਨਾ ਦੀ ਕਠੋਰ ਗ੍ਰਿਫਤ ਅਤੇ ਇਸ ਦੇ ਸਹਿਜ ਵਿਕਾਸ ਦੇ ਸੀਮਤ ਸਾਧਨਾਂ ਕਾਰਨ ਭਾਰਤੀ ਮਨ ਪਹਿਲਾਂ ਹੀ ਵਿਸਫੋਟਕ ਸਥਿਤੀ ਤੱਕ ਪਹੁੰਚਿਆ ਹੋਇਆ ਸੀ ਅਤੇ ਕਿਸੇ ਨਿਕਾਸੀ-ਚੈਨਲ ਦੀ ਤਲਾਸ਼ ਵਿਚ ਸੀ, ਜਿਹੜਾ ਉਸ ਨੂੰ ਮੀਡੀਏ ਦੁਆਰਾ ਪ੍ਰਦਰਸ਼ਿਤ ਨੰਗੇਜ ਦੇ ਰੂਪ ਵਿਚ ਪ੍ਰਾਪਤ ਹੋ ਗਿਆ। ਨਵੀਂ ਪੰਜਾਬੀ ਕਹਾਣੀ ਵਿਚ ਕਾਮ ਦਾ ਤਾਂਡਵ ਨਾਚ ਅਨੇਕਾਂ ਰੂਪਾਂ 'ਚ ਪੇਸ਼ ਹੋਇਆ ਹੈ।*[1]

ਲਫ਼ਜ਼ੀ ਚੱਕਰ ਦੇ ਫ਼ਰਕ ਨਾਲ ਪੇਸ਼ ਹੋਈਆਂ ਕਹਾਣੀਆਂ **'ਬੋਗਨਵਿਲੀਆ'** (ਜਸਪਾਲ ਕੌਰ) ਅਤੇ **'ਵਸ਼ੀਕਰਣ'** (ਦੀਪਤੀ ਬਬੂਟਾ) ਦੀਆਂ ਮੁੱਖ ਪਾਤਰਾਂ ਨੂੰ ਉਮਰ ਦੇ ਚਾਰ ਦਹਾਕੇ ਪਾਰ ਕਰਨ 'ਤੇ ਮੁਹੱਬਤ ਦਾ ਅਹਿਸਾਸ ਹੁੰਦਾ ਹੈ ਜਿਸ ਦਾ ਆਧਾਰ ਭੂਤਕਾਲ ਦੀ ਦੋਸਤੀ ਬਣਦੀ ਹੈ। ਜਵਾਨੀ ਸਮੇਂ ਪਿਤਰੀ ਤਾਕੀਦਾਂ ਦੀਆਂ ਪਾਲਕ ਇਹ ਪਾਤਰਾਂ ਆਪਣੇ ਭਾਵਾਂ ਨੂੰ ਜ਼ਬਾਨ ਨਹੀਂ ਦੇ ਸਕੀਆਂ ਤਾਂ ਕੁਆਰੀ ਮਹਿਕ ਭੁੱਬਲ ਹੇਠ ਦੱਬੀ ਚੰਗਿਆੜੀ ਬਣ ਸੁਲਗਣ ਲੱਗ ਪਈ ਸੀ। ਮਾਨਸਿਕ ਦਵੰਦ ਦਾ ਸ਼ਿਕਾਰ ਇਹਨਾਂ ਪਾਤਰਾਂ ਨੂੰ ਇਕ ਪਾਸੇ ਖਦਸ਼ਾ ਵੀ ਹੈ ਕਿ ਉਹਨਾਂ ਦੀ ਵਰ੍ਹਿਆਂ ਦੀ ਵਫਾਦਾਰੀ ਉੱਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ ਅਤੇ ਦੂਜੇ ਪਾਸੇ ਭਰੇ-ਭਕੁੰਨੇ ਘਰਾਂ ਵਿਚ ਰਹਿੰਦਿਆਂ ਵੀ ਅੰਦਰੂਨੀ ਖਲਾਅ ਨੂੰ ਮਹਿਸੂਸਦੀਆਂ ਹੋਈਆਂ, ਓਪਰੇ ਮਰਦਾਂ ਦੇ ਸੰਪਰਕ ਵਿਚ ਆਉਣ 'ਤੇ ਇਹਨਾਂ ਦੇ ਚੇਹਰੇ ਗੁਲਾਬੀ ਭਾਹ ਮਾਰਨ ਲੱਗ ਪੈਂਦੇ ਹਨ।

*ਇਹ ਕੈਸਾ ਵਸ਼ੀਕਰਣ ਸੀ? ਰੰਗਾਂ 'ਚ ਵੱਸੀ ਅਜਬ ਜਿਹੀ ਮਹਿਕ ਤੋਂ ਮੈਂ ਜਿੰਨਾ ਪਿੱਛਾ ਛੁਡਾਉਣ ਦੀ ਚਾਰਾਜੋਈ ਕਰਦੀ, ਉਹ ਉਨ੍ਹੀ ਹੀ ਪੁਰਜ਼ੋਰ ਹੋ ਚੇਤਿਆਂ ਦੀ ਪਿਟਾਰੀ 'ਚੋਂ ਸਿਰ ਚੁੱਕ-ਚੁੱਕ ਮੈਨੂੰ ਡੱਸਦੀ। ਅਚੇਤ ਮਨ 'ਚ ਵੱਸਿਆ ਅਭੀਜੀਤ ਹੱਡਾਂ ਨੂੰ ਤੋੜਾ-ਖੋਹੀ ਲਾਉਂਦਾ। ਮੇਰੇ ਅੰਦਰ ਖ਼ੁਸ਼ਬੂਆਂ ਤਰੌਂਕਾ ਕਰਦੀਆਂ। ਹੱਥ-ਪੈਰ ਖੁੱਸਦੇ। ਮੈਂ ਸਾਵਣ ਦੀ ਤ੍ਰਿਹਾਈ ਬੱਦਲੀ ਬਣ ਤੜਫਦੀ।*[2] 'ਵਸ਼ੀਕਰਣ'

ਦਿਲ ਤੋਂ ਦਿਮਾਗ਼ ਤੱਕ ਦੀ ਪ੍ਰਵਾਨਗੀ ਚਾਹੁੰਦੀਆਂ, ਇਹਨਾਂ ਔਰਤਾਂ ਨੂੰ ਗਿਆਤ ਹੈ ਕਿ ਬਹੁ ਜਿਸਮਾਂ ਦਾ ਸਾਥ ਮਾਣ ਚੁੱਕੇ ਇਹ ਓਪਰੇ ਮਰਦ ਕਿਵੇਂ ਸਿਰਫ ਉਹਨਾਂ ਦੇ ਹੀ ਹੋ ਕੇ ਰਹਿ ਸਕਦੇ ਹਨ। ਜਦ ਕਿ ਦੋਹਰੇ ਵਿਹਾਰ ਵਾਲੇ ਇਹ ਮਰਦ ਮੂੰਹੋਂ ਇਕਬਾਲ ਕਰਦੇ ਹਨ ਕਿ ਨਾ ਤਾਂ ਉਹ ਆਪਣੀ ਬੀਵੀ ਦੀ ਕਿਸੇ ਹੋਰ ਨਾਲ ਸਾਂਝ ਬਰਦਾਸ਼ਤ ਕਰ ਸਕਦੇ ਹਨ ਅਤੇ ਨਾ ਹੀ ਆਪ ਭਾਂਤ-ਭਾਂਤ ਦੇ ਬਾਹਰੀ ਸਵਾਦਾਂ ਤੋਂ ਪ੍ਰਹੇਜ਼ ਕਰ ਸਕਦੇ ਹਨ। ਇੱਥੇ ਸਮਝਦਾਰ ਔਰਤ ਦੀ ਸਮਝ 'ਤੇ ਪ੍ਰਸ਼ਨ ਉੱਠਦਾ ਹੈ, ਜਿਹੜੀ ਪਤੀ ਦੁਆਰਾ ਪਰਦਾਫਾਸ਼ ਕਰਨ 'ਤੇ ਚਲਿੱਤਰ ਦੀ ਖੇਡ ਖੇਡ ਕੇ ਆਪ ਚਰਿੱਤਰਵਾਨ ਤਾਂ ਬਣ ਜਾਂਦੀ ਹੈ ਪਰ ਜੇਕਰ ਪਤੀ ਦਾ ਰੂਹ ਦਾ ਹਾਣੀ ਬਣਨ ਦੀ ਥਾਂ ਤਨ ਦਾ ਕਾਬਜ਼ ਬਣਨਾ ਅਨਿਆਂ ਹੈ ਤਾਂ ਬੱਚਿਆਂ ਦੇ ਹੁੰਦੇ-ਸੁੰਦੇ,ਓਪਰੇ ਮਰਦ ਦੀ ਵਕਤੀ ਮੁਹੱਬਤ ਵਿਚ ਕੈਦ ਹੋ ਜਾਣਾ ਕਿੰਨਾ ਕੁ ਵਾਜਬ ਹੈ। "ਮਰਦ ਹੋਵੇ ਜਾਂ ਔਰਤ ਕੋਈ ਕਿਸੇ ਦਾ ਉਦੋਂ ਹੀ ਸ਼ੋਸ਼ਣ ਕਰ ਸਕਦਾ ਹੈ,ਜਦੋਂ ਇਕ ਜਣਾ ਦੂਜੇ ਹੱਥੋਂ ਸ਼ੋਸ਼ਿਤ ਹੋਣਾ ਪਰਵਾਨ ਕਰਦਾ ਹੈ। ਹਾਲਾਤ ਤੋਂ ਬੇਵੱਸ ਹੋ ਕੇ ਜਾਂ ਫਿਰ ਇਮੋਸ਼ਨਲੀ ਅਟੈਚ ਹੋ ਕੇ ਜਦੋਂ ਇਕ ਧਿਰ ਦੂਜੇ ਪ੍ਰਤੀ ਖ਼ੁਦ ਨੂੰ ਸਮਰਪਿਤ ਕਰ ਦਿੰਦੀ ਹੈ ਤਾਂ ਸ਼ੋਸ਼ਣ ਦਾ ਚੱਸ ਵਧੇਰੇ ਹੋ ਜਾਂਦਾ ਹੈ ਜਦੋਂ ਇਮੋਸ਼ਨਲ ਓਰੇ 'ਚ ਸ਼ੋਸ਼ਿਤ ਹੋ ਰਹੀ ਧਿਰ ਜਾਗਰੂਕ ਹੋ ਜਾਂਦੀ ਹੈ ਤਾਂ ਬਗਾਵਤ 'ਤੇ ਉਤਰ ਆਉਂਦੀ ਹੈ।"[3]

"ਵਸ਼ੀਕਰਣ" ਕਹਾਣੀ ਦੀ ਸੰਗੀਤਾ ਦਾ ਅਭੀਜੀਤ ਦੇ ਮੂੰਹੋਂ ਤਹਿਸੀਲਦਾਰਨੀ ਸ਼ਬਦ (ਜੋ ਕਿ ਉਸਦੇ ਆਪਣੇ ਪਤੀ ਤਹਿਸੀਲਦਾਰ ਦੀ ਪਤਨੀ ਹੋਣ ਦਾ ਸੂਚਕ ਹੈ) ਸੁਣਦਿਆਂ ਹੀ ਆਪਣੇ ਚਾਹੁਣ ਵਾਲੇ ਦੀ ਮਹਿਕ ਦੇ ਵਸ਼ੀਕਰਣ ਤੋਂ ਇਕਦਮ ਮੁਕਤ ਹੋ ਜਾਣਾ, ਕਹਾਣੀ ਨੂੰ ਮੂਲਾਰਥ ਅਤੇ ਸੰਗੀਤਾ ਨੂੰ



ਆਦਰਸ਼ਕ ਨਾਰੀ ਬਣਾ ਦਿੰਦਾ ਹੈ।

ਹਵਸ ਦੀ ਪਿਆਸ ਕਦੀ ਪੂਰੀ ਜਾਂ ਸੰਤੁਸ਼ਟ ਨਹੀਂ ਹੁੰਦੀ। ਦਮਿਤ ਇੱਛਾਵਾਂ ਦੇ ਤੀਬਰ ਰੂਪ ਵਿਚ ਪੇਸ਼ ਹੋਈ ਕਹਾਣੀ **'ਮੈਂ ਆਪ ਨਾ ਲਾਈਆਂ ਵੇ'** (**ਬਲਬੀਰ ਕੌਰ ਰੀਹਲ** ) ਦੀ ਜੱਸੀ, ਪ੍ਰਦੇਸ ਗਏ ਪਤੀ ਦੀ ਅਣਹੋਂਦ ਵਿਚ ਭਾਗ ਸਿੰਘ ਨਾਲ ਵਰਜਿਤ ਸੰਬੰਧ ਬਣਾਉਂਦੀ ਫੜੀ ਜਾਂਦੀ ਹੈ ਪਰ ਆਪਣੇ ਪਾਤਰ ਦੀ ਖ਼ੈਰਖੁਆਹ ਕਹਾਣੀਕਾਰਾ ਦਾ ਮੰਨਣਾ ਹੈ ਕਿ "ਜੇ ਮੇਰੀਆਂ ਸਿਰਜੀਆਂ ਔਰਤ ਪਾਤਰ ਨਜਾਇਜ਼ ਸਰੀਰਕ ਸੰਬੰਧਾਂ ਦਾ ਰਸਤਾ ਚੁਣਦੀਆਂ ਹਨ ਤਾਂ ਉਹਨਾਂ ਹਾਲਤਾਂ ਲਈ ਔਰਤਾਂ ਜ਼ਿੰਮੇਵਾਰ ਨਹੀਂ ਹਨ, ਉਹਨਾਂ ਲਈ ਅਜਿਹੇ ਹਾਲਾਤ ਮਰਦਾਂ ਦੁਆਰਾ ਪੈਦਾ ਕੀਤੇ ਜਾਂਦੇ ਹਨ ਜਾਂ ਪੈਦਾ ਹੋ ਜਾਂਦੇ ਹਨ, ਜਿਹਨਾਂ ਕਰਕੇ ਉਹ ਅਨੈਤਿਕ ਸੰਬੰਧਾਂ ਦਾ ਰਸਤਾ ਚੁਣਦੀਆਂ ਹਨ।"[4] ਇੰਜ ਇਸ ਕਹਾਣੀ ਦੀ ਮੁੱਖ ਟੇਕ ਮਨੁੱਖ ਦੀ ਬੇਸਿਕ ਨੀਡ 'ਤੇ ਆਧਾਰਿਤ ਹੈ ਜਿਸ ਕਾਰਨ ਮਨੁੱਖ ਆਪਣੀ ਜ਼ਮੀਰ ਵੀ ਦਾਅ 'ਤੇ ਲੱਗਾ ਦਿੰਦਾ ਹੈ।

ਮਰਦ ਵਿਚ ਨਾਰੀ ਦੇ ਗੁਣ ਆ ਜਾਣ ਤਾਂ ਉਹ ਮਹਾਨ ਅਤੇ ਜੇ ਔਰਤ ਵਿਚ ਮਰਦ ਦੇ ਗੁਣ ਆ ਜਾਣ ਤਾਂ ਉਹ ਕੁਲਟਾ ਬਣ ਜਾਂਦੀ ਹੈ। ਇਸੇ ਬਣਤਰ 'ਤੇ ਬੁਣੀ ਕਹਾਣੀ **'ਲਿਪ ਗਲੌਸ'** (**ਅਰਵਿੰਦਰ ਕੌਰ ਧਾਲੀਵਾਲ**) ਵਿਚ ਓਪਰੇ ਮਰਦ ਦੇ ਨਾਲ-ਨਾਲ ਪਤੀ ਦੇ ਪ੍ਰਸੰਗ ਵਿਚ ਔਰਤ ਦੀ ਜਿਨਸੀ ਅਤ੍ਰਿਪਤੀ ਦੀ ਬਾਤ ਪਾਈ ਗਈ ਹੈ ਕਿ ਵੱਖ-ਵੱਖ ਧਰਾਤਲਾਂ 'ਤੇ ਵਿਚਰਦੀਆਂ ਭਾਵੇਂ ਘਰੇਲੂ ਔਰਤਾਂ-ਭੋਲੀ, ਗੀਨੀ, ਚੰਨੋ ਭਾਬੀ ਹੋਵਣ ਤੇ ਭਾਵੇਂ ਟੈਕਸੀ ਕਹਿਲਾਉਣ ਵਾਲੀਆਂ ਬਾਹਰੀ ਔਰਤਾਂ-ਪ੍ਰਤਿਮਾ, ਡਿੰਪਲ ਸਭ ਮੈਂ-ਪਾਤਰ ਦੇ ਮੱਦੇਨਜ਼ਰ ਦੈਹਿਕ ਮਾਰੂ ਨਿੱਜਤਾ ਦੀਆਂ ਲਖਾਇਕ ਹਨ। ਬੇਲਗਾਮ ਜਿਨਸੀ ਸੰਬੰਧਾਂ ਨੇ ਭਾਵਨਾਤਮਕ ਪੱਧਰ 'ਤੇ ਸਮਰਪਣ ਵਰਗਾ ਕੁਝ ਨਹੀਂ ਰਹਿਣ ਦਿੱਤਾ। ਅੱਜ ਔਰਤ ਵੀ ਆਪਣੀ ਦੈਹਿਕ ਆਜ਼ਾਦੀ ਨੂੰ ਸਵਾਦ ਦੀ ਪੱਧਰ 'ਤੇ ਜਾ ਕੇ ਮਾਨਣਾ ਚਾਹੁੰਦੀ ਹੈ ਪਰ ਮਰਦ ਨੂੰ ਔਰਤ ਦਾ ਇਹ ਲੱਛਣ ਗਵਾਰਾ ਨਹੀਂ ਹੁੰਦਾ। ਮੈਂ-ਪਾਤਰ ਭੋਲੀ ਦੀ ਮੂੰਹ-ਜ਼ੋਰ ਜਿਨਸੀ ਮੰਗ ਤੋਂ ਤੰਗ ਆ ਕੇ ਉਸ ਤੋਂ ਤਲਾਕ ਲੈ ਗੀਨਾ ਨਾਲ ਵਿਆਹ ਤਾਂ ਕਰਵਾ ਲੈਂਦਾ ਹੈ ਪਰੰਤੂ ਭੋਲੀ ਦਾ ਹੀ ਪ੍ਰਤੀਰੂਪ ਹੋ ਨਿਬੜੀ ਗੀਨਾ ਦਾ ਵਿਹਾਰ ਉਸਨੂੰ ਸੁੰਨ ਕਰ ਦਿੰਦਾ ਹੈ।

*ਮੈਂ ਮਹਿਸੂਸ ਕਰਦਾ ਸੀ ਕਿ ਭੋਲੀ ਦਾ ਸੁਭਾਅ ਸ਼ੁਰੂ ਤੋਂ ਹੀ ਮਾਲਕਾਨਾ ਤੇ ਰੁਹਬ ਜਮਾਉਣ ਵਾਲਾ ਸੀ। ਪਤੀ-ਪਤਨੀ ਦੇ ਰੂਪ ਵਿਚ ਨਿਭਦਿਆਂ ਵੀ ਬਹੁਤੀ ਵਾਰ ਜਿਵੇਂ ਮੈਂ ਹੀ ਹਾਰ ਜਾਂਦਾ ਪਰ ਉਹ ਕਦੇ ਨਾ ਹਾਰਦੀ। ਨਾ ਹਾਰਦੀ ਨਾ ਥੱਕਦੀ। ਬਲਕਿ ਕਈ ਵਾਰ ਉਸਦਾ ਅੰਦਰਲਾ ਵੇਗ ਇਤਨਾ ਆਪ ਮੁਹਾਰਾ ਹੁੰਦਾ ਜੋ ਮੈਨੂੰ ਤਣਾਉਗ੍ਰਸਤ ਕਰ ਦਿੰਦਾ ਤੇ ਮੈਂ ਹਥਿਆਰ ਸੱਟ ਬੈਠਦਾ। ਕਾਮ ਦਾ ਜਨੂੰਨ ਵੀ ਜਿਵੇਂ ਉਸਦੇ ਸਿਰ ਚੜ੍ਹ ਬੋਲਦਾ।*[5]

ਹਯਾ ਦਾ ਤਿੜਕਿਆ ਸ਼ੀਸ਼ਾ ਤਲਵਾਰ ਬਣ, ਆਬਰੂ ਦੀ ਧੌਣ ਲਾਹ ਦਿੰਦਾ ਹੈ। ਫ਼ੌਜੀ ਪਤੀ ਦੀ ਗ਼ੈਰ-ਮੌਜੂਦਗੀ ਵਿਚ ਪੇਕੇ ਜਿੰਦਰ ਅਤੇ ਸਹੁਰੇ ਰਹਿੰਦਿਆਂ ਦੀਪੋ ਦੁਆਰਾ ਆਪਣੀ ਸਰੀਰਕ ਭੁੱਖ ਦੀ ਪੂਰਤੀ ਕਰਦੀ-ਕਰਦੀ **'ਸ਼ਤਰੰਜ'** (**ਕਮਲ ਸੇਖੋਂ**) ਕਹਾਣੀ ਦੀ ਅਜ਼ਾਦਾਨਾ ਰਾਣੋ, ਜਦੋਂ ਸ਼ੌਕੀ ਤੌਰ 'ਤੇ ਦੇਹ ਵਪਾਰ ਦੇ ਗਲੀਜ਼ ਧੰਦੇ ਵਿਚ ਪੈ ਜਾਂਦੀ ਹੈ ਤਾਂ ਆਪਣੇ ਹੱਥੀਂ ਆਪਣੀਆਂ ਜੜ੍ਹਾਂ ਪੁੱਟਣ ਵਾਲੀ ਉਸਦੀ ਇਹ ਸਥਿਤੀ, ਘਰ ਵਿਚ ਪਤੀ ਦੀ ਗ਼ੈਰ-ਹਾਜ਼ਰੀ ਕਾਰਨ ਹੀ ਨਹੀਂ ਬਲਕਿ ਪਾਤਰ ਅੰਦਰ ਅਤ੍ਰਿਪਤੀ ਦੀ ਭਿਆਨਕ ਅੱਗ ਕਾਰਨ ਪੈਦਾ ਹੁੰਦੀ ਹੈ, ਜਿਹੜੀ ਕਿਸੇ ਇਕ ਮਰਦ ਨਾਲ ਨਹੀਂ ਬੁਝਦੀ ਅਤੇ ਅੰਤ ਗ਼ਲਤ ਮਰਦ ਦੀ ਚੋਣ ਕਾਰਨ ਉਹ ਜ਼ਿੰਦਗੀ ਦੀ ਸ਼ਤਰੰਜ ਹਾਰ ਜਾਂਦੀ ਹੈ। ਕਥਾਕਾਰਾ ਜਦੋਂ ਅਜਿਹੀ ਬਦਚਲਨ ਔਰਤ ਅੰਦਰ ਵੀ ਮਾਂ ਦੀ ਮਮਤਾ ਅੰਗੜਾਈਆਂ ਲੈਂਦੀ ਦਰਸਾਉਂਦੀ ਹੈ ਤਾਂ ਕਹਾਣੀ ਨਾਰੀਤਵ ਦੀ ਸਿਖਰ ਨੂੰ ਜਾ ਛੂਹੰਦੀ ਹੈ ਪਰ ਓਪਰੇ ਮਰਦ ਨਾਲ ਘਰ ਵਸਾ ਕੇ ਬੱਚਾ ਪੈਦਾ ਕਰਨ ਦੀ ਰੀਝ,ਓਪਰੇ ਮਰਦ ਦੀ ਮੌਸਮੀ ਮੁਹੱਬਤ ਕਾਰਨ ਕਦੀ ਪੂਰੀ ਨਹੀਂ ਹੁੰਦੀ।

ਜੋ ਕੁਦਰਤੀ ਅੰਤਰੀਵੀ ਕਾਮਨਾਵਾਂ ਹਨ,ਉਹਨਾਂ ਨੂੰ ਦਬਾਇਆ ਨਹੀਂ ਜਾ ਸਕਦਾ ਪਰੰਤੂ **'ਮਛਲੀ ਜਲ ਕੀ ਰਾਨੀ'** (**ਵਿਪਨ ਗਿੱਲ**) ਕਹਾਣੀ ਦੀ ਪੜ੍ਹੀ ਲਿਖੀ ਸੂਝਵਾਨ ਨਵਨੀਤ ਮਾਇਆ, ਗਰੀਬੀ ਅਤੇ

ਲਾਲਚ ਵੱਸ ਆਪਣੀ ਜਵਾਨੀ ਅਤੇ ਇੱਜ਼ਤ ਦੋਨੋਂ ਖ਼ੂਹ ਵਿਚ ਪਾ ਲੈਂਦੀ ਹੈ। ਬੱਚਿਆਂ ਵਾਲੀ ਮਾਨਸਿਕਤਾ ਦਾ ਧਾਰਨੀ ਪਤੀ ਜਦੋਂ ਉਸ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਰਹਿੰਦਾ ਹੈ ਤਾਂ ਉਹ ਅਧੂਰੇ ਪਤੀ ਨੂੰ ਬੇਧਿਆਨਾ ਛੱਡ, ਪੂਰੇ ਓਪਰੇ ਮਰਦ ਨੂੰ ਪਾਉਣ ਨਿਕਲੀ ਮੂੰਹ ਦੀ ਖਾ ਕੇ ਵਾਪਸ ਮੁੜਦੀ ਹੈ। ਕਹਾਣੀ ਵਿਚ ਵਾਰ-ਵਾਰ ਆਇਆ ਸੁਨਹਿਰੀ ਸ਼ਬਦ ਮਾਇਆ ਜਾਲ ਦਾ, ਅਕਵੇਰੀਅਮ ਦੀ ਮਛਲੀ ਨਵਨੀਤ ਦਾ ਅਤੇ ਬੱਚਾ ਪ੍ਰਤੀਕ ਉਸ ਹਾਦਸੇ ਦਾ ਪ੍ਰਤੀਕ ਹੈ ਜਿਸ ਕਾਰਨ ਉਹ ਸਹੁਰੇ ਦੀ ਵਧੀਕੀ ਦਾ ਸ਼ਿਕਾਰ ਹੋਈ ਗਰਭਵਤੀ ਹੋ ਜਾਂਦੀ ਹੈ।

ਇੰਜ ਇਹਨਾਂ ਕਹਾਣੀਆਂ ਦੀ ਅਗਰਭੂਮੀ ਵਿਚ ਕਾਰਜ਼ਸ਼ੀਲ, ਔਰਤ ਵਫਾਦਾਰੀ ਦੀ ਸ਼ੁੱਧਤਾ ਦੀ ਅਣਹੋਂਦ ਪੱਖ ਦੀ ਪਿੱਠਭੂਮੀ ਵਿਚ ਬਹੁਤ ਸਾਰੇ ਹੋਰ ਪੱਖ ਕਿਰਿਆਸ਼ੀਲ ਹਨ। ਇਹਨਾਂ ਕਹਾਣੀਆਂ ਦੀਆਂ ਪਾਤਰਾਂ ਜਦੋਂ ਓਪਰੇ ਮਰਦਾਂ ਵੱਲ ਅਗ੍ਰਸਰ ਹੁੰਦੀਆਂ ਹਨ ਤਾਂ-ਵਿਆਹ ਪੂਰਬੀ ਪ੍ਰੇਮ ਕਸ਼ਿਸ਼, ਨਸ਼ੇੜੀ, ਅਧੂਰੇ ਜਾਂ ਪ੍ਰਦੇਸੀ ਪਤੀ ਇਸਦਾ ਕਾਰਕ ਬਣਦੇ ਹਨ। ਇਹਨਾਂ ਕਹਾਣੀਆਂ ਵਿਚ ਪਾਤਰਾਂ ਅੰਦਰ ਮੋਹ ਤੇ ਤਿੜਕਣ ਨਾਲੋ-ਨਾਲ ਚੱਲਦੀ ਹੈ ਕਿਉਂਕਿ ਆਕਰਸ਼ਨ ਤੱਕ ਸੀਮਤ ਹੋ ਕੇ ਰਹਿ ਗਏ ਇਹ ਅਸਮਾਜਿਕ ਰਿਸ਼ਤੇ ਜਿੰਨੀ ਜਲਦੀ ਬਣਦੇ ਹਨ, ਉਹਨੀ ਜਲਦੀ ਟੁੱਟਦੇ ਵੀ ਹਨ ਅਤੇ ਓਪਰੇ ਮਰਦ ਆਪਣੇ ਸੰਪਰਕ ਵਿਚ ਆਈਆਂ ਇਹਨਾਂ ਔਰਤਾਂ ਨੂੰ ਆਪਣੀ ਗਰਜ ਲਈ ਵਰਤਦੇ ਹੋਏ ਕਦੀ ਵਿਆਹ ਨਹੀਂ ਕਰਵਾਉਂਦੇ। ਕਲਪਿਤ ਘਰ ਪਿੱਛੇ ਭੱਜਦੀਆਂ ਇਹਨਾਂ ਪਾਤਰਾਂ ਦੀ ਸੁਪਨਮਈ ਸਥਿਤੀ ਦੇ ਯਥਾਰਥ ਨਾਲ ਟਾਕਰੇ ਦੇ ਪਰਿਨਾਮ ਸਵਰੂਪ, ਇਹਨਾਂ ਦੇ ਜੀਵਨ ਵਿਚ ਖੜੋਤ ਆ ਜਾਂਦੀ ਹੈ। ਇਕੋ ਐਕਟਾਂਟ ਦੀਆਂ ਲਖਾਇਕ ਇਹ ਪਾਤਰਾਂ ਪਤੀ ਤੋਂ ਨਿਰਲੇਪ ਹੋ ਕੇ ਗ਼ੈਰ-ਮਰਦ ਦੀ ਮਾਨਸਿਕ ਗ਼ੁਲਾਮੀ ਹੰਢਾਉਂਦੀਆਂ ਹਨ ਕਾਰਨ "ਧੀ-ਪੁੱਤਰ, ਪਤੀ ਸਭ ਆਪੋ ਆਪਣੀ ਜ਼ਿੰਦਗੀ 'ਚ ਵਿਆਸਤ ਜਾਂ ਮਸਤ। ਜੋ ਵੀ ਆਖੋ। ਕਿਸੇ ਕੋਲ ਖ਼ੁਦ ਤੋਂ ਸਿਵਾਏ ਕਿਸੇ ਹੋਰ ਲਈ ਕੋਈ ਵਕਤ ਨਹੀਂ"।[6] ਦੂਜਾ ਓਪਰੇ ਮਰਦ ਆਪਣੀ ਸੋਹਣੀ ਡੀਲਡੌਲ ਅਤੇ ਫਿਲਾਸਫੀ ਗੱਲਾਂ ਨਾਲ ਇਹਨਾਂ ਔਰਤਾਂ ਨੂੰ ਮੋਹ ਲੈਂਦੇ ਹਨ। ਵਰਤਮਾਨ ਢਾਂਚੇ ਅੰਦਰ ਅਜਿਹੇ ਰਿਸ਼ਤਿਆਂ ਦੀ ਉਤਪਤੀ ਸਮਾਜ ਨੂੰ ਕਲੰਕਿਤ ਕਰਦੀ ਹੋਈ ਨੈਤਿਕ ਮੁੱਲ ਵਿਧਾਨ ਨੂੰ ਵੀ ਹਾਸ਼ਿਆਗ੍ਰਸਤ ਕਰਦੀ ਹੈ ਪਰ ਇਹਨਾਂ ਰਿਸ਼ਤਿਆਂ ਦਾ ਇਹ ਅਕਸ ਵਾਸਤਵਿਕਤਾ 'ਤੇ ਆਧਾਰਿਤ ਹੈ। ਸਲਾਹੁਤਾ ਪੱਖ ਤੋਂ ਦੇਖਿਆਂ ਇਕ ਪਾਸੇ ਘਰੇਲੂ ਕੰਮਾਂ ਵਿਚੋਂ ਸਮਾਂ ਕੱਡ ਕੇ ਲਿਖਣਾ ਅਤੇ ਦੂਜਾ ਵਰਜਿਤ ਰਿਸ਼ਤਿਆਂ 'ਤੇ ਲਿਖਣਾ ਅਤੇ ਪੈਂਠ ਜਮਾਉਣੀ ਔਰਤ ਲੇਖਕਾਂ ਲਈ ਚੈਲਜਿੰਗ ਵਾਲਾ ਪ੍ਰਕਾਰਜ ਹੈ। ਔਰਤਾਂ ਦੇ ਮੁਹੱਬਤੀ ਅਫਸਾਨਿਆਂ ਦੀ ਨੁਮਾਇੰਦਗੀ ਕਰਦੀਆਂ ਇਹਨਾਂ ਦੀਆਂ ਰਚਨਾਵਾਂ ਅਸ਼ਲੀਲਤਾ ਅਤੇ ਉਲਾਰਤਾ ਤੋਂ ਰਹਿਤ ਹਨ।

ਆਪਣੇ ਹਮਸਫ਼ਰ ਕੋਲੋਂ ਮਿਲਣ ਵਾਲੇ ਪਿਆਰ ਤੇ ਸਨਮਾਨ ਦੀ ਥੌੜ **'ਦੂਰ ਦਿਸੇਂਦੀ ਰੋਸ਼ਨੀ'** (**ਗੁਰਮੀਨ ਕੌਰ**) ਕਹਾਣੀ ਦੀ ਮੁੱਖ ਪਾਤਰ ਨੂੰ ਇਕ ਹਮਰਾਜ ਦੋਸਤ ਤੱਕ ਲੈ ਜਾਂਦੀ ਹੈ ਅਤੇ ਉਹਨਾਂ ਦੀ ਇਹ ਦੋਸਤੀ ਸਮਾਜਿਕ ਤਰਾਜ਼ੂ ਵਿਚ ਤੁਲ ਕੇ ਔਰਤ ਈਮਾਨ ਨੂੰ ਦਾਗ਼ੀ ਕਰ ਦਿੰਦੀ ਹੈ। ਹਾਲਾਂ ਕਿ ਏਸੇ ਹੀ ਸਮਾਜ ਵਿਚ ਰਹਿੰਦਾ ਬੰਦਾ ਕਈ ਬਜਾਂ ਦੇ ਬਾਵਜੂਦ ਘਰੋਂ ਕੱਡਿਆ ਨਹੀਂ ਜਾਂਦਾ ਅਤੇ ਔਰਤ ਜੋ ਕਿ ਇਕ ਨੂੰਹ ਹੈ, ਨੂੰ ਆਪਣੇ ਹੱਕ ਵਿਚ ਸਫਾਈ ਦੇਣ ਤੋਂ ਪਹਿਲਾਂ ਹੀ ਘਰੋਂ ਨਿਕਲ ਜਾਣ ਦਾ ਫਰਮਾਨ ਦੇ ਦਿੱਤਾ ਜਾਂਦਾ ਹੈ। ਇਸ ਅਸਮਾਨਤਾ ਨੂੰ ਮਿਟਾਉਣ ਲਈ ਬਿਆਨਕਾਰਾ ਅਨੁਸਾਰ ਕਿਸਮਤਵਾਦ ਨੂੰ ਤੱਜ ਕੇ ਔਰਤ ਨੂੰ ਖ਼ੁਦ ਹੀ ਹਬਲਾ ਮਾਰਨਾ ਪਵੇਗਾ ਕਿਉਂਕਿ ਦੂਰ ਹੀ ਸਹੀ ਰੋਸ਼ਨੀ ਦਿਸਦੀ ਤਾਂ ਜ਼ਰੂਰ ਹੈ।

ਗਰੀਬ ਅਤੇ ਦਿਮਾਗ਼ੋ ਸਿਧਰੀ ਨਾਰੀ ਦੇ ਸਰੀਰਕ ਹਨਨ ਦਾ ਹਿਰਦੇਵੇਦਕ ਬਿਰਤਾਂਤ ਸਿਰਜਦੀ ਕਹਾਣੀ **'ਝੱਲੀ'** (**ਸਿੰਮੀਪ੍ਰੀਤ ਕੌਰ**) ਦੀਆਂ ਮਾਵਾਂ-ਧੀਆਂ ਵਾਰ-ਵਾਰ ਅਮੀਰ ਜਾਂਦਿਆਂ ਦੀ ਦਰਿੰਦਗੀ ਦਾ ਸ਼ਿਕਾਰ ਹੋ ਕੇ ਗ਼ੁਰਬਤ ਦੀ ਜ਼ਿੰਦਗੀ ਜਿਊਂਦੀਆਂ ਹਨ। ਰੇਪ ਨਾਲ ਸੰਬੰਧਿਤ ਇਸ ਤਕਲੀਫ ਦੇਹ ਪੁਰਾਤਨ ਰੰਗਤ ਵਾਲੇ ਮੁੱਦੇ ਨੂੰ ਕਥਾਕਾਰਾ ਨੇ ਮੌਲਿਕ ਤਸ਼ਬੀਹ ਦਿੰਦੇ ਹੋਏ ਕਰਮਵਾਦ ਦੇ ਆਧਾਰ 'ਤੇ ਪੇਸ਼ ਕੀਤਾ ਹੈ ਕਿ ਅਖ਼ੀਰ ਬੇਗਾਨੀਆਂ ਇੱਜ਼ਤਾਂ ਨੂੰ ਹੱਥ ਪਾਉਣ ਵਾਲੇ ਬਿੱਕਰ ਸਿਉਂ ਦੀ ਆਪਣੀ ਹੀ ਪੋਤੀ



ਕਾਲ ਗਰਲ ਬਣੀ ਕਮਲਿਆਂ ਵਾਲੀ ਸਥਿਤੀ ਤੱਕ ਪਹੁੰਚ ਜਾਂਦੀ ਹੈ।

ਔਰਤ ਦੇ ਵੱਖਰੇ ਪਰਿਪੇਖ ਨੂੰ ਉਭਾਰਨ ਵਾਲੀ ਪਾਏਦਾਰ ਰਚਨਾ **'ਵੈੱਲ ਪਾਵਰ'** (**ਨਰਿੰਦਰ ਕੌਰ ਭੱਚੂ**) ਵਿਚ ਦਰਸਾਇਆ ਗਿਆ ਹੈ ਕਿ ਆਪਣੇ ਅੰਦਰਲੀ ਇੱਛਾ-ਸ਼ਕਤੀ ਦੇ ਬਲਬੂਤੇ ਉੱਤੇ ਮਨੁੱਖ ਜੀਵਨ ਦੀ ਹਰੇਕ ਪ੍ਰਸਥਿਤੀ ਦਾ ਮੁਕਾਬਲਾ ਕਰ ਸਕਦਾ ਹੈ। ਮੈਂ ਤਾਂ ਹਾਲੇ ਹੋਰ ਜਿਊਣਾ ਦੀ ਤਮੰਨਾ ਰੱਖਦੀ, ਆਪਣੀ ਤਕਦੀਰ ਨੂੰ ਮਰਜ਼ੀ ਦੀ ਤਸਵੀਰ ਵਿਚ ਬਦਲਣ ਲਈ ਤਤਪਰ, ਅਨੇਕਾਂ ਸੱਟਾਂ ਖਾ ਕੇ ਇਕੱਲੀ ਰਹਿ ਚੁੱਕੀ ਬੁੱਢ ਵਰੇਸ ਕਹਾਣੀ ਦੀ ਮੈਂ-ਪਾਤਰ, ਭਵਿੱਖ ਦੀ ਲੰਮੇਰੀ ਤੇ ਚੰਗੇਰੀ ਜ਼ਿੰਦਗੀ ਪ੍ਰਤੀ ਆਸ਼ਾਵੰਦ ਰਹਿੰਦੀ ਹੋਈ, ਹੋਰਾਂ ਲਈ ਉਤਸ਼ਾਹ ਦੀ ਪ੍ਰੇਕ ਬਣਦਿਆਂ, ਪਾਠਕਾਂ ਅੰਦਰ ਵੀ ਨਵਾਂ ਹੌਂਸਲਾ ਸਿਰਜਦੀ ਹੈ। ਆਪਣੇ ਆਪ ਲਈ ਜਿਊਣ ਦਾ ਭਵਿੱਖਮਈ ਮਨੌਰਥ ਪਾਤਰ ਹੋਂਦ ਨੂੰ ਖੁਰਨ ਨਹੀਂ ਦਿੰਦਾ ਹੈ ਜੋ ਕਿ ਇਸ ਕਹਾਣੀ ਦਾ ਹਾਸਲ ਹੈ।

*ਮੈਂ ਆਪਣੇ ਆਪ ਨੂੰ ਮਜ਼ਬੂਤ ਕਰਨ ਲੱਗ ਪਈ "ਹੁਣ ਮੈਂ 'ਕੱਲੀ ਨੇ ਰਹਿਣਾ, ਚੰਗੀ ਤਰ੍ਹਾਂ ਜੀਣਾ। ਬਗੈਰ ਫੌਹੜੀਆਂ ਤੋਂ ਤੁਰਨਾ। ਰਹਿੰਦੀ ਜ਼ਿੰਦਗੀ ਜਿਊਣੀ। ਜਿਹੜਾ ਗਿਆ ਸੌ ਗਿਆ।*[7]

ਏਸੇ ਹੀ ਤਰਜ ਉੱਤੇ ਸਿਰਜੀ ਕਹਾਣੀ **'ਬੇਬਸੀ'** (**ਅਨੁਰਾਧਾ**) ਦੀ ਕੁਦਰਤ ਪ੍ਰੇਮੀ ਮੈਂ-ਪਾਤਰ ਜਾਨ ਲੇਵਾ ਕੈਂਸਰ ਦੀ ਮਰੀਜ਼ ਬਣੀ, ਇਸ ਦੁਨੀਆ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਆਪਣੀ ਡਾਇਰੀ ਦਾ ਉਹ ਪੰਨਾ ਵੀ ਭਰ ਲੈਂਦੀ ਹੈ ਜਿਸ ਦਾ ਉਸ ਨੂੰ, ਉਸਦੀ ਮੌਤ ਤੋਂ ਬਾਅਦ ਖ਼ਾਲੀ ਰਹਿ ਜਾਣ ਦਾ ਅਫਸੋਸ ਰਹਿਣਾ ਸੀ। ਕਹਾਣੀ ਦਾ ਸਿਰਲੇਖ ਬੇਬਸੀ ਹੈ ਪਰ ਪਾਤਰ ਕਿਤੇ ਵੀ ਆਪਣੀ ਬਿਮਾਰੀ ਹੱਥੋਂ ਬੇਬਸ ਦਿਖਾਈ ਨਹੀਂ ਦਿੰਦੀ ਬਲਕਿ ਬੜੇ ਇਤਮੀਨਾਨ ਨਾਲ ਇਸ ਨੂੰ ਸਵੀਕਾਰਦੀ ਹੈ ਅਤੇ ਇਹੀ ਇਸ ਰਚਨਾ ਦਾ ਸੁਹਜ ਹੈ।

ਇਸ ਪ੍ਰਕਾਰ ਉਪਰੋਕਤ ਕਹਾਣੀਆਂ ਦੇ ਮੁਕਤ ਰੂਪ ਵਿਚ ਸਿਰਜੇ ਪਾਤਰਾਂ ਦੇ ਸੁਭਾਅ ਅਤੇ ਕਾਰਜਾਂ ਵਿਚ ਇਕਸੁਰਤਾ ਦਾ ਅੰਸ਼ ਸਿਰਜਦਿਆਂ, ਕਥਾਕਾਰਾਂ ਨੇ ਆਪਣੇ ਪਾਤਰਾਂ ਨੂੰ ਨਾ ਰੋਂਦੇ, ਨਾ ਹਾਲਾਤ ਨਾਲ ਸਮਝੌਤਾ ਕਰਦੇ ਅਤੇ ਨਾ ਹੀ ਦੋ ਹੱਥ ਹੁੰਦੇ ਦਿਖਾਇਆ ਹੈ। ਪਾਤਰਾਂ ਦੁਖਾਂਤ ਦੀ ਥਾਂ ਤਣਾਓ ਵਧੇਰੇ ਭੁਗਤਦੀਆਂ ਹਨ। ਅਟਕਾਓ ਅਤੇ ਸੰਖੇਪ ਸਾਰ ਦੀਆਂ ਬਿਰਤਾਂਤਕ ਵਿਧੀਆਂ ਦੀ ਯਥਾਰਥਵਾਦੀ ਤੇ ਵੇਗ ਵਾਲੀ ਹੋਈ ਵਰਤੋਂ, ਪਾਠਕ ਨੂੰ ਨਾਲ ਲੈ ਤਰਦੀ ਹੈ। ਚੁੰਭਕੀ ਸ਼ਬਦਾਵਲੀ ਅਤੇ ਵਿਅੰਗਾਤਮਕ ਅੰਦਾਜ਼ ਵਿਚ ਸਿਰਜੀ ਬਿਰਤਾਂਤਕ ਵਿੱਥ ਸ਼ੈਲੀ ਅਨੁਸਾਰ ਕਹਾਣੀਕਾਰਾਂ ਨੇ ਕਹਾਣੀ ਸਮੱਸਿਆ ਦੇ ਦੋਵੇਂ ਸਹੀ-ਗ਼ਲਤ ਪਹਿਲੂਆਂ ਨੂੰ ਬਿਨਾਂ ਕੋਈ ਫਤਵਾ ਦਿੱਤੇ ਪੇਸ਼ ਕੀਤਾ ਹੈ। ਨਿੱਕੀ ਕਹਾਣੀ ਦਾ ਇਕ ਰਹੱਸ ਹੁੰਦਾ ਹੈ, ਜਿਹੜਾ ਕਹਾਣੀ ਦੇ ਸਮਾਪਤੀ ਬਿੰਦੂ ਉੱਤੇ ਬੰਬ ਵਾਂਗ ਫੱਟਦਿਆਂ ਅੱਖਾਂ ਨੂੰ ਚੁੰਧਿਆ ਦਿੰਦਾ ਹੈ। ਸੰਬੰਧਿਤ ਕਹਾਣੀਆਂ ਵਿਚ ਅਚਾਨਕਤਾ ਅਤੇ ਉਲਟਾਓ ਵਿਧੀ ਦੀ ਵਰਤੋਂ ਨਾ ਹੋਣ ਕਾਰਨ ਰਹੱਸ ਦੇ ਇਸ ਅੰਸ਼ ਦੀ ਘਾਟ ਨਜ਼ਰ ਆਉਂਦੀ ਹੈ ਕਿਉਂਕਿ ਕਹਾਣੀਆਂ ਦੇ ਸ਼ੁਰੂਆਤੀ ਪਲਾਂ ਵਿਚ ਹੀ ਸੰਬੰਧਿਤ ਵਿਸ਼ੇ ਦਾ ਪਾਠਕ ਨੂੰ ਕਿਆਫ਼ਾ ਲੱਗ ਜਾਂਦਾ ਹੈ ਅਤੇ ਬਹੁਤ ਹੱਦ ਤੱਕ ਠੀਕ ਵੀ ਸਾਬਤ ਹੁੰਦਾ ਹੈ ਪਰ ਦੂਜੇ ਪਾਸੇ ਇਹਨਾਂ ਕਹਾਣੀਆਂ ਦੀ ਖ਼ੂਬਸੂਰਤੀ ਇਹ ਵੀ ਹੈ ਕਿ ਇਹਨਾਂ ਵਿਚ ਪੇਸ਼ ਹੋਏ ਸਰਬਾਂਗੀ ਵਿਸ਼ਿਆਂ ਰਾਹੀਂ ਪਾਤਰਾਂ ਦੀ ਮਨੋਸਥਿਤੀ ਨੂੰ ਦਿਲਚਸਪ ਢੰਗ ਨਾਲ ਪੇਸ਼ ਕੀਤਾ ਗਿਆ ਹੈ ਜੋ ਕਿ ਇਹਨਾਂ ਕਥਾਕਾਰਾਂ ਦੀ ਕਹਾਣੀ ਪ੍ਰਤਿਭਾ ਮੰਨੀ ਜਾ ਸਕਦੀ ਹੈ। (**ਸੰਪਰਕ - 96460-11220**)

**ਹਵਾਲੇ ਅਤੇ ਟਿੱਪਣੀਆਂ**


1. ਡਾ. ਬਲਦੇਵ ਸਿੰਘ ਧਾਲੀਵਾਲ, ਪੰਜਾਬੀ **ਕਹਾਣੀ ਦੀ ਇੱਕ ਸਦੀ ਇਤਿਹਾਸਮੂਲਕ ਪ੍ਰਵਚਨ**, ਪੰਨਾ-79.
2. ਦੀਪਤੀ ਬਬੂਟਾ, "ਵਸ਼ੀਕਰਣ", ਕਹਾਣੀਧਾਰਾ, ਜਨਵਰੀ-ਮਾਰਚ, 2021, ਪੰਨਾ-58.
3. ਦੀਪਤੀ ਬਬੂਟਾ, ਕਹਾਣੀਧਾਰਾ, ਜਨਵਰੀ-ਮਾਰਚ, 2021, ਪੰਨਾ-46.
4. ਬਲਬੀਰ ਕੌਰ ਰੀਹਲ, ਕਹਾਣੀਧਾਰਾ, ਜਨਵਰੀ-ਮਾਰਚ, 2021, ਪੰਨਾ-47.
5. ਅਰਵਿੰਦਰ ਕੌਰ ਧਾਲੀਵਾਲ, "ਲਿਪ ਗਲੌਸ", ਕਹਾਣੀਧਾਰਾ, ਜਨਵਰੀ-ਮਾਰਚ, 2021, ਪੰਨਾ-78.
6. ਦੀਪਤੀ ਬਬੂਟਾ, "ਵਸ਼ੀਕਰਣ", ਕਹਾਣੀਧਾਰਾ, ਜਨਵਰੀ-ਮਾਰਚ, 2021, ਪੰਨਾ-59.
7. ਨਰਿੰਦਰ ਕੌਰ ਭੱਚੂ, "ਵੈੱਲ ਪਾਵਰ", ਕਹਾਣੀ ਧਾਰਾ, ਜਨਵਰੀ-ਮਾਰਚ, 2021, ਪੰਨਾ-69.

# ਵਿਦ੍ਰੋਹੀ ਸਾਹਿਤ : ਪਾਸ਼

ਸਾਹਿਤ ਸੰਘਰਸ਼-ਆਤਮਕ ਤੇ ਵਿਰੋਧ-ਵਿਕਾਸੀ ਪਹਿਲੂਆਂ ਤੋਂ ਅਲੱਗ ਪ੍ਰਫੁਲਤ ਨਹੀਂ ਹੋ ਸਕਦਾ। ਸੁਭਾਗੀ ਗੱਲ ਹੈ ਕਿ ਪੰਜਾਬੀ ਦੇ ਕੁਝ ਸ਼੍ਰੋਮਣੀ ਪਰਚਿਆਂ ਨੇ ਜ਼ਿੰਮੇਂਦਾਰੀ ਨਾਲ ਲਿਖਣ ਦੀ ਪਿਰਤ ਪਾਈ ਹੈ। ਅੱਜ ਦੇ ਸਾਹਿਤਕਾਰ ਦਾ ਫ਼ਰਜ਼ ਕੇਵਲ ਜਨ-ਸਧਾਰਨ ਦੇ ਜਜ਼ਬਿਆਂ ਦੀ ਤਰਜਮਾਨੀ ਕਰਨਾ ਹੀ ਨਹੀਂ ਸਗੋਂ ਉਨ੍ਹਾਂ ਨੂੰ ਨਿੱਗਰ ਸੂਝ ਤੇ ਹਰ ਪਹਿਲੂ ਤੋਂ ਸੁਰੱਖਿਅਤ ਜੀਵਨ ਦੀ ਪ੍ਰੇਰਨਾ ਦੇਣਾ ਵੀ ਹੈ। ਬਹੁਤੀ ਗੱਲ ਇਹ ਨਹੀਂ ਕਿ ਸਾਡੇ ਲੇਖਕ ਸਮੇਂ ਦੀ ਮੰਗ ਨੂੰ ਸਮਝਦੇ ਨਹੀਂ, ਸਗੋਂ ਇਹ ਹੈ ਕਿ ਉਹ ਵੱਖੋ ਵੱਖਰੇ ਪ੍ਰਬੰਧਾਂ ਤੇ ਅਦਾਰਿਆਂ ਨਾਲ ਬੱਝੇ ਹੋਏ ਹਨ। ਜ਼ਿਆਦਾਤਰ ਲੇਖਕ ਦੋ ਤਰ੍ਹਾਂ ਦੀ ਬੋਲੀ ਪਾਉਂਦੇ ਹਨ—1. ਹੌਲੀ ਸੀਟੀ ਮਾਰ ਮਿੱਤਰਾ ਮੇਰੀ ਸੱਸ ਭਰਮਾਂ ਦੀ ਮਾਰੀ। 2. ਬੋਤਾ ਹੌਲੀ ਤੋਰ ਮਿੱਤਰਾ ਮੇਰਾ ਨਰਮ ਕਾਲਜਾ ਧੜਕੇ।

ਪਹਿਲੇ ਤਾਂ ਰੁਜ਼ਗਾਰ ਪ੍ਰਬੰਧਾਂ ਅਤੇ ਸਰਕਾਰੀ ਮਸ਼ੀਨਰੀ ਦੇ ਮੂੰਹ ਮੁਲਾਹਜ਼ਿਆਂ ਕਾਰਨ ਸਮੇਂ ਦੀਆਂ ਅੱਖਾਂ ਵਿਚ ਝਾਕਣ ਦੀ ਹਿੰਮਤ ਨਹੀਂ ਕਰਦੇ। ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸੱਸ ਬਹੁਤਾ ਕਰੂਗੀ ਤਾਂ ਪੁੱਤ ਨੂੰ ਗੁੱਸਾ ਚੜ੍ਹਾ, ਤਲਾਕ ਹੀ ਦਿਵਾ ਦਏਗੀ ਤੇ ਜਾਂ ਵੱਧ ਤੋਂ ਵੱਧ ਉਹਨੂੰ ਪਿਛਲੀ ਕੋਠੜੀ 'ਚ ਬੰਦ ਕਰ ਰਖੇਗੀ। ਪਰ ਤੁਸੀਂ ਦਿਲੀ ਗੱਲ ਦੇ ਤਾਂ ਗੁਨਾਹਗਾਰ ਨਹੀਂ ਬਣੋਗੇ। ਦੂਸਰੇ ਵੱਖੋ ਵੱਖਰੀਆਂ ਕਥਿਤ ਅਗਾਂਹ-ਵਧੂ ਰਾਜਨੀਤਕ ਪਾਰਟੀਆਂ ਨਾਲ ਬੱਝੇ ਹੋਏ ਹਨ। ਜਿਹੜੀਆਂ 'ਖੇਲਣਾ ਨਾ ਖੇਲਣ ਦੇਣਾ, ਖੁੱਤੀ ਵਿਚ ਮੂਤਣਾ' ਵਾਲੀ ਨੀਤੀ ਵਿਚ ਵਿਸ਼ਵਾਸ ਰਖਦੀਆਂ ਹਨ। ਉਨ੍ਹਾਂ ਲੇਖਕਾਂ ਨੂੰ ਚਾਹੀਦਾ ਹੈ ਕਿ ਜੇ ਦਿਲ ਬਹੁਤ ਕਮਜ਼ੋਰ ਹੈ ਤਾਂ ਬੋਤੇ ਤੋਂ ਉਤਰ ਜਾਣ। ਸਫ਼ਰ ਨੂੰ ਕਾਹਨੂੰ ਖਰਾਬ ਕਰਦੇ ਹਨ ? ਮੈਨੂੰ ਕਿਸੇ ਅੰਗਰੇਜ਼ੀ ਕਵੀ ਦੀਆਂ ਦੋ ਸਤਰਾਂ ਯਾਦ ਆ ਰਹੀਆਂ ਹਨ।

"Two men locked out from bars,
one saw the mud, the other saw stars"

ਪਹਿਲਾ ਜਣਾ ਵਕਤੀ ਤੌਰ 'ਤੇ ਭਾਵੇਂ ਖੁਸ਼ ਹੈ ਪਰ ਉਹ ਵਾਤਾਵਰਣ ਦੇ ਸੱਚ ਤੋਂ ਮੂੰਹ ਫੇਰ ਰਿਹਾ ਹੈ। ਸਵੈ ਤੋਂ ਭੱਜਣ ਦੀ ਕੋਸ਼ਿਸ਼ ਵਿਚ ਹੈ। ਉਨ੍ਹਾਂ ਲੇਖਕਾਂ ਦੀ ਜੋ ਹੁਣ ਵੀ ਮਹਿਬੂਬਾ ਦੀਆਂ ਜ਼ੁਲਫਾਂ ਥੱਲੇ ਸੌਂ ਕੇ ਅਸਲ ਵਿਚ ਚੌਗਿਰਦੇ ਦੀਆਂ ਜ਼ਾਹਰਾਂ ਸਚਾਈਆਂ ਤੋਂ ਅੱਖਾਂ ਮੀਟ ਰਹੇ ਹਨ, ਸਮੇਂ ਨੂੰ ਕੀ ਦੇਣ ਹੈ ? ਜਾਂ ਉਨ੍ਹਾਂ ਦੀ ਉਮਰ ਕਿੰਨੀ ਕੁ ਹੈ ? ਇਸ ਗੱਲ ਦਾ ਸੰਸਾ ਵੀ ਉਨ੍ਹਾਂ ਨੂੰ ਹੋਣਾ ਚਾਹੀਦਾ ਹੈ। ਦੋ ਹੀ ਗੱਲਾਂ ਹੋ ਸਕਦੀਆਂ ਹਨ—ਜਾਂ ਤਾਂ ਵਾਤਾਵਰਣ ਦੀ ਤਲਖੀ ਉਨ੍ਹਾਂ ਨੂੰ Humiliate ਨਹੀਂ ਕਰਦੀ ਤੇ ਜਾਂ ਉਨ੍ਹਾਂ ਦਾ ਆਪਣੇ ਲੋਕਾਂ ਨਾਲ ਦਰਦ ਤੇ ਸਨੇਹ ਦਾ ਕੋਈ ਰਿਸ਼ਤਾ ਨਹੀਂ ਤੇ ਉਹ ਆਪਣੇ ਆਪ ਨੂੰ ਸਮਾਜ ਤੋਂ ਅਲੱਗ ਇਕ ਸੁਤੰਤਰ ਇਕਾਈ ਸਮਝ ਕੇ ਜੀ ਰਹੇ ਹਨ। ਦੋਹਾਂ ਹਾਲਤਾਂ ਵਿਚ ਇਹ ਆਪਣੀ Conscious ਦੇ ਗੱਦਾਰ ਹਨ ਤੇ ਸਜ਼ਾ ਦੇ ਹੱਕਦਾਰ ਹਨ। ਡਾਰਵਿਨ ਕੋਲੋਂ ਸਿੱਖਣਾ ਚਾਹੀਦਾ ਹੈ ਕਿ Revolution ਮਨੁੱਖ ਦੀ ਘੱਲੀ ਹੋਈ ਵਸਤੂ ਨਹੀਂ ਸਗੋਂ Evolution ਦਾ ਹੀ ਇਕ ਹਿੱਸਾ ਹੈ। ਤੁਸੀਂ Revolution ਤੋਂ ਤਾਂ ਭੱਜ-ਦੌੜ ਕਰਕੇ ਉਰੇ-ਪਰੇ ਹੋ ਸਕਦੇ ਹੋ ਪਰ Evolution ਦੀ ਚੱਕੀ ਵਿਚ ਪਿਸਣ ਤੋਂ ਕਿੱਕਣ ਬਚ ਸਕੋਗੇ ?

ਕੁਝ ਲੇਖਕ ਅੰਤਰ-ਰਾਸ਼ਟਰੀ ਸੋਚ ਦੀ ਜਿੱਲ੍ਹਣ ਵਿਚ ਫਸੇ ਹੋਏ ਹਨ। ਉਨ੍ਹਾਂ ਨੂੰ ਨਵੇਂ ਲੇਖਕਾਂ ਦਾ ਵਿਦਰੋਹ ਇਕ ਮਾਨਸਕ ਠਰਕ ਤੋਂ ਵੱਧ ਹੋਰ ਕੁਝ ਪ੍ਰਤੀਤ ਨਹੀਂ ਹੁੰਦਾ। ਉਨ੍ਹਾਂ ਦੇ ਭਾਣੇ ਵਿਦਰੋਹ ਇਕ



ਓਪਰੇ ਵਾਲਾਂ ਦੀ ਵਿੱਗ ਹੈ। ਜਿਸ ਨੂੰ ਨਵੇਂ ਲੇਖਕ ਫ਼ੈਸ਼ਨ-ਸੈਂਟਰਾਂ ਤੋਂ ਖਰੀਦ ਲੈਂਦੇ ਹਨ। ਇਹ ਲੋਕ ਆਪਣੇ ਆਪ ਵਿਚ ਇਲਮ ਦੇ ਪੁਲੰਦੇ ਹੋਣਗੇ ਪਰ ਲੋਕ ਖੇਤਰ ਵਿਚ ਇਨ੍ਹਾਂ ਦਾ ਮਹੱਤਵ ਨਹੀਂ ਹੈ। ਸਾਡਾ ਵਿਦਰੋਹ ਕੋਈ ਉਧਾਰਾ ਲਿਆਂਦਾ ਹੋਇਆ ਵਿਦੇਸ਼ੀ ਅਨੁਭਵ ਨਹੀਂ। ਅਸੀਂ ਆਪਣੇ ਸਮਾਜ ਦਾ ਇਕ ਅੰਗ ਹੋ ਕੇ ਆਪਣੀ ਕਲਾ ਦੇ ਜ਼ਰੀਏ ਅਜੋਕੇ ਲੋਟੂ ਸੱਭਿਆਚਾਰ ਦਾ ਮਲੀਆਮੇਟ ਕਰਨਾ ਹੈ ਅਤੇ ਇਕ ਨਵੇਂ ਸੁਜੱਗ ਤੇ ਆਮ ਆਦਮੀ ਦੇ ਹਿੱਤ ਵਾਲੇ ਸੱਭਿਆਚਾਰ ਦੀ ਸਥਾਪਤੀ ਕਰਨੀ ਹੈ। ਇਹ ਕਲਾ ਦਾ ਸੱਭਿਆਚਾਰ ਦੇ ਖਿਲਾਫ ਵਿਦਰੋਹ ਨਹੀਂ, ਇਹ ਤਾਂ ਸੱਭਿਆਚਾਰ ਦਾ ਇਕ ਅਧਾਰ ਅੰਸ਼ ਹੈ। ਇਹ ਤਾਂ ਕਦਰਾਂ ਕੀਮਤਾਂ ਦੇ ਟੁੱਟ ਭੱਜ ਦਾ ਪ੍ਰਾਕ੍ਰਿਤਕ ਮਾਮਲਾ ਹੈ। ਇਕ ਨਵੇਂ ਸੱਭਿਆਚਾਰ ਨੇ ਪੁਰਾਣੇ ਸੱਭਿਆਚਾਰ ਨੂੰ ਡੇਗ ਕੇ ਉਹਦੀ ਥਾਂ ਲੈਣੀ ਹੈ। ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਹਰ ਸੱਭਿਆਚਾਰ ਕਿਸੇ ਆਰਥਕ, ਸਮਾਜਕ ਤੇ ਰਾਜਨੀਤਕ ਪ੍ਰਬੰਧ ਦੀ ਪੈਦਾਵਾਰ ਹੁੰਦਾ ਹੈ।

ਇਕ ਇਤਿਹਾਸਕ ਸਪੱਸ਼ਟੀਕਰਣ ਲਓ—ਗੁਰੂ ਨਾਨਕ ਦੇਵ ਜੀ ਦੀ ਕਲਾ ਨੇ ਆਪਣੇ ਸੱਭਿਆਚਾਰ ਵਿਰੁੱਧ ਬਗਾਵਤ ਕੀਤੀ, ਪ੍ਰੰਤੂ ਕੋਈ ਵਿਸ਼ੇਸ਼ ਸਿੱਟਾ ਨਾ ਨਿਕਲਿਆ। ਪਰ ਏਸ ਤੋਂ ਉਲਟ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੇ ਸੱਭਿਆਚਾਰ ਦੇ ਸਭੇ ਪਹਿਲੂਆਂ ਦੇ ਵਿਰੁੱਧ ਬਗਾਵਤ ਕੀਤੀ ਤੇ ਜਥੇਬੰਦਕ ਸੰਘਰਸ਼ ਕੀਤਾ (ਉਨ੍ਹਾਂ ਦੇ ਦਰਬਾਰ ਦੇ 52 ਕਵੀ ਤੇ ਆਪਣੀਆਂ ਸਾਹਿਤਕ ਕਿਰਤਾਂ ਇਸ ਗੱਲ ਦਾ ਸਬੂਤ ਹਨ) ਉਹ ਕਾਫੀ ਸਫ਼ਲ ਰਹੇ। ਅਸੀਂ ਗੁਰੂ ਗੋਬਿੰਦ ਸਿੰਘ ਦੇ ਨੁਕਤੇ ਨੂੰ ਅਗਾਂਹ ਤੋਰਿਆ ਹੈ ਪ੍ਰੰਤੂ ਆਧੁਨਿਕ ਤੇ ਸਾਇੰਸੀ ਅਤੇ ਫ਼ਲਸਫ਼ੀ ਪ੍ਰਾਪਤੀਆਂ ਨੂੰ ਨਾਲ ਲੈ ਕੇ, ਜਥੇਬੰਦਕ ਮਹੱਤਵਾਂ ਨੂੰ ਹੋਰ ਸਪਸ਼ਟਾਂ ਨਾਲ ਸਮਝਕੇ। ਸਾਡਾ ਵਿਦਰੋਹ ਨਾ ਇੰਦਰਾ ਸਰਕਾਰ ਦੇ ਵਿਰੁੱਧ ਹੈ, ਨਾ ਬਿਰਲੇ ਦੇ ਤੇ ਨਾ ਅਮਰੀਕਾ ਦੇ। ਅਸੀਂ ਤਾਂ ਉਸ ਸਮੁੱਚੇ ਸੱਭਿਆਚਾਰ ਦਾ ਨਾਸ਼ ਕਰਨਾ ਹੈ ਜਿਹਦੇ ਵਿਚ ਮਨੁੱਖੀ ਹੱਕ ਕੁਚਲੇ ਜਾਂਦੇ ਹਨ ਤੇ ਜ਼ਿੰਦਗੀ ਕੁਝ ਕੁ ਥਾਂ ਵਿਚ ਸੀਮਤ ਹੋ ਕੇ ਰਹਿ ਜਾਂਦੀ ਹੈ। ਅਸੀਂ ਉਹ ਕਰਦੇ ਹਾਂ ਜਿਸ ਦੀ ਲੋਕਾਂ ਨੂੰ ਜ਼ਰੂਰਤ ਹੈ ਜਾਂ ਉਹ ਮੰਗ ਕਰਦੇ ਹਨ।

ਮੋਹ ਭੰਗ ਅਵਸਥਾ 'ਚ ਵਿਚਰਦੇ ਸਾਹਿਤਕਾਰ ਦੀਆਂ ਆਪਣੇ ਲੋਕਾਂ ਪ੍ਰਤੀ ਜ਼ਿੰਮੇਵਾਰੀਆਂ ਇਸ ਨੂੰ ਇਕ ਅਨੁਸ਼ਾਸਨ ਵਿਚ ਲੈ ਜਾਂਦੀਆਂ ਹਨ। ਇਕ ਅਨੁਸ਼ਾਸਨ ਇਸ ਨੇ ਖੇਰੂੰ ਖੇਰੂੰ ਕੀਤਾ ਹੈ, ਇਕ ਤਿਆਰ ਕੀਤਾ ਹੈ ਜੋ ਉਸ ਦੀ ਸੋਚ ਨੂੰ ਆਵਾਗਾਉਣ ਹੋਣ ਤੋਂ ਬਚਾਉਂਦਾ ਹੈ। ਤੇ ਇਹ ਕੋਈ ਅਫਸੋਸ ਵਾਲੀ ਗੱਲ ਨਹੀਂ ਕਿਉਂਕਿ ਅਸਲ ਮਸਲਾ ਤਾਂ Motivation ਦਾ ਹੈ ਨਾ ਕਿ ਵਿਦਰੋਹ ਦਾ। ਵਿਦਰੋਹ ਤਾਂ ਇਕ ਪੜਾ ਹੈ, ਮਹੱਤਵਪੂਰਨ ਪੜਾਅ ਅਤੇ ਸੱਭਿਆਚਾਰ ਦੀ ਭੰਨ ਤੋੜ ਤੇ ਨਵ-ਸਥਾਪਤੀ ਵਿਚ ਆਏ ਅਜਿਹੇ ਕਈ ਪੜਾਅ ਤੈਅ ਕਰਨੇ ਹਨ।

ਦੂਜੀ ਗੱਲ; ਇਹ ਕੋਈ ਸਤੇ ਹੋਏ ਪਾਗਲ ਆਦਮੀ ਦਾ ਅੰਨ੍ਹੇਵਾਹ ਵਿਦਰੋਹ ਨਹੀਂ, ਜਿਹਾ ਕਿ ਸਾਡੇ ਡਿਗਰੀਆਂ ਅਤੇ ਕੁਰਸੀਆਂ ਵਾਲੇ ਲੇਖਕ ਸਮਝਦੇ ਹਨ। ਅਸਲ ਵਿਚ ਇਹ Method ਦਾ ਨਾਅਰਾ ਲਾ ਕੇ ਗੱਲ ਭੰਬਲਭੂਸੇ ਵਿਚ ਪਾਉਣਾ ਚਾਹੁੰਦੇ ਹਨ। ਇਹ ਠੀਕ ਹੈ ਕਿ Method ਵੀ ਇਕ ਮਹੱਤਵਪੂਰਨ ਸਮੱਸਿਆ ਹੈ। ਇਹ ਵੀ ਠੀਕ ਹੈ ਕਿ ਮਾਰਕਸਵਾਦ ਅੱਜ ਦੇ ਤੇਜ਼ੀ ਨਾਲ ਵਾਪਰਦੀਆਂ ਘਟਨਾਵਾਂ ਅਤੇ ਪ੍ਰਭਾਵਾਂ ਦੇ ਯੁੱਗ ਦੀ ਸੰਤੁਸ਼ਟਾ ਨਹੀਂ ਕਰ ਸਕਦਾ। ਪਹਿਲੀ ਗੱਲ ਤਾਂ ਇਹ ਹੈ ਕਿ ਮਾਰਕਸਵਾਦ ਬਾਰੇ ਏਂਜਲ ਨੇ ਖੁਦ ਕਿਹਾ ਸੀ "ur teaching is not dogma, but a guide to action" ਦੂਜੇ ਜੇ ਤੁਸੀਂ ਮਾਰਕਸ ਤੋਂ ਮੰਗਵੀਆਂ ਇਹਦੇ ਅਨੁਆਈਆਂ ਦੀਆਂ ਪ੍ਰਾਪਤੀਆਂ ਨੂੰ ਮਾਰਕਸਵਾਦ ਨਹੀਂ ਵੀ ਮੰਨਣਾ ਤਾਂ ਜੋ ਮਰਜ਼ੀ ਵਾਦ ਕਹਿ ਲਓ। ਸੱਚ ਦੇ ਖੋਜੀ ਸਾਹਿਤਕਾਰ ਨੂੰ Strings ਨਾਲ ਨਹੀਂ ਸਗੋਂ Flow ਨਾਲ ਵਾਸਤਾ ਹੋਣਾ ਚਾਹੀਦਾ ਹੈ। Method ਕੋਈ ਸਥਿਰ ਵਸਤੂ

ਨਹੀਂ। ਮਾਓ-ਜ਼ੇ-ਤੁੰਗ ਤੇ ਸਾਰਤਰ ਨੂੰ ਦੋ ਵੱਖੋ-ਵੱਖਰੇ ਬ੍ਰਹਿਮੰਡਾਂ ਦੇ ਜੀਵ ਨਹੀਂ ਸਮਝਣਾ ਚਾਹੀਦਾ। ਪ੍ਰੰਤੂ ਕਿਸੇ ਵੀ ਪ੍ਰੇਰਨਾ ਨੂੰ 'ਹਵਾਈ' ਹੋਣ ਤੋਂ ਬਚਾਉਣ ਲਈ ਇਸਨੂੰ ਜਨ-ਸਧਾਰਣ ਦੇ ਜੀਵਨ, ਹੱਕਾਂ ਤੇ ਜ਼ਰੂਰਤਾਂ ਦੀ ਕਸਵੱਟੀ 'ਤੇ ਲਾਉਣਾ ਜ਼ਰੂਰੀ ਹੈ—ਮਾਰਕਸਵਾਦ ਦੀ ਤਖ਼ਤੀ ਮੱਥੇ 'ਤੇ ਲਾਈ ਫਿਰਦੇ ਸਾਹਿਤਕਾਰ ਸ਼ਾਇਦ ਫੈਨਨ ਨੂੰ ਪੜ੍ਹਨਾ ਹੀ ਨਹੀਂ ਚਾਹੁਣਗੇ। ਉਨ੍ਹਾਂ ਨੂੰ ਏਹੀ ਪਤਾ ਹੈ ਕਿ ਮਾਰਕਸ ਨੇ ਮਨੁੱਖ ਨੂੰ "ool-maker Animal ਦੱਸਿਆ ਹੈ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ Moslow ਨੇ ਮਨੁੱਖ ਨੂੰ Wanting animal ਵੀ ਕਿਹਾ ਹੈ। ਜਿਸਦੀ ਇਕ ਇੱਛਾ ਪੂਰੀ ਹੁੰਦੀ ਹੈ ਤਾਂ ਦੂਜੀ ਸਿਰ ਚੁੱਕ ਲੈਂਦੀ ਹੈ। ਤੇ ਮਸ਼ੀਨੀ ਯੁੱਗ ਦੀ ਕ੍ਰਿਪਾ ਨਾਲ ਅਸੀਂ ਤਾਂ ਏਸ ਦੌਰ ਵਿਚੋਂ ਲੰਘ ਰਹੇ ਹਾਂ ਜਿਸ ਵਿਚ ਲੋਕਾਂ ਦੀਆਂ ਅਣਗਿਣਤ ਆਰਥਕ ਤੇ Egoistic ਲੋੜਾਂ ਇਕ ਸਾਰ ਹੀ ਖੌਰੂ ਪਾ ਰਹੀਆਂ ਹਨ। Moslow ਨੇ ਦੱਸਿਆ ਹੈ—"A man is not motivated by just one factor, but a number of factors" ਸਭ ਤੋਂ ਮਹੱਤਵਪੂਰਨ ਗੱਲ ਹੈ ਕਿ ਸਾਡੀਆਂ ਸਾਰੀਆਂ ਜ਼ਰੂਰਤਾਂ ਦਾ ਕੇਂਦਰ ਕੀ ਹੈ? ਉਸ 'ਤੇ ਕਿਸਦਾ ਕਬਜ਼ਾ ਹੈ। ਤੇ ਉਸ ਨੂੰ ਸਰਬ-ਪੱਖੀ ਬਨਾਉਣ ਲਈ ਅਸੀਂ ਸਬਜ਼ ਪ੍ਰਬੰਧ ਦਾ ਖ਼ਾਤਮਾ ਕਿਸ ਤਰੀਕੇ ਨਾਲ ਕਰ ਸਕਦੇ ਹਾਂ। ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਹੱਥ-ਪੱਲਾ ਮਾਰੇ ਫੋਕੀ ਨਾਅਰੇਬਾਜ਼ੀ ਅਤੇ ਭਾਰੇ-ਭਾਰੇ ਲਫ਼ਜ਼ਾਂ ਦੇ ਬਿਆਨ ਦੇਣ ਤੋਂ ਸੰਕੋਚ ਕਰਨ। ਮੈਂ ਵੀਹਵੀਂ ਸਦੀ ਦੇ ਪੁਲਾੜ ਯੁੱਗ ਦੇ ਲੇਖਕਾਂ ਨੂੰ ਈਸਾ ਤੋਂ ਚਾਰ ਸਦੀਆਂ ਪਹਿਲਾਂ ਦੇ ਗੁਮਨਾਮ ਅੰਗਰੇਜ਼ੀ ਕਵੀ ਦੀਆਂ ਦੋ ਸਤਰਾਂ ਦਾ ਸੰਦੇਸ਼ਾ ਦੇਣਾ ਚਾਹਾਂਗਾ—

Face the things, that are going to be happen, be slaves no more."

ਕੇਵਲ ਲਿਖਣ 'ਤੇ ਹੀ ਅੱਜ ਸਿਰ ਤੋਂ ਕੰਮ ਨਹੀਂ ਮੁੱਕ ਜਾਂਦਾ। ਚੰਗਾ ਲਿਖਣ ਤੋਂ ਬਿਨਾਂ ਅੱਜ ਦੇ ਸਾਹਿਤਕਾਰ ਦਾ ਇਕ ਹੋਰ ਔਖਾ ਅਤੇ ਅਤੀ ਜ਼ਰੂਰੀ ਕੰਮ ਹੈ। ਕਲਾ ਨਾਲ ਝਾੜੂ ਦੇਣਾ। ਏਸ ਅਜੀਬ ਜਿਹੀ ਗੱਲ ਦਾ ਬਹੁਤ ਮਹੱਤਵ ਹੈ। ਸਾਡੇ ਤੋਂ ਪਹਿਲਿਆਂ ਲੇਖਕਾਂ ਦੀ ਅਣਗਹਿਲੀ ਅਤੇ ਗ਼ੈਰ-ਜ਼ੁੰਮੇਵਾਰੀ ਦੀ ਵਜ੍ਹਾ ਦੇ ਨਾਲ ਅਸੀਂ ਇਹਨੂੰ ਮੇਟਣਾ ਹੈ। ਲੇਖਣੀ ਨੂੰ ਲੋਕਾਂ ਦੀ ਪਸੰਦ, ਜ਼ਰੂਰਤ ਤੇ ਸਾਧਨ ਮੁਤਾਬਕ ਢਾਲ ਕੇ ਲੋਕਾਂ ਨੂੰ ਪ੍ਰਸਪਰ ਸਿੱਧੀਆਂ ਮਿਲਣੀਆਂ, ਸਾਹਿਤਕ ਇਕੱਠਾਂ, ਸਭਾਵਾਂ ਅਤੇ ਕਵੀ ਦਰਬਾਰਾਂ ਵਿਚ ਸਾਹਿਤ ਪੜ੍ਹਨ ਲਈ ਪ੍ਰੇਰਨਾ ਦੇਣੀ ਤੇ ਸਾਹਿਤ ਦੇਣਾ (ਭਾਵੇਂ ਮੁੱਲ ਹੀ) ਤੇ ਇਹ ਗੱਲ ਸਮਝਣੀ ਅਤਿ-ਅਵੱਸ਼ਕ ਹੈ ਕਿ ਸਾਹਿਤ ਵਿਚ ਪ੍ਰਚਲਤ ਰਹੱਸਵਾਦੀ ਗੱਲ ਤੇ ਖੱਸੀ ਰੁਚੀਆਂ ਨੂੰ ਦੇਖ ਕੇ ਸਾਹਿਤਕਾਰ ਨੇ ਪਿੰਡਾਂ ਦੀਆਂ ਚਿੱਕੜ ਭਰੀਆਂ ਗਲੀਆਂ ਵਿਚ ਪ੍ਰਵੇਸ਼ ਕਰਨਾ ਹੈ। ਏਨੀ ਹੀ ਜ਼ਿੰਮੇਵਾਰੀ ਉਨ੍ਹਾਂ ਪਾਠਕਾਂ 'ਤੇ ਆਉਂਦੀ ਹੈ, ਜੋ ਸੱਭਿਆਚਾਰ ਅਤੇ ਸਾਹਿਤ ਪ੍ਰਤੀ ਚੇਤੰਨ ਹੋਣਗੇ।

ਹੁਣ ਵਕਤ ਉਹ ਹੈ ਜਦੋਂ ਲੇਖਕਾਂ ਨੂੰ ਕਾਫ਼ੀ ਹਾਊਸ ਛੱਡ ਕੇ ਪਿੰਡਾਂ ਦੇ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਵਿਚ ਚਲੇ ਜਾਣਾ ਚਾਹੀਦਾ ਹੈ, ਉਨ੍ਹਾਂ ਕੋਲੋਂ ਸਿੱਖਣ ਅਤੇ ਸਿੱਖਾਲਣ ਲਈ। ਹੁਣ ਵਕਤ ਉਹ ਹੈ ਜਦੋਂ ਲੇਖਕ ਅਤੇ ਪਾਠਕਾਂ ਦੇ ਸਿੱਧੇ ਸਬੰਧ ਸਥਾਪਤ ਹੋਣੇ ਚਾਹੀਦੇ ਹਨ। ਤਾਂ ਹੀ ਸਾਡਾ ਸਾਹਿਤ ਲੋਕ ਸਾਹਿਤ ਬਣ ਸਕਦਾ ਹੈ ਤੇ ਤਾਂ ਹੀ ਲੋਕ ਸਾਹਿਤ ਸਮਾਜ ਵਿਚਲੀ ਗੰਦਗੀ ਵਿਰੁੱਧ ਲੜ ਸਕਦਾ ਹੈ। ਉਪਰੋਕਤ ਅਮਲਾਂ ਤੋਂ ਬਿਨਾਂ ਵਿਦ੍ਰੋਹੀ ਸਾਹਿਤ ਕੇਵਲ ਕੁਝ ਬੁੱਧੀਜੀਵੀਆਂ ਦੀ ਦਿਮਾਗੀ ਠਰਕ ਤਾਂ ਹੋ ਸਕਦਾ ਹੈ ਪਰ ਪ੍ਰਾਪਤੀਆਂ ਦੇ ਖੇਤਰ ਵਿਚ ਕੇਵਲ ਜ਼ੀਰੋ ਹੀ ਹੋਵੇਗਾ। ਇਹ ਸਗੋਂ Absurd ਸਾਹਿਤ ਦਾ ਵੀ ਇਕ ਹਿੱਸਾ ਬਣ ਸਕਦਾ ਹੈ। ਏਹੀ ਨੁਕਤਾ ਕਲਮ ਨਾਲ ਝਾੜੂ ਦੇਣ ਦਾ ਹੈ। ਸਾਨੂੰ ਤਿੰਨ ਗੱਲਾਂ ਦੇਖਣੀਆਂ ਚਾਹੀਦੀਆਂ ਹਨ— 1. ਪਿੰਡ ਭਾਰਤ ਹਨ, 2. ਸਾਹਿਤ ਪਿੰਡਾਂ ਲਈ, 3. ਪਿੰਡ ਜ਼ਿੰਦਗੀ ਲਈ।



## ਪਾਸ਼ ਨਾਲ ਸੰਵਾਦ

ਪਾਸ਼ ਕ੍ਰਾਂਤੀਕਾਰੀ ਤੇ ਮਾਰਕਸੀ ਕਵੀ ਹੈ। ਉਹ ਉਸ ਨਵੀਂ ਜੁਰਅਤ ਵਾਲੀ ਪੀੜ੍ਹੀ ਦਾ ਨੌਜਵਾਨ ਹੈ, ਜੀਹਨੇ ਜੋ ਲਿਖਿਆ ਹੈ, ਉਹ ਕਰ ਕੇ ਵੀ ਵਿਖਾਇਆ ਹੈ। ਉਨ੍ਹਾਂ ਆਪਣਾ ਆਪ ਰੋਮਾਂਟਿਕ ਪਰਤਾਂ 'ਚ ਗਲੇਫਿਆ ਨਹੀਂ— ਪਰ ਪਤਾ ਨਹੀਂ ਕਿਉਂ ਇਸ ਇੰਟਰਵਿਊ ਵਿਚ ਪਾਸ਼ ਨੇ ਕੁਝ ਹੋਰ ਬਣਨ ਦੀ ਕੋਸ਼ਿਸ਼ ਕੀਤੀ ਹੈ। ਉਹ ਪੁਰਾਣੀ ਪੀੜ੍ਹੀ ਨੂੰ ਨਿੰਦਣਾ ਚਾਹੁੰਦਾ ਹੈ, ਪਰ ਨਾਂ ਲੈਣ ਤੋਂ ਡਰਦਾ ਹੈ।

**? ਕਵਿਤਾ ਲਿਖਣ ਵੇਲੇ ਤੇਰੇ ਸਾਹਮਣੇ ਕੀ ਮਕਸਦ ਹੁੰਦਾ ਹੈ?**

ਪਾਸ਼- ਕਵਿਤਾ ਲਿਖਣ ਵੇਲੇ ਮੈਂ ਸਮਝਦਾ ਹਾਂ ਕਿਸੇ ਵੀ ਕਵੀ ਕੋਲ ਫੌਰੀ ਤੌਰ 'ਤੇ ਕੋਈ ਮਕਸਦ ਨਹੀਂ ਹੁੰਦਾ। ਮਕਸਦ ਪਹਿਲਾਂ ਤੋਂ ਉਹਦੇ ਧੁਰ ਅੰਦਰ ਸਮਾਇਆ ਹੋਇਆ ਹੁੰਦਾ ਹੈ। ਅਤੇ ਉਹ ਮਕਸਦ ਦੁਨੀਆਂ ਬਾਰੇ ਉਹਦੀ ਸਮਝ ਜਾਂ ਲਿਖਣ ਵਾਲੇ ਪ੍ਰਭਾਵਾਂ ਨੂੰ ਪਕੜਨ ਵਾਲੇ ਪਲੇਟ ਫ਼ਾਰਮ ਉਤੇ ਅਧਾਰਤ ਹੁੰਦਾ ਹੈ। ਜੇ ਮੈਂ ਆਖਾਂ ਕਿ ਮੈਂ ਫਲਾਣੇ ਮਕਸਦ ਲਈ ਲਿਖਣ ਲੱਗਾ ਹਾਂ ਤਾਂ ਇਹ ਠੀਕ ਨਹੀਂ ਹੋਵੇਗਾ।

**? ਲਿਖਣ ਵੇਲੇ ਦਾ ਸਹੀ, ਉਸ ਤੋਂ ਪਹਿਲਾਂ ਜਾਂ ਬਾਅਦ ਵਾਲੇ ਮਕਸਦ ਦੀ ਗੱਲ ਦਸ।**

ਪਾਸ਼- ਬਹੁਤੀ ਵਾਰ ਤਾਂ ਐਉਂ ਹੁੰਦਾ ਹੈ ਕਿ ਮੈਂ ਆਪਣੀ ਅਪੂਰਣਤਾ ਨੂੰ ਪੂਰਣ ਕਰਨ ਵਾਸਤੇ ਕਵਿਤਾ ਲਿਖਣ ਦੀ ਕ੍ਰਿਆ ਨੂੰ ਵਰਤਦਾ ਹਾਂ। ਕਈ ਵਾਰ 'ਕੁੱਝ' ਅਮਲ ਵਿੱਚ ਮੈਂ ਪਕੜ ਨਹੀਂ ਸਕਿਆ ਹੁੰਦਾ ਤੇ ਪਕੜਨ ਦੀ ਹਸਰਤ ਕਰਕੇ ਬੜਾ ਦੁਖੀ ਹੋਇਆ ਹੁੰਦਾ ਹਾਂ. ਓਦੋਂ ਮੇਰੀ ਕਵਿਤਾ ਮੇਰੇ ਉਸ ਖਿਆਲ ਨੂੰ ਪੂਰਨ ਦਾ ਕੰਮ ਕਰਦੀ ਹੈ। ਅਤੇ ਕਈ ਵਾਰ ਇੰਜ ਹੁੰਦਾ ਹੈ ਕਿ ਕਵਿਤਾਵਾਂ ਮਹੌਲ ਦਾ ਪ੍ਰਤੀਕਰਮ ਹੁੰਦੀਆਂ ਹਨ ਜਿਵੇਂ ਕਿ ਆਮ ਤੌਰ 'ਤੇ ਜੇਲ੍ਹ ਵਿਚ ਹੁੰਦਾ ਸੀ। ਓਦੋਂ ਆਸੇ-ਪਾਸੇ ਦਾ ਗਲ-ਘੋਟੂ ਮਹੌਲ (ਜੋ ਮੇਰੇ ਉਤੇ ਠੋਸਿਆ ਗਿਆ ਸੀ) ਮੇਰੇ ਵਿਚ ਬਦਲੇ ਦੀ ਭਾਵਨਾ ਪੈਦਾ ਕਰਦਾ ਸੀ ਤੇ ਕਵਿਤਾ ਲਿਖ ਕੇ ਮੈਨੂੰ ਤਸੱਲੀ ਹੁੰਦੀ ਸੀ ਕਿ ਮੈਂ ਇਸ ਜਬਰ-ਦਸਤੀ ਨੂੰ ਪ੍ਰਵਾਨ ਨਹੀਂ ਕੀਤਾ।

**? ਇਹ ਪ੍ਰਤੀਕਰਮ ਤਾਂ ਡਾ. ਹਰਭਜਨ ਜਾਂ ਕਿਸੇ ਹੋਰ ਉਸ ਕਵੀ ਦਾ ਵੀ ਹੋ ਸਕਦਾ ਹੈ ਜਿਸ ਦਾ ਲੋਕਾਂ ਨਾਲ ਕੋਈ ਵਾਸਤਾ ਨਹੀਂ ਹੁੰਦਾ-ਤੇਰਾ ਉਹਨਾਂ ਨਾਲੋਂ ਕੀ ਫਰਕ ਹੈ?**

ਪਾਸ਼- ਮੇਰੇ ਖਿਆਲ ਮੁਤਾਬਕ ਤਾਂ ਫਰਕ ਇਹੀਉ ਹੋ ਸਕਦਾ ਹੈ ਕਿ ਮੈਂ ਕ੍ਰਾਂਤੀਕਾਰੀ ਲਹਿਰ ਨਾਲ ਸਬੰਧਤ ਹਾਂ ਜਿਸ ਵਿਚ ਬਹੁਤ ਸਾਰੇ ਮੱਧ-ਸ਼੍ਰੇਣੀ ਅਤੇ ਹੇਠਲੀ ਸ਼੍ਰੇਣੀ ਦੇ ਵਿਅਕਤੀਆਂ ਦਾ ਸਮੂਹ ਹੈ। ਮੇਰੇ ਅੰਤਰੀਵ ਮਨ ਵਿਚ ਉਨ੍ਹਾਂ ਲੋਕਾਂ ਅਤੇ ਸਮੁੱਚੀ ਦਰੜੀ ਜਾ ਰਹੀ ਜਨਤਾ ਨਾਲ ਘੁਲਣ-ਮਿਲਣ, ਉਹਨਾਂ ਦੇ ਦੁੱਖਾਂ-ਦਰਦਾਂ ਅਤੇ ਸਮੱਸਿਆਵਾਂ ਦੇ ਹੱਲ ਦੀ ਖਾਹਸ਼ ਹੁੰਦੀ ਹੈ। ਹਰਭਜਨ ਜਾਂ ਹੋਰ ਕਵੀ ਜਿਹੜੇ ਦਾਇਰੇ ਨਾਲ ਸਬੰਧਤ ਹੋਣਗੇ ਉਨ੍ਹਾਂ ਦੀ ਚੇਤਨਾ ਉਸ ਨਾਲ ਬੱਝੀ ਹੋਈ ਹੋਵੇਗੀ। ਜੋ ਫ਼ਰਕ ਮੇਰਾ ਅਤੇ ਉਨ੍ਹਾਂ ਦੇ ਚੌਗਿਰਦੇ ਅਤੇ ਦਾਇਰੇ ਦੀ ਸੋਚਣੀ ਦਾ ਹੋਵੇਗਾ, ਉਹੀ ਫ਼ਰਕ ਸਾਡੇ ਰਚਨਾ ਕਰਨ ਪਿਛੇ ਕੰਮ ਕਰ ਰਹੇ ਮਕਸਦ ਦਾ ਵੀ ਹੋਵੇਗਾ।

**? ਤੂੰ ਪੰਜਾਬੀ ਸਾਹਿਤ 'ਚ ਕ੍ਰਾਂਤੀਕਾਰੀ ਲਹਿਰ ਦਾ ਅੰਗ ਹੈ-ਤੂੰ ਦੱਸ ਸਕਦਾ ਏਂ ਕਿ ਇਹ ਕਿਉਂ ਪੈਦਾ ਹੋਈ ਤੇ ਇਹਦਾ ਸਾਹਿਤ ਤੇ ਸਮਾਜ 'ਤੇ ਕੀ ਅਸਰ ਪਿਆ ਹੈ?**

ਪਾਸ਼- ਪੰਜਾਬੀ ਸਾਹਿਤ ਵਿਚ ਕ੍ਰਾਂਤੀਕਾਰੀ ਲਹਿਰ ਆਉਣ ਤੋਂ ਪਹਿਲਾਂ ਸਾਡੇ ਲੇਖਕਾਂ, ਖਾਸ ਕਰ ਨਵੀਂ ਪੀੜ੍ਹੀ ਅਸਪਸ਼ਟਤਾ ਵਿਚ ਉਲਝੀ ਹੋਈ ਸੀ। ਇਹ ਅਸਪਸ਼ਟਤਾ ਜ਼ਿੰਦਗੀ ਵਿਚ ਵੀ ਸੀ। ਕ੍ਰਾਂਤੀਕਾਰੀ ਲਹਿਰ ਪਹਿਲਾਂ ਸਮਾਜ ਵਿਚ ਆਈ, ਇਸ ਲਹਿਰ ਦੀ ਤੀਬਰਤਾ ਅਤੇ ਤੱਟ-ਫੱਟਤਾ ਦਾ

ਪੰਜਾਬੀ ਸਮਾਜ ਦੇ ਪੈਟੀ ਬੁਰਜੂਆ ਅਤੇ ਮੱਧ ਸ਼੍ਰੇਣੀ ਦੇ ਲੋਕਾਂ ਉਤੇ ਇਕ ਦਮ ਅਤੇ ਭਾਰੀ ਅਸਰ ਪਿਆ। ਸਾਡੇ ਲੇਖਕ ਵੀ ਬਹੁਤਾ ਕਰਕੇ ਇਸੇ ਸ਼੍ਰੇਣੀ ਵਿਚੋਂ ਹਨ। ਕਿਉਂਕਿ ਸਾਹਿਤਕਾਰ ਪਤਲ-ਪਿੰਡੇ ਹੁੰਦੇ ਹਨ, ਇਸ ਲਈ ਉਹ ਬਹੁਤੇ ਅਤੇ ਛੇਤੀ ਪ੍ਰਭਾਵਿਤ ਹੋਏ। ਦੂਜੀ ਗੱਲ ਇਹ ਵੀ ਸੀ ਕਿ ਉਹ ਆਪਣੀ ਅਸਪਸ਼ਟਤਾ ਤੋਂ ਖਿਝੇ ਹੋਏ ਸਨ ਅਤੇ ਸਪਸ਼ਟਤਾ ਦੇ ਹੱਲ ਲਈ ਹਾਬੜ ਕੇ ਪਏ। ਕ੍ਰਾਂਤੀਕਾਰੀ ਲਹਿਰ ਸਾਰਿਆਂ ਨੂੰ ਸਥਾਪਤ ਥੋਥੀਆਂ ਕੀਮਤਾਂ ਤੋਂ ਛੁਟਕਾਰਾ ਪਾਉਣ ਦਾ ਰਾਹ ਮਲੂਮ ਹੋਈ। ਅਸਰ ਇਹ ਹੋਇਆ ਕਿ ਇਸ ਨੇ ਠਹਿਰਾ ਨੂੰ ਤੋੜਿਆ ਹੈ ਅਤੇ ਪੰਜਾਬ ਦੀ ਬਗਾਵਤ ਦੀ ਪਰੰਪਰਾ ਨੂੰ ਅਗਾਂਹ ਤੋਰਿਆ ਹੈ।

**? ਇਸ ਜਵਾਬ ਵਿਚ ਦੋ ਗੱਲਾਂ ਸਪਸ਼ਟ ਕਰਨ ਵਾਲੀਆਂ ਨੇ-**

(1) ਨਵੀਂ ਪੀੜ੍ਹੀ ਦੀ ਅਸਪਸ਼ਟਤਾ ਤੇ (2) ਸਮਾਜ 'ਤੇ ਅਸਰ, ਮਿਸਾਲਾਂ ਦੇ ਕੇ ਦਸ।

ਪਾਸ਼- ਨਵੀਂ ਪੀੜ੍ਹੀ ਦੀ ਅਸਪਸ਼ਟਤਾ ਤੋਂ ਮੇਰਾ ਮਤਲਬ ਹੈ ਕਿ ਕਿਸੇ ਕੋਲ ਜੀਵਨ ਦਾ ਕੋਈ ਖਾਸ ਉਦੇਸ਼ ਨਹੀਂ ਸੀ। ਸਭ ਕੁੱਝ ਸਿਰਫ ਵਾਪਰਨ ਵਾਂਗ ਵਾਪਰਦਾ ਜਾ ਰਿਹਾ ਸੀ ਅਤੇ ਉਸ ਵਿੱਚ ਲੇਖਕ ਨੂੰ ਆਪਣਾ ਆਪ ਇਕ ਮੰਦ ਵਾਂਗ ਹੀ ਲੱਗਦਾ ਸੀ। ਲੇਖਕ ਆਪਣੇ ਅਸਤਿੱਤਵ ਦੀ ਭਾਲ ਵਿੱਚ ਉਲਝੇ ਜਿਹੇ ਪਏ ਸਨ (ਮਿਸਾਲ ਵਜੋਂ 68 ਤੋਂ ਲੈ ਕੇ 70 ਤੱਕ ਦੀ ਔਸਤਨ ਕਵਿਤਾ) ਆਪਣੇ-ਆਪ ਨੂੰ ਬੇ-ਅਰਥ ਜਿਹਾ ਸਮਝਣ ਤੋਂ ਵੱਡਾ ਦੁੱਖ ਉਲਝੇਵਾਂ ਅਤੇ ਅਸਪਸ਼ਟਤਾ ਹੋਰ ਕੀ ਹੋ ਸਕਦੀ ਹੈ। ਪੰਜਾਬ ਵਿਚ ਕ੍ਰਾਂਤੀਕਾਰੀ ਲਹਿਰ ਦੇ ਜਨਮ ਲੈਣ ਉਤੇ ਇਸ ਸਾਰੇ ਕੁੱਝ ਦਾ ਹੱਲ ਦਿਸਣ ਲੱਗ ਪਿਆ ਸੀ (ਉਹ ਗੱਲ ਵੱਖਰੀ ਹੈ ਕਿ ਹੱਲ ਹੋ ਵੀ ਗਿਆ ਕਿ ਨਹੀਂ) ਲੇਖਕਾਂ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਵੀ ਖਾਸ ਰੋਲ ਹੈ ਅਤੇ ਉਹ ਇਕ ਸੰਦ ਹੋਣ ਦੀ ਬਜਾਏ, ਵਿਦਰੋਹ ਕਰਨ ਨੂੰ ਪਸੰਦ ਕਰਨ ਲੱਗੇ। ਇਸ ਵਿਚ ਲੇਖਕ ਦੀ ਆਪਣੀ ਨਾਇਕ ਬਣਨ ਦੀ ਖਾਹਸ਼ ਨੂੰ ਵੀ ਕਾਫੀ ਹੱਦ ਤੀਕ ਤਸੱਲੀ ਮਿਲੀ। ਸਮਾਜ 'ਤੇ ਅਸਰ ਮੁੱਖ ਤੌਰ 'ਤੇ ਇਹ ਹੋਇਆ ਕਿ ਇਸ ਨੇ ਭਾਰੀ ਗਿਣਤੀ ਵਿਚ ਕ੍ਰਾਂਤੀਕਾਰੀ ਪਾਠਕ ਪੈਦਾ ਕੀਤੇ ਅਤੇ ਦਿਲਚਸਪ ਗੱਲ ਹੈ ਕਿ ਉਨ੍ਹਾਂ ਲੇਖਕਾਂ, ਜਿਨ੍ਹਾਂ ਨੇ ਉਹ ਪਾਠਕ ਪੈਦਾ ਕੀਤੇ ਭਾਵੇਂ ਅਮਲੀ ਜ਼ਿੰਦਗੀ ਵਿਚ ਕੋਈ ਕ੍ਰਾਂਤੀਕਾਰੀ ਕੰਮ ਕੀਤਾ ਹੋਵੇ ਜਾਂ ਨਾ ਪਰ ਪਾਠਕਾਂ ਵਿਚੋਂ ਬਹੁਤ ਸਾਰੇ ਭਾਰੀ ਗਿਣਤੀ ਵਿਚ ਲਹਿਰ ਨਾਲ ਆ ਰਲੇ ਅਤੇ ਅੱਜ ਵੀ ਜੂਝ ਰਹੇ ਹਨ। ਕ੍ਰਾਂਤੀਕਾਰੀ ਸਾਹਿਤ ਨੇ ਪੰਜਾਬੀ ਵਿਚ ਕ੍ਰਾਂਤੀਕਾਰੀ ਲਹਿਰ ਨੂੰ ਮਕਬੂਲ ਬਣਾਉਣ, ਅਤੇ ਫੈਲਾਉਣ ਵਿਚ ਕਾਫੀ ਹਿੱਸਾ ਵੀ ਪਾਇਆ।

**? ਕੁਝ ਲੇਖਕ, ਖਾਸ ਤੌਰ 'ਤੇ ਕਵੀ ਜਿਹੜੇ ਭੱਜ ਕੇ ਕ੍ਰਾਂਤੀਕਾਰੀ ਲਹਿਰ 'ਚ ਆ ਵੜੇ ਸਨ, ਉਹ ਹੁਣ ਚੁੱਪ ਹੋ ਗਏ ਨੇ ਜਾਂ ਭੱਜ ਗਏ ਨੇ-ਉਹਨਾਂ ਬਾਰੇ ਕੀ ਖਿਆਲ ਹੈ।**

ਪਾਸ਼- ਉਹ ਕਵੀ ਮੌਕਾਪ੍ਰਸਤ ਹਨ, ਸਿਰਫ਼ ਸਥਾਪਤੀ ਦੀ ਭਾਵਨਾ ਨਾਲ ਲਹਿਰ ਵਿਚ ਆਏ (ਉਨ੍ਹਾਂ ਦੀ ਕੁੱਝ ਦੇਣ ਵੀ ਹੈ) ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੀ ਇਹ ਭਾਵਨਾ ਵੀ ਬੇਈਮਾਨੀ ਉਤੇ ਆਧਾਰਤ ਸੀ। ਉਨ੍ਹਾਂ ਕਦੀ ਵੀ ਕ੍ਰਾਂਤੀਕਾਰੀ ਲਹਿਰ ਦੀ ਮਹੱਤਤਾ ਨੂੰ ਸਮਝਣ ਅਤੇ ਇਹਨੂੰ ਅਪਨਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਇਸ ਤਰ੍ਹਾਂ ਕਰ ਕੇ ਉਨ੍ਹਾਂ ਦਾ ਪ੍ਰਭਾਵ ਵਕਤੀ ਤੌਰ 'ਤੇ ਤਾਂ ਭਾਵੇਂ ਬਣ ਗਿਆ ਹੋਵੇ ਪਰ ਸਮੁੱਚੇ ਤੌਰ 'ਤੇ ਵਿਗੜਿਆ ਹੀ ਹੈ। ਹੁਣ ਜਦੋਂ ਉਹ ਕ੍ਰਾਂਤੀਕਾਰੀ ਲਹਿਰ ਬਾਰੇ, ਇਹਦੀਆਂ ਉਕਾਈਆਂ ਬਾਰੇ ਗੱਲ ਵੀ ਕਰਦੇ ਹਨ ਤਾਂ ਇਹਨੂੰ ਆਪਣੀ ਚਹੇਤੀ ਲਹਿਰ ਹੋਣ ਦੇ ਨਾਤੇ ਨਹੀਂ, ਸਗੋਂ ਇਕ ਵੱਖਰੇ ਪਲੇਟ ਫਾਰਮ 'ਤੇ ਖੜੋ ਕੇ ਗੱਲ ਕਰਦੇ ਹਨ। ਜ਼ਾਹਰ ਹੈ ਕਿ ਉਨ੍ਹਾਂ ਸਿਰਫ਼ ਕ੍ਰਾਂਤੀਕਾਰੀ ਲਹਿਰ ਨੂੰ ਵਰਤਿਆ ਹੀ ਹੈ।(15 ਜੂਨ 1972) (**ਪਾਸ਼ ਦੀਆਂ ਇਹ ਲਿਖਤਾਂ ਪ੍ਰੇਮ ਪ੍ਰਕਾਸ਼ ਤੋਂ ਪ੍ਰਾਪਤ ਹੋਈਆਂ ਹਨ। ਇਹ ਸਵਾਲ ਸ਼ਾਇਦ ਪ੍ਰੇਮ ਪ੍ਰਕਾਸ਼ ਨੇ ਕੀਤੇ ਹਨ। -ਸੰਪਾਦਕ** ) ००



# ਜਨ ਬੋਧ

## ਇਰਫ਼ਾਨ ... ਕੁਝ ਪੰਨੇ ਕੋਰੇ ਰਹਿ ਗਏ

**-ਮੂਲ ਲੇਖਕ : ਅਜੈ ਬ੍ਰਹਮਾਤਮਜ, ਅਨੁਵਾਦ : ਹਰਜੋਤ**

ਇਰਫ਼ਾਨ ਇਨ੍ਹੀਂ ਦਿਨੀਂ ਪੰਜ-ਪੰਜ ਮਿੰਟ ਦੀ ਨੀਂਦ ਚੁਰਾ ਰਹੇ ਹਨ। ਉਹ ਵਿਅਸਤ ਹਨ। ਉਹ ਇੱਕ ਮਹਾਂਦੀਪ ਤੋਂ ਦੂਜੇ ਮਹਾਂਦੀਪ ਤੇ ਭਾਰਤ ਆਉਣ ਤੇ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਦੀ ਨਿਰੰਤਰ ਯਾਤਰਾ ਕਰ ਰਹੇ ਹਨ। ਇਸ ਭੱਜਦੌੜ 'ਚ ਪੰਜ ਮਿੰਟ ਦੀ ਨੀਂਦ ਵੀ ਪੂਰੀ ਰਾਤ ਤੋਂ ਜ਼ਿਆਦਾ ਸਕੂਨ ਦੇ ਜਾਂਦੀ ਹੈ। ਸਾਰੇ ਜਾਣਦੇ ਹਨ ਕਿ ਮਹਾਂਦੀਪਾਂ ਦੀ ਯਾਤਰਾ 'ਚ ਕਦੇ ਸਮਾਂ ਘਟਦਾ ਹੈ ਤਾਂ ਕਦੇ ਵਧਦਾ ਹੈ ਉਸ ਦੇ ਕਾਰਨ ਭਾਰੀ ਥਕਾਵਟ ਹੁੰਦੀ ਹੈ। ਸਰੀਰ ਵੀ ਬਦਲਦੇ ਸਮੇਂ ਦੇ ਨਾਲ ਅਨੁਕੂਲ ਹੋਣ 'ਚ ਸਮਾਂ ਲੈਂਦਾ ਹੈ। ਵਿਦੇਸ਼ਾਂ ਤੋਂ ਭਾਰਤ ਆਉਣ 'ਤੇ ਇਰਫ਼ਾਨ ਦੀ ਥਕਾਵਟ ਜ਼ਿਆਦਾ ਡੂੰਘੀ ਤੇ ਲੰਮੀ ਹੁੰਦੀ ਹੈ, ਪਰ ਹਰਮਨ-ਪਿਆਰਤਾ ਦੇ ਨਾਲ ਇਹ ਸਭ ਤਾਂ ਹੋਣਾ ਹੀ ਸੀ।

ਪਿਛਲੇ ਦਿਨੀਂ ਉਹ ਆਪਣੀ ਤਾਜ਼ਾ ਫਿਲਮ 'ਤਲਵਾਰ' ਦੇ ਨਾਲ ਟੋਰਾਂਟੋ 'ਚ ਸਨ। ਉੱਥੋਂ ਦੇ ਅਨੁਭਵ ਸੁਣਾਉਂਦੇ ਹਨ - ਦਰਸ਼ਕਾਂ ਤੇ ਸਮੀਖਿਅਕਾਂ ਨੇ ਬਹੁਤ ਤਾਰੀਫ਼ ਕੀਤੀ ਹੈ। ਹੁਣ ਤਾਂ ਟੋਰਾਂਟੋ 'ਚ ਭਾਰਤ ਤੋਂ ਹਰ ਸਾਲ ਕੁਝ ਨਵੀਂਆਂ ਫਿਲਮਾਂ ਜਾਂਦੀਆਂ ਹਨ। ਇਹ ਸੰਕੇਤ ਹੈ ਕਿ ਭਾਰਤ ਦੀਆਂ ਫਿਲਮਾਂ 'ਚ ਵਿਭਿੰਨਤਾ ਆ ਰਹੀ ਹੈ ਤੇ ਫੈਸਟੀਵਲ ਦਾਇਰੇ ਦੇ ਦਰਸ਼ਕ ਵੀ ਹਿੰਦੀ ਫਿਲਮਾਂ ਪਸੰਦ ਕਰ ਰਹੇ ਹਨ। ਹੁਣ ਲੋਕ ਸਮਝ ਰਹੇ ਹਨ ਕਿ ਭਾਰਤੀ ਫਿਲਮਾਂ 'ਚ ਕੇਵਲ ਨੱਚਣਾ-ਗਾਉਣਾ ਹੀ ਨਹੀਂ ਰਹਿੰਦਾ। ਇੱਥੋਂ ਤੱਕ ਕਿ ਨੱਚਣਾ-ਗਾਣਾ ਵੀ ਬੇਮਤਲਬ ਨਹੀਂ ਹੁੰਦਾ। ਹੁਣ ਸੀਰੀਅਸ ਸਟੋਰੀ ਵੀ ਕਹੀ ਜਾ ਰਹੀ ਹੈ।

ਇਰਫ਼ਾਨ '**ਤਲਵਾਰ**' 'ਚ ਆਪਣੀ ਭੂਮਿਕਾ ਦੇ ਲਈ ਰਾਜ਼ੀ ਹੋਣ ਦਾ ਕਾਰਨ ਦੱਸਦੇ ਹਨ - ਮੈਨੂੰ ਮੇਘਨਾ ਨੇ ਜਦੋਂ ਕਹਾਣੀ ਸੁਣਾਈ ਤਾਂ ਆਪਣਾ ਕਿਰਦਾਰ ਇਸ ਲਈ ਚੰਗਾ ਲੱਗਾ ਕਿ ਅਜਿਹੇ ਇੱਕ ਵਿਅਕਤੀ ਸਨ। ਉਨ੍ਹਾਂ ਨੇ ਮਾਮਲੇ ਨੂੰ ਸੁਲਝਾਉਣ ਲਈ ਤਫ਼ਤੀਸ਼ ਕੀਤੀ ਸੀ। ਫਿਲਮ ਉਹੀ ਨਹੀਂ ਹੈ, ਜੋ ਲੋਕਾਂ ਨੇ ਟੀਵੀ ਉੱਤੇ ਦੇਖਿਆ ਜਾਂ ਅਖਬਾਰਾਂ 'ਚ ਪੜ੍ਹਿਆ। ਇੱਕ ਨਜ਼ਰੀਆ ਬਣ ਗਿਆ। ਕੁਝ ਤੱਥ ਅਜਿਹੇ ਸਨ, ਜਿਨ੍ਹਾਂ ਨਾਲ ਝਟਕਾ ਲੱਗਦਾ ਹੈ। ਫਿਲਮ 'ਚ ਉਨ੍ਹਾਂ ਤੱਥਾਂ ਨੂੰ ਪੇਸ਼ ਕੀਤਾ ਗਿਆ ਹੈ ਇਹ ਫਿਲਮ ਮੇਰੇ ਲਈ ਮਹੱਤਵਪੂਰਨ ਹੈ। ਕਿਉਂਕਿ ਇਹ ਧਾਰਨਾਵਾਂ ਤੋਂ ਅਲੱਗ ਜਾ ਕੇ ਕੁਝ ਕਹਿੰਦੀ ਹੈ ਤੁਸੀਂ ਦੇਖੋ ਕਿ ਸੱਚਮੁੱਚ ਕੋਈ ਵੀ ਵੱਧ ਖੋਜਬੀਨ ਨਹੀਂ ਕਰਨਾ ਚਾਹੁੰਦਾ। ਅਸੀਂ ਟੀਵੀ ਉੱਤੇ ਜੋ ਦੇਖਦੇ ਹਾਂ ਜਾਂ ਅਖ਼ਬਾਰ 'ਚ ਪੜ੍ਹਦੇ ਹਾਂ, ਉਸੇ ਉੱਤੇ ਯਕੀਨ ਕਰ ਲੈਂਦੇ ਹਾਂ। ਆਪਣੀ ਰਾਇ ਤੇ ਧਾਰਨਾ ਬਣਾ ਲੈਂਦੇ ਹਾਂ। ਅੱਜ ਦੇ ਦੌਰ 'ਚ ਜਾਣਨਾ ਤੇ ਸਵਾਲ ਕਰਨਾ ਬਹੁਤ ਜ਼ਰੂਰੀ ਹੈ। ਸੰਤੁਲਨ ਬਣਾਈ ਰੱਖਣ ਲਈ ਵੀ ਇਹ ਜ਼ਰੂਰੀ ਹੈ।

ਇਰਫ਼ਾਨ ਮੰਨਦੇ ਹਨ ਕਿ ਅਸੀਂ ਇੱਕ ਲੋਕਤੰਤਰੀ ਸਮਾਜ 'ਚ ਰਹਿੰਦੇ ਹਾਂ। ਇਸ ਸਮਾਜ ਦੇ ਲਈ ਉਹ ਨਾਗਰਿਕਾਂ ਦੀ ਜਾਗਰੂਕਤਾ ਜ਼ਰੂਰੀ ਮੰਨਦੇ ਹਨ। ਉਹ ਤਰਕ ਦਿੰਦੇ ਹਨ - ਨਾਗਰਿਕਾਂ ਦੀ ਜਾਗਰੂਕਤਾ ਤੋਂ ਬਗ਼ੈਰ ਲੋਕਤੰਤਰ ਦਾ ਕੋਈ ਮਤਲਬ ਨਹੀਂ ਹੈ। 100 ਚੋਂ ਕੇਵਲ 15 ਪ੍ਰਤੀਸ਼ਤ ਹੀ ਜਾਗਰੂਕ ਹਨ ਤੇ 85 ਪ੍ਰਤੀਸ਼ਤ ਦੀ ਨਾਦਾਨੀ ਦੇ ਕਾਰਨ ਸਰਕਾਰ ਬਣ ਜਾਂਦੀ ਹੈ ਤਾਂ ਇਹ ਚੰਗਾ ਸੰਕੇਤ ਨਹੀਂ ਹੈ। ਅਸੀਂ ਸਿੱਖਿਅਤ ਹੋਣੇ ਚਾਹੀਦੇ ਹਾਂ। ਅਫ਼ਸੋਸ ਦੀ ਗੱਲ ਹੈ ਕਿ ਅਸੀਂ ਸਾਮੰਤੀ ਪ੍ਰਥਾ ਦਾ ਪਾਲਣ ਕਰ ਰਹੇ ਹਾਂ



**ਸੁਤਪਾ ਸਿਕਦਰ ਅਤੇ ਇਰਫ਼ਾਨ ਦਾ ਸਹਿ-ਜੀਵਨ**

ਇੱਕ ਰਾਜਾ ਆਏਗਾ ਜੋ ਸਾਡੀਆਂ ਤਕਲੀਫ਼ਾਂ ਨੂੰ ਘੱਟ ਕਰ ਦੇਵੇਗਾ ।ਅਸੀਂ ਇਹ ਮੰਨ ਬੈਠੇ ਹਾਂ ਕਿ ਜਿਸ ਨੂੰ ਅਸੀਂ ਚੁਣ ਲਿਆ, ਉਹ ਸਾਡੀ ਜ਼ਿੰਦਗੀ ਬਦਲ ਦੇਵੇਗਾ ।ਫਿਰ ਅਸੀਂ ਸਵਾਲ ਨਹੀਂ ਕਰਦੇ ।ਸੂਚਨਾ ਦੇ ਰਹੀ ਮੀਡੀਆ ਉੱਤੇ ਵੀ ਸਵਾਲ ਨਹੀਂ ਕਰਦੇ ।ਸਾਨੂੰ ਆਪਣਾ ਸੱਚ ਤੇ ਹੱਕ ਸਮਝਣਾ ਪਏਗਾ ।ਕਿਸੇ ਦੇ ਪ੍ਰਭਾਵ 'ਚ ਰਾਇ ਬਣਾ ਲੈਣਾ ਉਚਿਤ ਨਹੀਂ ਹੈ ।

ਇਰਫ਼ਾਨ ਸਵਾਲ ਕਰਦੇ ਹਨ - ਕਿਉਂ ਇੰਝ ਹੁੰਦਾ ਹੈ ਕਿ ਕੁਝ ਮੁੱਦਿਆਂ ਉੱਤੇ ਅਸੀਂ ਇੰਝ ਚਿਪਕਦੇ ਹਾਂ ਕਿ ਬਾਕੀ ਜ਼ਰੂਰੀ ਮੁੱਦੇ ਹਾਸ਼ੀਏ 'ਤੇ ਚਲੇ ਜਾਂਦੇ ਹਨ। ਤੁਸੀਂ ਦੇਖੋਂਗੇ ਕਿ ਉਨ੍ਹਾਂ ਮੁੱਦਿਆਂ ਤੇ ਮਸਲਿਆਂ ਦੀ ਫਿਰ ਕੋਈ ਖ਼ਬਰ-ਸਾਰ ਨਹੀਂ ਲਈ ਜਾਂਦੀ ।ਅਜੀਬ ਖੇਡ ਚੱਲ ਰਹੀ ਹੈ ।ਅਸੀਂ ਬਾਂਦਰ ਬਣ ਕੇ ਨੱਚ ਰਹੇ ਹਾਂ ਤੇ ਉਹ ਮਦਾਰੀ ਦੀ ਤਰ੍ਹਾਂ ਡਮਰੂ ਵਜਾ ਰਹੇ ਹਨ। ਆਮ ਆਦਮੀ ਨੂੰ ਸਮਝਣਾ ਪਵੇਗਾ ।ਹੁਣ ਤਾਂ ਇੰਟਰਨੈੱਟ ਹੈ ।ਅਸੀਂ ਖ਼ੁਦ ਵੀ ਪਤਾ ਕਰ ਸਕਦੇ ਹਾਂ ।ਹੁਣ ਇੱਕ ਰਿਵਾਜ਼ ਜਿਹਾ ਬਣ ਗਿਆ ਹੈ ।ਜਿੱਥੇ ਸ਼ੋਰ ਹੁੰਦਾ ਹੈ, ਉੱਥੇ ਲੋਕ ਜਮ੍ਹਾਂ ਹੋ ਜਾਂਦੇ ਹਨ। ਅਸੀਂ ਸ਼ੋਰ ਵਧਾ ਰਹੇ ਹਾਂ ।ਦਰਅਸਲ ਅਸੀਂ ਸਾਰੇ ਭੋਗਣ ਦੀ ਲਾਲਸਾ 'ਚ ਐਨੇ ਲਿਪਤ ਹੋ ਗਏ ਹਾਂ ਕਿ ਆਪਣੀ ਸੁੱਧ ਨਹੀਂ ਲੈ ਰਹੇ ।

ਟੋਰਾਂਟੋ ਨਾਲ ਜੁੜੀਆਂ ਅਨੇਕ ਯਾਦਾਂ ਹਨ ਇਰਫ਼ਾਨ ਦੀਆਂ ।ਉਹ ਦੱਸਦੇ ਹਨ - ਮੇਰੀ ਪਹਿਲੀ ਫਿਲਮ '**ਸਲਾਮ ਬਾਂਬੇ**' ਵੀ ਟੋਰਾਂਟੋ ਗਈ ਸੀ ਉਦੋਂ ਮੈਨੂੰ ਏਨੀ ਸਮਝ ਨਹੀਂ ਸੀ ਤੇ ਉਹ ਮੇਰੀ ਸ਼ੁਰੂਆਤ ਸੀ / ਮੈਨੂੰ 'ਮਕਬੂਲ' ਦੀ ਯਾਦ ਹੈ / ਉਸ ਸਮੇਂ ਮੈਂ ਫੈਸਟੀਵਲ ਦਾ ਮਹੱਤਵ ਸਮਝਿਆ ਸੀ ਉਸ ਤੋਂ ਬਾਅਦ 'ਲੰਚ ਬਾੱਕਸ' ਦੇ ਸਮੇਂ ਤਾਂ ਅਸਰ ਵੀ ਦੇਖਿਆ / ਮੈਂ ਦੂਸਰੇ ਫੈਸਟੀਵਲ 'ਚ ਵੀ ਜਾਂਦਾ ਰਿਹਾ ਹਾਂ / ਪਹਿਲਾਂ ਸਿਨੇਮਾ ਦੇਖਣ ਦੀ ਉਤਸੁਕਤਾ ਰਹਿੰਦੀ ਸੀ / ਅਸੀਂ ਵਿਦੇਸ਼ੀ ਫਿਲਮਾਂ ਆਸਾਨੀ ਨਾਲ ਨਹੀਂ ਦੇਖ ਪਾਉਂਦੇ ਸੀ / ਐਨਐਸਡੀ ਤੇ ਉਸ ਤੋਂ ਬਾਅਦ ਦੇ ਦਿਨਾਂ 'ਚ ਇੱਕ ਸੁਪਨਾ ਵੀ ਸੀ ਕਿ ਕਿਸੇ ਦਿਨ ਸਾਡੀ ਵੀ ਫਿਲਮ ਆਵੇਗੀ / ਕਾਰਡ ਮਿਲਦਿਆਂ ਹੀ ਅਸੀਂ ਝੂਮਣ ਲੱਗਦੇ ਸੀ / ਹੁਣ ਆਪਣੀਆਂ ਫਿਲਮਾਂ ਦੇ ਨਾਲ ਜਾਣ ਕਰਕੇ ਦੂਜੀਆਂ ਫਿਲਮਾਂ ਨਹੀਂ ਦੇਖ ਪਾਉਂਦੇ / ਸਾਡੇ ਪ੍ਰੋਗਰਾਮ ਵੀ ਪਹਿਲਾਂ ਤੋਂ ਹੀ ਨਿਸ਼ਚਿਤ



ਰਹਿੰਦੇ ਹਨ / ਫੈਸਟੀਵਲ 'ਚ ਜਦੋਂ ਫਿਲਮ ਪਸੰਦ ਕੀਤੀ ਜਾਂਦੀ ਹੈ ਤਾਂ ਉਸ ਦਾ ਅਲੱਗ ਮਜ਼ਾ ਹੁੰਦਾ ਹੈ / ਸਾਡੀਆਂ ਉਮੀਦਾਂ ਵਧ ਜਾਂਦੀਆਂ ਹਨ / ਜਿਵੇਂ '**ਲੰਚ ਬਾੱਕਸ**' ਨੂੰ ਫੈਸਟੀਵਲ ਦੀ ਹਵਾ ਲੱਗੀ ਤਾਂ ਸਾਰਿਆਂ ਨੇ ਉਸ ਨੂੰ ਦੇਖਿਆ / ਮੈਂ 'ਤਲਵਾਰ' ਤੋਂ ਇਸੇ ਤਰ੍ਹਾਂ ਦੀ ਉਮੀਦ ਰੱਖਦਾ ਹਾਂ / ਫੈਸਟੀਵਲ ਬਹੁਤ ਹੀ ਉਪਜਾਊ ਜਗ੍ਹਾ ਹੁੰਦੀ ਹੈ, ਜਿੱਥੇ ਰਿਸ਼ਤੇ ਤੇ ਪ੍ਰੋਜੈਕਟ ਜਨਮ ਲੈਂਦੇ ਹਨ / ਹੁਣ ਤਾਂ ਇਹ ਬਹੁਤ ਜ਼ਰੂਰੀ ਹੈ /ਹੁਣ ਨਵੇਂ ਫ਼ਿਲਮਕਾਰਾਂ ਦੇ ਲਈ ਇਹ ਜ਼ਰੂਰੀ ਹੈ /ਉਸ ਨਾਲ ਫਿਲਮਾਂ 'ਚ ਨਵਾਂ ਵਿਸਤਾਰ ਆ ਜਾਂਦਾ ਹੈ /

## ਲੰਡਨ ਤੋਂ ਆਈ ਇਰਫ਼ਾਨ ਦੀ ਚਿੱਠੀ

ਇਰਫ਼ਾਨ ਭਾਰਤ ਤੋਂ ਦੂਰ ਵਿਦੇਸ਼ 'ਚ ਆਪਣੀ ਦੁਰਲਭ ਬਿਮਾਰੀ ਦਾ ਇਲਾਜ ਕਰਵਾ ਰਹੇ ਹਨ / ਇੱਥੇ ਉਨ੍ਹਾਂ ਦੇ ਦਰਸ਼ਕ ਤੇ ਪ੍ਰਸ਼ੰਸਕ ਉਨ੍ਹਾਂ ਦੇ ਜਲਦੀ ਸਿਹਤਮੰਦ ਹੋ ਕੇ ਪਰਤਣ ਦੀ ਦੁਆ ਕਰ ਰਹੇ ਹਨ / ਸਾਰਿਆਂ ਦੀਆਂ ਦੁਆਵਾਂ ਤੇ ਪ੍ਰਾਰਥਨਾਵਾਂ ਉਨ੍ਹਾਂ ਦੇ ਨਾਲ ਹਨ / ਇਹ ਢੇਰ ਸਾਰੀਆਂ ਪ੍ਰਾਰਥਨਾਵਾਂ ਇਰਫ਼ਾਨ ਦੀ ਜੀਵਨਧਾਰਾ ਤੇ ਵਿਸ਼ਵਾਸ ਦੀ ਤਾਕਤ ਹੈ / ਜ਼ਿੰਦਗੀ ਕਈ ਵਾਰ ਅਜਿਹੇ ਮੋੜ 'ਤੇ ਲੈ ਜਾਂਦੀ ਹੈ ਜਦੋਂ ਅਨਿਸ਼ਚਿਤ ਹੀ ਨਿਸ਼ਚਿਤ ਲੱਗਦਾ ਹੈ / ਮਿਜਾਜ਼ ਤੋਂ ਯੋਧਾ ਇਰਫ਼ਾਨ ਦੀ ਮਾਨਸਿਕ ਅਵਸਥਾ ਤੇ ਅਹਿਸਾਸ ਨੂੰ ਅਸੀਂ ਉਨ੍ਹਾਂ ਦੁਆਰਾ ਲਿਖੀਆਂ ਗਈਆਂ ਇਨ੍ਹਾਂ ਸਤਰਾਂ ਵਿੱਚ ਮਹਿਸੂਸ ਕਰ ਸਕਦੇ ਹਾਂ /ਇਰਫ਼ਾਨ ਨੇ ਨਿਊਜ਼ਲਾਂਡਰੀ ਦੇ ਕਾਲਮਨਵੀਸ ਅਜੇ ਬ੍ਰਹਮਾਤਮਜ ਦੇ ਨਾਲ ਆਪਣੇ ਜਜ਼ਬਾਤੀ ਸ਼ਬਦ ਸਾਂਝੇ ਕੀਤੇ ਹਨ / ਅਸੀਂ ਉਸ ਨੂੰ ਇੱਥੇ ਸਮੁੱਚੇ ਰੂਪ 'ਚ ਪੇਸ਼ ਕਰ ਰਹੇ ਹਾਂ....

ਕੁਝ ਮਹੀਨੇ ਪਹਿਲਾਂ ਅਚਾਨਕ ਮੈਨੂੰ ਪਤਾ ਲੱਗਾ ਸੀ ਕਿ ਮੈਂ ਨਿਊਰੋਐਂਡੋਕ੍ਰਿਨ ਕੈਂਸਰ ਤੋਂ ਪੀੜ੍ਹਤ ਹਾਂ, ਮੈਂ ਪਹਿਲੀ ਵਾਰ ਇਹ ਸ਼ਬਦ ਸੁਣਿਆ ਸੀ / ਇਸ ਨੂੰ ਲੱਭਣ 'ਤੇ ਮੈਨੂੰ ਪਤਾ ਲੱਗਾ ਕਿ ਮੇਰੇ ਇਸ ਸ਼ਬਦ 'ਤੇ ਬਹੁਤ ਜ਼ਿਆਦਾ ਖੋਜ ਨਹੀਂ ਹੋਈ ਹੈ, ਕਿਉਂਕਿ ਇਹ ਇੱਕ ਦੁਰਲਭ ਸਰੀਰਕ ਅਵਸਥਾ ਦਾ ਨਾਮ ਹੈ ਤੇ ਇਸ ਕਾਰਨ ਇਸ ਦੇ ਇਲਾਜ ਦੀ ਅਨਿਸ਼ਚਿਤਤਾ ਜ਼ਿਆਦਾ ਹੈ /

ਹੁਣ ਤੱਕ ਆਪਣੇ ਸਫ਼ਰ 'ਚ ਮੈਂ ਤੇਜ਼ ਗਤੀ ਨਾਲ ਚਲਦਾ ਜਾ ਰਿਹਾ ਸੀ... ਮੇਰੇ ਨਾਲ ਮੇਰੀਆਂ ਯੋਜਨਾਵਾਂ, ਇੱਛਾਵਾਂ, ਸੁਪਨੇ ਤੇ ਮੰਜ਼ਿਲਾਂ ਸਨ /ਮੈਂ ਇਨ੍ਹਾਂ 'ਚ ਲੀਨ ਹੋ ਕੇ ਵਧਦਾ ਜਾ ਰਿਹਾ ਸੀ ਕਿ ਅਚਾਨਕ ਟੀ. ਸੀ. ਨੇ ਪਿੱਠ 'ਤੇ ਖਟ-ਖਟ ਕੀਤਾ, ਤੁਹਾਡਾ ਸਟੇਸ਼ਨ ਆ ਰਿਹਾ ਹੈ, ਪਲੀਜ਼ ਉੱਤਰ ਜਾਓ / ਮੇਰੀ ਸਮਝ 'ਚ ਨਹੀਂ ਆਇਆ, ਨਾ ਨਾ ਮੇਰਾ ਸਟੇਸ਼ਨ ਹਾਲੇ ਨਹੀਂ ਆਇਆ ਹੈ /...

ਜਵਾਬ ਮਿਲਿਆ, ਅਗਲੇ ਕਿਸੇ ਵੀ ਕਦਮ 'ਤੇ ਉੱਤਰਨਾ ਪਵੇਗਾ, ਤੁਹਾਡੀ ਮੰਜ਼ਿਲ ਆ ਗਈ ਹੈ .../

ਅਚਾਨਕ ਅਹਿਸਾਸ ਹੋਇਆ ਕਿ ਤੁਸੀਂ ਕਿਸੇ ਢੱਕਣ ਦੀ ਤਰ੍ਹਾਂ ਅਣਜਾਣ ਸਾਗਰ 'ਚ ਅਕਲਪਿਤ ਲਹਿਰਾਂ 'ਤੇ ਵਹਿ ਰਹੇ ਹੋ... ਲਹਿਰਾਂ ਨੂੰ ਕਾਬੂ ਕਰਨ ਦੀ ਗ਼ਲਤਫ਼ਹਿਮੀ ਲੈ ਕੇ /

ਇਸ ਹੰਗਾਮੇ, ਸਹਿਮ ਤੇ ਡਰ 'ਚ ਘਬਰਾ ਕੇ ਮੈਂ ਆਪਣੇ ਬੇਟੇ ਨੂੰ ਕਹਿੰਦਾ ਹਾਂ, ਅੱਜ ਦੀ ਇਸ ਹਾਲਤ 'ਚ ਮੈਂ ਕੇਵਲ ਏਨਾ ਹੀ ਚਾਹੁੰਦਾ ਹਾਂ... ਮੈਂ ਇਸ ਮਾਨਸਿਕ ਸਥਿਤੀ ਨੂੰ ਉਤਾਵਲੇਪਣ, ਡਰ, ਬੇਹੋਸ਼ੀ ਦੀ ਹਾਲਤ 'ਚ ਨਹੀਂ ਜਿਉਣਾ ਚਾਹੁੰਦਾ / ਮੈਨੂੰ ਕਿਸੇ ਵੀ ਹਾਲਤ 'ਚ ਮੇਰੇ ਪੈਰ ਚਾਹੀਦੇ ਹਨ, ਜਿਨ੍ਹਾਂ ਉੱਤੇ ਖੜ੍ਹਾ ਹੋ ਕੇ ਆਪਣੀ ਹਾਲਤ ਨੂੰ ਨਿਰਪੱਖ ਹੋ ਕੇ ਜੀਅ ਸਕਾਂ / ਮੈਂ ਖੜ੍ਹਾ ਹੋਣਾ ਚਾਹੁੰਦਾ ਹਾਂ /

ਅਜਿਹੀ ਮੇਰੀ ਇੱਛਾ ਸੀ, ਮੇਰਾ ਇਰਾਦਾ ਸੀ...

ਕੁਝ ਹਫ਼ਤਿਆਂ ਬਾਅਦ ਮੈਂ ਇੱਕ ਹਸਪਤਾਲ 'ਚ ਭਰਤੀ ਹੋ ਗਿਆ / ਬੇਇੰਤਹਾ ਦਰਦ ਹੋ ਰਿਹਾ ਹੈ /ਇਹ ਤਾਂ ਪਤਾ ਸੀ ਕਿ ਦਰਦ ਹੋਵੇਗਾ, ਪਰ ਅਜਿਹਾ ਦਰਦ... ਹੁਣ ਦਰਦ ਦੀ ਤੀਬਰਤਾ ਸਮਝ ਆ

ਰਹੀ ਹੈ... ਕੁਝ ਵੀ ਕੰਮ ਨਹੀਂ ਕਰ ਰਿਹਾ ਹੈ... ਨਾ ਕੋਈ ਤਸੱਲੀ ਤੇ ਨਾ ਕੋਈ ਦਿਲਾਸਾ / ਪੂਰੀ ਕਾਇਨਾਤ ਉਸ ਦਰਦ ਦੇ ਪਲ 'ਚ ਸਿਮਟ ਗਈ ਸੀ... ਦਰਦ ਖ਼ੁਦਾ ਤੋਂ ਵੀ ਵੱਡਾ ਤੇ ਵਿਸ਼ਾਲ ਮਹਿਸੂਸ ਹੋਇਆ /

ਮੈਂ ਜਿਸ ਹਸਪਤਾਲ 'ਚ ਭਰਤੀ ਹਾਂ, ਉਸ 'ਚ ਬਾਲਕੋਨੀ ਵੀ ਹੈ... ਬਾਹਰ ਦਾ ਨਜ਼ਾਰਾ ਦਿਖਦਾ ਹੈ / ਕੋਮਾ ਵਾਰਡ ਠੀਕ ਮੇਰੇ ਉੱਪਰ ਹੈ /ਸੜਕ ਦੇ ਇੱਕ ਪਾਸੇ ਮੇਰਾ ਹਸਪਤਾਲ ਹੈ ਤੇ ਦੂਜੇ ਪਾਸੇ ਲਾਰਡਸ ਸਟੇਡੀਅਮ ਹੈ... ਉੱਥੇ ਵਿਵੀਅਨ ਰਿਚਰਡਸ ਦਾ ਮੁਸਕਰਾਉਂਦਾ ਪੋਸਟਰ ਹੈ / ਮੇਰੇ ਬਚਪਨ ਦੇ ਸੁਪਨਿਆਂ ਦਾ ਮੱਕਾ, ਉਸ ਨੂੰ ਦੇਖਣ 'ਤੇ ਪਹਿਲੀ ਨਜ਼ਰ 'ਚ ਮੈਨੂੰ ਕੋਈ ਅਹਿਸਾਸ ਹੀ ਨਹੀਂ ਹੋਇਆ... ਜਿਵੇਂ ਉਹ ਦੁਨੀਆ ਕਦੇ ਮੇਰੀ ਸੀ ਹੀ ਨਹੀਂ /

ਮੈਂ ਦਰਦ ਦੀ ਗ੍ਰਿਫ਼ਤ 'ਚ ਹਾਂ /

ਤੇ ਫਿਰ ਇੱਕ ਦਿਨ ਇਹ ਅਹਿਸਾਸ ਹੋਇਆ... ਜਿਵੇਂ ਮੈਂ ਕਿਸੇ ਅਜਿਹੀ ਚੀਜ਼ ਦਾ ਹਿੱਸਾ ਨਹੀਂ ਹਾਂ, ਜੋ ਨਿਸ਼ਚਿਤ ਹੋਣ ਦਾ ਦਾਅਵਾ ਕਰੇ... ਨਾ ਹਸਪਤਾਲ ਤੇ ਨਾ ਸਟੇਡੀਅਮ / ਮੇਰੇ ਅੰਦਰ ਜੋ ਬਾਕੀ ਸੀ, ਉਹ ਅਸਲ 'ਚ ਕੁਦਰਤ ਦੀ ਅਸੀਮ ਸ਼ਕਤੀ ਤੇ ਬੁੱਧੀ ਦਾ ਪ੍ਰਭਾਵ ਸੀ... ਮੇਰੇ ਹਸਪਤਾਲ ਦਾ ਉੱਥੇ ਹੋਣਾ ਸੀ / ਮਨ ਨੇ ਕਿਹਾ...ਕੇਵਲ ਅਨਿਸ਼ਚਿਤਤਾ ਹੀ ਨਿਸ਼ਚਿਤ ਹੈ /

ਇਸ ਅਹਿਸਾਸ ਨੇ ਮੈਨੂੰ ਸਮਰਪਣ ਤੇ ਭਰੋਸੇ ਦੇ ਲਈ ਤਿਆਰ ਕੀਤਾ... ਹੁਣ ਚਾਹੇ ਜੋ ਵੀ ਨਤੀਜਾ ਹੋਵੇ, ਇਹ ਚਾਹੇ ਕਿਤੇ ਲੈ ਜਾਵੇ, ਅੱਜ ਤੋਂ ਅੱਠ ਮਹੀਨਿਆਂ ਬਾਅਦ, ਜਾਂ ਅੱਜ ਤੋਂ ਚਾਰ ਮਹੀਨਿਆਂ ਬਾਅਦ... ਜਾਂ ਫਿਰ ਦੋ ਸਾਲ... ਚਿੰਤਾ ਅਣਡਿੱਠ ਹੋਈ ਤੇ ਫਿਰ ਵਿਲੀਨ ਹੋਣ ਲੱਗੀ ਤੇ ਫਿਰ ਮੇਰੇ ਦਿਮਾਗ਼ ਚੋਂ ਜਿਉਣ-ਮਰਨ ਦਾ ਹਿਸਾਬ ਨਿੱਕਲ ਗਿਆ /

ਪਹਿਲੀ ਵਾਰ ਮੈਨੂੰ ਸ਼ਬਦ 'ਆਜ਼ਾਦੀ' ਦਾ ਅਹਿਸਾਸ ਹੋਇਆ ਸਹੀ ਅਰਥਾਂ 'ਚ ਇੱਕ ਪ੍ਰਾਪਤੀ ਦਾ ਅਹਿਸਾਸ /ਇਸ ਕੁਦਰਤ ਦੀ ਕਰਨੀ 'ਚ ਮੇਰਾ ਵਿਸ਼ਵਾਸ ਹੀ ਪੂਰਨ ਸੱਚ ਬਣ ਗਿਆ / ਉਸ ਤੋਂ ਬਾਅਦ ਲੱਗਾ ਕਿ ਉਹ ਵਿਸ਼ਵਾਸ ਮੇਰੇ ਹਰ ਸੈੱਲ 'ਚ ਬੈਠ ਗਿਆ / ਵਕਤ ਹੀ ਦੱਸੇਗਾ ਕਿ ਉਹ ਠਹਿਰਦਾ ਹੈ ਕਿ ਨਹੀਂ... ਫ਼ਿਲਹਾਲ ਮੈਂ ਇਹੀ ਮਹਿਸੂਸ ਕਰ ਰਿਹਾ ਹਾਂ /

ਇਸ ਸਫ਼ਰ 'ਚ ਸਾਰੀ ਦੁਨੀਆ ਦੇ ਲੋਕ... ਸਾਰੇ ਮੇਰੇ ਸਿਹਤਮੰਦ ਹੋਣ ਦੀ ਦੁਆ ਕਰ ਰਹੇ ਹਨ, ਪ੍ਰਾਰਥਨਾ ਕਰ ਰਹੇ ਹਨ, ਮੈਂ ਜਿਨ੍ਹਾਂ ਨੂੰ ਜਾਣਦਾ ਹਾਂ ਤੇ ਜਿਨ੍ਹਾਂ ਨੂੰ ਨਹੀਂ ਜਾਣਦਾ, ਉਹ ਸਾਰੇ ਅਲੱਗ-ਅਲੱਗ ਥਾਵਾਂ ਤੇ ਟਾਈਮ-ਜ਼ੋਨ 'ਚ ਮੇਰੇ ਲਈ ਪ੍ਰਾਰਥਨਾ ਕਰ ਰਹੇ ਹਨ / ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਮਿਲ ਕੇ ਇੱਕ ਹੋ ਗਈਆਂ ਹਨ, ਇੱਕ ਵੱਡੀ ਤਾਕਤ... ਤੀਬਰ ਜੀਵਨ ਧਾਰਾ ਬਣ ਕੇ ਮੇਰੀ ਰੀੜ੍ਹ ਦੀ ਹੱਡੀ ਤੋਂ ਮੇਰੇ ਅੰਦਰ ਦਾਖ਼ਲ ਹੋ ਕੇ ਸਿਰ ਉੱਪਰੋਂ ਖੋਪੜੀ ਤੋਂ ਪੁੰਗਰ ਰਹੀ ਹੈ /

ਪੁੰਗਰ ਕੇ ਇਹ ਕਦੇ ਕਲੀ, ਕਦੇ ਪੱਤਾ, ਕਦੇ ਟਾਹਣੀ ਤੇ ਕਦੇ ਤਣਾ ਬਣ ਜਾਂਦੀ ਹੈ... ਮੈਂ ਖ਼ੁਸ਼ ਹੋ ਕੇ ਇਨ੍ਹਾਂ ਨੂੰ ਦੇਖਦਾ ਹਾਂ / ਲੋਕਾਂ ਦੀ ਸਮੂਹਿਕ ਪ੍ਰਾਰਥਨਾ ਤੋਂ ਉਪਜੀ ਹਰ ਟਾਹਣੀ, ਹਰ ਪੱਤਾ, ਹਰ ਫੁੱਲ ਮੈਨੂੰ ਇੱਕ ਨਵੀਂ ਦੁਨੀਆ ਦਿਖਾਉਂਦੇ ਹਨ, ਅਹਿਸਾਸ ਹੁੰਦਾ ਹੈ ਕਿ ਜ਼ਰੂਰੀ ਨਹੀਂ ਹੈ ਕਿ ਲਹਿਰਾਂ 'ਤੇ ਢੱਕਣ ਦਾ ਨਿਯੰਤਰਣ ਹੋਵੇ /ਜਿਵੇਂ ਤੁਸੀਂ ਕੁਦਰਤ ਦੇ ਪੰਘੂੜੇ 'ਚ ਝੂਲ ਰਹੇ ਹੋਵੋ /

## ਸੁਤਪਾ ਸਿਕਦਰ ਅਤੇ ਇਰਫ਼ਾਨ ਦਾ ਸਹਿ-ਜੀਵਨ

ਇਰਫ਼ਾਨ ਤੇ ਸੁਤਪਾ ਸਿਕਦਰ ਨੇ ਸਹਿ-ਜੀਵਨ ਸਵੀਕਾਰ ਕੀਤਾ ਸੀ / ਇੱਕ ਸਮੇਂ ਤੱਕ ਇਕੱਠੇ ਰਹਿਣ ਤੋਂ ਬਾਅਦ ਉਨ੍ਹਾਂ ਨੇ ਸਮਾਜਿਕ ਤੇ ਕਾਗ਼ਜ਼ੀ ਜ਼ਰੂਰਤਾਂ ਦੇ ਕਾਰਨ ਰਸਮੀ ਵਿਆਹ ਕਰ ਲਿਆ /



ਸੁਤਪਾ ਤੇ ਇਰਫ਼ਾਨ ਦੇ ਸਹਿਜੀਵਨ ਦੇ ਡੂੰਘੇ ਅਰਥ ਹਨ / ਦੋਵਾਂ ਦੇ ਪ੍ਰੇਮ ਤੇ ਜੀਵਨ ਦਰਸ਼ਨ ਆਪਸੀ ਸਹਿਯੋਗ ਅਤੇ ਸੁਪਨਿਆਂ ਨੂੰ ਤੁਸੀਂ ਇੱਥੇ ਪੜ੍ਹ ਸਕਦੇ ਹੋ /

***ਇਹ ਪ੍ਰੇਮ ਕਹਾਣੀ ਹੈ ਇਹ ਸਹਿ-ਜੀਵਨ ਹੈ ਇਹ ਆਧੁਨਿਕ ਵਿਵਾਹਕ ਅਵਸਥਾ ਹੈ***

ਇਰਫ਼ਾਨ ਖ਼ਾਨ ਤੇ ਸੁਤਪਾ ਸਿਕਦਰ ਦਿੱਲੀ ਸਥਿਤ ਐਨਐਸਡੀ 'ਚ ਮਿਲੇ ਸਾਲ ਸੀ /1985... ਦਿੱਲੀ ਦੀ ਸੁਤਪਾ ਨੇ ਆਪਣੀ ਬੌਧਿਕ ਰੁਚੀ ਤੇ ਕਲਾਤਮਕ ਰੀਝ ਦੇ ਵਿਸਤਾਰ ਦੇ ਰੂਪ 'ਚ ਐਨਐਸਡੀ 'ਚ ਦਾਖ਼ਿਲਾ ਲਿਆ ਸੀ ਤੇ ਇਰਫ਼ਾਨ ਖ਼ਾਨ ਜੈਪੁਰ 'ਚ ਨਾ ਸਮਾ ਸਕੇ / ਆਪਣੇ ਸੁਪਨਿਆਂ ਲਈ ਦਿੱਲੀ ਆ ਗਏ ਸਨ / ਉਨ੍ਹਾਂ ਦੇ ਸੁਪਨਿਆਂ ਨੂੰ ਐਨਐਸਡੀ 'ਚ ਇੱਕ ਪੜਾਅ ਮਿਲਿਆ ਸੀ / ਇਸ ਨੂੰ ਦੋ ਉਲਟ ਧਰੁਵਾਂ ਦੀ ਖਿੱਚ ਵੀ ਕਹਿ ਸਕਦੇ ਹੋ, ਪਰ ਆਮ ਤੌਰ 'ਤੇ ਜੀਵਨ ਕਿਸ਼ਤੀ ਵਿੱਚ ਇੱਕ ਹੀ ਦਿਸ਼ਾ ਦੇ ਦੋ ਯਾਤਰੀ ਸਵਾਰ ਹੁੰਦੇ ਹਨ / ਸੁਤਪਾ ਤੇ ਇਰਫ਼ਾਨ ਨੇ ਲੰਮੇ ਸਮੇਂ ਤੱਕ ਨਾਲ ਰਹਿਣ (ਲਿਵਿੰਗ ਰਿਲੇਸ਼ਨ) ਤੋਂ ਬਾਅਦ ਵਿਆਹ ਕਰਨ ਦਾ ਫ਼ੈਸਲਾ ਕੀਤਾ ਤੇ ਉਦੋਂ ਤੋਂ ਇੱਕ-ਦੂਜੇ ਦੇ ਸਹਿ-ਯਾਤਰੀ ਬਣੇ ਹੋਏ ਹਨ / ਮੁੰਬਈ ਦੇ ਮਡ ਇਲਾਕੇ 'ਚ ਸਥਿਤ ਉਨ੍ਹਾਂ ਦੇ ਆਲੀਸ਼ਾਨ ਫਲੈਟ 'ਚ ਕੰਧਾਂ ਦਾ ਰਵਾਇਤੀ ਕੰਸੈਪਟ ਨਹੀਂ ਹੈ /ਉਨ੍ਹਾਂ ਨੇ ਆਪਣੇ ਰਿਸ਼ਤੇ ਦੇ ਨਾਲ ਘਰ 'ਚ ਵੀ ਕਈ ਕੰਧਾਂ ਹਟਾ ਦਿੱਤੀਆਂ ਹਨ / ਸ਼ੁਰੂਆਤ ਕਰੀਏ।

ਇਰਫ਼ਾਨ - ਜਦੋਂ ਮੈਂ ਜੈਪੁਰ ਤੋਂ ਦਿੱਲੀ ਜਾ ਰਿਹਾ ਸੀ ਤਾਂ ਮੇਰੀ ਮਾਂ ਚਾਹੁੰਦੀ ਸੀ ਕਿ ਪਹਿਲਾਂ ਮੇਰਾ ਵਿਆਹ ਹੋ ਜਾਵੇ / ਉਨ੍ਹਾਂ ਨੇ ਦਬਾਅ ਵੀ ਪਾਇਆ ਕਿ ਨਿਕਾਹ ਕਰ ਲੈ, ਫਿਰ ਚਾਹੇ ਜਿੱਥੇ ਮਰਜ਼ੀ ਜਾ / ਮੇਰੇ ਮਨ 'ਚ ਅਜਿਹੀ ਕੋਈ ਇੱਛਾ ਨਹੀਂ ਸੀ /ਫਿਰ ਐਨਐਸਡੀ ਆਏ ਤਾਂ ਪਹਿਲੀ ਵਾਰ ਪਤਾ ਲੱਗਾ ਕਿ ਕੁੜੀਆਂ ਵੀ ਦੋਸਤ ਹੋ ਸਕਦੀਆਂ ਹਨ / ਉਨ੍ਹਾਂ ਨਾਲ ਹੋਰ ਗੱਲਾਂ ਵੀ ਕੀਤੀਆਂ ਜਾ ਸਕਦੀਆਂ ਹਨ / ਜੈਪੁਰ 'ਚ ਕੁੜੀ ਨਾਲ ਦੋਸਤੀ ਦਾ ਸਿੱਧਾ ਮਤਲਬ ਹੁੰਦਾ ਹੈ ਕਿ ਉਹ ਤੁਹਾਡੀ ਮਹਿਬੂਬਾ... ਦੋਸਤ... ਮੁੰਡਾ-ਕੁੜੀ ਦੋਸਤ ਹੋ ਸਕਦੇ ਹਨ...ਇਹ ਸੋਚ ਹੀ ਨਹੀਂ ਸਕਦਾ ਸੀ /ਮੈਨੂੰ ਸੁਤਪਾ ਚੰਗੀ ਲੱਗਦੀ ਸੀ / ਇਨ੍ਹਾਂ ਨਾਲ ਦਿਲਚਸਪ ਗੱਲਾਂ ਹੁੰਦੀਆਂ ਸਨ / ਮੈਨੂੰ ਆਪਣੇ ਬਾਰੇ 'ਚ ਕੁਝ ਲੁਕਾਉਣ ਦੀ ਲੋੜ ਨਹੀਂ ਪੈਂਦੀ ਸੀ / ਮੈਂ ਆਪਣਾ ਡਰ ਵੀ ਇਨ੍ਹਾਂ ਨਾਲ ਸਾਂਝਾ ਕਰ ਲੈਂਦਾ ਸੀ / ਐਨਐਸਡੀ 'ਚ ਸੁਤਪਾ ਤੇਜ਼ ਸਨ / ਡਿਜ਼ਾਈਨ, ਪਰਫਾੱਰਮੈਂਸ ਸਭ 'ਚ ਅੱਗੇ... ਮੈਂ ਉਨ੍ਹਾਂ 'ਤੇ ਗ਼ੌਰ ਕਰਦਾ ਸੀ /ਕੋਈ ਫ਼ਿਲਮ ਦੇਖ ਕੇ ਆਉਂਦਾ ਸੀ ਤਾਂ ਉਨ੍ਹਾਂ ਨਾਲ ਗੱਲਾਂ ਕਰਦਾ ਸੀ / ਹੁਣ ਕਹਿ ਸਕਦੇ ਹਾਂ ਕਿ ਅਸੀਂ ਦੋਵੇਂ ਇੱਕ ਹੀ ਢੰਗ ਨਾਲ ਸੋਚਦੇ ਸੀ / ਉੱਥੋਂ ਹੀ ਗੜਬੜ ਸ਼ੁਰੂ ਹੋਈ /

ਸੁਤਪਾ - ਮੇਰੇ ਨਾਲ ਅਜਿਹੀ ਗੱਲ ਨਹੀਂ ਸੀ /ਮੈਂ ਤਾਂ ਦਿੱਲੀ ਦੀ ਹੀ ਪੜ੍ਹੀ-ਲਿਖੀ ਸੀ /ਮੇਰੀ ਦੋਸਤੀ ਤੀਜੇ ਸਾਲ ਦੇ ਵਿਦਿਆਰਥੀਆਂ ਨਾਲ ਵੀ ਸੀ / ਇਨ੍ਹਾਂ ਲੋਕਾਂ ਨੂੰ ਸ਼ੁਰੂ ਤੋਂ ਪ੍ਰੇਸ਼ਾਨੀ ਸੀ ਕਿ ਇਹ ਤਾਂ ਥਰਡ ਈਅਰ ਵਾਲਿਆਂ ਨਾਲ ਰਹਿੰਦੀ ਹੈ /ਫ੍ਰੈਸ਼ਰ ਪਾਰਟੀ 'ਚ ਕਿਤੋਂ ਖਾਣ-ਪੀਣ ਦਾ ਇੰਤਜ਼ਾਮ ਕੀਤਾ ਗਿਆ /ਉਸੇ 'ਚ ਇਰਫ਼ਾਨ ਨੇ ਆਕਰਸ਼ਿਤ ਕੀਤਾ /ਉਨ੍ਹਾਂ 'ਚ ਝਿਜਕ ਦੇ ਨਾਲ ਪਰਾਊਡ ਫੀਲਿੰਗ ਵੀ ਸੀ / ਬਾਅਦ 'ਚ ਉਨ੍ਹਾਂ ਦੀ ਉਤਸੁਕਤਾ ਮੈਨੂੰ ਚੰਗੀ ਲੱਗਦੀ ਰਹੀ / ਕੁਝ ਵੀ ਜਾਣਨ-ਸਮਝਣ ਦੀ ਕੋਸ਼ਿਸ਼... ਉਨ੍ਹਾਂ ਬਾਰੇ ਗੱਲਾਂ / ਇਰਫ਼ਾਨ ਤਾਂ ਉਂਝ ਹੀ ਕਹਿ ਰਹੇ ਹਨ ਕਿ ਮੈਂ ਪਰਫਾੱਰਮ ਕਰਦੀ ਸੀ /ਸਹੀ ਕਹਾਂ ਤਾਂ ਇਨ੍ਹਾਂ 'ਚ ਇਹ ਸਮਰਪਣ ਸ਼ੁਰੂ ਤੋਂ ਰਿਹਾ ਹੈ / ਇਨ੍ਹਾਂ 'ਚ ਇੱਕ ਮਾਸੂਮੀਅਤ ਵੀ ਸੀ / ਮੈਨੂੰ ਕਈ ਵਾਰ ਰੰਜ ਹੁੰਦਾ ਸੀ ਕਿ ਭਲਾ ਇਸ ਉਮਰ 'ਚ ਕੋਈ ਏਨਾ ਮਾਸੂਮ ਕਿਵੇਂ ਹੋ ਸਕਦਾ ਹੈ / ਇਰਫ਼ਾਨ ਨੂੰ ਦਿੱਕਤ ਹੁੰਦੀ ਸੀ ਕਿ ਮੈਂ ਆਪਣੇ ਟੀਚਰ ਅਨੁਰਾਧਾ ਕਪੂਰ ਤੇ ਕੀਰਤੀ ਜੈਨ ਨੂੰ ਉਨ੍ਹਾਂ ਦਾ ਨਾਮ ਲੈ ਕੇ ਬੁਲਾਉਂਦੀ ਸੀ /ਇਰਫ਼ਾਨ 'ਚ ਕੁਝ ਸ਼ੁੱਧ ਕਿਸਮ ਦਾ ਸੀ, ਜੋ ਮੈਨੂੰ ਵੱਡੇ ਸ਼ਹਿਰਾਂ ਦੇ ਮੁੰਡਿਆਂ 'ਚ ਨਹੀਂ ਦਿਖਿਆ ਸੀ /ਵੈਸੇ ਵੀ ਕੋਈ ਮੁੰਡਾ ਤੁਹਾਡੇ 'ਤੇ ਨਿਰਭਰ ਰਹਿਣ ਲੱਗੇ ਤਾਂ ਉਹ ਚੰਗਾ ਲੱਗਣ



**ਸੁਤਪਾ ਸਿਕਦਰ ਅਤੇ ਇਰਫ਼ਾਨ ਦਾ ਸਹਿ-ਜੀਵਨ**

ਲੱਗਦਾ ਹੈ /

ਸੁਤਪਾ- ਇਰਫ਼ਾਨ ਅਸ਼ੁੱਧ ਨਹੀਂ ਹੋਏ ਹਨ /ਇਨ੍ਹਾਂ ਦਾ ਜ਼ਬਰਦਸਤ ਵਿਕਾਸ ਹੋਇਆ ਹੈ / ਸੱਚ ਕਹਾਂ ਤਾਂ ਮੈਂ ਬਹੁਤ ਪਿੱਛੇ ਰਹਿ ਗਈ ਹਾਂ / ਐਨਐਸਡੀ 'ਚ ਨਿਸ਼ਚਿਤ ਹੀ ਇਨ੍ਹਾਂ ਤੋਂ ਜ਼ਿਆਦਾ ਜਾਣਕਾਰ ਤੇ ਸਮਝਦਾਰ ਸੀ / ਹੁਣ ਸਾਰਾ ਕੁਝ ਪਲਟ ਗਿਆ ਹੈ / ਮੈਂ ਕਹਾਂਗੀ ਕਿ ਮੇਰੇ ਅੰਦਰ ਉਹ ਪ੍ਰੇਰਨਾ ਨਹੀਂ ਸੀ / ਮੇਰੇ ਅੰਦਰ ਜੋ ਵੀ ਸੀ ਕੁਦਰਤੀ ਤੇ ਕੱਚਾ ਸੀ /ਮੈਂ ਉਸ ਨੂੰ ਤਰਾਸ਼ਿਆ ਨਹੀਂ /ਇਰਫ਼ਾਨ ਨੇ ਹਮੇਸ਼ਾਂ ਸਾਰੀਆਂ ਚੀਜ਼ਾਂ ਨੂੰ ਤਰਾਸ਼ਿਆ ਹੈ / ਉਹ ਅੱਗੇ ਵਧ ਕੇ ਸਿੱਖਦੇ ਰਹੇ / ਕੋਈ ਬੱਚਾ ਇੱਕ ਕਿਤਾਬ ਪੜ੍ਹ ਕੇ ਖ਼ੁਸ਼ ਹੋ ਜਾਂਦਾ ਹੈ ਤਾਂ ਕੋਈ ਦਸ ਕਿਤਾਬਾਂ ਪੜ੍ਹਨਾ ਚਾਹੁੰਦਾ ਹੈ / ਮੈਂ ਹਮੇਸ਼ਾਂ ਜਲਦੀ 'ਚ ਰਹਿੰਦੀ ਸੀ / ਕਿਸੇ ਬਹਿਸ 'ਚ ਜਿੱਤ ਜਾਣਾ ਮੇਰੇ ਲਈ ਕਾਫ਼ੀ ਹੁੰਦਾ ਸੀ / ਜਦੋਂਕਿ ਇਰਫ਼ਾਨ ਡਿਬੇਟ ਤੋਂ ਬਾਅਦ ਦਾ ਵਿਸ਼ਾ ਸਮਝ ਜਾਂਦੇ ਸਨ / ਹੁਣ ਮੈਂ ਕਹਿ ਸਕਦੀ ਹਾਂ ਕਿ ਕਰੀਅਰ ਬਾਰੇ ਮੈਂ ਸੁਚੇਤ ਨਹੀਂ ਸੀ / ਮੈਂ ਕਰੀਅਰਿਸਟ (ਨਿੱਜੀ ਸਫਲਤਾ ਦਾ ਅਭਿਲਾਖੀ) ਨਹੀਂ ਸੀ / ਪਰ ਸ਼ੁਰੂ ਤੋਂ ਮੈਂ ਆਤਮ-ਨਿਰਭਰ ਰਹੀ /14 ਸਾਲ ਦੀ ਉਮਰ ਤੋਂ ਬਾਅਦ ਮੈਂ ਪਿਤਾ ਜੀ ਤੋਂ ਪੈਸੇ ਨਹੀਂ ਲਏ /ਕਦੇ ਨਹੀਂ ਲਏ / ਮੇਰੀ ਕੋਸ਼ਿਸ਼ ਰਹੀ ਕਿ ਮੈਂ ਹਮੇਸ਼ਾਂ ਆਰਥਿਕ ਪੱਖੋਂ ਕਿਸੇ 'ਤੇ ਨਿਰਭਰ ਨਾ ਰਹਾਂ / ਮੈਂ 7 ਤੋਂ 5 ਦੀ ਨੌਕਰੀ ਵੀ ਨਹੀਂ ਕਰਨੀ ਸੀ /ਇਸੇ ਚੱਕਰ 'ਚ ਥਿਏਟਰ ਹੋ ਗਿਆ /ਥਿਏਟਰ 'ਚ ਸਾਰੇ ਤਾਰੀਫ਼ ਕਰਨ ਲੱਗੇ, ਟੀਚਰ ਦੀ ਮੈਂ ਮਨਭਾਉਂਦੀ ਰਹੀ ਫਿਰ ਲੱਗਾ ਕਿ ਕੋਈ ਗੱਲ ਤਾਂ ਹੋਵੇਗੀ / ਮੈਨੂੰ ਹੁਣ ਜਾ ਕੇ ਲੱਗਦਾ ਹੈ ਕਿ ਮੇਰਾ ਕੋਈ ਟੀਚਾ ਨਹੀਂ ਸੀ /

ਇਰਫ਼ਾਨ - ਸੁਤਪਾ ਦਾ ਫ਼ਿਲਮਾਂ ਨਾਲ ਕੁਝ ਲੈਣਾ-ਦੇਣਾ ਨਹੀਂ ਸੀ ਐਨਐਸਡੀ 'ਚ ਫ਼ਿਲਮ ਵੀ ਨਹੀਂ ਦੇਖਦੀ ਸੀ / ਮੈਂ ਇੱਕ ਵਾਰ ਜ਼ਬਰਦਸਤੀ **'ਗੰਗਾ ਜਮਨਾ'** ਦਿਖਾਉਣ ਲੈ ਗਿਆ ਸੀ / ਮੇਰਾ ਕਲੀਅਰ ਸੀ /ਮੈਂ ਤਾਂ ਐਨਐਸਡੀ ਵੀ ਫ਼ਿਲਮਾਂ ਲਈ ਹੀ ਗਿਆ ਸੀ /

ਸੁਤਪਾ - ਮੈਂ ਤਾਂ ਥੀਏਟਰ ਟੀਚਰ ਬਣਨਾ ਚਾਹੁੰਦੀ ਸੀ / ਅਸੀਂ ਦੋਵੇਂ ਅਲੱਗ-ਅਲੱਗ ਉਦੇਸ਼ ਨਾਲ ਐਨਐਸਡੀ ਗਏ ਸੀ /ਮੇਰੇ ਘਰ 'ਚ ਟੀਵੀ ਨਹੀਂ ਸੀ /ਮੇਰੇ ਮਾਤਾ-ਪਿਤਾ ਸਾਲ 'ਚ ਇੱਕ-ਦੋ ਵਾਰ ਫ਼ਿਲਮਾਂ ਦਿਖਾਉਂਦੇ ਸਨ / ਜਿਨ੍ਹਾਂ ਫ਼ਿਲਮਾਂ ਨੂੰ ਐਵਾਰਡ ਵਗੈਰਾ ਮਿਲ ਜਾਂਦੇ ਸਨ / ਵਿਗਿਆਨ ਭਵਨ 'ਚ ਜਾ ਕੇ ਫ਼ਿਲਮ ਦੇਖਦੇ ਸਨ / ਇਰਫ਼ਾਨ ਨੇ **'ਗੰਗਾ ਜਮਨਾ'** ਦਿਖਾਈ / ਮੈਨੂੰ ਏਨੀ ਗੰਦੀ ਲੱਗੀ ਕਿ ਮੈਂ ਕਿਹਾ ਵੀ ਕਿ ਕਿਹੋ ਜਿਹੀ ਫ਼ਿਲਮ ਦਿਖਾਉਣ ਲੈ ਗਏ /ਉਦੋਂ ਅਸੀਂ ਬੌਧਿਕ ਕਿਸਮ ਦੀ ਦੁਨੀਆ 'ਚ



ਜਿਉਂਦੇ ਸੀ / ਬੰਗਾਲ ਦੀਆਂ ਸੱਤਿਆਜੀਤ ਰੇਅ ਤੇ ਮ੍ਰਿਣਾਲ ਸੇਨ ਦੀਆਂ ਫ਼ਿਲਮਾਂ ਦੇਖਦੇ ਸੀ / ਹਿੰਦੀ ਕਮਰਸ਼ੀਅਲ ਸਿਨੇਮਾ ਬਾਰੇ ਜਾਣੂ ਨਹੀਂ ਸੀ / ਹੁਣ ਦੇਖੋ ਕਿ ਉਸ ਤੋਂ ਲਗਭਗ ਵੀਹ ਸਾਲਾਂ ਬਾਅਦ ਮੈਨੂੰ **'ਦਬੰਗ'** ਚੰਗੀ ਲੱਗਦੀ ਹੈ / ਉਦੋਂ ਮੈਂ ਸੋਚ ਵੀ ਨਹੀਂ ਸਕਦੀ ਸੀ ਕਿ ਗੋਵਿੰਦਾ ਦੀ ਫ਼ਿਲਮ ਦੇਖਾਂਗੀ / ਹੁਣ ਮੈਨੂੰ ਗੋਵਿੰਦਾ ਜਿਹਾ ਐਕਟਰ ਕੋਈ ਹੋਰ ਨਹੀਂ ਦਿਖਦਾ /ਕਮਾਲ ਦੀ ਟਾਈਮਿੰਗ ਹੈ ਉਨ੍ਹਾਂ ਦੀ //ਮੈਨੂੰ ਲੱਗਦਾ ਹੈ ਕਿ ਉਦੋਂ ਮੈਂ ਖੁੱਲ੍ਹੇ ਦਿਮਾਗ਼ ਨਾਲ ਫ਼ਿਲਮ ਦੇਖਣ ਨਹੀਂ ਜਾਂਦੀ ਸੀ, ਹੁਣ ਦੇਖਣਾ ਸ਼ੁਰੂ ਕੀਤਾ ਹੈ ਤਾਂ ਅਲੱਗ-ਅਲੱਗ ਕਿਸਮ ਦੀਆਂ ਫ਼ਿਲਮਾਂ ਚੰਗੀਆਂ ਲੱਗਦੀਆਂ ਹਨ /

ਇਰਫ਼ਾਨ-ਸੁਤਪਾ - ਵਿਆਹ ਬਾਰੇ ਤਾਂ ਸੋਚਿਆ ਹੀ ਨਹੀਂ ਸੀ / ਜਦੋਂ ਕਾਗ਼ਜ਼ਾਂ ਦੀ ਜ਼ਰੂਰਤ ਪੈਣ ਲੱਗੀ ਤਾਂ ਵਿਆਹ ਦਾ ਖ਼ਿਆਲ ਆਇਆ / ਘਰ ਲੈਣਾ ਸੀ / ਅਸੀਂ ਇਕੱਠੇ ਰਹਿੰਦੇ ਸੀ / ਕਦੇ ਗੱਲ ਵੀ ਨਹੀਂ ਕੀਤੀ ਸੀ ਵਿਆਹ ਦੀ...ਲਿਵਿੰਗ ਰਿਲੇਸ਼ਨਸ਼ਿਪ ਤਾਂ ਹੁਣ ਫੈਸ਼ਨ 'ਚ ਆ ਗਿਆ ਹੈ / ਅਸੀਂ ਇਸ ਦੇ ਬਾਰੇ ਸੋਚਿਆ ਹੀ ਨਹੀਂ / ਅਸੀਂ ਦੋਵਾਂ ਨੇ ਇਕੱਠੇ ਰਹਿਣ ਦਾ ਫ਼ੈਸਲਾ ਕਰ ਲਿਆ / ਅਜਿਹਾ ਨਹੀਂ ਸੀ ਕਿ ਦੋਵੇਂ ਪਾਰਟਨਰ ਦੀ ਤਲਾਸ਼ 'ਚ ਸੀ / ਕੋਸ਼ਿਸ਼ ਕਰ ਰਹੇ ਸੀ... ਉਸ ਦੀ ਜ਼ਰੂਰਤ ਨਹੀਂ ਰਹੀ / ਦੋਵੇਂ ਇੱਕ-ਦੂਜੇ ਨੂੰ ਚੰਗੇ ਲੱਗੇ। ਆਰਥਿਕ ਤੌਰ 'ਤੇ ਵੀ ਅਸੀਂ ਆਜ਼ਾਦ ਰਹੇ। ਮੈਂ ਉਨ੍ਹਾਂ ਕੁੜੀਆਂ ਦੀ ਤਰ੍ਹਾਂ ਨਹੀਂ ਸੀ ਕਿ ਪਰਿਵਾਰ ਦੀ ਜ਼ਿੰਮੇਵਾਰੀ ਮਰਦ ਦੀ ਹੈ। ਜੇਕਰ ਮੈਂ ਕੁਝ ਕਮਾਉਂਦੀ ਹਾਂ ਤਾਂ ਉਹ ਮੇਰੀ ਕਮਾਈ ਹੈ ।ਮੇਰੇ ਨਾਲ ਦੀਆਂ ਕਈ ਕੁੜੀਆਂ ਇਸੇ ਤਰ੍ਹਾਂ ਹੀ ਸੋਚਦੀਆਂ ਸਨ।

ਸੁਤਪਾ - 96 ਵਿੱਚ ਅਸੀਂ ਵਿਆਹ ਕਰਵਾ ਲਿਆ। ਮੇਰੇ ਵੱਡੇ ਬੇਟੇ ਦਾ ਜਨਮ ਹੋਣ ਵਾਲਾ ਸੀ। ਤੇ ਫਿਰ ਦੂਜੀਆਂ ਜ਼ਰੂਰਤਾਂ 'ਚ ਵੀ ਲੋਕ ਪੁੱਛਣ ਲੱਗੇ ਸਨ...।

ਇਰਫ਼ਾਨ - ਮੈਂ ਇਨ੍ਹਾਂ ਦੇ ਘਰ ਜਾਂਦਾ ਸੀ। ਕਦੇ ਕਿਸੇ ਨੇ ਨਹੀਂ ਪੁੱਛਿਆ ਕਿ ਕੀ ਕਰਨਾ ਹੈ ।ਕਦੇ ਇਨ੍ਹਾਂ ਦੇ ਘਰ ਕੋਈ ਫੁਸਫੁਸਾਹਟ ਨਹੀਂ ਹੋਈ। ਸਾਰੇ ਦੇਖਦੇ ਸਨ ਕਿ ਮੈਂ ਆਉਂਦਾ-ਜਾਂਦਾ ਹਾਂ ।ਕਦੇ ਕਿਸੇ ਨੇ ਨਹੀਂ ਪੁੱਛਿਆ ਕਿ ਵਿਆਹ ਕਰੋਂਗੇ, ਨਹੀਂ ਕਰੋਂਗੇ, ਕਦੋਂ ਕਰੋਂਗੇ...।

ਸੁਤਪਾ - 1992 ਦੇ ਦੰਗਿਆਂ ਤੋਂ ਬਾਅਦ ਥੋੜ੍ਹਾ ਤਣਾਅ ਹੋ ਗਿਆ ਸੀ। ਮੇਰਾ ਭਾਈ ਡਿਪ੍ਰੈਸ਼ਨ 'ਚ ਚਲਾ ਗਿਆ ਸੀ। ਉਸ ਦਾ ਫ਼ੋਨ ਆਇਆ ਕਿ ਤੁਸੀਂ ਕਿੱਥੇ ਹੋ... ਉਸ ਦੀ ਆਵਾਜ਼ ਕਿਸੇ ਡੂੰਘੀ ਖਾਈ 'ਚੋਂ ਆਉਂਦੀ ਲੱਗ ਰਹੀ ਸੀ ।ਮਜ਼ਹਬ ਦਾ ਮਾਮਲਾ ਕਦੇ ਆਇਆ ਹੀ ਨਹੀਂ ਸੀ। ਇੱਕ ਵਾਰ ਇਰਫ਼ਾਨ ਨੇ ਕਿਹਾ ਕਿ ਜੇਕਰ ਤੇਰੀ ਮਾਂ ਚਾਹੇ ਤਾਂ ਮੈਂ ਧਰਮ ਪਰਿਵਰਤਨ ਕਰ ਸਕਦਾ ਹਾਂ। ਮੇਰੀ ਮਾਂ ਨੇ ਸਾਫ਼ ਇਨਕਾਰ ਕਰ ਦਿੱਤਾ ਸੀ ਕਿ ਕਿਉਂ ਆਪਣਾ ਧਰਮ ਛੱਡੋਂਗੇ ।

ਇਰਫ਼ਾਨ - ਇਨ੍ਹਾਂ ਦੇ ਪਿਤਾ ਜੀ ਨਾਲ ਮੇਰੀਆਂ ਜ਼ਿਆਦਾ ਗੱਲਾਂ ਨਹੀਂ ਹੁੰਦੀਆਂ ਸਨ, ਪਰ ਉਨ੍ਹਾਂ ਦੇ ਮਨ 'ਚ ਪਿਆਰ ਰਹਿੰਦਾ ਸੀ। ਉਨ੍ਹਾਂ ਦੇ ਅੰਤਿਮ ਦਿਨਾਂ 'ਚ ਮੈਂ ਮਿਲਣ ਗਿਆ ਸੀ। ਕਾਫ਼ੀ ਗੱਲਾਂ ਹੋਈਆਂ ਸਨ। ਉਨ੍ਹਾਂ ਦੇ ਸ਼ੌਂਕ ਵੱਖਰੀ ਕਿਸਮ ਦੇ ਸਨ। ਉਨ੍ਹਾਂ ਨੇ ਆਪਣੇ ਘਰ ਦੇ ਬਾਹਰ ਦਰੱਖ਼ਤ ਲਗਾਏ ਸਨ। ਉਨ੍ਹਾਂ ਦਾ ਜ਼ਬਰਦਸਤ ਲਗਾਅ ਸੀ ਮੇਰੇ ਨਾਲ। ਮੈਨੂੰ ਤਦ ਲੱਗਾ ਸੀ ਕਿ ਜੇਕਰ ਮੈਂ ਉਨ੍ਹਾਂ ਕੋਲ ਬੈਠਾ ਤਾਂ ਉਨ੍ਹਾਂ ਦਾ ਦਰਦ ਘੱਟ ਹੋਵੇਗਾ।

ਸੁਤਪਾ - ਇਰਫ਼ਾਨ ਦਾ ਆਪਣੇ ਪਰਿਵਾਰ ਤੋਂ ਇੱਕ ਅਲੱਗ ਦਰਜਾ ਹੈ ।ਇਰਫ਼ਾਨ ਵੀ ਆਪਣੀ ਮਾਂ ਦੀ ਬਹੁਤ ਇੱਜ਼ਤ ਕਰਦੇ ਹਨ। ਹਰ ਤਰ੍ਹਾਂ ਦੀ ਮਦਦ ਕਰਦੇ ਹਨ। ਉਨ੍ਹਾਂ ਜ਼ਾਹਿਰ ਕਰ ਦਿੱਤਾ ਸੀ ਕਿ ਮੈਂ ਆਪਣੀ ਜ਼ਿੰਦਗੀ 'ਚ ਕਿਸੇ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਾਂਗਾ। ਪਰਿਵਾਰ ਵਿੱਚੋਂ ਕਿਸੇ ਨੇ ਵੀ ਸੋਚਿਆ ਨਹੀਂ ਤੇ ਸ਼ਾਇਦ ਉਨ੍ਹਾਂ ਨੇ ਸਮਝ ਲਿਆ ਹੋਵੇਗਾ ਕਿ ਕਹਿਣ 'ਤੇ ਵੀ ਇਰਫ਼ਾਨ ਨਹੀਂ ਮੰਨਣਗੇ ।ਸੱਚ ਕਹਾਂ ਤਾਂ ਹਿੰਦੂ ਪਰਿਵਾਰਾਂ 'ਚ ਮੁਸਲਮਾਨਾਂ ਬਾਰੇ ਧਾਰਨਾਵਾਂ ਬਿਠਾ ਦਿੱਤੀਆਂ ਜਾਂਦੀਆਂ

ਹਨ। ਕਿਹਾ ਜਾਂਦਾ ਹੈ ਕਿ ਉਹ ਬਹੁਤ ਗੰਦੇ ਰਹਿੰਦੇ ਹਨ। ਜਦੋਂ ਮੈਂ ਇਨ੍ਹਾਂ ਦੇ ਪਰਿਵਾਰ 'ਚ ਗਈ ਤਾਂ ਮੇਰੀਆਂ ਧਾਰਨਾਵਾਂ ਟੁੱਟੀਆਂ ਸੰਯੋਗ ਅਜਿਹਾ ਰਿਹਾ ਹੈ ਕਿ ਦਿੱਲੀ ਤੋਂ ਹੋਣ ਦੇ ਬਾਵਜੂਦ ਇਰਫ਼ਾਨ ਤੋਂ ਪਹਿਲਾਂ ਮੇਰਾ ਕੋਈ ਮੁਸਲਮਾਨ ਦੋਸਤ ਨਹੀਂ ਸੀ। ਇਰਫ਼ਾਨ ਪਹਿਲੇ ਮੁਸਲਮਾਨ ਦੋਸਤ ਹਨ, ਜੋ ਬਾਅਦ 'ਚ ਮੇਰੇ ਪਤੀ ਹੋ ਗਏ। ਮੇਰੇ ਲਈ ਸਭ ਨਵਾਂ ਸੀ। ਮੈਨੂੰ ਥੋੜ੍ਹਾ ਸੱਭਿਆਚਾਰਕ ਝਟਕਾ ਜ਼ਰੂਰ ਲੱਗਾ ਸੀ। ਇਰਫ਼ਾਨ ਤੇ ਉਨ੍ਹਾਂ ਦੀ ਮਾਂ ਵਿਚਕਾਰ ਹਰ ਤਰ੍ਹਾਂ ਦੀ ਗੱਲਬਾਤ ਹੁੰਦੀ ਹੈ। ਉਨ੍ਹਾਂ ਦਾ ਮੱਧਵਰਗੀ ਪਰਿਵਾਰ ਹੈ ।ਮੁਸਲਮਾਨ ਹੋਣ ਕਰਕੇ ਮੰਨਿਆ ਜਾ ਸਕਦਾ ਹੈ ਕਿ ਉਹ ਰੂੜ੍ਹੀਵਾਦੀ ਹੋਣਗੇ, ਪਰ ਮੈਂ ਉੱਥੇ ਉਲਟਾ ਦੇਖਿਆ ਕਿ ਮੈਂ ਆਪਣੇ ਮਾਤਾ-ਪਿਤਾ ਨਾਲ ਹਰ ਤਰ੍ਹਾਂ ਦੀ ਗੱਲ ਨਹੀਂ ਕਰ ਸਕਦੀ ਸੀ। ਪਰ ਇਰਫ਼ਾਨ ਆਪਣੀ ਮਾਂ ਨਾਲ ਸਾਰੀਆਂ ਗੱਲਾਂ ਕਰਦੇ ਸਨ ।ਫਿਰ ਵੀ ਕਹਾਂਗੀ ਕਿ ਇਰਫ਼ਾਨ ਦੀ ਮਾਂ ਦੇ ਦਿਲ ਦੀ ਡੂੰਘਾਈ 'ਚ ਇਹ ਰਹਿੰਦਾ ਹੈ ਕਿ ਮੈਂ ਧਰਮ ਪਰਿਵਰਤਨ ਕਰ ਲਵਾਂ।

ਇਰਫ਼ਾਨ - ਮੇਰੀ ਮਾਂ ਜਿਸ ਮਾਹੌਲ 'ਚ ਰਹੀ, ਉਸ ਮਾਹੌਲ 'ਚ ਇਹ ਸੋਚ ਸੁਭਾਵਿਕ ਹੈ। ਰੂੜ੍ਹੀਵਾਦੀ ਸੋਚ ਤਾਂ ਇਹੀ ਹੈ ।ਧਰਮ ਦੀ ਗੱਲ ਛੱਡ ਦੇਈਏ ਤਾਂ ਨਾਲ ਰਹਿਣ ਨਾਲ ਲੱਗਣ ਲੱਗਦਾ ਹੈ ਕਿ ਮੁਕਤੀ ਤਾਂ ਧਰਮ ਬਦਲਣ ਤੋਂ ਬਾਅਦ ਹੀ ਮਿਲੇਗੀ। ਮੇਰੀ ਮਾਂ ਦੀ ਚਿੰਤਾ ਰਹਿੰਦੀ ਹੈ ਕਿ ਸੁਤਪਾ ਤਾਂ ਜੰਨਤ ਨਹੀਂ ਜਾ ਸਕੇਗੀ। ਉਹ ਇਸ ਦੀ ਮਿੱਟੀ ਲਈ ਪਰੇਸ਼ਾਨ ਰਹਿੰਦੀ ਹੈ।

ਸੁਤਪਾ - ਮੇਰੇ ਸਹੁਰੇ ਘਰ 'ਚ ਮੈਨੂੰ ਮਿਲਾ ਕੇ ਤਿੰਨਾ ਨੂੰਹਾਂ ਹਨ, ਪਰ ਇਰਫ਼ਾਨ ਦੀ ਮਾਂ ਸਭ ਤੋਂ ਜ਼ਿਆਦਾ ਮੇਰੇ ਕਰੀਬ ਹੈ ।ਉਹ ਮੇਰੇ ਨਾਲ ਆਪਣੀ ਹਰ ਚਿੰਤਾ ਸਾਂਝੀ ਕਰਦੀ ਹੈ ।ਵਿਚਕਾਰਲੀ ਨਾਲ ਉਨ੍ਹਾਂ ਦੀ ਬਣੀ ਨਹੀਂ ਤੇ ਛੋਟੀ ਨੂੰ ਉਹ ਨਾਕਾਬਿਲ ਮੰਨਦੀ ਹੈ। ਆਪਣੀ ਕਰੀਬੀ ਜ਼ਾਹਿਰ ਕਰਨ ਦੇ ਨਾਲ ਉਨ੍ਹਾਂ ਦੀ ਚਿੰਤਾ ਵਧਦੀ ਹੈ ਤੇ ਉਹ ਕਹਿ ਬੈਠਦੀ ਹੈ ਕਿ ਕਲਮਾ ਪੜ੍ਹ ਲਓ। ਉਨ੍ਹਾਂ ਨੂੰ ਲੱਗਦਾ ਹੈ ਕਿ ਏਨੀ ਪਿਆਰੀ ਕੁੜੀ ਹੈ ਤੇ ਦੋਜ਼ਖ 'ਚ ਜਾਵੇਗੀ। ਉਹ ਗੁੱਸੇ 'ਚ ਜਾਂ ਨਫ਼ਰਤ ਦੇ ਭਾਵ ਨਾਲ ਬੋਲਦੀ ਜਾਂ ਦਬਾਅ ਨਹੀਂ ਪਾਉਂਦੀ।

**ਇਰਫ਼ਾਨ - ਮੇਰੀ ਮਾਂ ਸੁਤਪਾ ਦਾ ਪਰਲੋਕ ਸੁਧਾਰਨਾ ਚਾਹੁੰਦੀ ਹੈ**

ਇਰਫ਼ਾਨ - ਦਿੱਲੀ ਤੋਂ ਆਉਣ ਦਾ ਇਰਾਦਾ ਉਂਝ ਹੀ ਬਣ ਗਿਆ ਸੋਚਿਆ ਕਿ ਚਲੋ ਕੁਝ ਕੰਮ ਕਰਾਂਗੇ।ਮੈਂ ਐਕਟਿੰਗ 'ਚ ਕੋਸ਼ਿਸ਼ ਕੀਤੀ ।ਸੁਤਪਾ ਨੂੰ ਲਿਖਣ ਦਾ ਸ਼ੌਂਕ ਸੀ ਤਾਂ ਉਹ ਲੇਖਨ 'ਚ ਹੱਥ ਅਜ਼ਮਾਉਣ ਲੱਗੀ। ਸਾਨੂੰ ਕੰਮ ਮਿਲਦਾ ਰਿਹਾ। ਅਸੀਂ ਕੁਝ ਨਾ ਕੁਝ ਕਰਦੇ ਰਹੇ ।

ਸੁਤਪਾ - ਸਾਨੂੰ ਕਦੇ ਸੰਘਰਸ਼ ਨਹੀਂ ਕਰਨਾ ਪਿਆ। ਹਾਂ, ਇੱਕ ਕਮਰੇ ਤੋਂ ਚਾਰ ਕਮਰੇ ਤੇ ਫਿਰ ਇਸ ਡੁਪਲੈਕਸ 'ਚ ਆਉਣ ਦਾ ਸੰਘਰਸ਼ ਰਿਹਾ, ਪਰ ਕੰਮ ਦੇ ਲਈ ਅਪਮਾਨਿਤ ਨਹੀਂ ਹੋਣਾ ਪਿਆ। ਕੋਈ ਦੌੜ-ਭੱਜ ਨਹੀਂ ਕਰਨੀ ਪਈ।

ਇਰਫ਼ਾਨ - ਤਦ ਤਾਂ ਅਸੀਂ ਸੋਚਿਆ ਵੀ ਨਹੀਂ ਸੀ ਕਿ ਕੀ ਹੋਵੇਗਾ ਜਾਂ ਕੀ ਕਰਨਾ ਹੈ ।ਉਸ ਉਮਰ 'ਚ ਤਾਂ ਬਿਹਤਰ ਕੰਮ ਲੈਣ ਤੇ ਖ਼ੁਦ ਨੂੰ ਦੇਖਣ ਦੀ ਖ਼ਾਹਿਸ਼ ਰਹਿੰਦੀ ਹੈ ।ਭੌਤਿਕ ਜ਼ਰੂਰਤਾਂ ਤਾਂ ਪੈਸੇ ਆਉਣ ਤੋਂ ਬਾਅਦ ਪੈਦਾ ਹੁੰਦੀਆਂ ਹਨ। ਮੇਰੀ ਇੱਕ ਹੀ ਇੱਛਾ ਸੀ ਕਿ ਮੈਂ ਆਪਣੀ ਖਿੜਕੀ ਖੋਲ੍ਹਾਂ ਤਾਂ ਸਾਹਮਣੇ ਕੋਈ ਮਕਾਨ ਨਾ ਦਿਖੇ ।

ਸੁਤਪਾ - ਉਸੇ ਚੱਕਰ 'ਚ ਤਾਂ ਅਸੀਂ ਗੋਰੇਗਾਂਓ ਗਏ ਉੱਥੇ ਉੱਪਰ ਵਾਲਾ ਫ਼ਲੈਟ ਲਿਆ। ਉੱਥੇ ਵੀ ਮਾੱਲ ਬਣ ਗਿਆ ਤਾਂ ਹੁਣ ਇੱਥੇ ਆ ਗਏ। ਮੈਂ ਲੱਭ-ਲੱਭ ਕੇ ਇਰਫ਼ਾਨ ਦੀ ਇੱਛਾ ਪੂਰੀ ਕੀਤੀ । ਅਜੀਬ ਇਤਫ਼ਾਕ ਹੈ ਕਿ ਇਸ ਮਾਮਲੇ 'ਚ ਅਸੀਂ ਦੋਵੇਂ ਇੱਕ ਹੀ ਤਰ੍ਹਾਂ ਸੋਚਦੇ ਸੀ। ਮੈਨੂੰ ਬਹੁਤ ਖਿਝ ਹੁੰਦੀ ਸੀ, ਜਦੋਂ ਡੀਐਨ ਨਗਰ 'ਚ ਸਾਹਮਣੇ ਬ੍ਰਸ਼ ਕਰਦਾ ਹੋਇਆ ਬੰਦਾ ਖਿੜਕੀ ਤੋਂ ਦਿਖਦਾ ਸੀ। ਉਹ ਦ੍ਰਿਸ਼



ਕਦੇ ਨਹੀਂ ਭੁੱਲ ਸਕਦੀ। ਸਾਨੂੰ ਜਿਵੇਂ ਹੀ ਮੌਕਾ ਮਿਲਿਆ, ਅਸੀਂ ਵੱਡੀ ਤੇ ਖੁੱਲ੍ਹੀ ਜਗ੍ਹਾ ਲੈ ਲਈ। ਉਸ ਜਗ੍ਹਾ ਅਸੀਂ ਕਾਫ਼ੀ ਸੁਰੱਖਿਅਤ ਸੀ। ਕਿਉਂਕਿ ਉਹ ਇਰਫ਼ਾਨ ਦੇ ਅੰਕਲ ਦਾ ਫ਼ਲੈਟ ਸੀ। ਦਿੱਲੀ ਤੋਂ ਆਉਣ ਤੋਂ ਬਾਅਦ ਤਾਂ ਇਹ ਤਕਲੀਫ਼ ਵੱਡੀ ਹੁੰਦੀ ਸੀ।

ਇਰਫ਼ਾਨ - ਮੈਨੂੰ ਕੁਦਰਤ ਚੰਗੀ ਲੱਗਦੀ ਹੈ। ਦਰੱਖ਼ਤ, ਪਹਾੜ, ਜੰਗਲ ਮੈਨੂੰ ਆਪਣੇ ਵੱਲ ਖਿੱਚਦੇ ਹਨ। ਮੀਂਹ ਪੈਂਦਾ ਹੈ ਤਾਂ ਮੈਂ ਬਿਲਕੁਲ ਵੱਖਰਾ ਬੰਦਾ ਬਣ ਜਾਂਦਾ ਹਾਂ। ਸੁਤਪਾ ਵੀ ਅਜਿਹਾ ਹੀ ਸੋਚਦੀ ਹੈ ।

ਸੁਤਪਾ - ਇਸ ਦੇ ਕਾਰਨ ਸਾਡਾ ਪਿਆਰ ਨਹੀਂ ਹੋਇਆ ਸਗੋਂ ਪਿਆਰ ਹੋਣ ਤੋਂ ਬਾਅਦ ਸਾਨੂੰ ਇਹ ਸਮਾਨਤਾ ਦਿਖੀ। ਇਰਫ਼ਾਨ ਤੇ ਮੈਂ ਮੁੰਬਈ ਤੋਂ ਬਾਹਰ ਹੁੰਦੇ ਹਾਂ ਤਾਂ ਸਾਡੇ ਵਿਚਕਾਰ ਲੜਾਈ ਹੀ ਨਹੀਂ ਹੁੰਦੀ। ਤਦ ਘਰੇਲੂ ਚਿੰਤਾਵਾਂ ਨਹੀਂ ਰਹਿੰਦੀਆਂ। ਇਨਸਾਨਾਂ ਦੁਆਰਾ ਬਣਾਈਆਂ ਚੀਜ਼ਾਂ ਨਹੀਂ ਦਿਖਦੀਆਂ।

ਇਰਫ਼ਾਨ - ਸਾਡੀਆਂ ਸਮੱਸਿਆਵਾਂ ਇਨਸਾਨਾਂ ਦੁਆਰਾ ਬਣਾਈਆਂ ਬੇਤਰਤੀਬ ਚੀਜ਼ਾਂ ਤੋਂ ਹਨ। ਸਾਨੂੰ ਇਹ ਬਰਦਾਸ਼ਤ ਨਹੀਂ ਹੁੰਦਾ।

ਸੁਤਪਾ - ਮੈਂ ਨਿਊਕਲੀਅਰ ਫੈਮਿਲੀ ਤੋਂ ਆਈ ਸੀ। ਇਰਫ਼ਾਨ ਦੀ ਜੁਆਇੰਟ ਫੈਮਿਲੀ ਸੀ। ਸ਼ੁਰੂ 'ਚ ਬਹੁਤ ਦਿੱਕਤ ਹੁੰਦੀ ਸੀ। ਕਿਵੇਂ ਮਿਲੀਏ ।ਕਿਸ ਦੇ ਨਾਲ ਕਿਵੇਂ ਵਿਵਹਾਰ ਕਰੀਏ ।ਹੁਣ ਤਾਂ ਠੀਕ ਹੋ ਗਿਆ ਹੈ ਸਭ ਕੁਝ। ਦੋ ਸਾਲ ਪਹਿਲਾਂ ਗਈ ਤਾਂ ਪਤਾ ਲੱਗਾ ਕਿ ਅਸਲ 'ਚ ਸੰਯੁਕਤ ਪਰਿਵਾਰ ਦਾ ਕੀ ਮਜ਼ਾ ਹੈ ।ਮੈਂ 15 ਦਿਨਾਂ ਤੱਕ ਉੱਥੇ ਰਹੀ। ਇਰਫ਼ਾਨ ਤਾਂ ਜ਼ਿਆਦਾ ਬਾਹਰ ਨਹੀਂ ਨਿੱਕਲਦੇ ਸੀ ।ਮੈਂ ਤਾਂ ਆਪਣੇ ਦਿਓਰਾਂ ਦੀ ਬਾਈਕ 'ਤੇ ਘੁੰਮਦੀ ਰਹਿੰਦੀ ਸੀ। ਸਾਨੂੰ ਪਤਾ ਹੀ ਨਹੀਂ ਰਿਹਾ ਕਿ ਬੱਚੇ ਕੀ ਖਾ ਰਹੇ ਹਨ, ਕਿੱਥੇ ਖੇਡ ਰਹੇ ਹਨ। ਮੈਂ ਘੁੰਮਦੀ ਰਹਿੰਦੀ ਸੀ। ਮੈਂ ਪੂਰਾ ਮਜ਼ਾ ਲਿਆ ।ਇਨ੍ਹਾਂ ਦੇ ਪਰਿਵਾਰ 'ਚ ਖ਼ੂਬ ਸੈਲੀਬਰੇਸ਼ਨ ਚੱਲਦਾ ਹੈ। ਲੋਕ ਆਉਂਦੇ-ਜਾਂਦੇ ਰਹਿੰਦੇ ਹਨ। 12-1 ਵਜੇ ਤੱਕ ਲੋਕ ਮਿਲਣ ਆਉਂਦੇ ਰਹਿੰਦੇ ਸਨ ।

**ਕਰੀਅਰ**

ਇਰਫ਼ਾਨ - ਸੁਤਪਾ ਮੇਰਾ ਕੰਮ ਜਾਣਦੀ ਹੈ। ਉਸ ਨੂੰ ਦੱਸਣਾ ਤੇ ਸਮਝਾਉਣਾ ਨਹੀਂ ਪੈਂਦਾ। ਕਦੇ ਦੇਰ ਰਾਤ ਨੂੰ ਨਿੱਕਲਣਾ। ਕਦੇ ਸਵੇਰੇ ਪਰਤਣਾ। ਕਦੇ ਹਫ਼ਤਿਆਂ-ਮਹੀਨਿਆਂ ਤੱਕ ਬਾਹਰ ਰਹਿਣਾ। ਉਸ ਦਰਮਿਆਨ ਅਫ਼ਵਾਹਾਂ ਦਾ ਛਪ ਜਾਣਾ। ਮੈਨੂੰ ਉਸ ਤਰ੍ਹਾਂ ਸਮਝਾਉਣਾ ਨਹੀਂ ਪੈਂਦਾ। ਸੁਤਪਾ ਸਾਰੀਆਂ ਚੀਜ਼ਾਂ ਸਮਝਦੀ ਹੈ ।ਉਸ ਨੇ ਹਰ ਕਦਮ 'ਤੇ ਸਾਥ ਦਿੱਤਾ ਹੈ ।ਸਾਡੀ ਇਕੱਠਿਆਂ ਕੰਮ ਕਰਨ ਦੀ ਬਹੁਤ ਇੱਛਾ ਹੈ ਪਰ ਉਹ ਸੰਭਵ ਨਹੀਂ ਹੈ, '**ਬਨੇਗੀ ਅਪਨੀ ਬਾਤ**' ਸੀਰੀਅਲ ਦੇ ਸਮੇਂ ਅਸੀਂ ਕੋਸ਼ਿਸ਼ ਕੀਤੀ ਸੀ, ਪਰ ਸਾਡੇ ਝਗੜੇ ਬਹੁਤ ਹੁੰਦੇ ਸਨ।

ਸੁਤਪਾ - '**ਬਨੇਗੀ ਅਪਨੀ ਬਾਤ**' ਦੇ ਸਮੇਂ ਜ਼ਿਆਦਾ ਝਗੜੇ ਹੀ ਨਹੀਂ ਹੋਏ ਸਨ। ਬਾਅਦ 'ਚ ਤਿਗਮਾਂਸ਼ੂ ਧੂਲੀਆ ਦੇ ਲਈ ਅਸੀਂ ਇੱਕ ਬੈਸਟ-ਸੇਲਰ ਬਣਾਇਆ ਸੀ, ਉਸ 'ਚ ਕਾਫ਼ੀ ਝਗੜੇ ਹੋਏ ਸਨ। ਇਰਫ਼ਾਨ ਬੜੇ ਵਧੀਆ ਡਾਇਰੈਕਟਰ ਹਨ। ਹੁਣ ਕਹਾਂਗੀ ਤਾਂ ਸ਼ਰਮਾਉਣਗੇ ਤੇ ਮਨ੍ਹਾ ਕਰਨਗੇ, ਪਰ ਜੇਕਰ ਇਰਫ਼ਾਨ ਡਾਇਰੈਕਟ ਕਰਨ ਤਾਂ ਹੁਣ ਦੇ ਸਾਰੇ ਡਾਇਰੈਕਟਰਾਂ ਤੋਂ ਚੰਗਾ ਕੰਮ ਕਰਨਗੇ।

ਇਰਫ਼ਾਨ - ਸ਼ਾਇਦ ਮੈਂ ਕਦੇ ਡਾਇਰੈਕਟ ਕਰਾਂ, ਪਰ ਮੈਨੂੰ ਲੱਗਦਾ ਹੈ ਕਿ ਅਸੀਂ ਇਕੱਠੇ ਕੰਮ ਨਹੀਂ ਕਰ ਸਕਦੇ ।ਸਾਡੀ ਲੇਖਕ-ਨਿਰਦੇਸ਼ਕ ਦੀ ਟੀਮ ਨਹੀਂ ਬਣ ਸਕਦੀ। ਸੁਤਪਾ ਚੰਗੇ ਤਰੀਕੇ ਨਾਲ ਦੱਸਦੀ ਹੈ ਕਿ ਮੇਰੀ ਕਿਹੜੀ ਪਰਫਾੱਰਮੈਂਸ ਗ਼ਲਤ ਰਹੀ। ਉਹ ਚੰਗੀ ਆਲੋਚਕ ਹੈ। ਫ਼ਿਲਮਾਂ ਦੇ ਬਾਰੇ ਠੀਕ-ਠਾਕ

ਦੱਸ ਦਿੰਦੀ ਹੈ। ਮੈਂ ਸ਼ੁਰੂ ਤੋਂ ਉਸ 'ਤੇ ਭਰੋਸਾ ਕਰਦਾ ਹਾਂ। ਐਨਐਸਡੀ 'ਚ ਮੈਂ ਏਨਾ ਗੰਦਾ ਐਕਟਰ ਸੀ। ਉਸ ਸਮੇਂ ਸੁਤਪਾ ਇਮਾਨਦਾਰੀ ਨਾਲ ਮੇਰੇ ਕੰਮ ਦੀ ਬੁਰਾਈ ਕਰਦੀ ਸੀ ਤੇ ਮੈਨੂੰ ਬਰਦਾਸ਼ਤ ਨਹੀਂ ਹੁੰਦਾ ਸੀ। ਜਦੋਂ ਤੱਕ ਮੈਂ ਖ਼ੁਦ ਨੂੰ ਕੈਮਰੇ 'ਚ ਨਹੀਂ ਦੇਖਿਆ। ਤਦ ਤੱਕ ਮੈਨੂੰ ਲੱਗਦਾ ਰਿਹਾ ਕਿ ਮੈਂ ਬਹੁਤ ਵਧੀਆ ਐਕਟਰ ਹਾਂ। ਇੱਕ ਨਾਟਕ ਰਿਕਾਰਡ ਕੀਤਾ ਸੀ। ਉਸ ਨੂੰ ਦੇਖਣ ਤੋਂ ਬਾਅਦ ਮੇਰੇ ਪੈਰਾਂ ਹੇਠੋਂ ਜ਼ਮੀਨ ਨਿੱਕਲ ਗਈ ਸੀ। ਉਸ ਨਾਟਕ ਦੇ ਲਈ ਮੈਂ ਸੁਤਪਾ ਦੇ ਭਾਈ ਨੂੰ ਵੀ ਬੁਲਾ ਲਿਆ ਸੀ। ਉਨ੍ਹਾਂ ਨੇ ਨਾਟਕ ਦੇਖਣ ਤੋਂ ਬਾਅਦ ਪ੍ਰਤਿਕਿਰਿਆ ਨਹੀਂ ਦਿੱਤੀ। ਲੋਕ ਬਹੁਤ ਤਾਰੀਫ਼ ਕਰਦੇ ਸਨ। ਸੁਤਪਾ ਬਹਿਸ ਕਰਦੀ ਸੀ।

ਸੁਤਪਾ - ਪਰ ਮੈਂ ਐਕਟਰ ਦੇ ਨਾਲ ਕਦੇ ਵਿਆਹ ਨਾ ਕਰਦੀ। ਮੈਨੂੰ ਕੋਈ ਅਫ਼ਸੋਸ ਨਹੀਂ ਰਿਹਾ ਕਿ ਮੈਂ ਕੰਮ ਛੱਡ ਦਿੱਤਾ। ਮੈਂ ਟੀਵੀ 'ਤੇ ਐਕਟਿਵ ਸੀ। ਬਾਅਦ 'ਚ ਟੀਵੀ 'ਤੇ ਕੁਝ ਕਰਨ ਲਾਇਕ ਰਹਿ ਨਹੀਂ ਗਿਆ। **'ਰਾਧਾ ਕੀ ਬੇਟੀਆਂ ਕੁਝ ਕਰ ਦਿਖਾਏਂਗੀ'** ਕਰ ਰਹੀ ਸੀ। ਇੱਕ ਸਮੇਂ ਤੋਂ ਬਾਅਦ ਲੱਗਾ ਕਿ ਹੁਣ ਕੁਝ ਨਹੀਂ ਹੋ ਸਕਦਾ। ਫ਼ਿਲਮ ਦੇ ਲਈ ਜ਼ਰੂਰੀ ਨੈੱਟਵਰਕਿੰਗ ਨਹੀਂ ਕਰ ਸਕੀ। ਸਟਾਰਾਂ ਨਾਲ ਦੋਸਤੀ ਨਹੀਂ ਕੀਤੀ ।ਮੇਰੇ ਅੰਦਰ ਉਹ ਚੀਜ਼ ਨਹੀਂ ਹੈ **'ਖਾਮੋਸ਼ੀ'** ਤੇ **'ਸ਼ਬਦ'** 'ਚ ਵੱਡੇ-ਵੱਡੇ ਸਟਾਰ ਸਨ। ਮੈਂ **'ਸ਼ਬਦ'** ਦੀ ਸ਼ੂਟਿੰਗ 'ਚ ਵੀ ਇੱਕ ਦਿਨ ਨਹੀਂ ਗਈ। ਆਪਣੀਆਂ ਲਿਖੀਆਂ ਫ਼ਿਲਮਾਂ ਦੇ ਸੈੱਟ 'ਤੇ ਤਾਂ ਰਹਿ ਹੀ ਸਕਦੀ ਸੀ **'ਸ਼ਬਦ'** 'ਚ ਐਸ਼ਵਰਿਆ ਨੂੰ ਇੱਕ ਲਾਈਨ 'ਤੇ ਸਮੱਸਿਆ ਸੀ ਤਾਂ ਉਸ ਨੇ ਗੋਆ ਤੋਂ ਫ਼ੋਨ ਕੀਤਾ ਕਿ ਇੱਕ ਵਾਰ ਸੁਤਪਾ ਨਾਲ ਗੱਲ ਕਰਵਾ ਦਿਓ। ਮੇਰੇ ਵਿਅਕਤੀਤਵ 'ਚ ਹੀ ਕੋਈ ਘਾਟ ਹੋਵੇਗੀ। ਫ਼ਿਲਮਾਂ ਦੇ ਲਈ ਉਹ ਜ਼ਰੂਰੀ ਹੈ ।ਹੁਣ ਸੁਜਾਇ ਘੋਸ਼ ਦੇ ਲਈ ਇੱਕ ਫ਼ਿਲਮ ਕਰ ਰਹੀ ਹਾਂ। ਵਿੱਦਿਆ ਬਾਲਨ ਨੇ ਕਿਹਾ ਕਿ ਸੁਤਪਾ ਲਿਖ ਦੇਵੇ ਤਾਂ ਚੰਗਾ ਰਹੇਗਾ। ਫਿਰ ਚੰਗਾ ਵੀ ਲੱਗਾ। ਇਰਫ਼ਾਨ ਦੇ ਐਕਟਰ ਹੋਣ ਦਾ ਇਹ ਫ਼ਾਇਦਾ ਹੋਇਆ ਹੈ ਕਿ ਖ਼ੂਬ ਘੁੰਮਣ ਦਾ ਮੌਕਾ ਮਿਲਦਾ ਹੈ ।ਪਤਾ ਨਹੀਂ ਮੈਂ ਇਕੱਲੀ ਕਦੇ ਏਨਾ ਘੁੰਮ ਸਕਦੀ ਕਿ ਨਹੀਂ ।ਇਰਫ਼ਾਨ ਦੀ ਸਫ਼ਲਤਾ ਨਾਲ ਮੇਰੀਆਂ ਯਾਤਰਾਵਾਂ ਹੁੰਦੀਆਂ ਹਨ। ਮੈਂ ਆਜ਼ਾਦ ਨਹੀਂ ਹਾਂ ।ਹੁਣ ਮੈਂ ਨਿਰਭਰ ਹਾਂ, ਪਰ ਮੈਂ ਕੁਝ ਕਰਾਂਗੀ ਤਾਂ ਚੰਗਾ ਕਰਾਂਗੀ।

ਇਰਫ਼ਾਨ - ਸੁਤਪਾ ਕਹਿ ਸਕਦੀ ਹੈ ਕਿ ਮਨਪਸੰਦ ਕੰਮ ਮਿਲੇਗਾ ਤਾਂ ਕਰਾਂਗੀ। ਅਸੀਂ ਤਾਂ ਮਜ਼ਦੂਰ ਹਾਂ। ਅਸੀਂ 'ਨਾਂਹ' ਨਹੀਂ ਕਰ ਸਕਦੇ ।ਅਸੀਂ ਸ਼ੂਟਿੰਗ 'ਤੇ ਜਾਣਾ ਹੈ ਤਾਂ ਜਾਣਾ ਹੈ।

ਸੁਤਪਾ - ਮੇਰੀਆਂ ਇੱਛਾਵਾਂ ਵੀ ਤਾਂ ਘੱਟ ਨੇ। ਮੈਂ ਡਿਜ਼ਾਈਨਰ ਕੱਪੜੇ ਨਹੀਂ ਪਹਿਨਦੀ।ਮੇਰਾ ਖ਼ਰਚਾ ਹੀ ਕੀ ਹੈ ਕਿ ਮੈਂ ਕਰਾਂ।ਆਪਣੀਆਂ ਸਹੇਲੀਆਂ ਨੂੰ ਦੇਖ ਕੇ ਹੈਰਾਨ ਹੁੰਦੀ ਹਾਂ ਕਿ ਉਹ ਕਿਉਂ ਅਜਿਹਾ ਕਰ ਰਹੀਆਂ ਹਨ।

**ਸੰਤੁਲਨ**

ਸੁਤਪਾ - ਮੈਂ ਤਾਂ ਮੰਨਦੀ ਹਾਂ ਕਿ ਦੋਵਾਂ ਦੇ ਵਿਚਕਾਰ ਤਾਲਮੇਲ ਰਹੇ।ਜੇਕਰ ਦੋਵੇਂ ਸਮਾਨ ਰੂਪ 'ਚ ਵਿਅਸਤ ਹੋ ਜਾਈਏ ਤਾਂ ਦਿੱਕਤ ਹੁੰਦੀ ਹੈ।ਮੀਰਾ ਨਾਇਰ ਵਰਗੀ ਹਸਤੀ ਹੋਵੇ ਤਾਂ ਗੱਲ ਵੱਖਰੀ ਹੈ। 'ਨੇਮ ਸੇਕ' ਫ਼ਿਲਮ ਦੇ ਸਮੇਂ ਦੇਖਿਆ ਸੀ। ਉਹ ਘਰ ਵੀ ਸੰਭਾਲਦੀ ਸੀ। ਅੰਤਰਰਾਸ਼ਟਰੀ ਫ਼ਿਲਮ ਡਾਇਰੈਕਟਰ ਰਹੀ ਹੈ।ਆਪਣੀ ਯੂਨਿਟ ਦੀ ਸਮੱਸਿਆ ਵੀ ਸੁਲਝਾ ਰਹੀ ਹੈ।ਇਰਫ਼ਾਨ ਤੇ ਤੱਬੂ ਦੇ ਕਮਰੇ 'ਚ ਕਿਹੜੇ ਫੁੱਲ ਲੱਗਣਗੇ, ਉਹ ਵੀ ਚੁਣ ਰਹੀ ਹੈ।ਸਮਾਂ ਕੱਢ ਕੇ ਯੋਗਾ ਵੀ ਕਰ ਰਹੀ ਹੈ।ਇੱਕ ਦਿਨ ਦੇ ਲਈ ਇਰਫ਼ਾਨ ਦੇ ਬੱਚੇ ਆਏ ਹਨ ਤਾਂ ਉਨ੍ਹਾਂ ਲਈ ਵੀ ਸਮਾਂ ਕੱਢਣਾ ਹੈ।ਉਨ੍ਹਾਂ ਦੀ ਊਰਜਾ ਦੇਖ ਕੇ ਮੈਂ ਹੈਰਾਨ ਰਹਿ ਗਈ।ਸਾਰੇ ਏਜੰਡੇ ਪੂਰੇ ਕਰ ਲੈਂਦੀ ਹੈ।



ਇਰਫ਼ਾਨ - ਮੈਂ ਨਹੀਂ ਕਰ ਸਕਦਾ। ਮੇਰੇ ਤੋਂ ਨਹੀਂ ਹੁੰਦਾ।ਮੈਂ ਤਾਂ ਖਿਝਣ ਲੱਗਦਾ ਹਾਂ।

ਸੁਤਪਾ - ਮੈਂ ਪੁੱਛਦੀ ਵੀ ਹਾਂ ਕਿ ਤੁਸੀਂ ਕਿਉਂ ਖਿਝਦੇ ਹੋ। ਸ਼ਾਹਰੁਖ ਵੀ ਤਾਂ ਸਟਾਰ ਹੈ।ਵਿਅਸਤ ਹੈ, ਪਰ ਬੱਚਿਆਂ ਦੇ ਨਾਲ ਖੇਡਦਾ ਹੈ ।ਜਾਓ ਕੰਮ ਕਰੋ ਤੇ ਘਰ ਆ ਕੇ ਵਧੀਆ ਪਤੀ ਤੇ ਪਿਤਾ ਬਣ ਜਾਓ ।

ਇਰਫ਼ਾਨ - ਘੱਟੋ-ਘੱਟ ਦੱਸਦਾ ਰਿਹਾ ਹਾਂ ਕਿ ਮੈਂ ਆਪਣੀ ਪਤਨੀ ਤੇ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਹਾਂ।

**ਆਖ਼ਰੀ ਫ਼ੈਸਲਾ**

ਸੁਤਪਾ - ਵੱਡਾ ਫ਼ੈਸਲਾ ਆਮ ਤੌਰ 'ਤੇ ਇਰਫ਼ਾਨ ਲੈਂਦੇ ਹਨ। ਉਦਾਹਰਨ ਵਜੋਂ ਉਨ੍ਹਾਂ ਦੀ ਗ਼ੈਰ-ਮੌਜੂਦਗੀ ਵਿੱਚ ਇੱਥੇ ਮੈਨੂੰ ਕੋਈ ਘਰ ਪਸੰਦ ਆ ਜਾਵੇ ਤਾਂ ਮੈਂ ਅੱਗੇ ਵਧ ਕੇ ਹਾਂ ਨਹੀਂ ਬੋਲ ਸਕਦੀ ।ਮੈਂ ਇਰਫ਼ਾਨ ਦੀ ਰਜ਼ਾਮੰਦੀ ਲਵਾਂਗੀ ਜਾਂ ਉਨ੍ਹਾਂ ਦੇ ਆਉਣ ਦੀ ਉਡੀਕ ਕਰਾਂਗੀ।

ਇਰਫ਼ਾਨ - ਮੇਰੇ ਵੱਲੋਂ ਅਜਿਹਾ ਕੋਈ ਦਬਾਅ ਨਹੀਂ ਹੈ। ਸੁਤਪਾ ਨੂੰ ਲੱਗਦਾ ਹੈ ਕਿ ਕਿਤੇ ਕੋਈ ਗ਼ਲਤੀ ਨਾ ਹੋ ਜਾਵੇ। ਵੱਡਾ ਫ਼ੈਸਲਾ ਹੈ।ਮੈਂ ਆਪਣੀਆਂ ਚਿੰਤਾਵਾਂ ਤੋਂ ਪਰੇਸ਼ਾਨ ਰਹਿੰਦਾ ਹਾਂ। ਮੈਂ ਨਹੀਂ ਚਾਹੁੰਦਾ ਕਿ ਮੇਰੀਆਂ ਚਿੰਤਾਵਾਂ ਦਾ ਅਸਰ ਬੱਚਿਆਂ 'ਤੇ ਪਵੇ ।ਮੈਂ ਉਨ੍ਹਾਂ ਨੂੰ ਪਰੇਸ਼ਾਨੀਆਂ ਤੋਂ ਬਚਾਉਣਾ ਚਾਹੁੰਦਾ ਹਾਂ। ਕਈ ਵਾਰ ਉਨ੍ਹਾਂ ਨੂੰ ਬਾਹਰ ਘੁੰਮਣ ਲਈ ਲਿਜਾਣਾ ਚਾਹੁੰਦਾ ਹਾਂ, ਲੈ ਵੀ ਜਾਂਦਾ ਹਾਂ। ਉਹ ਜੋ ਅਨੁਭਵ ਹੈ ਉਹ ਪੜ੍ਹਾਈ ਤੋਂ ਵੱਡਾ ਹੈ ।ਇਹ ਮੈਨੂੰ ਆਪਣੇ ਪਿਤਾ ਤੋਂ ਮਿਲਿਆ ਹੈ ।ਉਹ ਸਾਨੂੰ ਜੀਪ 'ਚ ਲੈ ਕੇ ਜੰਗਲਾਂ ਵੱਲ ਨਿੱਕਲ ਜਾਂਦੇ ਸਨ। ਸ਼ਨੀਵਾਰ-ਐਤਵਾਰ ਨੂੰ ਅਸੀਂ ਬਾਹਰ ਜ਼ਰੂਰ ਜਾਂਦੇ ਸੀ । ਮੇਰੇ ਬਚਪਨ ਦੇ ਉਹ ਪਲ ਸਭ ਤੋਂ ਜ਼ਿਆਦਾ ਸੋਹਣੇ ਤੇ ਜਾਦੂਈ ਹਨ। ਮੈਂ ਬੱਚਿਆਂ ਦੀ ਜ਼ਿੰਦਗੀ 'ਚ ਉਹ ਜਾਦੂ ਲਿਆਉਣਾ ਚਾਹੁੰਦਾ ਹਾਂ। ਪੜ੍ਹਾਈ ਤਾਂ ਬੋਝ ਹੈ ।

ਸੁਤਪਾ - ਮੈਂ ਪੜ੍ਹਾਈ ਨੂੰ ਬੋਝ ਦੇ ਤੌਰ 'ਤੇ ਨਹੀਂ ਲੈਂਦੀ। ਮੇਰਾ ਮੰਨਣਾ ਹੈ ਕਿ ਬੱਚੇ ਮਸਤੀ ਕਰਨ ਤੇ ਘੁੰਮਣ, ਪਰ ਪੜ੍ਹਾਈ ਨਾ ਛੱਡਣ। ਉਨ੍ਹਾਂ ਨੂੰ ਪੜ੍ਹਨਾ ਚਾਹੀਦਾ ਹੈ। ਇਸ ਮਾਮਲੇ 'ਚ ਮੈਂ ਰਵਾਇਤੀ ਮਾਂ ਹਾਂ। ਇਰਫ਼ਾਨ ਸੱਚਮੁੱਚ ਮੰਨਦੇ ਹਨ ਕਿ ਬੱਚੇ ਪੜ੍ਹਨ ਜਾਂ ਨਾ ਪੜ੍ਹਨ।

ਇਰਫ਼ਾਨ - ਮੈਂ ਸਕੂਲ 'ਚ ਜੋ ਪੜ੍ਹਿਆ ਸੀ, ਉਹ ਕਿੱਥੇ ਕੰਮ ਆਇਆ ।ਮੇਰੀ ਪੜ੍ਹਾਈ ਤਾਂ ਸਕੂਲ-ਕਾਲਜ ਤੋਂ ਨਿੱਕਲਣ ਤੋਂ ਬਾਅਦ ਸ਼ੁਰੂ ਹੋਈ। ਖ਼ੁਦ ਨੂੰ ਜਾਣਿਆ, ਫਿਰ ਪੜ੍ਹਨਾ ਸ਼ੁਰੂ ਕੀਤਾ। ਮੇਰੀ ਪੜ੍ਹਾਈ ਅੱਜ ਵੀ ਖ਼ਤਮ ਨਹੀਂ ਹੋਈ ਹੈ। ਉਹ ਤਾਂ ਵਧਦੀ ਜਾ ਰਹੀ ਹੈ ।ਅਲੱਗ-ਅਲੱਗ ਵਿਸ਼ੇ ਸਿੱਖ ਤੇ ਸਮਝ ਰਿਹਾ ਹਾਂ।

ਸੁਤਪਾ - ਇਰਫ਼ਾਨ ਕਿਸਮਤ ਵਾਲੇ ਰਹੇ ।ਉਨ੍ਹਾਂ ਨੂੰ ਸਭ ਮਿਲ ਗਿਆ।ਮੈਨੂੰ ਆਪਣੇ ਪੁੱਤਰਾਂ ਦੀ ਚਿੰਤਾ ਹੈ ।ਕੱਲ੍ਹ ਨੂੰ ਉਹ ਵੱਡੇ ਹੋਣਗੇ ਤਾਂ ਉਨ੍ਹਾਂ ਕੋਲ ਪੜ੍ਹਾਈ ਤੇ ਡਿਗਰੀ ਤਾਂ ਹੋਣੀ ਚਾਹੀਦੀ ਹੈ ।

ਇਰਫ਼ਾਨ - ਬੰਦਾ ਆਪਣੇ ਰਸਤੇ ਲੱਭ ਲੈਂਦਾ ਹੈ ।ਕੋਈ ਨਿਕੰਮਾ ਨਹੀਂ ਰਹਿੰਦਾ। ਅਸੀਂ ਆਪਣੀ ਅਸੁਰੱਖਿਆ ਬੱਚਿਆਂ 'ਚ ਪਾ ਦਿੰਦੇ ਹਾਂ। ਸਮਾਜ ਏਨਾ ਭ੍ਰਿਸ਼ਟ ਹੋ ਚੁੱਕਾ ਹੈ ।ਸਾਰੀ ਪ੍ਰਣਾਲੀ ਉਸ ਭ੍ਰਿਸ਼ਟਾਚਾਰ ਤੋਂ ਬਚਾਉਣ ਜਾਂ ਨਿਪਟਣ ਦੇ ਲਈ ਦਿੱਤੀ ਜਾਂਦੀ ਹੈ। ਬੱਚਾ ਖ਼ੁਦ ਦੀ ਖੋਜ ਹੀ ਨਹੀਂ ਕਰ ਪਾਉਂਦਾ। ਮੈਂ ਤਾਂ ਚਾਹਾਂਗਾ ਕਿ ਬੱਚਾ ਆਪਣੀ ਮਰਜ਼ੀ ਨਾਲ ਪੜ੍ਹੇ ਤੇ ਖੇਡੇ ।

ਸੁਤਪਾ - ਮੈਂ ਨਹੀਂ ਸਵੀਕਾਰ ਕਰਦੀ ਹਾਂ, ਜੇਕਰ ਮੈਨੂੰ ਕੋਈ ਟੀਚਰ ਮਿਲ ਜਾਵੇ, ਜੋ ਮੇਰੇ ਬੱਚੇ ਦੀ ਪੜ੍ਹਾਈ ਦਾ ਖ਼ਿਆਲ ਰੱਖੇ ਤਾਂ ਠੀਕ ਹੈ। ਨਹੀਂ ਤਾਂ ਮੈਂ ਨਹੀਂ ਚਾਹਾਂਗੀ ਕਿ ਉਹ ਦਿਨ ਭਰ ਲੈਪਟਾਪ ਨਾਲ ਚਿਪਕਿਆ ਰਹੇ ਤੇ ਪਲੇਅ ਸਟੇਸ਼ਨ 'ਚ ਖੇਡਦਾ ਰਹੇ ।ਜੇਕਰ ਮੇਰੇ ਕੋਲ ਏਨਾ ਵਕਤ ਹੁੰਦਾ ਤੇ ਮੈਂ ਇਸ




**'ਲੰਚ ਬਾਕਸ' ਫਿਲਮ 'ਚ ਇਰਫ਼ਾਨ**

ਕਾਬਲ ਹੁੰਦੀ ਕਿ ਉਨ੍ਹਾਂ ਨੂੰ ਪੜ੍ਹਾ ਸਕਦੀ ਤਾਂ ਮੈਂ ਤਰੁੰਤ ਸਕੂਲ ਤੋਂ ਨਾਮ ਕਟਵਾ ਦਿੰਦੀ। ਅਸੀਂ ਜਿਸ ਮਾਹੌਲ 'ਚ ਹਾਂ, ਉਸ ਦਾ ਤਾਂ ਖ਼ਿਆਲ ਰੱਖਣਾ ਪਵੇਗਾ।

**ਖ਼ਰਚਾ**

ਸੁਤਪਾ - ਇਰਫ਼ਾਨ ਨੂੰ ਪਤਾ ਨਹੀਂ ਹੁੰਦਾ ਕਿ ਕਿੱਥੇ ਕੀ ਖ਼ਰਚ ਹੋ ਰਿਹਾ ਹੈ ।

ਇਰਫ਼ਾਨ - ਮੈਂ ਢਾਈ ਤਿੰਨ ਮਹੀਨੇ ਤੱਕ ਬਾਹਰ ਸੀ। ਇਲਾਜ ਦੇ ਮੂਡ 'ਚ ਸੀ। ਉਸ ਸੀਰੀਜ਼ ਦੇ ਲਈ ਮੈਨੂੰ ਕਿੰਨੀ ਮਿਹਨਤ ਕਰਨੀ ਪਈ। (ਦਸੰਬਰ 2010)

ਕਹਾਣੀ 'ਕੈਰਮ ਬੋਰਡ' 'ਚ ਇੱਕ ਬਾਪ ਦੁਆਰਾ ਦੂਜਾ ਵਿਆਹ ਕਰਵਾਉਣ 'ਤੇ ਉਸ ਦੀ ਨਵ ਵਿਆਹੀ ਪਤਨੀ ਵੱਲੋਂ ਪਹਿਲੇ ਵਿਆਹ ਤੋਂ ਪੈਦਾ ਹੋਏ ਬੱਚਿਆਂ ਨਾਲ ਕੀਤੇ ਜਾ ਰਹੇ ਭੈੜੇ ਵਤੀਰੇ ਕਾਰਨ ਮੁੰਡੇ ਆਸਵੰਤ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਇਸ ਵਰਤਾਰੇ ਤੋਂ ਉਸ ਦਾ ਦਾਦਾ ਵੀ ਦੁਖੀ ਹੈ ਪ੍ਰੰਤੂ ਉਹ ਬੇਵੱਸ ਹੈ।

ਇਵੇਂ ਹੀ ਦੂਸਰੀ ਕਹਾਣੀ 'ਉਤਲਾ ਪੱਟ' 'ਚ ਦੁੱਖਾਂ ਤਕਲੀਫ਼ਾਂ ਭਰੇ ਜੀਵਨ ਨਾਲ ਜੂਝਦੀ ਹੋਈ, ਪੈਸੇ ਤੇ ਰੋਟੀ ਲਈ ਮੁਥਾਜ ਚਰਨੋ ਦੀ ਕਹਾਣੀ ਹੈ। ਉਸ ਦੀ ਤਰਸਯੋਗ ਹਾਲਤ ਦਿਲ ਨੂੰ ਵਲੂੰਧਰ ਸੁੱਟਦੀ ਹੈ।

'ਸ਼ੁਕਰ ਹੈ' ਕਹਾਣੀ ਵਿੱਚ ਦ੍ਰਿਸ਼ ਚਿੱਤਰਨ ਬਹੁਤ ਹੀ ਸੋਹਣਾ ਕੀਤਾ ਕੀਤਾ ਗਿਆ ਹੈ। ਕਹਾਣੀ ਪੜ੍ਹਦਿਆਂ ਆਨੰਦ ਹੀ ਆ ਜਾਂਦਾ ਹੈ।

'ਕੀ ਅੰਤ ਹੈ' ਕਹਾਣੀ 'ਚ ਮਰ ਚੁੱਕੀ ਪਤਨੀ ਦਾ ਹੇਰਵਾ ਹੈ। ਸੁਰਜੀਤ ਕੌਰ ਦੀਆਂ ਯਾਦਾਂ ਉਸ ਦੇ ਦਿਲੋ-ਦਿਮਾਗ਼ 'ਤੇ ਛਾਈਆਂ ਰਹਿੰਦੀਆਂ ਹਨ, ਜੋ ਉਸ ਨੂੰ ਉਦਾਸ ਕਰ ਦਿੰਦੀਆਂ। ਉਹ ਆਪਣੀ ਪਤਨੀ ਨਾਲ ਬਿਤਾਏ ਪਲ਼ਾਂ ਨੂੰ ਯਾਦ ਕਰ ਕਰ ਦਿਨ ਕੱਟ ਰਿਹੈ, ਪਰ ਉਹਦੇ ਦੋਸਤ ਮਿੱਤਰ ਮਖ਼ੌਲ ਕਰਦੇ ਤੇ ਝੇਡਾਂ ਕਰਦੇ ਹਨ। "ਉਏ ਜੇ ਗੱਡੀ ਦਾ ਇੱਕ ਟਾਇਰ ਫਟ ਜਾਵੇ ਤਾਂ ਸਟਿੱਪਣੀ ਨਾਲ ਵੀ ਕੰਮ ਚਲਾਉਣਾ ਪੈਂਦਾ ਹੈ।" (**ਸੰਪਰਕ-98769-22503**)



## ਮੇਰਾ ਸਟੱਡੀ ਟੇਬਲ/ - ਭਗਵੰਤ ਰਸੂਲਪੁਰੀ

### 'ਦਹਿਸ਼ਤ ਭਰੇ ਦਿਨਾਂ' 'ਚ 'ਖ਼ਤਰਨਾਕ ਅੱਤਵਾਦੀ ਦੀ ਜੇਲ੍ਹ ਯਾਤਰਾ'




ਇਸ ਵਾਕ ਵਿਚ ਦਹਿਸ਼ਤ ਏ। ਸਮਾਜ ਦੇ ਗ਼ਲਤ ਸਿਸਟਮ ਪ੍ਰਤੀ ਨਾਬਰੀ ਏ। ਤਣਾਓ ਏ। ਰਿਸ਼ਤਿਆਂ ਦੀ ਬਿਗਾਨਗੀ ਏ। ਸਮਾਜ ਵਿਚ ਆਪਣੀ ਸਪੇਸ ਲੈਣ ਲਈ ਸਿਰ ਤੋੜ ਸੰਘਰਸ਼ ਏ।

ਉਪਰੋਕਤ ਵਾਕ ਮੈਂ ਆਪਣੇ ਦੋਸਤ ਅਤੇ ਪੰਜਾਬੀ ਦੇ ਸਿਰਕੱਢ ਕਹਾਣੀਕਾਰ ਗੁਰਮੀਤ ਕੜਿਆਲਵੀ ਵਲੋਂ ਲਿਖੀਆਂ ਦੋ ਸਵੈ-ਬਿਰਤਾਂਤ ਦੀਆਂ ਕਿਤਾਬਾਂ ਦੇ ਅਧਾਰ 'ਤੇ ਲਿਖਿਆ ਏ। ਗੁਰਮੀਤ ਕੋਲ ਕਹਾਣੀ ਨੂੰ ਘੜਨ ਦੀ ਜੁਗਤ ਏ। ਇਹ ਜੁਗਤ ਉਹ ਆਪਣੇ ਇਨ੍ਹਾਂ ਸਵੈ-ਬਿਰਤਾਂਤ ਨੂੰ ਸਿਰਜਣ ਲੱਗਿਆ ਵੀ ਕਰਦਾ ਏ। ਇਨ੍ਹਾਂ ਸਾਰੇ ਬਿਰਤਾਂਤਕ ਟੁਕੜਿਆਂ ਵਿਚ ਉਹ ਆਪ ਹਾਜ਼ਰ ਹੋ ਕੇ ਉਨ੍ਹਾਂ ਗ਼ਲਤ ਪ੍ਰਸੰਗਾ ਨੂੰ ਸਵਾਲਾਂ ਦੇ ਘੇਰੇ ਵਿਚ ਲੈ ਕੇ ਆਉਂਦਾ ਏ ਜਿਨ੍ਹਾਂ ਨਾਲ ਉਸ ਦੇ ਮਨ ਵਿਚ ਦਹਿਸ਼ਤ ਪੈਦਾ ਹੁੰਦੀ ਰਹੀ ਏ। ਤਣਾਓ ਪੈਦਾ ਹੁੰਦਾ ਰਿਹਾ ਏ। ਉਹ ਨਿੱਕੇ ਨਿੱਕੇ ਫ਼ਿਕਰਿਆਂ ਨਾਲ ਆਪਣੇ ਆਪ ਨੂੰ, ਆਪਣੇ ਲਹੂ ਦੇ ਰਿਸ਼ਤਿਆਂ ਦੇ ਵਿਹਾਰ ਤੇ ਸ਼ਖ਼ਸੀਅਤਾਂ ਨੂੰ ਉਸਾਰਦਾ ਏ। ਇਨ੍ਹਾਂ ਬਿਰਤਾਂਤ ਲੜੀਆਂ ਵਿਚ ਉਹ ਉਨ੍ਹਾਂ ਪਾਤਰਾਂ ਦੀ ਗੱਲ ਵੀ ਕਰਦਾ ਏ ਜਿਨ੍ਹਾਂ ਨੇ ਉਹਦੀ ਜ਼ਿੰਦਗੀ ਦੀ ਉਸਾਰੀ ਕਰਨ ਲਈ ਅਹਿਮ ਰੋਲ ਅਦਾ ਕੀਤਾ, ਆਪਣੇ ਜੀਵਨ ਵਿਚ ਆਏ ਖਲਨਾਇਕ ਪਾਤਰਾਂ ਨੂੰ ਵੀ ਸਵਾਲਾਂ ਦੇ ਘੇਰੇ ਵਿਚ ਲੈ ਕੇ ਆਉਂਦਾ ਏ। ਅੰਤਰਜਾਤੀ ਵਿਆਹ ਦੇ ਅਨੁਭਵ, ਜੇਲ੍ਹ ਵਿਚ ਮਿਲੇ ਖ਼ਤਰਨਾਕ ਕਿਸਮ ਦੇ ਪਾਤਰ, ਕੈਟ, ਵਕੀਲ ਆਦਿ ਦੀ ਉਸਾਰੀ ਉਹ ਬਾਕਮਾਲ ਕਰਦਾ ਏ। ਰਹੱਸ ਸਿਰਜਦਾ ਹੋਇਆ ਅੰਤ ਵਿਚ ਉਸ ਰਹੱਸ ਨੂੰ ਬੜੀ ਕਲਾਤਮਿਕਤਾ ਨਾਲ ਖੋਲ੍ਹਦਾ ਏ। ਘਰ ਵਿਚ ਰੱਖੀ 'ਬੁੱਧੋ' ਨਾਂ ਦੀ ਮੱਝ ਦਾ ਬਿਰਤਾਂਤ, ਉਹਦੇ ਮਨ ਦੀ ਅਵਸਥਾ ਅਤੇ ਪਰਿਵਾਰ ਦੇ ਲਗਾਓ, ਬੁੱਧੋ ਦੇ ਮਨ ਦੀਆਂ ਭਾਵਨਾਵਾਂ, ਉਹਦੇ ਅਹਿਸਾਸ ਨੂੰ ਦਿਲਚਸਪ ਢੰਗ ਨਾਲ ਬਿਆਨ ਕਰਦਾ ਏ। ਕੜਿਆਲਵੀ ਉਸ ਪਰਿਵਾਰ ਵਿਚ ਜਨਮਿਆ ਏ ਜਿਹਦੇ ਕੋਲ ਮੁੱਢਲੀਆਂ ਸਹੂਲਤਾਂ ਦੀ ਵੀ ਅਣਹੋਂਦ ਸੀ। ਪਰਿਵਾਰਕ ਮੈਂਬਰਾਂ ਦੇ ਤਣਾਓ ਤੇ ਕਸ਼ਮਕਸ਼ ਦੌਰਾਨ ਇਹ ਕਿਵੇਂ ਪੜ੍ਹਦਾ ਏ। ਨੌਕਰੀਆਂ ਲਈ ਸੰਘਰਸ਼ ਕਰਦਾ ਏ। ਅੰਤਰਜਾਤੀ ਵਿਆਹ ਕਰਵਾ ਕੇ ਸਮਾਜਿਕ ਦਾਬੇ ਦਾ ਸ਼ਿਕਾਰ ਹੁੰਦਾ ਏ। ਰਿਸ਼ਤਿਆਂ ਦੀ ਬਿਗਾਨਗੀ ਹੰਢਾਉਂਦਾ ਏ। ਇਸ ਦੌਰਾਨ ਜੇਲ੍ਹ ਵਿਚ ਧੱਕਿਆ ਜਾਂਦਾ ਏ। ਸੰਘਰਸ਼ ਕਰਦਾ ਉਹ ਇਨ੍ਹਾਂ ਸਾਰੇ ਦੁਖਾਂਤ ਤੋਂ ਨਿਜ਼ਾਤ ਪਾਉਂਦਾ ਏ। ਦਫ਼ਤਰੀ ਕਲਚਰ ਵਿਚ ਪਿਸਦੇ ਆਪਣੇ ਵਰਗੇ ਅਧਿਕਾਰੀ ਦੀ ਵੇਦਨਾ ਨੂੰ ਵੀ

ਇਮਾਨਦਾਰੀ ਨਾਲ ਪੇਸ਼ ਕਰਦਾ ਏ। ਕਿਵੇਂ ਉੱਚ ਅਫ਼ਸਰ ਭ੍ਰਿਸ਼ਟਾਚਾਰ ਦੀ ਇਕ ਚੇਨ ਬਣਾਉਣ ਵਾਲਾ ਵਿਹਾਰ ਕਰਦੇ ਨੇ। ਦੋਹਾਂ ਪੁਸਤਕਾਂ ਵਿਚ ਪੇਸ਼ ਹੋਏ ਪਾਤਰਾਂ ਨੂੰ ਉਹ ਬੜੀ ਬਰੀਕੀ ਨਾਲ ਪੇਸ਼ ਕਰਦਾ ਏ। ਕੜਿਆਲਵੀ ਕੋਲ ਲੋਹੇ ਦੀ ਦੀਵਾਰ ਤੋਂ ਪਾਰ ਝਾਕਣ ਅਤੇ ਪਾਤਰ ਦੇ ਅੰਦਰ ਤੱਕ ਜਾਣ ਦੀ ਤੇਜ਼ ਤੇ ਬਾਜ਼ ਵਰਗੀ ਦ੍ਰਿਸ਼ਟੀ ਏ। ਜਿਸ ਰਾਹੀ ਉਹ ਵੱਖ ਵੱਖ ਪਾਤਰਾਂ ਦੇ ਵਿਹਾਰ ਨੂੰ ਪੂਰੀ ਸਮੁੱਚਤਾ ਨਾਲ ਪੇਸ਼ ਕਰ ਜਾਂਦਾ ਏ। ਕਾਲਜ ਲੈਕਚਰਾਰ ਲੱਗਣ ਦੌਰਾਨ ਹੋਈ ਇੰਟਰਵਿਊ ਦਾ ਬਿਰਤਾਂਤ ਉਹ ਬੜੀ ਦਿਲਚਸਪੀ ਨਾਲ ਬਿਆਨ ਕਰਦਾ ਏ। ਆਪਣੇ ਬਾਪ, ਭੂਆ, ਭਰਾ, ਅਤੇ ਚਾਚਾ-ਚਾਚੀ ਆਦਿ ਦੀ ਸ਼ਖ਼ਸੀਅਤ ਨੂੰ ਨਿਰਪੱਖਤਾ ਨਾਲ ਚਿਤਰਿਆ ਏ। ਸਮੁੱਚੇ ਬਿਰਤਾਂਤਕ ਟੁਕੜੇ ਪੜ੍ਹਦਿਆਂ ਇਹ ਅਹਿਸਾਸ ਸਹਿਜੇ ਹੀ ਹੋ ਜਾਂਦਾ ਏ ਕਿ ਕੜਿਆਲਵੀ ਹਮੇਸਾਂ ਪੀੜਤ ਧਿਰ ਵੱਲ ਖੜਦਾ ਏ। ਅਨਿਆ ਤੇ ਸਵਾਲ ਕਰਦਾ ਏ। ਕੜਿਆਲਵੀ ਦੀਆਂ ਸ਼ਿਲਪੀ ਜੁਗਤਾਂ ਨੂੰ ਇਨ੍ਹਾਂ ਬਿਰਤਾਂਤ ਟੁਕੜਿਆਂ ਰਾਹੀਂ ਵੀ ਸਮਝਿਆ ਜਾ ਸਕਦਾ ਏ। ਉਹ ਆਪਣੀ ਲਿਖਤ ਨੂੰ ਕਿਤੇ ਵੀ ਢਿੱਲੀ ਨਹੀਂ ਪੈਣ ਦਿੰਦਾ। ਬਿਰਤਾਂਤ ਵਿਚਲੇ ਵਾਕਾਂ ਦੀਆਂ ਤਣੀਆਂ ਆਪਣੀ ਜੁਗਤ ਨਾਲ ਕੱਸ ਕੇ ਰੱਖਦਾ ਏ। ਉਹ ਘਟਨਾਵਾਂ ਅਤੇ ਪਾਤਰਾਂ ਨੂੰ ਸਮਝਣ ਲਈ ਉਹਦੀ ਸਿਖਰ ਦੀ ਕਰੂੰਬਲ ਤੋਂ ਲੈ ਕੇ ਜੜ੍ਹ ਤੱਕ ਜਾਂਦਾ ਏ। ਇਹ ਕਲਾਂ ਕਿਸੇ ਕਿਸੇ ਲੇਖਕ ਕੋਲ ਹੁੰਦੀ ਏ। 'ਖ਼ਤਰਨਾਕ ...' ਕਿਤਾਬ ਵਿਚ ਉਸ ਨੇ ਆਪਣੇ ਨਾਲ ਵਿਚਰੇ ਲੇਖਕ, ਅਧਿਆਪਕ ਆਦਿ ਦੇ ਚਿੱਤਰ ਉਲੀਕੇ ਨੇ। ਦੋਹਾਂ ਪੁਸਤਕਾਂ ਦੇ 230 ਪੰਨਿਆ ਤੇ ਫੈਲੇ ਬਿਰਤਾਂਤ ਨੂੰ ਸਵੈ ਜੀਵਨੀ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਸ ਨੇ ਆਪਣੇ ਆਪ ਨੂੰ ਬਹੁਤ ਥੋੜਾਂ ਦਿਖਾਇਆ ਏ। ਅਜੇ ਸੰਗਦਾ ਵੀ ਏ। ਸਮਾਜ ਅਤੇ ਆਲੇ ਦੁਆਲੇ ਦੇ ਕੁਹਜ ਤੇ ਸੁਹਜ ਨੂੰ ਵੱਧ ਵਿਖਾਇਆ ਏ। ਸਮਾਜ ਨੂੰ ਉਸ ਨੇ ਜਾਤੀ ਤੇ ਜਮਾਤੀ ਦ੍ਰਿਸ਼ਟੀ ਨਾਲ ਵੇਖਿਆ ਏ। ਤੁਸੀਂ ਇਨ੍ਹਾਂ ਲਿਖਤਾਂ ਨੂੰ ਪੜ੍ਹਦਿਆ ਇਹ ਅਹਿਸਾਸ ਕਰ ਸਕਦੇ ਹੋ ਕਿ ਇਕ ਸਧਾਰਨ ਦਲਿਤ ਪਰਿਵਾਰ ਵਿਚ ਜਨਮੇ ਮੁੰਡੇ ਦਾ ਕਿਵੇਂ ਬਚਪਨ ਗੁਜਰਦਾ ਏ। ਕਿਵੇਂ ਉਹ ਜਵਾਨ ਹੁੰਦਾ ਏ। ਕਿਵੇਂ ਇਕ ਹਮਖਿਆਲ ਕੁੜੀ ਸਿਮਰਜੀਤ ਸਿੰਮੀ ਨਾਲ ਪਿਆਰ ਉਪਰੰਤ ਅੰਤਰਜਾਤੀ ਵਿਆਹ ਕਰਵਾਉਂਦਾ ਏ। ਏਸ ਵਿਆਹ ਤੋਂ ਉਤਪਨ ਸੰਕਟ ਕਿਵੇਂ ਮੂੰਹ ਅੱਡੀ ਦੋਹਾਂ ਨੂੰ ਹੜੱਪਣ ਲਈ ਤਰਲੋ ਮੱਛੀ ਹੋ ਰਹੇ ਨੇ। ਉਸ ਦੇ ਸਮਾਜਿਕ ਹਲਾਤ ਕਿਵੇਂ ਦੇ ਬਣਦੇ ਨੇ। ਇਸ ਦੌਰਾਨ ਪੈਰ ਪੈਰ ਦੇ ਦਹਿਸ਼ਤ ਵਿਚ ਕਿਵੇਂ ਉਹ ਸਮਾਂ ਲੰਘਾਉਂਦੇ ਨੇ। ਜਾਨ ਬਚਾਉਣ ਲਈ ਕਿਵੇਂ ਘਰੋਂ ਭੱਜਦੇ ਨੇ। ਪਰਤਦੇ ਨੇ। ਸੰਤਾਪ ਭੋਗਦੇ ਨੇ। ਕਿਵੇਂ ਬੇਰੁਜਗਾਰੀ ਨਾਲ ਵਾਰ ਵਾਰ ਸਾਹਮਣਾ ਕਰਦੇ ਨੇ। ਇਹ ਸਾਰੇ ਵਰਤਾਰੇ ਬਿਰਤਾਂਤ ਦਾ ਹਿੱਸਾ ਨੇ। ਗੁਰਮੀਤ ਕੜਿਆਲਵੀ ਨੂੰ ਸਮਝਣ ਲਈ, ਉਹਦੀ ਕਹਾਣੀ ਨੂੰ ਸਮਝਣ ਲਈ ਇਹ ਦੋਵੇਂ ਪੁਸਤਕਾਂ ਬਹੁਤ ਅਹਿਮ ਹਨ। ਮੁਬਾਰਕਾਂ ਬਾਈ ਗੁਰਮੀਤ ਤੇ ਸਿਮਰ!

## 'ਫੱਟੜ ਸ਼ੀਹਣੀ' ਦੀ 'ਨਿੱਘੀ ਬੁੱਕਲ'


ਬਾਰੂ ਸਤਵਰਗ ਦੇ ਦੋ ਨਾਵਲ 'ਨਿੱਘੀ ਬੁੱਕਲ' ਅਤੇ 'ਫੱਟੜ ਸ਼ੀਹਣੀ' ਮੇਰੇ ਟੇਬਲ ਤੇ ਹਨ। ਬਾਰੂ ਖੱਬੇ ਪੱਖੀ ਕ੍ਰਾਂਤੀਕਾਰੀ ਵਿਚਾਰਧਾਰਾ ਵਾਲਾ ਨਾਵਲਕਾਰ ਏ। ਆਪਣੀ ਇਸੇ ਵਿਚਾਰਧਾਰਾ ਨੂੰ ਆਪਣੇ ਨਾਵਲਾਂ ਵਿਚ ਲੈ ਕੇ ਆਉਂਦਾ ਏ। ਉਹ ਸਮਾਜ ਨੂੰ ਜਮਾਤ ਦੇ ਐਂਗਲ ਤੋਂ ਵੇਖਣ ਵਾਲਾ ਨਾਵਲਕਾਰ ਏ। ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਉਹ ਦੱਬੇ ਕੁਚਲੇ ਲੋਕਾਂ ਦੀ ਗੱਲ ਕਰਦਾ ਏ। ਉਹ ਆਪਣੇ ਨਾਵਲੀ ਬਿਰਤਾਂਤ ਵਿਚ ਦਰੜੀ ਧਿਰ ਵੱਲ ਖੜਦਾ ਏ। ਆਪਣੇ ਨਾਵਲ 'ਨਿੱਘੀ ਬੁੱਕਲ' 'ਚ ਉਹ ਪ੍ਰਗਤੀਸ਼ੀਲ ਕਮਿਊਨਿਸਟ ਵਿਚਾਰਧਾਰਾ ਨੂੰ ਲੈ ਕੇ ਆਉਂਦਾ ਏ। ਇਸ ਤੋਂ ਅੱਗੇ ਉਹ ਫਿਰਕੂ, ਧਾਰਮਿਕ ਸੋਚ ਨੂੰ ਸਵਾਲਾਂ ਦੇ ਘੇਰੇ 'ਚ ਲੈ ਕੇ ਆਉਂਦਾ ਏ। ਉਹਦੀ ਸਮਝ ਅਨੁਸਾਰ ਸਮਾਜ ਵਿਚ ਲੁੱਟੀ ਜਾਣ ਵਾਲੀ ਧਿਰ ਨੂੰ ਸਰਮਾਏਦਾਰੀ ਜਮਾਤ ਲੁੱਟਦੀ ਏ। ਜਿਸ ਨਾਲ ਸੰਘਰਸ਼ ਉਤਪਨ ਹੁੰਦਾ ਏ।







ਮਾਰਕਸਵਾਦੀ-ਲੈਨਿਨਵਾਦੀ ਤੇ ਮਾਊ ਵਾਦੀ ਪਾਰਟੀ ਲਾਇਨ ਨਾਵਲ ਤੇ ਭਾਰੂ ਹੋ ਜਾਂਦੀ ਏ। ਨਾਵਲ ਵਿਚ ਲੇਖਕ ਆਦਰਸ਼ਕ ਬਿਰਤਾਂਤ ਸਿਰਜਦਾ ਏ। 'ਫੱਟੜ ਸ਼ੀਹਣੀ' ਦਾ ਬਿਰਤਾਂਤ ਵੀ ਨਕਲਸਬਾੜੀ ਵਿਚਾਰਧਾਰਕ ਪ੍ਰਤੀਬੱਧਤਾ ਵਾਲਾ ਏ। ਨਾਵਲ ਦੀ ਨਾਇਕਾ 'ਕਿਰਨ' ਏ ਜਿਹੜੀ ਕਿਰਤੀਆਂ ਦੇ ਹੱਕ ਵਿਚ ਖੜਕੇ ਜਮਾਤੀ ਪ੍ਰਤੀਬੱਧਤਾ ਵਾਲੀ ਦਲੇਰ ਕੁੜੀ ਬਣ ਕੇ ਵਿਚਰਦੀ ਏ। ਕਿਰਨ ਹੀ ਨਾਵਲ ਦੀ ਕਹਾਣੀ ਕਹਿੰਦੀ ਏ ਭਾਵ ਕਿ ਆਪਣੇ ਨਾਲ ਬੀਤੀ ਬਿਆਨ ਕਰਦੀ ਏ। ਫਿਰਕੂ ਜਨੂੰਨ ਵਿਰੁੱਧ ਉਹ ਨਾਰੀ ਦਲੇਰੀ ਨਾਲ ਖੜੀ ਹੁੰਦੀ ਏ। ਕਿਰਨ ਨੂੰ ਜਮਾਤੀ ਨਜ਼ਰੀਏ ਤੋਂ ਸਮਝਿਆ ਜਾ ਸਕਦਾ ਏ। ਬਾਰੂ ਵੀ ਇਹੀ ਕਹਿੰਦਾ ਏ। ਬਾਰੂ ਵਿਚਾਰਧਾਰਕ ਪ੍ਰਤੀਬੱਧਤਾ ਵਾਲਾ ਲੇਖਕ ਏ।

## ਟ੍ਰਾਟਸਕੀ ਦਾ ਕਤਲ





ਸਟਾਲਿਨ ਦੇ ਤਾਨਾਸ਼ਾਹੀ ਰਵੱਈਏ ਕਾਰਨ ਟ੍ਰਾਟਸਕੀ ਨੂੰ ਪਹਿਲਾਂ ਹਾਸ਼ੀਏ ਤੇ ਧੱਕ ਦਿੱਤਾ ਜਾਂਦਾ ਏ ਫਿਰ ਬੜੀ ਚਲਾਕੀ ਨਾਲ ਉਸ ਦਾ ਕਤਲ ਕਰਵਾ ਦਿੱਤਾ ਜਾਂਦਾ ਏ। ਰੂਸ ਦੇ ਇਨਕਲਾਬ ਤੋਂ ਬਾਅਦ ਸਟਾਲਿਨ ਨੇ ਰੂਸ ਦੀ ਸੱਤਾ ਆਪਣੇ ਹੱਥਾਂ ਵਿਚ ਲੈ ਲਈ ਉਪਰੰਤ ਉਸ ਦਾ ਮੁੱਖ ਨਿਸ਼ਾਨਾ ਟ੍ਰਾਟਸਕੀ ਨੂੰ ਖਤਮ ਕਰਨਾ ਸੀ। ਬਿਨਾ ਸੱਕ ਲੈਨਿਨ ਦੀ ਉਹ ਸੱਜੀ ਬਾਂਹ ਸੀ। ਉਸ ਦੀ ਮੌਤ ਤੋਂ ਬਾਅਦ ਟ੍ਰਾਟਸਕੀ ਨੇ ਉਸ ਦਾ ਉੱਤਰਾਧਿਕਾਰੀ ਬਣਨਾ ਸੀ ਪਰ ਸਟਾਲਿਨ ਨੇ ਉਸ ਨੂੰ ਪਿੱਛੇ ਧੱਕ ਕੇ ਸੱਤਾ ਆਪਣੇ ਹੱਥਾਂ ਵਿਚ ਲੈ ਲਈ ਜਿਸ ਕਾਰਨ ਉਹ ਆਪਣੀ ਜਾਨ ਬਚਾ ਕੇ ਮੈਕਸੀਕੋ ਵਿਚ ਸ਼ਰਨ ਲੈ ਕੇ ਰਹਿਣ ਲੱਗਾ ਉੱਥੇ ਹੀ ਸਟਾਲਿਨ ਨੇ ਉਸ ਦਾ ਕਤਲ ਕਰਵਾ ਦਿੱਤਾ। ਇਹ ਕਿਤਾਬ ਟ੍ਰਾਟਸਕੀ ਨੂੰ ਇਕ ਨਾਇਕ ਵਜੋਂ ਪੇਸ਼ ਕਰਦੀ ਹੈ। ਕਿਤਾਬ ਦਾ ਬਿਰਤਾਂਤ ਉਸ ਦੇ ਮੌਤ ਦੇ ਇਰਦ ਗਿਰਦ ਘੁੰਮਦਾ ਏ। ਛਵੀਨਾਥ ਪਾਂਡੇ ਨੇ ਇਸ ਨੂੰ ਤੱਥਾਂ ਦੇ ਅਧਾਰ ਤੇ ਲਿਖਿਆ ਏ। ਅਤੇ ਇਸਦਾ ਅਨੁਵਾਦ ਹਰਜੋਤ ਨੇ ਕੀਤਾ ਏ।

### 'ਜਿਓ ਪੌਲਟਿਕਸ' ਰਾਹੀ ਦਿਸਦਾ ਭਾਰਤੀ ਖ਼ੁਫ਼ੀਆ ਤੰਤਰ




ਇਹ ਸਮਕਾਲੀ ਰਾਜਸੀ ਤੇ ਖ਼ੁਫ਼ੀਆਂ ਵਰਤਾਰੇ ਨੂੰ ਸਮਝਣ ਵਾਲੀ ਮਹੱਤਵਪੂਰਨ ਕਿਤਾਬ ਏ। ਜਿਸ ਨੂੰ ਨਵਨੀਤ ਚਤੁਰਵੇਦੀ ਨੇ ਤੱਥਾਂ ਦੇ ਅਧਾਰ 'ਤੇ ਲਿਖਿਆ ਏ। ਭਾਰਤ ਦੀਆਂ ਖ਼ੁਫ਼ੀਆ ਜਾਣਕਾਰੀਆਂ, ਸੂਚਨਾਵਾਂ ਦੇ ਅਧਾਰ 'ਤੇ ਜਿਓ ਪੌਲਟਿਕਸ ਤਿਆਰ ਹੁੰਦੀ ਏ। ਕਿਤਾਬ ਕਹਿੰਦੀ ਏ ਕਿ ਗੁਪਤ ਸੂਚਨਾਵਾਂ ਦੇ ਅਧਾਰ ਤੇ ਦੇਸ਼ ਦੀ ਰਣਨੀਤੀ ਤਿਆਰ ਹੁੰਦੀ ਏ। ਪੌਲਟਿਕਸ ਲਾੱਬਿੰਗ, ਵਿਦੇਸ਼ੀ ਇੰਟੈਲੀਜੈਂਸ ਏਜੰਸੀਆਂ ਦੀ ਭੂਮਿਕਾ, ਰਾਜਨੀਤੀ ਵਿਚ ਗੁਪਤ ਸੂਚਨਾਵਾਂ ਦੀ ਭੂਮਿਕਾ, ਸਮਕਾਲੀ ਰਾਜਨੀਤਿਕ ਉਤਰਾਅ ਚੜ੍ਹਾਅ, ਰਾਜਨੀਤੀ ਦੇ ਅੰਦਰਲੇ ਦਾਅ ਪੇਚ ਨੂੰ ਤੱਥਾਂ ਦੇ ਅਧਾਰ ਤੇ ਲੇਖਕ ਨੇ ਸਮਝਿਆ ਏ। ਕਿਤਾਬ ਏਸ ਲਈ ਰੌਚਿਕ ਏ ਕਿਉਂਕਿ ਇਹਦੇ ਵਿਚ ਜਿਹੜੀਆਂ ਸੂਚਨਾਵਾਂ ਤੇ ਵੇਰਵੇ ਦਿੱਤੇ ਗਏ ਹਨ ਉਹ ਆਮ ਮੀਡੀਆ ਵਿਚ ਵੇਖਣ ਪੜ੍ਹਨ ਨੂੰ ਨਹੀਂ ਮਿਲਦੇ। ਕਿਤਾਬ ਭਾਰਤੀ ਦੀ ਰਾਜਨੀਤਿਕ ਲੌਬੀ ਵਿਚ ਪਲਮਦਾ ਖ਼ੁਫੀਆਂ ਤੰਤਰ ਨੂੰ ਸਵਾਲਾਂ ਦੇ ਘੇਰ ਵਿਚ ਲੈ ਕੇ ਆਉਂਦੀ ਏ। ਕਿਤਾਬ ਦਾ ਅਨੁਵਾਦ ਹਰਜੋਤ ਨੇ ਬਹੁਤ ਮਿਹਨਤ ਨਾਲ ਕੀਤਾ ਏ।

### ਚਿੱਟਾ ਸਿੱਧੂ ਦੇ 'ਦੋ ਢਾਈ ਸਾਲ'




ਕਿਤਾਬ ਦੇ ਲੇਖਕ ਚਿੱਟਾ ਦੀ ਇਹ ਪਹਿਲੀ ਕਿਤਾਬ ਏ। ਜਿਸ ਨੂੰ ਮੈਂ ਲਲਿਤ ਨਿਬੰਧ ਵੀ ਕਹਿ ਸਕਦਾ ਹਾਂ। ਉਸ ਨੇ ਆਪਣੇ ਅਨੁਭਵ ਜਿਹੜੇ ਉਸ ਨੇ ਪੜ੍ਹਾਈ ਦੌਰਾਨ ਪ੍ਰਾਪਤ ਕੀਤੇ ਉਸ ਨੂੰ ਸੰਖੇਪ ਵਿਚ ਬਿਆਨ ਕੀਤਾ ਗਿਆ ਏ। ਨੌਜਵਾਨ ਜਨਰੇਸ਼ਨ ਦੀ ਯੂਨੀਵਰਸਿਟੀਆਂ ਦੇ ਹੋਸਟਲ ਦੀ ਜ਼ਿੰਦਗੀ ਨੂੰ ਬੜੀ ਸਹਿਜਤਾ ਨਾਲ ਬਿਆਨ ਕੀਤਾ ਏ। ਇਸ ਵਾਰਤਕ ਪੁਸਤਕ ਵਿਚੋਂ ਇਕ ਅਜਿਹਾ ਨੌਜਵਾਨ ਉਭਰਦਾ ਏ ਜਿਹਦੇ ਮਨ ਅੰਦਰ ਅੱਥਰੀਆਂ ਰੀਝਾਂ ਵੀ ਨੇ ਪਿਆਰ ਵੀ ਏ ਅਤੇ ਮਾੜੇ ਵਿਕਾਰ ਵੀ ਨੇ। ਉਸ ਦੇ ਲਲਿਤ ਨਿਬੰਧਾਂ ਵਿਚ ਮੁਹੱਬਤ ਦੇ ਰੰਗ ਦਾ ਬਿਰਤਾਂਤ ਧੁਰ ਅੰਦਰੋਂ ਲਿਖਿਆ ਮਹਿਸੂਸ ਹੁੰਦਾ ਏ। ਕਿਤਾਬ ਵਿਚੋਂ ਇਕ ਉਹ ਨੌਜਵਾਨ ਮੁੰਡਾ ਉਭਰਦਾ ਏ ਜਿਹਦੇ ਮਨ ਅੰਦਰ ਅਨੇਕ ਸੁਪਨੇ ਜਨਮ ਲੈਂਦੇ ਨੇ। ਕੁਝ ਟੁੱਟ ਵੀ ਜਾਂਦੇ ਨੇ। ਕੁਝ ਪੂਰੇ ਵੀ ਹੋ ਜਾਂਦੇ ਨੇ। ਇਹ ਉਸ ਜਨਰੇਸ਼ਨ ਦੇ ਸੁਪਨੇ ਨੇ ਜਿਹੜੀ ਸੂਚਨਾ ਕ੍ਰਾਂਤੀ ਦੌਰਾਨ ਜਵਾਨ ਹੁੰਦੀ ਏ ਅਤੇ ਜਿਹਦੇ ਅੱਗੇ ਆਪਣੇ ਸੁਪਨੇ ਪੂਰੇ ਕਰਨ ਲਈ ਹਨੇਰਾ ਵੀ ਏ।




### ਗੁਰਦੀਪ ਸਿੰਘ 'ਮਾਣ ਸੁੱਚੇ ਇਸ਼ਕ ਦਾ'





ਪਹਿਲਾਂ ਪਹਿਲ ਗੁਰਦੀਪ ਦੇ ਮੌਲਿਕ ਚਿੰਤਨ ਨੇ ਮੇਰਾ ਧਿਆਨ ਖਿੱਚਿਆ ਤਾਂ ਮੈਂ ਉਸ ਦੀਆਂ ਲਿਖਤਾਂ ਲੱਭਣ ਲੱਗ ਪਿਆ। ਏਸੇ ਕਰਕੇ ਮੈਂ ਉਸ ਦੀ ਕਿਤਾਬ ਪੜ੍ਹਨ ਵੱਲ ਖਿੱਚਿਆ ਗਿਆ। ਮੇਰੇ ਲਈ ਗੁਰਦੀਪ ਬਿਲਕੁੱਲ ਨਵਾਂ ਨਾਂ ਏ। ਜਦੋਂ ਮੈਂ ਉਸਦੇ ਮਾਲਵੇ ਦੇ ਸਾਹਿਤਕਾਰਾਂ ਬਾਰੇ ਰੇਖਾਂ ਚਿੱਤਰ ਪੜ੍ਹੇ ਤਾਂ ਮੈਨੂੰ ਗੁਰਦੀਪ ਦੀ ਸ਼ੈਲੀ ਨੇ ਖਿੱਚਿਆ। ਸ਼ਬਦਾ ਨਾਲ ਉਹ ਲੇਖਕ ਨੂੰ ਤੁਹਾਡੇ ਸਾਹਮਣੇ ਖੜ੍ਹਾ ਕਰ ਦਿੰਦਾ ਏ। ਉਸ ਨੇ ਜਿਸ ਬਾਰੇ ਵੀ ਲਿਖਿਆ ਏ ਉਸ ਦੀ ਸਮਾਜਿਕ ਇਤਿਹਾਸਕਾਰੀ ਕੀਤੀ ਏ। ਉਹ ਉਸ ਦੇ ਇਲਾਕੇ ਦੇ ਪਿਛੋਕੜ ਬਾਰੇ ਦਿਲਚਸਪ ਫ਼ਿਕਰੇ ਲਿਖਦਾ ਏ। ਸੰਵਾਦੀ ਜੁਗਤ ਨਾਲ ਉਸ ਲੇਖਕ ਨੂੰ ਘੜਦਾ ਏ। ਬਿਆਨੀ ਸ਼ੈਲੀ ਨਾਲ ਉਹ ਪੂਰੇ ਦਾ ਪੂਰਾ ਸਾਹਿਤਕਾਰ ਤੁਹਾਡੇ ਮੋਹਰੇ ਲਿਆ ਖੜਾ ਕਰਦਾ ਏ। ਸਿਰਸਾ ਦੀ ਖਤਰਨਾਕ ਡਰੈਵਰੀ ਨੇ ਇਕ ਵਾਰ ਮੈਨੂੰ ਵੀ ਸਾਹਿਮ ਵਿਚ ਪਾ ਦਿੱਤਾ ਸੀ। 'ਮਾਨਸਾ ਦਾ ਇੰਦਰ ਬਾਣੀਆ' ਮੈਨੂੰ ਬਹੁਤ ਦਿਲਚਸਪ ਤੇ ਰੌਚਿਕ ਲੱਗਾ ਏ। ਸ਼ਬਦਾ ਚਿੱਤਰਾ ਵਿਚ ਉਹ ਆਪਣੀ ਕਿਸਮ ਦੀ ਵਾਰਤਕ ਸ਼ੈਲੀ ਵਿਕਸਿਕ ਕਰਦਾ ਏ। ਉਹਦੇ ਅੰਦਰੋਂ ਸ਼ਬਦ ਚਿੱਤਰ ਬਣ ਕੇ ਬਾਹਰ ਨਿਕਲਦੇ ਨੇ। ਉਸ ਨੇ ਕਿਤਾਬ ਵਿਚ ਸ਼ਬਦਾਂ ਨਾਲ ਸਾਹਿਤਕਾਰਾਂ ਦੇ ਚਿੱਤਰ ਵਾਹੇ ਨੇ। ਪਾਠਕ ਏਸ ਕਿਤਾਬ ਨੂੰ ਪੜ੍ਹਦਿਆਂ ਨਿਰਾਸ਼ ਨਹੀਂ ਹੋਵੇਗਾ। ਕਿਉਂਕਿ ਇਨ੍ਹਾਂ ਸ਼ਬਦ ਚਿੱਤਰਾਂ ਦੇ ਤੁਸੀਂ ਨੇੜੇ ਬੈਠੇ ਮਹਿਸੂਸ ਕਰੋਗੇ।

### ਲਾਲ ਸਿੰਘ ਦੀਆਂ 'ਬੇਸਮਝੀਆਂ'




ਲਾਲ ਸਿੰਘ ਪੰਜਾਬੀ ਦਾ ਪ੍ਰਸਿੱਧ ਕਥਾਕਾਰ ਏ। ਇਸ ਪੁਸਤਕ ਵਿਚ ਉਸ ਨੇ ਬੇਸਮਝੀਆਂ ਬਿਆਨ ਕੀਤੀਆਂ ਨੇ। 'ਉਮਰ ਪੌੜੀ ਦਾ ਅੱਠਵਾਂ ਪੌਡਾ' ਚੈਪਟਰ ਬਹੁਤ ਅਹਿਮ ਏ, ਜਿਸ ਵਿਚ ਉਨ੍ਹਾਂ ਆਪਣੇ ਪਰਿਵਾਰ ਦੇ ਪਿਛੋਕੜ ਬਾਰੇ, ਆਪਣੇ ਬਚਪਨ ਬਾਰੇ ਤੇ ਘਰ ਦਾ ਉਸਾਰੀ, ਪੜ੍ਹਾਈ, ਕਾਲਜ ਤੱਕ ਅੱਪੜਨਾ ਦਾ ਬਿਰਤਾਂਤ ਦਿੱਤਾ ਏ। ਇਸ ਬਿਰਤਾਂਤ ਵਿਚ ਲਾਲ ਸਿੰਘ ਸੰਘਰਸ਼ ਕਰਦਾ ਹੋਇਆ ਪੇਸ਼ ਹੋਇਆ ਏ। ਅਗਲੇ ਪੰਨਿਆਂ ਤੇ ਉਹ ਆਪਣੇ ਰੋਜਗਾਰ ਲਈ ਸੰਘਰਸ਼ ਭਰੇ ਦਿਨਾਂ ਨੂੰ ਵੀ ਬਿਆਨ ਕਰਦਾ ਏ। ਇਸ ਦੌਰਾਨ ਗੁਰਸ਼ਰਨ ਦੇ ਨਾਟਕਾਂ ਨੇ ਉਹਦੀ ਸਮਾਜ ਨੂੰ ਸਮਝਣ ਦੀ ਇਕ ਦ੍ਰਿਸ਼ਟੀ ਵੀ ਤਿਆਰ ਕੀਤੀ ਜਿਸ ਨਾਲ ਉਹ ਸਾਹਿਤ ਤੇ ਸਮਾਜ ਦੇ ਨੇੜੇ ਹੋ ਕੇ ਵਿਚਰਨ ਲੱਗ ਪਿਆ। ਅਧਿਆਪਕ ਦੀ ਨੌਕਰੀ ਦੌਰਾਨ ਕਿਰਾਏ ਤੇ ਰਹਿਣ ਦੇ ਅਨੁਭਵ ਅਤੇ ਨਾਲ ਨਾਲ ਸਾਹਿਤਕਾਰੀ ਦੇ ਬਿਰਤਾਂਤ ਵੀ ਮਿਲਦੇ ਹਨ। ਉਹ ਆਪਣੀਆਂ ਕਹਾਣੀਆਂ ਦਾ ਪਿਛੋਕੜ ਪਿੰਡ ਨੂੰ ਦੱਸਦਾ ਏ। ਪੇਂਡੂ ਪਾਤਰਾਂ ਦੇ ਵਿਹਾਰ ਨੂੰ ਉਹ ਬੜੀ ਸਮਰੱਥਾ ਨਾਲ ਫੜਦਾ ਏ। ਆਪਣੇ ਸਿਰਜਣੀ ਵਰਤਾਰੇ ਬਿਆਨ ਕਰਦਿਆਂ ਲਾਲ ਸਿੰਘ ਆਪਣੀ ਸਮਾਜ ਪ੍ਰਤੀ ਇਕ ਸਮਝ ਤੇ ਦ੍ਰਿਸ਼ਟੀ ਨੂੰ ਵੀ ਬਿਆਨ ਕਰਦਾ ਏ। ਸਮੁੱਚੀ ਟੈਕਸਟ ਪੜ੍ਹਦਿਆਂ ਕਿਹਾ ਜਾ ਸਕਦਾ ਏ ਕਿ ਇਹ ਲਾਲ ਸਿੰਘ ਦੀਆਂ 'ਸਿਆਣਪਾ' ਕਾਫੀ ਦਿਲਚਸਪ ਨੇ।




Year: 16 Issue No. 62 ISSN: 2321-4445
'KAHANI DHARA'(PUNJABI QUARTERLY) Jal-Sep., 2021, R.N.I. Regd No. PUN PUN 2006 / 19971

